
**RE/MAX NORTH CENTRAL**
6401 Eldorado Pkwy Ste. 219, Mckinney, TX 75070
Serving in North Texas
We can help with finance
Ph: 972-529-5555
Email: info@remaxnorthcentral.com
www.remaxnorthcentral.com
PL Contact For Residential Needs only

**Buy or Sell real estate in California**
Roseville, Sacramento, Elk Grove & surrounding areas.
Committed to Excellent Service
Cell: 916-847-8920
E-mail: hsingh@c21mm.com
Century 21 MM-Roseville
973 Pleasant Grove Blvd., Suite# 150, Roseville, CA 95678

Harpreet Singh
Realtor
CalDRE# 02049809


ਬੌਬੀ ਸਿੰਘ
ਪ੍ਰਾਈਵੇਟ ਗੱਡੀਆਂ, ਕਮਰਸ਼ੀਅਲ ਟਰੱਕ, ਲਾਈਫ ਅਤੇ ਘਰਾਂ ਦੀ ਇੰਸ਼ੋਰੈਂਸ ਦੀ ਸੇਵਾ ਵਿਚ ਤਜਰਬੇਕਾਰ ਬੌਬੀ ਸਿੰਘ ਨੂੰ ਚੰਗੀਆਂ ਸੇਵਾਵਾਂ ਲਈ ਅੱਜ ਹੀ ਕਾਲ ਕਰੋ
ਪੰਜਾਬੀ ਭਰਾਵਾਂ ਦੀ ਸੇਵਾ ਵਿਚ ਹਰ ਪਲ ਹਾਜ਼ਰ
(ਸੈਲ): 718-757-7809
ਫੋਨ (ਦਫਤਰ): 718-262-9700
(ਫੈਕਸ): 516-439-5418
ਗੱਡੀਆਂ ਅਤੇ ਘਰਾਂ ਦੀ ਇੰਸ਼ੋਰੈਂਸ ਸਬੰਧੀ ਸਲਾਹ-ਮਸ਼ਵਰਾ ਕਰਕੇ ਪੈਸੇ ਦੀ ਬੱਚਤ ਕਰੋ।
120-20 101 Avenue S. Richmond Hill, NY 11419

Nineteenth Year of Publication | ਨਿਊ ਯਾਰਕ ਐਡੀਸ਼ਨ | Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 19, Issue 40, October 6, 2018 | 20451 N. Plum Grove Rd., Palatine, IL 60074 | Ph:847-359-0746, Fax:847-705-9388

# ਬਾਦਲ ਪਰਿਵਾਰ ਦੀ ਚੌਧਰ ਨੂੰ ਚੁਣੌਤੀ!

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਵਿਚੋਂ ਬਾਦਲ ਪਰਿਵਾਰ ਦੀ ਸਰਦਾਰੀ ਖੁੱਸਣ ਦਾ ਮੁੱਢ ਬੱਝ ਗਿਆ ਹੈ। ਹੁਣ ਤੱਕ ਅੰਦਰਖਾਤੇ ਗਿਲੇ-ਸ਼ਿਕਵੇ ਕਰਨ ਵਾਲੇ ਟਕਸਾਲੀ ਆਗੂਆਂ ਨੇ ਘੁਟਣ ਮਹਿਸੂਸ ਕਰ ਰਹੇ ਸੀਨੀਅਰ ਆਗੂ ਖੁੱਲ੍ਹ ਕੇ ਬੋਲਣ ਲੱਗੇ ਹਨ। ਇਥੋਂ ਤੱਕ ਕਿ ਮਾਝੇ ਦੇ ਜਰਨੈਲ ਵਜੋਂ ਚਰਚਿਤ ਹੋਏ ਬਿਕਰਮ ਸਿੰਘ ਮਜੀਠੀਆ ਦੀ ਜਰਨੈਲੀ ਖੋਹਣ ਦੀ ਤਿਆਰੀ ਵੀ



ਮੋਰਚਾ ਸੰਭਾਲ ਲਿਆ ਜਾਪਦਾ ਹੈ। ਸੀਨੀਅਰ ਆਗੂ ਸੁਖਦੇਵ ਸਿੰਘ ਢੀਂਡਸਾ ਵਲੋਂ ਪਾਰਟੀ ਦੇ ਸਾਰੇ ਅਹੁਦਿਆਂ ਤੋਂ ਅਸਤੀਫਾ ਦੇਣ ਪਿੱਛੋਂ ਹੁਣ ਚੱਲ ਪਈ ਹੈ। ਢੀਂਡਸਾ ਪਿੱਛੋਂ ਬਾਦਲ ਨਾਲ ਜੇਲ੍ਹਾਂ ਕੱਟਣ ਵਾਲੇ ਬਜ਼ੁਰਗ ਟਕਸਾਲੀ ਆਗੂ ਤੇ ਸਾਬਕਾ ਸ਼੍ਰੋਮਣੀ ਕਮੇਟੀ ਦੇ ਮੈਂਬਰ ਬਲਦੇਵ ਸਿੰਘ ਮਾਖਾ ਨੇ ਸਰਗਰਮ ਸਿਆਸਤ ਤੋਂ ਅਸਤੀਫਾ ਦੇ ਦਿੱਤਾ ਹੈ। ਉਨ੍ਹਾਂ ਦੇ ਅਸਤੀਫੇ ਨੂੰ ਬਠਿੰਡਾ ਹਲਕੇ 'ਚੋਂ ਉਠੀ ਬਗਾਵਤੀ ਸੁਰ ਦੱਸਿਆ ਜਾ ਰਿਹਾ ਹੈ।

ਮਾਝੇ ਦੇ ਟਕਸਾਲੀ ਆਗੂਆਂ ਰਣਜੀਤ ਸਿੰਘ ਬ੍ਰਹਮਪੁਰਾ, ਸੇਵਾ ਸਿੰਘ ਸੇਖਵਾਂ, ਰਤਨ ਸਿੰਘ ਅਜਨਾਲਾ ਸਮੇਤ ਹੋਰ ਸੀਨੀਅਰ ਆਗੂਆਂ ਨੇ ਅਕਾਲੀ ਦਲ ਨੂੰ ਇਹ ਦਿਨ ਵਿਖਾਉਣ ਵਾਲਿਆਂ ਨੂੰ ਬਾਹਰ ਕਰਨ ਦੀ ਮੰਗ ਚੁੱਕ ਲਈ ਹੈ। ਇਨ੍ਹਾਂ

*(ਬਾਕੀ ਸਫਾ 6 ਉਤੇ)*

## ਬਗਾਵਤ ਪਿੱਛੇ ਆਈ.ਐਸ.ਆਈ. ਦਾ ਹੱਥ?

ਪੰਜਾਬ ਦੇ ਕੈਬਨਿਟ ਮੰਤਰੀ ਨਵਜੋਤ ਸਿੰਘ ਸਿੱਧੂ ਨੇ ਸੁਖਬੀਰ ਸਿੰਘ ਬਾਦਲ 'ਤੇ ਸ਼ਬਦੀ ਵਾਰ ਕਰਦਿਆਂ ਕਿਹਾ ਕਿ ਟਕਸਾਲੀ ਅਕਾਲੀ ਆਗੂਆਂ ਵਲੋਂ ਕੀਤੀ ਬਗਾਵਤ ਬਾਰੇ ਸੁਖਬੀਰ ਨੇ ਚੁੱਪ ਧਾਰ ਲਈ ਹੈ। ਉਨ੍ਹਾਂ ਤਨਜ਼ ਕੱਸਦਿਆਂ ਕਿਹਾ ਕਿ ਅਕਾਲੀ ਦਲ ਦੀ ਬਗਾਵਤ ਪਿੱਛੇ ਕਿਤੇ ਆਈ.ਐਸ.ਆਈ. ਦਾ ਹੱਥ ਤਾਂ ਨਹੀਂ ਹੈ। ਉਨ੍ਹਾਂ ਕਿਹਾ ਕਿ ਇਹ ਪਾਰਟੀ ਸਿਰਫ ਜੀਜਾ-ਸਾਲਾ ਦੀ ਕੰਪਨੀ ਬਣ ਕੇ ਰਹਿ ਜਾਵੇਗੀ। ਸੁਖਦੇਵ ਸਿੰਘ ਢੀਂਡਸਾ ਨੂੰ ਅਕਾਲੀ ਦਲ ਦਾ ਥੰਮ੍ਹ ਕਰਾਰ ਦਿੰਦਿਆਂ ਸ੍ਰੀ ਸਿੱਧੂ ਨੇ ਕਿਹਾ ਕਿ ਜਦੋਂ ਥੰਮ੍ਹ ਹੀ ਡਿੱਗ ਗਿਆ ਤਾਂ ਬਚੇਗਾ ਕੀ?

## ਬਾਦਲ ਦੀ ਫੁਰਤੀ ਤੋਂ ਸਾਰੇ ਹੈਰਾਨ

ਸਿਹਤ ਠੀਕ ਨਾ ਹੋਣ ਕਾਰਨ ਸਿਆਸਤ ਤੋਂ ਸਨਿਆਸ ਲੈਣ ਦੀ ਤਿਆਰੀ ਕਰੀ ਬੈਠੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵਲੋਂ ਇਨ੍ਹੀਂ ਦਿਨੀਂ ਵਿਖਾਈ ਜਾ ਰਹੀ ਫੁਰਤੀ ਤੋਂ ਹਰ ਕੋਈ ਹੈਰਾਨ ਹੈ। ਬਾਦਲ ਦਿਨ ਰਾਤ 7 ਅਕਤੂਬਰ ਨੂੰ ਪਟਿਆਲਾ ਵਿਚ ਅਕਾਲੀ ਦਲ ਦੀ ਹੋਣ ਵਾਲੀ ਰੈਲੀ ਲਈ ਜੁਟੇ ਹੋਏ ਹਨ। ਦੱਸ ਦਈਏ ਕਿ ਪਿੱਛੇ ਮਹੀਨੇ ਡਾਕਟਰਾਂ ਨੇ ਬਾਦਲ ਨੂੰ ਸਿਹਤ ਦਾ ਹਵਾਲਾ ਦੇ ਕੇ ਆਰਾਮ ਕਰਨ ਦੀ ਸਲਾਹ ਦਿੱਤੀ ਸੀ ਤੇ ਹੁਣ ਉਹ ਆਪਣੇ ਜੱਦੀ ਹਲਕੇ ਤੱਕ ਹੀ ਸੀਮਤ ਸਨ ਪਰ ਅਕਾਲੀ ਦਲ ਵਿਚ ਉਠੀ ਬਗਾਵਤ ਨੇ ਉਨ੍ਹਾਂ ਨੂੰ ਮੁੜ ਸਰਗਰਮ ਹੋਣ ਲਈ ਮਜਬੂਰ ਕਰ ਦਿੱਤਾ। ਅਕਾਲੀ ਦਲ ਲਈ ਇਹ ਰੈਲੀ ਨੱਕ ਦਾ ਸਵਾਲ ਹੈ, ਕਿਉਂਕਿ ਇਸੇ ਦਿਨ ਕੈਪਟਨ ਅਮਰਿੰਦਰ ਸਿੰਘ ਵਲੋਂ ਬਾਦਲ ਦੇ ਹਲਕੇ ਲੰਬੀ ਵਿਚ ਰੈਲੀ ਕੀਤੀ ਜਾ ਰਹੀ ਹੈ। ਸੀਨੀਅਰ ਅਕਾਲੀਆਂ ਦੀ ਐਨ ਮੌਕੇ ਉਤੇ ਬਗ਼ਾਵਤ ਨੇ ਬਾਦਲ ਨੂੰ ਹਿਲਾ ਕੇ ਰੱਖ ਦਿੱਤਾ ਹੈ।

# ਗਿਆਨੀ ਗੁਰਬਚਨ ਸਿੰਘ 'ਤੇ ਅਹੁਦਾ ਛੱਡਣ ਲਈ ਵਧਿਆ ਦਬਾਅ

**ਚੰਡੀਗੜ੍ਹ:** ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ 'ਤੇ ਅਹੁਦਾ ਛੱਡਣ ਲਈ ਦਬਾਅ ਵਧ ਗਿਆ ਹੈ। ਡੇਰਾ ਮੁਖੀ ਨੂੰ ਮੁਆਫੀ ਦੇਣ ਦੇ ਮਾਮਲੇ 'ਚ ਸਿੱਖ ਸੰਗਤ ਦੇ ਰੋਹ ਦਾ ਸ਼ਿਕਾਰ ਹੋਏ ਜਥੇਦਾਰ ਅਲੱਗ-ਥਲੱਗ ਹੋ ਗਏ ਜਾਪਦੇ ਹਨ। ਬਾਕੀ ਤਖਤਾਂ ਦੇ ਜਥੇਦਾਰਾਂ ਨੇ ਉਨ੍ਹਾਂ ਵਲੋਂ ਬੁਲਾਈ ਜਾਣ ਵਾਲੀ ਕਿਸੇ ਵੀ ਬੈਠਕ 'ਚ ਨਾ ਜਾਣ ਦਾ ਐਲਾਨ ਕੀਤਾ ਹੈ।

ਵੇਰਵਿਆਂ ਮੁਤਾਬਕ ਤਖਤ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ, ਤਖਤ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਅਤੇ ਤਖਤ ਪਟਨਾ ਸਾਹਿਬ ਦੇ ਜਥੇਦਾਰ ਗਿਆਨੀ ਇਕਬਾਲ ਸਿੰਘ ਨੇ ਗਿਆਨੀ ਗੁਰਬਚਨ ਸਿੰਘ ਵਲੋਂ ਸੱਦੀ ਕਿਸੇ ਵੀ ਬੈਠਕ ਵਿਚ ਨਾ ਜਾਣ ਦਾ ਫੈਸਲਾ ਲਿਆ ਹੈ। ਹਾਲਾਂਕਿ ਜਥੇਦਾਰ ਇਸ ਮਾਮਲੇ ਵਿਚ ਖੁੱਲ੍ਹੇਆਮ ਕੁਝ ਵੀ ਨਹੀਂ ਕਹਿ ਰਹੇ ਪਰ ਇਕ ਤਖਤ ਦੇ ਜਥੇਦਾਰ ਨੇ ਪੁਸ਼ਟੀ ਕੀਤੀ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੂੰ



ਉਨ੍ਹਾਂ ਬਕਾਇਦਾ ਤੌਰ 'ਤੇ ਇਸ ਬਾਰੇ ਸੂਚਿਤ ਕਰ ਦਿੱਤਾ ਹੈ। ਇਹ ਵੀ ਚਰਚਾ ਹੈ ਕਿ ਸਿਆਸੀ ਤੇ ਪੰਥਕ ਸੰਕਟ 'ਚ ਘਿਰਿਆ ਸ਼੍ਰੋਮਣੀ ਅਕਾਲੀ ਦਲ ਅਗਲੇ ਦਿਨਾਂ 'ਚ ਵੱਡੇ ਫੈਸਲੇ ਲੈ ਸਕਦਾ ਹੈ।

ਇਨ੍ਹਾਂ ਵਿਚ ਗਿਆਨੀ ਗੁਰਬਚਨ ਸਿੰਘ ਨੂੰ ਹਟਾਉਣਾ, ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਤੇ ਅਹੁਦੇਦਾਰਾਂ ਦੀ ਤਬਦੀਲੀ ਤੇ ਸ਼੍ਰੋਮਣੀ ਅਕਾਲੀ ਦਲ ਦੀ ਲੀਡਰਸ਼ਿਪ ਵਿਚ ਫੇਰਬਦਲ ਸ਼ਾਮਲ ਹਨ। ਸ਼੍ਰੋਮਣੀ ਕਮੇਟੀ ਦੀ ਚੋਣ ਨਵੰਬਰ ਵਿਚ ਹੋਣੀ ਹੈ ਪਰ ਚਰਚਾ ਹੈ ਕਿ ਸ੍ਰੀ ਅਕਾਲ ਤਖਤ ਦੇ ਜਥੇਦਾਰ ਨੂੰ ਜਲਦ ਹੀ ਹਟਾਇਆ ਜਾ ਸਕਦਾ ਹੈ। ਇਸ ਬਾਰੇ ਸੋਸ਼ਲ ਮੀਡੀਆ ਵਿਚ ਕਿਆਸਅਰਾਈਆਂ ਦਾ ਹੜ੍ਹ ਆਇਆ ਹੋਇਆ ਹੈ। ਉਂਜ ਗਿਆਨੀ ਗੁਰਬਚਨ ਸਿੰਘ ਦਾ ਕਹਿਣਾ ਹੈ ਕਿ ਅਜਿਹੀ ਕੋਈ ਗੱਲ ਨਹੀਂ।

ਦੂਜੇ ਪਾਸੇ ਤਖਤ ਸ੍ਰੀ ਪਟਨਾ ਸਾਹਿਬ ਦੇ ਜਥੇਦਾਰ ਗਿਆਨੀ ਇਕਬਾਲ ਸਿੰਘ ਨੇ ਕਿਹਾ ਹੈ ਕਿ ਉਹ ਗਿਆਨੀ ਗੁਰਬਚਨ ਸਿੰਘ ਨੂੰ ਸੇਵਾ ਮੁਕਤ ਕਰਨ ਦੇ ਹੱਕ ਵਿਚ ਹਨ।

**Ad Space Available**
Please Call
Ph: 847-359-0746



Special Sale 2018
ਅੰਮ੍ਰਿਤਸਰ $975
ਦਿੱਲੀ $855
ਟੈਕਸ ਸਮੇਤ
734 838 9998
WorldWide Travel
www.fly2world.com
866 66 INDIA
4 6 3 4 2
24 ਘੰਟੇ ਐਮਰਜੈਂਸੀ ਸੇਵਾ

Fares shown are from Detroit for departure between Sep 5th and Dec 8th. Fare may change without notice, please call for more details. Other conditions

**Singh Accounting & Tax Services**
Niagara Falls Grand Island, NY
All kinds of accounting work.
*Book keeping *Payroll *Sales Tax
*New business set up *E-file tax return
Go to App store to load our free App

Sarbjit Singh Khakh
(Sabhi)
Accountant
Ph: 716-425-7126
Fax: 716-284-0025
Email: singhtaxservice@yahoo.com
Website: singhtaxservice.com

# ਇੰਡੀਅਨ ਓਵਰਸੀਜ਼ ਕਾਂਗਰਸ ਵਲੋਂ ਰਾਫੇਲ ਸੌਦੇ ਖਿਲਾਫ ਰੋਸ ਵਿਖਾਵਾ

**ਰਿਚਮੰਡ ਹਿਲ, ਨਿਊ ਯਾਰਕ (ਬਿਊਰੋ):** ਇੰਡੀਅਨ ਓਵਰਸੀਜ਼ ਕਾਂਗਰਸ (ਆਈ.ਓ.ਸੀ.) ਨੇ ਮੋਦੀ ਸਰਕਾਰ ਵਲੋਂ ਰਾਫੇਲ ਜਹਾਜਾਂ ਦੇ ਸੌਦੇ ਵਿਚ ਕੀਤੇ ਘਪਲੇ ਖਿਲਾਫ ਰੋਸ ਵਿਖਾਵਾ ਕੀਤਾ ਗਿਆ। ਰੋਸ ਵਿਖਾਵੇ ਦੌਰਾਨ ਇਹ ਗੱਲ ਉਭਾਰੀ ਗਈ ਕਿ ਇਸ ਸੌਦੇ ਵਿਚ ਮੋਦੀ ਸਰਕਾਰ ਨੇ ਸਰਕਾਰੀ ਕੰਪਨੀ ਹਿੰਦੁਸਤਾਨ ਏਅਰੋਨੌਟੀਕਲ ਲਿਮਟਿਡ (ਐਚ.ਏ.ਐਲ.) ਨੂੰ ਭਾਈਵਾਲ ਬਣਾਉਣ ਦੀ ਥਾਂ ਅਨਿਲ ਅੰਬਾਨੀ ਦੀ ਕੰਪਨੀ ਨੂੰ ਭਾਈਵਾਲ ਬਣਾ ਲਿਆ। 30 ਹਜ਼ਾਰ ਕਰੋੜ ਰੁਪਏ ਦੇ ਇਸ ਸੌਦੇ ਦੀ ਸ਼ਰਤ ਸੀ ਕਿ ਅੱਧੀ ਰਕਮ ਭਾਰਤ ਵਿਚ ਵਰਤੀ ਜਾਣੀ ਸੀ।



ਇਸ ਰੋਸ ਧਰਨੇ ਨੂੰ ਸੰਬੋਧਨ ਕਰਦਿਆਂ ਰਾਜ ਸਭਾ ਮੈਂਬਰ ਡਾ. ਐਮੀ ਯਾਜਨਿਕ ਨੇ ਕਿਹਾ ਕਿ ਇਸ ਸੌਦੇ ਵਿਚ ਪਾਰਦਰਸ਼ਤਾ ਅਤੇ ਜਵਾਬਦੇਹੀ ਕਿਤੇ ਨਹੀਂ ਦਿਸਦੀ। ਉਨ੍ਹਾਂ ਸਵਾਲ ਕੀਤਾ ਕਿ ਇਕ ਪਾਸੇ ਤਾਂ ਸਾਡੇ ਕਿਸਾਨ ਸੰਕਟ ਦਾ ਸ਼ਿਕਾਰ ਹਨ, ਦੂਜੇ ਪਾਸੇ ਮੋਦੀ ਸਰਕਾਰ ਕਾਰਪੋਰੇਟ ਜਗਤ ਨੂੰ ਮੁਲਕ ਦਾ ਧਨ ਕਿਉਂ ਲੁਟਾ ਰਹੀ ਹੈ? ਉਨ੍ਹਾਂ ਦਾਅਵਾ ਕੀਤਾ ਕਿ ਇਹ ਰਕਮ ਦੇਸ਼ ਦੇ ਵਿਕਾਸ ਅਤੇ ਸਮਾਜਕ ਉਨਤੀ ਲਈ ਵਰਤੀ ਜਾ ਸਕਦੀ ਸੀ ਪਰ ਭਾਰਤ ਦੇ ਲੋਕ ਇਸ ਤੋਂ ਵਾਂਝੇ ਰਹਿ ਗਏ ਹਨ।



ਇੰਡੀਅਨ ਓਵਰਸੀਜ਼ ਕਾਂਗਰਸ, ਅਮਰੀਕਾ ਦੇ ਪ੍ਰਧਾਨ ਮਹਿੰਦਰ ਸਿੰਘ ਗਿਲਜ਼ੀਆਂ ਨੇ ਕਿਹਾ ਕਿ ਇਸ ਸੌਦੇ ਵਿਚ ਰੱਖਿਆ ਮੰਤਰੀ ਨਿਰਮਲਾ ਸੀਤਾਰਮਨ ਦੀ ਭੂਮਿਕਾ ਬਹੁਤ ਭ੍ਰਿਸ਼ਟ ਰਹੀ ਹੈ ਅਤੇ ਉਨ੍ਹਾਂ ਨੇ ਰੱਖਿਆ ਮੰਤਰਾਲੇ ਨੂੰ ਕਾਰਪੋਰੇਟ ਧਨਾਢਾਂ ਦੀ ਜੇਬ ਵਿਚ ਹੀ ਪਾ ਦਿੱਤਾ ਹੈ। ਇਸੇ ਕਰਕੇ ਹੁਣ ਇਸ ਸੌਦੇ ਬਾਰੇ ਤੱਥ ਲੁਕਾਏ ਜਾ ਰਹੇ ਹਨ।



ਆਈ.ਓ.ਸੀ. ਦੇ ਵਾਈਸ ਚੇਅਰਮੈਨ ਜਾਰਜ ਅਬਰਾਹਮ ਨੇ ਪਰਵਾਸੀ ਭਾਰਤੀਆਂ ਨੂੰ ਸੱਦਾ ਦਿੱਤਾ ਕਿ ਉਹ ਮੋਦੀ ਸਰਕਾਰ ਵਲੋਂ ਕੀਤੇ ਘਪਲਿਆਂ ਬਾਰੇ ਲੋਕਾਂ ਨੂੰ ਦੱਸਣ। ਉਨ੍ਹਾਂ ਦੱਸਿਆ ਕਿ ਇਹ ਸੌਦਾ ਪਹਿਲਾਂ ਕਾਂਗਰਸ ਦੀ ਅਗਵਾਈ ਵਾਲੀ ਯੂ.ਪੀ.ਏ. ਸਰਕਾਰ ਵੱਲੋਂ 2012 ਵਿਚ ਸ਼ੁਰੂ ਹੋਇਆ ਸੀ ਅਤੇ ਫਰਾਂਸੀਸੀ ਕੰਪਨੀ ਤੋਂ 126 ਜਹਾਜ ਖਰੀਦਣੇ ਤੈਅ ਹੋਏ ਹਨ। ਉਦੋਂ ਇਕ ਜਹਾਜ ਦੀ ਕੀਮਤ 526 ਕਰੋੜ ਰੁਪਏ ਰੱਖੀ ਗਈ ਸੀ। ਸ਼ੁਰੂ ਵਿਚ 18 ਜਹਾਜ ਫਰਾਂਸ ਤੋਂ ਆਉਣੇ ਸਨ ਅਤੇ ਬਾਕੀ 108 ਜਹਾਜ ਭਾਰਤ ਵਿਚ ਹੀ ਬਣਾਏ ਜਾਣੇ ਸਨ ਪਰ ਮੋਦੀ ਸਰਕਾਰ ਨੇ ਆਪਣੇ ਦੋਸਤ ਸਨਅਤਕਾਰਾਂ ਨੂੰ ਫਾਇਦਾ ਦਿਵਾਉਣ ਲਈ ਇਸ ਸੌਦੇ ਵਿਚ ਵੱਡਾ ਫੇਰਬਦਲ ਕਰ ਦਿੱਤਾ।

ਇਸ ਮੌਕੇ ਵਿੱਤ ਕਮੇਟੀ ਦੇ ਚੇਅਰਮੈਨ ਰਵੀ ਚੋਪੜਾ, ਮੀਤ ਪ੍ਰਧਾਨ ਜੌਹਨ ਜੋਸਫ, ਪੰਜਾਬ ਚੈਪਟਰ ਦੇ ਚੇਅਰਮੈਨ ਸਤੀਸ਼ ਸ਼ਰਮਾ, ਹਰਿਆਣਾ ਚੈਪਟਰ ਦੇ ਪ੍ਰਧਾਨ ਚਰਨ ਸਿੰਘ ਅਤੇ ਮਹਿਲਾ ਫੋਰਮ ਦੀ ਮੁਖੀ ਸ਼ਾਲੂ ਚੋਪੜਾ ਨੇ ਵੀ ਰੋਸ ਵਿਖਾਵੇ ਨੂੰ ਸੰਬੋਧਨ ਕੀਤਾ। ਇਸ ਦੌਰਾਨ ਮਹਾਰਾਸ਼ਟਰ ਚੈਪਟਰ ਦੇ ਨੁਮਾਇੰਦੇ ਦੇਵੇਂਦਰ ਵੋਰਾ ਨੇ ਮੁੱਖ ਮਹਿਮਾਨ ਡਾ. ਐਮੀ ਯਾਜਨਿਕ ਨੂੰ ਸ਼ਾਲ ਦੇ ਕੇ ਉਨ੍ਹਾਂ ਦਾ ਸਨਮਾਨ ਕੀਤਾ।

## ਡਾ. ਨਰਿੰਦਰ ਸਿੰਘ ਕੰਗ ਦਾ ਸਨਮਾਨ

**ਨਿਊ ਯਾਰਕ (ਬਿਊਰੋ):** ਪਿੰਡ ਖੱਸਣ (ਭੁਲੱਥ) ਦੀ ਮਹਾਨ ਸ਼ਖਸੀਅਤ ਤੇ ਸਰਪੰਚ ਡਾ. ਨਰਿੰਦਰ ਸਿੰਘ ਕੰਗ ਆਪਣੀ ਨਿਊ ਯਾਰਕ ਫੇਰੀ ਦੌਰਾਨ ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ, ਰਿਚਮੰਡ ਹਿੱਲ ਵਿਖੇ ਨਤਮਸਤਕ ਹੋਏ, ਜਿੱਥੇ ਗੁਰੂ ਘਰ ਦੀ ਕਮੇਟੀ ਵੱਲੋਂ ਉਨ੍ਹਾਂ ਨੂੰ ਯਾਦਗਰੀ ਚਿੰਨ ਅਤੇ ਸਿਰੋਪਾ ਦੇ ਕੇ ਸਨਮਾਨ ਕੀਤਾ ਗਿਆ।



ਜ਼ਿਕਰਯੋਗ ਹੈ ਕਿ ਡਾ. ਕੰਗ ਸਮਾਜ ਸੇਵੀ ਸਾਉ ਸੁਭਾਅ ਦੇ ਮਾਲਕ ਹਨ, ਜਿਨ੍ਹਾਂ ਨੂੰ ਪਿੰਡ ਵਾਸੀਆਂ ਨੇ ਸਰਬਸੰਮਤੀ ਨਾਲ ਚੁਣਿਆ ਸੀ। ਉਨ੍ਹਾਂ ਪਿੰਡ ਦੀ ਨੁਹਾਰ ਬਦਲਣ ਲਈ ਕਾਫੀ ਤਰੱਦਦ ਕੀਤਾ। ਉਹ ਨੈਸ਼ਨਲ ਗੌਰਵ ਸਭਾ ਐਵਾਰਡ ਅਤੇ ਨੈਸ਼ਨਲ ਤੇ ਸਟੇਟ ਐਵਾਰਡ ਪ੍ਰਾਪਤ ਕਰਨ ਵਾਲੇ ਪੰਜਾਬ ਦੇ ਪਹਿਲੇ ਸਰਪੰਚ ਹਨ। ਗੁਰਦੁਆਰਾ ਬਾਬਾ ਮੱਖਣ ਸ਼ਾਹ ਲੁਬਾਣਾ ਦੀ ਕਮੇਟੀ ਵੱਲੋਂ ਡਾ. ਕੰਗ ਦਾ ਸਿਰੋਪਾਓ ਨਾਲ ਸਨਮਾਨ ਕੀਤਾ ਗਿਆ।

## ਮੋਦੀ ਨੂੰ ਯੂ. ਐਨ. ਵੱਲੋਂ 'ਚੈਂਪੀਅਨ ਆਫ ਦਿ ਅਰਥ' ਐਵਾਰਡ

**ਸੰਯੁਕਤ ਰਾਸ਼ਟਰ:** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸਣੇ ਛੇ ਵਿਅਕਤੀਆਂ ਤੇ ਸੰਸਥਾਵਾਂ ਨੂੰ ਵਾਤਾਵਰਨ ਸਬੰਧੀ ਸੰਯੁਕਤ ਰਾਸ਼ਟਰ (ਯੂ.ਐਨ.) ਦਾ ਸਿਖਰਲਾ ਪੁਰਸਕਾਰ 'ਚੈਂਪੀਅਨਜ਼ ਆਫ ਦਿ ਅਰਥ ਐਵਾਰਡ' ਦੇਣ ਲਈ ਚੁਣਿਆ ਗਿਆ ਹੈ। ਇਨ੍ਹਾਂ ਵਿਚ ਫਰਾਂਸ ਦੇ ਰਾਸ਼ਟਰਪਤੀ ਇਮਾਨੂਅਲ ਮੈਕਰੌਂ ਤੇ ਕੋਚੀਨ ਕੌਮਾਂਤਰੀ ਹਵਾਈ ਅੱਡਾ ਵੀ ਸ਼ਾਮਲ ਹੈ।

ਸ੍ਰੀ ਮੋਦੀ ਤੇ ਸ੍ਰੀ ਮੈਕਰੌਂ ਦੀ ਚੋਣ ਪਾਲਿਸੀ ਲੀਡਰਸ਼ਿਪ ਵਰਗ ਵਿਚ ਕੀਤੀ ਗਈ ਹੈ, ਜਿਨ੍ਹਾਂ ਨੇ ਇੰਟਰਨੈਸ਼ਨਲ ਸੋਲਰ ਅਲਾਇੰਸ ਵਿਚ ਮੋਹਰੀ ਭੂਮਿਕਾ ਨਿਭਾਈ ਹੈ। ਯੂਐਨ ਐਨਵਾਇਰਨਮੈਂਟ ਪ੍ਰੋਗਰਾਮ ਨੇ ਕਿਹਾ ਕਿ ਵਾਤਾਵਰਨ ਪੱਖੀ ਅਹਿਮ ਯੋਗਦਾਨ ਲਈ ਇਹ ਸਨਮਾਨ ਦਿੱਤਾ ਜਾ ਰਿਹਾ ਹੈ।

## ਕਸ਼ਮੀਰੀ ਸੇਬਾਂ 'ਤੇ ਲਿਖੇ ਭਾਰਤ ਵਿਰੋਧੀ ਨਾਅਰੇ

**ਕੋਟਕਪੂਰਾ:** ਸਥਾਨਕ ਮਹਿਤਾ ਚੌਕ ਵਿਚ ਫਲਾਂ ਦੀ ਇਕ ਰੇਹੜੀ 'ਤੇ ਦੋ ਸੇਬ ਮਿਲੇ ਹਨ, ਜਿਨ੍ਹਾਂ ਉਪਰ ਪਾਕਿਸਤਾਨ ਦੇ ਹਮਾਇਤ ਅਤੇ ਹਿੰਦੁਸਤਾਨ ਖਿਲਾਫ ਸਕੈੱਚ ਪੈਨ ਨਾਲ ਨਾਅਰੇ ਲਿਖੇ ਹੋਏ ਹਨ। ਆੜ੍ਹਤੀਏ ਮੁਤਾਬਕ ਸੇਬ ਦੀ ਇਹ ਖੇਪ ਜੰਮੂ-ਕਸ਼ਮੀਰ ਤੋਂ ਆਈ ਹੈ। ਫਰੀਦਕੋਟ ਪੁਲਿਸ ਨੂੰ ਇਸ ਸਬੰਧ ਵਿਚ ਸ਼ਿਕਾਇਤ ਮਿਲੀ ਹੈ।

ਆਲ ਇੰਡੀਆ ਹਿੰਦੂ ਵੈਲਫੇਅਰ ਸੁਸਾਇਟੀ ਦੇ ਪ੍ਰਧਾਨ ਨਰੇਸ਼ ਕੁਮਾਰ ਸਹਿਗਲ ਨੇ ਰੇਹੜੀ ਤੋਂ ਇਹ ਸੇਬ ਖਰੀਦ ਕਰਕੇ ਪੁਲਿਸ ਨੂੰ ਦਿੱਤੇ ਅਤੇ ਉਸ ਦੀ ਸ਼ਿਕਾਇਤ 'ਤੇ ਪੁਲਿਸ ਜਾਂਚ ਕਰ ਰਹੀ ਹੈ। ਸਹਿਗਲ ਦਾ ਦੋਸ਼ ਹੈ ਕਿ ਅਤਿਵਾਦੀ ਸੰਗਠਨਾਂ ਵੱਲੋਂ ਇਹ ਸ਼ਰਾਰਤ ਕੀਤੀ ਹੋ ਸਕਦੀ ਹੈ, ਕਿਉਂਕਿ ਅਗਲੇ ਦਿਨਾਂ 'ਚ ਤਿਉਹਾਰ ਸ਼ੁਰੂ ਹੋਣ ਵਾਲੇ ਹਨ।

## ਚੀਨ ਆਪਣੇ ਅਜ਼ਹਰ ਪੱਖੀ ਸਟੈਂਡ 'ਤੇ ਕਾਇਮ

**ਵਾਸ਼ਿੰਗਟਨ:** ਚੀਨ ਦੇ ਵਿਦੇਸ਼ ਮੰਤਰੀ ਵਾਂਗ ਜ਼ੀ ਨੇ ਪਾਕਿਸਤਾਨ ਵਿਚਲੀ ਅਤਿਵਾਦੀ ਜਥੇਬੰਦੀ ਜੈਸ਼-ਏ-ਮੁਹੰਮਦ ਦੇ ਮੁਖੀ ਅਜ਼ਹਰ ਮਸੂਦ ਨੂੰ ਭਾਰਤ ਵੱਲੋਂ ਸੰਯੁਕਤ ਰਾਸ਼ਟਰ ਵਿਚ ਆਲਮੀ ਅਤਿਵਾਦੀ ਦਾ ਦਰਜਾ ਦਿਵਾਉਣ ਦੀ ਕੋਸ਼ਿਸ਼ ਨੂੰ ਮੁੜ ਰੋਕਣ ਦੀ ਆਪਣੀ ਮੁਹਿੰਮ ਨੂੰ ਜਾਇਜ਼ ਠਹਿਰਾਉਂਦਿਆਂ ਕਿਹਾ ਹੈ ਕਿ ਇਸ ਮੁੱਦੇ ਉਤੇ ਭਾਰਤ ਤੇ ਪਾਕਿਸਤਾਨ ਤੋਂ ਇਲਾਵਾ ਸੰਯੁਕਤ ਰਾਸ਼ਟਰ ਸੁਰੱਖਿਆ ਕੌਂਸਲ ਦੇ ਮੈਂਬਰ ਦੇਸ਼ਾਂ ਵਿਚ ਆਮ ਰਾਏ ਦੀ ਘਾਟ ਹੈ। ਜ਼ਿਕਰਯੋਗ ਹੈ ਕਿ ਅਜ਼ਹਰ ਭਾਰਤ ਵਿਚ ਕਈ ਅਤਿਵਾਦੀ ਹਮਲਿਆਂ ਦਾ ਦੋਸ਼ੀ ਹੈ।

## ਰਾਜਨਾਥ ਵਲੋਂ ਇਕ ਹੋਰ ਸਰਜੀਕਲ ਸਟ੍ਰਾਈਕ ਦੇ ਸੰਕੇਤ

**ਮੁਜ਼ੱਫਰਨਗਰ:** ਕੇਂਦਰੀ ਗ੍ਰਹਿ ਮੰਤਰੀ ਰਾਜਨਾਥ ਸਿੰਘ ਨੇ ਮੁਜ਼ੱਫਰਨਗਰ ਵਿਖੇ ਇਕ ਪ੍ਰੋਗਰਾਮ ਦੌਰਾਨ ਇਹ ਸੰਕੇਤ ਦਿੱਤਾ ਹੈ ਕਿ ਬੀਤੇ ਦਿਨੀਂ ਅੰਤਰਰਾਸ਼ਟਰੀ ਸਰਹੱਦ ਉਤੇ ਬੀ.ਐਸ.ਐਫ. ਦੇ ਇਕ ਜਵਾਨ ਦੀ ਹੱਤਿਆ ਦਾ ਬਦਲਾ ਲੈਂਦਿਆਂ ਭਾਰਤ ਨੇ ਸਰਜੀਕਲ ਸਟ੍ਰਾਈਕ ਦੀ ਤਰ੍ਹਾਂ ਹਾਲ ਹੀ ਵਿਚ ਪਾਕਿਸਤਾਨ 'ਤੇ ਇਕ ਹੋਰ ਵੱਡੀ ਕਾਰਵਾਈ ਕੀਤੀ ਹੈ।

ਉਨ੍ਹਾਂ ਕਿਹਾ ਕਿ ਸੁਰੱਖਿਆ ਬਲਾਂ ਵੱਲੋਂ ਹਾਲ ਹੀ ਵਿਚ ਕੀਤੀ ਗਈ ਕਾਰਵਾਈ ਦੇ ਬਾਰੇ ਫਿਲਹਾਲ ਕੋਈ ਖੁਲਾਸਾ ਨਹੀਂ ਕੀਤਾ ਜਾ ਸਕਦਾ, ਪਰ ਉਨ੍ਹਾਂ ਮੌਕੇ ਉਤੇ ਮੌਜੂਦ ਸਾਰੇ ਲੋਕਾਂ ਨੂੰ ਇਸ ਕਾਰਵਾਈ ਦਾ ਵਿਸ਼ਵਾਸ ਦੁਆਇਆ। ਉਨ੍ਹਾਂ ਕਿਹਾ ਕਿ ਭਾਰਤ ਵੱਲੋਂ ਪਾਕਿਸਤਾਨ ਖਿਲਾਫ ਕਾਰਵਾਈ ਨੂੰ ਅੰਜਾਮ ਦਿੱਤਾ ਗਿਆ ਹੈ ਅਤੇ ਭਵਿੱਖ 'ਚ ਵੀ ਪਾਕਿ ਖਿਲਾਫ ਅਜਿਹੀਆਂ ਕਾਰਵਾਈਆਂ ਜਾਰੀ ਰਹਿਣਗੀਆਂ। ਸਰਜੀਕਲ ਸਟ੍ਰਾਈਕ ਦੀ ਦੂਜੀ ਵਰ੍ਹੇਗੰਢ ਮੌਕੇ ਭਾਰਤ ਵੱਲੋਂ ਪਾਕਿਸਤਾਨ ਨੂੰ ਫਿਰ ਚਿਤਾਵਨੀ ਦਿੱਤੀ ਗਈ ਹੈ।

ਇਹ ਬਿਆਨ ਦਿੰਦੇ ਸਮੇਂ ਰਾਜਨਾਥ ਨੇ 18 ਸਤੰਬਰ ਨੂੰ ਜ਼ਾਲਮਾਨਾ ਢੰਗ ਨਾਲ ਸ਼ਹੀਦ ਕੀਤੇ ਬੀ. ਐਸ. ਐਫ. ਜਵਾਨ ਨਰਿੰਦਰ ਸਿੰਘ ਦਾ ਹਵਾਲਾ ਦਿੱਤਾ। ਜ਼ਿਕਰਯੋਗ ਹੈ ਕਿ ਇਸ ਹੱਤਿਆ ਤੋਂ ਕੁਝ ਦਿਨ ਬਾਅਦ ਫੌਜ ਮੁਖੀ ਬਿਪਿਨ ਰਾਵਤ ਨੇ ਕਿਹਾ ਸੀ ਕਿ ਪਾਕਿ ਖਿਲਾਫ਼ ਸਖਤ ਕਾਰਵਾਈ ਕਰਨ ਦੀ ਲੋੜ ਹੈ।

## ਭਾਰਤ ਲਈ ਤੇਲ ਸਪਲਾਈ ਦੇ ਬਦਲਵੇਂ ਰਾਹ ਲੱਭ ਰਿਹਾ ਹੈ ਅਮਰੀਕਾ

**ਨਿਊ ਯਾਰਕ:** ਅਮਰੀਕਾ ਵੱਲੋਂ ਚਾਰ ਨਵੰਬਰ ਤੋਂ ਇਰਾਨ ਖਿਲਾਫ ਸਖਤ ਪਾਬੰਦੀਆਂ ਲਗਾਏ ਜਾਣ ਨੂੰ ਦੇਖਦਿਆਂ ਟਰੰਪ ਪ੍ਰਸ਼ਾਸਨ ਦੇ ਅਧਿਕਾਰੀ ਨੇ ਕਿਹਾ ਹੈ ਕਿ ਵਾਸ਼ਿੰਗਟਨ, ਭਾਰਤ ਦੀਆਂ ਤੇਲ ਦਰਾਮਦ ਲੋੜਾਂ ਨੂੰ ਸਮਝਦਾ ਹੈ। ਇਸ ਕਰ ਕੇ ਬਾਲਣ ਦੀ ਬਦਲਵੀਂ ਸਪਲਾਈ ਯਕੀਨੀ ਬਣਾਉਣ ਲਈ ਗੱਲਬਾਤ ਚੱਲ ਰਹੀ ਹੈ ਤਾਂ ਜੋ ਅਮਰੀਕਾ ਦੇ ਦੋਸਤ ਭਾਰਤ ਦੇ ਅਰਥਚਾਰੇ 'ਤੇ ਬੁਰਾ ਅਸਰ ਨਾ ਪਏ। ਇਸ ਸਾਲ ਅਮਰੀਕਾ 2015 'ਚ ਇਰਾਨ ਨਾਲ ਕੀਤੇ ਪਰਮਾਣੂ ਸਮਝੌਤੇ ਤੋਂ ਬਾਹਰ ਹੋ ਗਿਆ ਸੀ ਅਤੇ ਇਰਾਨ ਖਿਲਾਫ ਸਖਤ ਪਾਬੰਦੀਆਂ ਲਾਗੂ ਕਰ ਦਿੱਤੀਆਂ ਸਨ। ਅਮਰੀਕਾ ਉਮੀਦ ਕਰ ਰਿਹਾ ਹੈ ਕਿ ਭਾਰਤ ਸਮੇਤ ਸਾਰੇ ਮੁਲਕ ਚਾਰ ਨਵੰਬਰ ਤੱਕ ਇਰਾਨ ਤੋਂ ਤੇਲ ਦੀ ਦਰਾਮਦ ਨੂੰ ਬੰਦ ਕਰ ਦੇਣਗੇ। ਅਮਰੀਕਾ ਨੇ ਸਪੱਸ਼ਟ ਕੀਤਾ ਹੈ ਕਿ ਜਿਹੜਾ ਵੀ ਮੁਲਕ ਇਰਾਨ ਨਾਲ ਕਾਰੋਬਾਰ ਜਾਰੀ ਰੱਖੇਗਾ, ਉਸ ਨੂੰ ਅਮਰੀਕੀ ਬੈਂਕਿੰਗ ਅਤੇ ਵਿੱਤੀ ਪ੍ਰਣਾਲੀ ਤੋਂ ਸਹਾਇਤਾ ਨਹੀਂ ਮਿਲੇਗੀ।

## ਗਿਆਨੀ ਠਾਕੁਰ ਸਿੰਘ ਕੋਲੋਂ ਸਪੱਸ਼ਟੀਕਰਨ ਮੰਗਿਆ ਜਾਵੇ: ਲੌਂਗੋਵਾਲ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਕਿਹਾ ਕਿ ਸਿੱਖੀ ਦਾ ਪ੍ਰਚਾਰ ਕਰਨ ਵਾਲੀਆਂ ਸ਼ਖਸੀਅਤਾਂ ਨੂੰ ਸੰਗਤ ਵਿਚ ਕੋਈ ਵੀ ਅਜਿਹੀ ਗੱਲ ਨਹੀਂ ਕਰਨੀ ਚਾਹੀਦੀ,



ਜਿਸ ਨਾਲ ਇਤਿਹਾਸਕ ਅਤੇ ਸਿਧਾਂਤਕ ਤੌਰ ਉਤੇ ਸਿੱਖ ਕੌਮ ਦਾ ਨੁਕਸਾਨ ਹੁੰਦਾ ਹੋਵੇ। ਉਨ੍ਹਾਂ ਇਹ ਗੱਲ ਸੋਸ਼ਲ ਮੀਡੀਆ 'ਤੇ ਵਾਇਰਲ ਇਕ ਵੀਡੀਓ, ਜਿਸ ਵਿਚ ਸਿੱਖ ਪ੍ਰਚਾਰਕ ਗਿਆਨੀ ਠਾਕੁਰ ਸਿੰਘ ਵੱਲੋਂ ਜੂਨ 1984 ਵਿਚ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ 'ਤੇ ਹੋਏ ਫੌਜੀ ਹਮਲੇ ਸਬੰਧੀ ਗੱਲ ਕਰਦਿਆਂ ਸ੍ਰੀ ਗੁਰੂ ਗੋਬਿੰਦ ਸਿੰਘ ਬਾਰੇ ਮਨਘੜਤ ਬਿਆਨਬਾਜ਼ੀ ਕੀਤੀ ਜਾ ਰਹੀ ਹੈ, ਦੇ ਪ੍ਰਸੰਗ ਵਿਚ ਆਖੀ ਹੈ।

ਉਨ੍ਹਾਂ ਕਿਹਾ ਕਿ ਗਿਆਨੀ ਠਾਕੁਰ ਸਿੰਘ ਵੱਲੋਂ ਕੀਤੀ ਗਈ ਟਿੱਪਣੀ ਨਾਲ ਸਿੱਖ ਸੰਗਤ ਦੇ ਮਨ ਨੂੰ ਠੇਸ ਪਹੁੰਚੀ ਹੈ। ਇਸ ਪ੍ਰਚਾਰਕ ਵੱਲੋਂ ਕੀਤੀ ਗਈ ਟਿੱਪਣੀ ਦਾ ਇਤਿਹਾਸਕ ਸਰੋਤਾਂ ਅਤੇ ਹਵਾਲਿਆਂ ਨਾਲ ਕੋਈ ਮੇਲ ਨਹੀਂ ਹੈ ਅਤੇ ਇਹ ਗੁਰੂ ਸਾਹਿਬ ਦੇ ਸਿਧਾਂਤਕ ਅਤੇ ਇਤਿਹਾਸਕ ਵਿਰੋਧ ਵਿਚ ਵੀ ਜਾਂਦੀ ਹੈ।

ਉਨ੍ਹਾਂ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੂੰ ਅਪੀਲ ਕੀਤੀ ਕਿ ਇਸ ਮਾਮਲੇ ਵਿਚ ਦਖਲ ਦੇ ਕੇ ਗਿਆਨੀ ਠਾਕੁਰ ਸਿੰਘ ਪਾਸੋਂ ਸਪਸ਼ਟੀਕਰਨ ਮੰਗਿਆ ਜਾਵੇ, ਤਾਂ ਜੋ ਸਿੱਖਾਂ ਅੰਦਰ ਪਾਇਆ ਜਾ ਰਿਹਾ ਰੋਸ ਸ਼ਾਂਤ ਹੋ ਸਕੇ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਰਾਜਸਥਾਨ ਦੇ ਸਕੂਲਾਂ ਵਿਚ ਪੰਜਾਬੀ ਨੂੰ ਵਿਸਾਰ ਕੇ ਧੱਕੇ ਨਾਲ ਥੋਪੀ ਜਾ ਰਹੀ ਸੰਸਕ੍ਰਿਤ ਭਾਸ਼ਾ ਦਾ ਵੀ ਨੋਟਿਸ ਲਿਆ ਹੈ। ਉਨ੍ਹਾਂ ਕਿਹਾ ਕਿ ਰਾਜਸਥਾਨ ਵਿਚ ਪੰਜਾਬੀ ਭਾਸ਼ਾ ਨੂੰ ਨੀਵਾਂ ਦਿਖਾਉਣ ਲਈ ਪੰਜਾਬੀ ਦੀ ਥਾਂ ਸੰਸਕ੍ਰਿਤ ਅਧਿਆਪਕ ਨਿਯੁਕਤ ਕਰਨੇ ਕਿਸੇ ਤਰ੍ਹਾਂ ਵੀ ਜਾਇਜ਼ ਨਹੀਂ ਹੈ।

## ਕਿਮ ਕੁਮਾਰੀ ਬਣੀ ਮਿਸ ਇੰਡੀਆ ਨਿਊ ਜਰਸੀ

**ਨਿਊ ਜਰਸੀ (ਬਿਊਰੋ):** ਇਥੇ ਹਰ ਸਾਲ ਕਰਵਾਏ ਜਾਂਦੇ ਬਿਊਟੀ ਮੁਕਾਬਲੇ ਵਿਚ ਕਿਮ ਕੁਮਾਰੀ ਬਣੀ ਮਿਸ ਇੰਡੀਆ ਨਿਊ ਜਰਸੀ ਚੁਣੀ ਗਈ। ਬਿਊਟੀ ਮੁਕਾਬਲਾ ਹੋਟਲ ਰਾਇਲ ਐਲਬਰਟ ਪੈਲੇਸ ਫੋਰਡ ਵਿਖੇ ਹੋਇਆ।




ਇਸ ਸੁੰਦਰਤਾ ਪ੍ਰਤਿਯੋਗਤਾ 'ਚ ਮਿਸ ਟੀਨ, ਮਿਸ ਅਤੇ ਮਿਸਿਜ਼ ਦੇ ਮੁਕਾਬਲੇ ਹੋਏ। ਟੀਨ ਮੁਕਾਬਲੇ 'ਚ ਈਸ਼ਾ ਕੋਡੇ ਜੇਤੂ ਰਹੀ। ਮਿਸ ਇੰਡੀਆ (ਨਿਊ ਜਰਸੀ) ਦਾ ਖਿਤਾਬ ਕਿਮ ਕੁਮਾਰੀ (ਸਪੁੱਤਰੀ ਸੁਰਿੰਦਰ ਕੁਮਾਰ ਗੋਗਨਾ) ਨੇ ਜਿੱਤਿਆ ਅਤੇ ਰੁਚੀਤਾ ਮੋਦੀ ਸ਼ਾਹ ਮਿਸਿਜ਼ ਇੰਡੀਆ ਨਿਊ ਜਰਸੀ ਚੁਣੀ ਗਈ। ਪ੍ਰਬੰਧਕਾਂ ਨੇ ਜੇਤੂਆਂ ਦੇ ਸਿਰਾਂ 'ਤੇ ਤਾਜ ਸਜਾਇਆ। ਇਹ ਪ੍ਰਤਿਯੋਗਤਾ ਨਿਊ ਜਰਸੀ 'ਚ ਉਘੇ ਹੋਟਲ ਕਾਰੋਬਾਰੀ ਐਲਬਰਟ ਡਿਸਾਨੀ ਸਟੇਟ ਡਾਇਰੈਕਟਰ ਸ਼ੋਬਨਾ ਪਟੇਲ ਵੱਲੋਂ ਕਰਵਾਈ ਗਈ ਸੀ।

# ਯੂਬਾ ਸਿਟੀ ਵਿਚ ਬਣੇਗਾ ਗੁਰੂ ਗ੍ਰੰਥ ਸਾਹਿਬ ਭਵਨ

**ਚੰਡੀਗੜ੍ਹ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੀ ਮੀਟਿੰਗ ਦੌਰਾਨ ਯੂਬਾ ਸਿਟੀ (ਕੈਲੀਫੋਰਨੀਆ) ਵਿਚ ਗੁਰੂ ਗ੍ਰੰਥ ਸਾਹਿਬ ਭਵਨ ਬਣਾਉਣ ਦਾ ਫੈਸਲਾ ਕੀਤਾ ਗਿਆ ਹੈ। ਕਮੇਟੀ ਦੀ ਮੀਟਿੰਗ ਦੌਰਾਨ ਸ਼੍ਰੋਮਣੀ ਕਮੇਟੀ ਦੇ ਸਕੂਲਾਂ/ਕਾਲਜਾਂ ਦੇ ਵਿਦਿਆਰਥੀਆਂ ਦੇ ਇਸ ਸਾਲ ਹੋਣ ਵਾਲੇ ਖਾਲਸਾਈ ਖੇਡ ਉਤਸਵ ਨੂੰ ਵੀ ਪ੍ਰਵਾਨਗੀ ਦਿੱਤੀ ਗਈ। ਮੀਟਿੰਗ ਮਗਰੋਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਦੱਸਿਆ ਕਿ ਅਮਰੀਕਾ ਵਾਸੀ ਸਿੱਖ ਦੀਦਾਰ ਸਿੰਘ ਬੈਂਸ ਵੱਲੋਂ ਯੂਬਾ ਸਿਟੀ ਵਿਚ ਬੀਤੇ ਸਮੇਂ ਵਿਚ ਸ਼੍ਰੋਮਣੀ ਕਮੇਟੀ ਨੂੰ ਜਮੀਨ ਦਿੱਤੀ ਗਈ ਸੀ, ਜਿਸ ਵਿਚ ਗੁਰੂ ਗ੍ਰੰਥ ਸਾਹਿਬ ਭਵਨ ਬਣਾਉਣ ਦਾ ਫੈਸਲਾ ਕੀਤਾ ਗਿਆ ਹੈ।

ਉਨ੍ਹਾਂ ਦੱਸਿਆ ਕਿ ਗੁਰੂ ਗ੍ਰੰਥ ਸਾਹਿਬ ਭਵਨ ਤੋਂ ਅਮਰੀਕਾ ਦੇ ਸਾਰੇ ਗੁਰਦੁਆਰਿਆਂ ਨੂੰ ਲੋੜ ਅਨੁਸਾਰ ਪਾਵਨ ਸਰੂਪ ਪਹੁੰਚਾਏ ਜਾਣਗੇ ਅਤੇ ਇਸ ਤੋਂ ਇਲਾਵਾ ਹਰ ਐਤਵਾਰ ਗੁਰਮਤਿ ਦੀਆਂ ਕਲਾਸਾਂ ਲਾਉਣ ਦਾ ਪ੍ਰਬੰਧ ਕਰਨ ਦੇ ਨਾਲ-ਨਾਲ ਧਾਰਮਿਕ ਸਾਹਿਤ ਮੁਫਤ ਵੰਡਿਆ ਜਾਵੇਗਾ। ਉਨ੍ਹਾਂ ਹੋਰ ਫੈਸਲਿਆਂ ਬਾਰੇ ਦੱਸਿਆ ਕਿ ਗੁਰੂ ਨਾਨਕ ਦੇਵ ਦੇ ਅਗਲੇ ਸਾਲ ਆ ਰਹੇ 550 ਸਾਲਾ ਪ੍ਰਕਾਸ਼ ਪੁਰਬ ਸਬੰਧੀ ਸਾਲ ਭਰ ਚੱਲਣ ਵਾਲੇ ਸਮਾਗਮਾਂ ਦੀ ਅਰੰਭਤਾ ਇਸ ਸਾਲ 22-23 ਨਵੰਬਰ ਨੂੰ ਗੁਰਦੁਆਰਾ ਬੇਰ ਸਾਹਿਬ ਸੁਲਤਾਨਪੁਰ ਲੋਧੀ ਤੋਂ ਕਰਨ ਦਾ ਫੈਸਲਾ ਕੀਤਾ ਗਿਆ ਹੈ।



*ਦੀਦਾਰ ਸਿੰਘ ਬੈਂਸ*

ਉਨ੍ਹਾਂ ਦੱਸਿਆ ਕਿ 22-23 ਨਵੰਬਰ ਦੇ ਅਰੰਭਤਾ ਸਮਾਗਮਾਂ 'ਚ ਸ਼ਾਮਲ ਹੋਣ ਲਈ ਭਾਰਤ ਦੇ ਪ੍ਰਧਾਨ ਮੰਤਰੀ, ਰਾਸ਼ਟਰਪਤੀ ਤੇ ਹੋਰ ਪ੍ਰਮੁੱਖ ਹਸਤੀਆਂ ਨੂੰ ਸੱਦਾ ਦਿੱਤਾ ਜਾਵੇਗਾ। ਉਨ੍ਹਾਂ ਇਹ ਵੀ ਦੱਸਿਆ ਕਿ ਸ਼੍ਰੋਮਣੀ ਕਮੇਟੀ ਵੱਲੋਂ ਪਹਿਲੇ ਪਾਤਸ਼ਾਹ ਦੇ 550ਵੇਂ ਪ੍ਰਕਾਸ਼ ਪੁਰਬ ਸਬੰਧੀ ਇਕ ਵਫਦ ਪਾਕਿਸਤਾਨ ਭੇਜਿਆ ਜਾਵੇਗਾ, ਜੋ ਪਾਕਿ ਸਰਕਾਰ ਤੇ ਪਾਕਿਸਤਾਨ ਗੁਰਦੁਆਰਾ ਪ੍ਰਬੰਧਕ ਕਮੇਟੀ ਨਾਲ ਰਾਬਤਾ ਬਣਾ ਕੇ ਪਾਕਿਸਤਾਨ 'ਚ ਸਮਾਗਮ ਕਰਾਉਣ ਦਾ ਪ੍ਰਸਤਾਵ ਰੱਖੇਗਾ।

ਭਾਈ ਲੌਂਗੋਵਾਲ ਨੇ ਦੱਸਿਆ ਕਿ 550ਵੇਂ ਪ੍ਰਕਾਸ਼ ਪੁਰਬ ਸਬੰਧੀ 10-11 ਅਕਤੂਬਰ ਨੂੰ ਤੇਜਾ ਸਿੰਘ ਸਮੁੰਦਰੀ ਹਾਲ, ਅੰਮ੍ਰਿਤਸਰ ਵਿਖੇ ਸਿੱਖ ਜਥੇਬੰਦੀਆਂ ਨਾਲ ਇਕੱਤਰਤਾਵਾਂ ਕੀਤੀਆਂ ਜਾਣਗੀਆਂ। ਉਨ੍ਹਾਂ ਦੱਸਿਆ ਕਿ ਇਕੱਤਰਤਾ ਦੌਰਾਨ ਸਿੱਖ ਨੌਜਵਾਨਾਂ ਨੂੰ ਸਿੱਖ ਵਿਰਸੇ ਨਾਲ ਜੋੜਨ ਦੇ ਉਦੇਸ਼ ਨਾਲ ਸਕੂਲਾਂ/ਕਾਲਜਾਂ ਦਾ ਖਾਲਸਾਈ ਖੇਡ ਉਤਸਵ ਇਸ ਵਾਰ ਵਿਲੱਖਣ ਢੰਗ ਨਾਲ ਮਨਾਇਆ ਜਾਵੇਗਾ।

## Matrimonials

### ਲੜਕੀ ਦੀ ਲੋੜ ਹੈ

ਜੱਟ ਸਿੱਖ ਗਿੱਲ, ਕਲੀਨ ਸ਼ੇਵਨ, ਉਮਰ 26 ਸਾਲ, ਕੱਦ 5'-9", ਮਾਸਟਰ ਡਿਗਰੀ ਇਨ ਕੰਪਿਊਟਰ ਸਾਇੰਸ, ਸੌਫਟਵੇਅਰ ਇੰਜੀਨੀਅਰ ਲਈ ਅਮੈਰੀਕਨ ਸਿਟੀਜ਼ਨ/ਇੰਮੀਗਰਾਂਟ ਲੜਕੀ ਦੀ ਲੋੜ ਹੈ। ਲੜਕੇ ਦਾ ਪਰਿਵਾਰ ਅਮਰੀਕਾ ਵਿਚ ਸੈਟਲ। ਸੰਪਰਕ ਕਰੋ, ਫੋਨ: 660-473-1039 or email: gillsa2690@ gmail.com 39-42

ਅਮਰੀਕੀ ਗਰੀਨ ਕਾਰਡ ਹੋਲਡਰ ਜੱਟ ਸਿੱਖ, 28 ਸਾਲ, 6 ਫੁੱਟ ਲੜਕੇ ਲਈ ਲੜਕੀ ਦੀ ਲੋੜ ਹੈ। ਉਹੀ ਸੰਪਰਕ ਕਰਨ ਜੋ ਉਸ ਦੇ ਵੱਡੇ ਭਰਾ 31 ਸਾਲ, 6 ਫੁੱਟ (ਭਾਰਤ) ਨੂੰ ਕੈਨੇਡਾ ਜਾਂ ਅਮਰੀਕਾ ਵਿਚ ਰਿਸ਼ਤਾ ਕਰਵਾ ਸਕਦੇ ਹੋਣ। ਤਸਵੀਰ ਤੇ ਵੇਰਵੇ ਸਮੇਤ ਸੰਪਰਕ ਕਰੋ: jdeep9801@gmail.com 36-39

*wwwpunjabtimesusa.com*

### ਲੜਕੀ ਦੀ ਲੋੜ ਹੈ

Saini Sikh clean shave boy, 28, 6', M.B.A. Bio Technology doing BDS in Chandigarh, seeks suitable well educated Saini/Jatt Sikh girl. Family well settled in USA. Cont. Mohan Saini Ph: 516-503-9541 or email: mohan1w34@gmail.com 34-41

Wanted suitable match for Jatt Sikh Pannu boy 27, 6'-1", Bachelor of Computer Science Engineering, Software Engineering Technician (Canada) post graduate, working on work permit in Winnipeg (Canada), Canadian PR in process. Contact, Ph: 204-915-5591 (Canada), 937-328-5102 (USA) or email: Er.pawandeep23@gmail.com 35-38

# ਸਿੱਖ ਜਥੇਬੰਦੀਆਂ ਦੀ ਸ਼ਿਕਾਇਤ 'ਤੇ ਗੱਗ ਖਿਲਾਫ ਕੇਸ ਦਰਜ

**ਸ੍ਰੀ ਆਨੰਦਪੁਰ ਸਾਹਿਬ:** ਸਿੱਖ ਜਥੇਬੰਦੀਆਂ ਨੇ ਕਵੀ ਸੁਰਜੀਤ ਗੱਗ 'ਤੇ ਮਾਹੌਲ ਖਰਾਬ ਕਰਨ ਦੀਆਂ ਕੋਸ਼ਿਸ਼ਾਂ ਦਾ ਦੋਸ਼ ਲਾਇਆ ਹੈ। ਇਸ ਮਗਰੋਂ ਸੁਰਜੀਤ ਗੱਗ ਖਿਲਾਫ਼ ਥਾਣਾ ਆਨੰਦਪੁਰ ਸਾਹਿਬ ਵਿਚ ਧਾਰਾ 295-ਏ ਤਹਿਤ ਕੇਸ ਦਰਜ ਹੋ ਗਿਆ ਹੈ। ਉਧਰ, ਗੱਗ 'ਤੇ ਹਮਲਾ ਕਰਨ ਵਾਲਿਆਂ ਖਿਲਾਫ਼ ਵੀ ਪੁਲਿਸ ਨੇ ਕੇਸ ਦਰਜ ਕਰ ਲਿਆ ਹੈ।

ਸ਼੍ਰੋਮਣੀ ਕਮੇਟੀ ਮੈਂਬਰ ਦਲਜੀਤ ਸਿੰਘ ਭਿੰਡਰ ਤੇ ਪ੍ਰਿੰਸੀਪਲ ਸੁਰਿੰਦਰ ਸਿੰਘ ਨੇ ਕਿਹਾ ਕਿ ਪਿਛਲੇ ਕਾਫੀ ਸਮੇਂ ਤੋਂ ਕਵੀ ਸੁਰਜੀਤ ਗੱਗ ਸਿੱਖ ਧਰਮ, ਗੁਰੂ ਨਾਨਕ ਦੇਵ ਜੀ ਤੇ ਹੋਰ ਧਰਮਾਂ ਖਿਲਾਫ਼ ਆਪਣੀਆਂ ਕਵਿਤਾਵਾਂ ਲਿਖ ਕੇ ਫੇਸਬੁਕ ਤੇ ਹੋਰ ਸੋਸ਼ਲ ਸਾਈਟਾਂ 'ਤੇ ਕੂੜ ਪ੍ਰਚਾਰ ਕਰਦਾ ਆ ਰਿਹਾ ਹੈ, ਜਿਸ ਕਾਰਨ ਸਿੱਖ ਭਾਈਚਾਰੇ ਵਿਚ ਰੋਸ ਹੈ। ਉਨ੍ਹਾਂ ਕਿਹਾ ਕਿ ਇਸ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ।

ਆਗੂਆਂ ਨੇ ਪੁਲਿਸ ਤੇ ਪ੍ਰਸ਼ਾਸਨ ਨੂੰ ਅਪੀਲ ਕੀਤੀ ਕਿ ਇਸ ਮਾਮਲੇ ਵਿਚ ਕਾਰਵਾਈ ਕੀਤੀ ਜਾਵੇ। ਉਧਰ, ਭਾਈ ਜੈਤਾ ਜੀ ਸਿਵਲ ਹਸਪਤਾਲ ਵਿਚ ਜੇਰੇ ਇਲਾਜ ਸੁਰਜੀਤ ਗੱਗ ਨੇ ਪੰਜਾਬ ਸਰਕਾਰ ਤੋਂ ਸੁਰੱਖਿਆ ਦੀ ਮੰਗ ਕੀਤੀ। ਗੱਗ ਨੇ ਕਿਹਾ ਕਿ ਉਹ ਪਹਿਲਾਂ ਵੀ ਸਥਾਨਕ ਪੁਲਿਸ ਨੂੰ ਸ਼ਿਕਾਇਤ ਦੇ ਚੁੱਕਿਆ ਹੈ, ਪਰ ਕੋਈ ਕਾਰਵਾਈ ਨਹੀਂ ਹੋਈ ਹੈ।

# ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ 'ਚ ਭਾਰਤ ਦੀ ਮੈਂਬਰਸ਼ਿਪ ਲਈ ਡਟੇ ਟਰੰਪ

**ਨਿਊ ਯਾਰਕ:** ਅਮਰੀਕਾ ਦੇ ਇਕ ਸੀਨੀਅਰ ਅਧਿਕਾਰੀ ਨੇ ਦੱਸਿਆ ਕਿ ਟਰੰਪ ਪ੍ਰਸ਼ਾਸਨ ਨੇ ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ ਵਿਚ ਸਥਾਈ ਮੈਂਬਰਸ਼ਿਪ ਲਈ ਭਾਰਤ ਦੀ ਦਾਅਵੇਦਾਰੀ ਨੂੰ ਆਪਣਾ ਸਮਰਥਨ ਦੁਹਰਾਇਆ ਹੈ। ਇਸ ਵਾਰ ਟਰੰਪ ਪ੍ਰਸ਼ਾਸਨ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਦੋਵੇਂ 'ਆਲਮੀ ਭਾਈਵਾਲ' ਕੋਰੀਆਈ ਟਾਪੂ ਦੇ ਪਰਮਾਣੂ ਨਿਰਸਤ੍ਰੀਕਰਨ ਵਰਗੀਆਂ ਆਲਮੀ ਚੁਣੌਤੀਆਂ ਨਾਲ ਨਿਪਟਣ ਲਈ ਮਿਲ ਕੇ ਕੰਮ ਕਰਨ ਲਈ ਵਚਨਬੱਧ ਹੈ। ਜ਼ਿਕਰਯੋਗ ਹੈ ਕਿ ਪਿਛਲੇ ਸਾਲ ਜੂਨ ਵਿਚ ਮੋਦੀ ਦੀ ਵਾਸ਼ਿੰਗਟਨ ਯਾਤਰਾ ਦੌਰਾਨ ਟਰੰਪ ਨੇ ਯੂ.ਐਨ.ਐਸ.ਸੀ. ਤੇ ਪਰਮਾਣੂ ਸਪਲਾਇਰ ਗਰੁੱਪ ਵਿਚ ਮੈਂਬਰਸ਼ਿਪ ਲਈ ਭਾਰਤ ਦੀ ਦਾਅਵੇਦਾਰੀ ਦਾ ਸਮਰਥਨ ਕੀਤਾ ਸੀ।

**Khalsa USA Inc.**

We are hiring owner operators and (CDL) Drivers
*All 48 States *We Pay Weekly

ਓਨਰ ਆਪਰੇਟਰਾਂ ਅਤੇ (CDL) ਡਰਾਈਵਰਾਂ ਦੀ ਲੋੜ ਹੈ



Please Call: 708-690-6498
847-477-9988
Fax: 888-443-6990
email: khalsausa55@gmail.com

# ਲਖਨਊ 'ਚ ਪੁਲਿਸ ਦੀ ਗੋਲੀ ਨਾਲ ਐਪਲ ਦਾ ਮੈਨੇਜਰ ਹਲਾਕ

**ਲਖਨਊ:** ਉੱਤਰ ਪ੍ਰਦੇਸ਼ ਪੁਲਿਸ ਨੇ ਐਪਲ ਦੇ ਮੈਨੇਜਰ ਵਿਵੇਕ ਤਿਵਾੜੀ (38) ਨੂੰ ਗੋਲੀ ਮਾਰ ਦਿੱਤੀ। ਘਟਨਾ ਲਖਨਊ ਦੇ ਪੋਸ਼ ਗੋਮਤੀ ਨਗਰ ਇਲਾਕੇ 'ਚ ਵਾਪਰੀ ਹੈ। ਪੁਲਿਸ ਨੇ ਆਪਣੇ ਬਚਾਅ 'ਚ ਕਿਹਾ ਕਿ ਨੌਜਵਾਨ ਨੂੰ ਜਦੋਂ ਚੈਕਿੰਗ ਲਈ ਕਾਰ ਰੋਕਣ ਦਾ ਇਸ਼ਾਰਾ ਕੀਤਾ ਤਾਂ ਉਸ ਨੇ ਇਸ ਨੂੰ ਭਜਾ ਲਿਆ ਜਿਸ ਕਰ ਕੇ ਗੋਲੀ ਚਲਾਈ ਗਈ।

ਕਾਰ 'ਚ ਵਿਵੇਕ ਦੀ ਸਹਿਕਰਮੀ ਸਨਾ ਖਾਨ ਵੀ ਸਵਾਰ ਸੀ ਜਿਸ ਵੱਲੋਂ ਦਰਜ ਕਰਵਾਈ ਗਈ ਐਫ.ਆਈ.ਆਰ. ਦੇ ਆਧਾਰ 'ਤੇ ਦੋ ਸਿਪਾਹੀਆਂ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ। ਦੋਵੇਂ ਸਿਪਾਹੀਆਂ ਨੂੰ ਨੌਕਰੀ ਤੋਂ ਮੁਅੱਤਲ ਕਰ ਦਿੱਤਾ ਗਿਆ ਹੈ।

ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਨੇ ਕਿਹਾ ਕਿ ਇਹ ਕੋਈ ਮੁਕਾਬਲਾ ਨਹੀਂ ਸੀ ਅਤੇ ਕਿਸੇ ਵੀ ਦੋਸ਼ੀ ਨੂੰ ਬਖ਼ਸ਼ਿਆ ਨਹੀਂ ਜਾਵੇਗਾ।

ਤੰਦੂਰੀ ਸ਼ੈਫ ਅਤੇ ਵੇਟਰ ਦੀ ਲੋੜ ਹੈ

ਅਟਲਾਂਟਾ, ਜਾਰਜੀਆ 'ਚ ਵਧੀਆ ਚਲਦੇ ਇੰਡੀਅਨ ਰੈਸਟੋਰੈਂਟ ਲਈ ਤੰਦੂਰੀ ਸ਼ੈਫ ਅਤੇ ਵੇਟਰ ਦੀ ਫੌਰੀ ਲੋੜ ਹੈ।

ਚੰਗੀ ਤਨਖਾਹ, ਮੁਫਤ ਰਿਹਾਇਸ਼

ਸੰਪਰਕ ਕਰੋ

ਫੋਨ: 757-240-9348 37-39

ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ

ਫੋਨ (408) 687-1899

**Gurdip Singh Sandhu**
Homeopathic Practitioner/Consultant Since 1973
DHMS-Gold Medalist, BAMS, MDEh.- India
**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
**EX Member:** The California Homeopathic Society
National Center For Homeopathy- USA



*Gurdip Singh Sandhu*

**Live on Jas TV**
Saturday 9:30AM and Sunday 4PM (Pacific Time)
7021 Village Park Way, Dublin, CA 94568

Email:
Homeomedicine@yahoo.com

**Michigan Truck Driving School**
6405 Middlebelt Road, Romulus, MI 48174

ਖੁਸ਼ਖਬਰੀ! ਖੁਸ਼ਖਬਰੀ!! ਖੁਸ਼ਖਬਰੀ!!!
ਹੁਣ 48 ਸਟੇਟਾਂ ਵਿਚ ਮਨਜ਼ੂਰਸ਼ੁਦਾ




*ਆਪਣੀ ਸਟੇਟ ਤੋਂ ਲਰਨਿੰਗ ਪਰਮਿਟ ਲੈ ਕੇ ਆਓ ਤੇ ਉਸੇ ਸਟੇਟ ਦਾ ਡਰਾਈਵਿੰਗ ਲਾਇਸੈਂਸ ਲਓ
*3-4 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ

Raj Jamarai Cell:734-644-1010 Office:734-747-4298

Punjab Times Vol 19, Issue 40, October 6, 2018 ਪੰਜਾਬ ਟਾਈਮਜ਼ ਸਾਲ 19, ਅੰਕ 40, 6 ਅਕਤੂਬਰ 2018 (4)

# ਝੂਠੇ ਪੁਲਿਸ ਮੁਕਾਬਲੇ: 26 ਸਾਲਾਂ ਦੀ ਲੰਮੀ ਉਡੀਕ ਪਿੱਛੋਂ ਮਿਲਿਆ ਨਿਆਂ

**ਚੰਡੀਗੜ੍ਹ:** ਪੰਜਾਬ ਵਿਚ ਕਾਲੇ ਦੌਰ ਦੌਰਾਨ ਝੂਠੇ ਪੁਲਿਸ ਮੁਕਾਬਲਿਆਂ ਵਿਚ ਮਾਰੇ ਸਿੱਖ ਨੌਜਵਾਨਾਂ ਦੇ ਪਰਿਵਾਰਾਂ ਨੂੰ ਨਿਆਂ ਦੀ ਆਸ ਬੱਝੀ ਹੈ। ਮੁਹਾਲੀ ਦੀ ਵਿਸ਼ੇਸ਼ ਸੀ.ਬੀ.ਆਈ. ਅਦਾਲਤ ਵੱਲੋਂ ਸਿਰਫ ਚਾਰ ਦਿਨਾਂ ਅੰਦਰ ਦੋ ਵੱਖ-ਵੱਖ ਕੇਸਾਂ ਵਿਚ ਝੂਠੇ ਮੁਕਾਬਲਿਆਂ ਦੇ ਦੋਸ਼ੀ ਠਹਿਰਾਏ ਗਏ ਚਾਰ ਪੁਲਿਸ ਮੁਲਾਜ਼ਮਾਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਹੈ।



26 ਸਤੰਬਰ ਨੂੰ ਉਨ੍ਹਾਂ ਦੋ ਪੁਲਿਸ ਅਫਸਰਾਂ ਰਘਵੀਰ ਸਿੰਘ ਅਤੇ ਦਾਰਾ ਸਿੰਘ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਜਿਨ੍ਹਾਂ ਉਤੇ 15 ਸਾਲ ਦੇ ਹਰਪਾਲ ਸਿੰਘ ਨੂੰ ਗੈਰਕਾਨੂੰਨੀ ਢੰਗ ਨਾਲ ਮਾਰ ਦੇਣ ਦਾ ਦੋਸ਼ ਹੈ। 30 ਸਤੰਬਰ ਨੂੰ ਸੁਣਾਏ ਫੈਸਲੇ ਵਿਚ ਅੰਮ੍ਰਿਤਸਰ ਜ਼ਿਲ੍ਹੇ ਦੇ ਹੀ ਪਿੰਡ ਪੱਟੀ ਬਲੋਲ ਦੇ ਹਰਜੀਤ ਸਿੰਘ ਉਰਫ ਗੋਰਾ ਨਾਮ ਦੇ ਨੌਜਵਾਨ ਨੂੰ ਅਗਵਾ ਕਰ ਕੇ ਝੂਠੇ ਪੁਲਿਸ ਮੁਕਾਬਲੇ ਵਿਚ ਮਾਰ ਦੇਣ ਦੇ ਦੋਸ਼ ਹੇਠ ਸੇਵਾ ਮੁਕਤ ਇੰਸਪੈਕਟਰ ਗਿਆਨ ਸਿੰਘ ਅਤੇ ਸਬ ਇੰਸਪੈਕਟਰ ਨਰਿੰਦਰ ਸਿੰਘ ਮੱਲ੍ਹੀ ਨੂੰ ਉਮਰ ਕੈਦ ਨੂੰ ਦੋਸ਼ੀ ਮੰਨਿਆ ਗਿਆ ਹੈ। ਦੋਵੇਂ ਕੇਸ ਸਤੰਬਰ ਅਤੇ ਨਵੰਬਰ 1992 ਦੇ ਹਨ। ਇਸ ਮਾਮਲੇ ਵਿਚ ਪੀੜਤ ਪਰਿਵਾਰਾਂ ਨੂੰ ਇਨਸਾਫ ਲੈਣ ਲਈ 26 ਸਾਲ ਇੰਤਜ਼ਾਰ ਕਰਨਾ ਪਿਆ। ਹਾਲਾਂਕਿ ਪੁਲਿਸ ਨੇ ਹਰਜੀਤ ਦੇ ਪਿਤਾ ਬਲਬੀਰ ਸਿੰਘ ਨੂੰ ਵੀ ਉਸ ਦੇ ਨਾਲ ਹੀ ਘਰੋਂ ਚੁੱਕਿਆ ਸੀ ਪਰ ਬਾਅਦ ਵਿਚ ਉਸ ਨੂੰ ਛੱਡ ਦਿੱਤਾ ਸੀ। ਪੀੜਤ ਪਰਿਵਾਰ ਦੇ ਵਕੀਲ ਪੁਸ਼ਪਿੰਦਰ ਸਿੰਘ ਨੱਤ ਅਨੁਸਾਰ ਇਸ ਘਟਨਾ ਤੋਂ ਮਹਿਜ਼ 5 ਦਿਨ ਪਹਿਲਾਂ 6 ਨਵੰਬਰ 1992 ਨੂੰ ਪੁਲਿਸ ਨੇ ਹਰਜੀਤ ਦੇ ਭਰਾ ਕੁਲਦੀਪ ਸਿੰਘ ਨੂੰ ਝੂਠੇ ਪੁਲਿਸ ਮੁਕਾਬਲੇ ਵਿਚ ਮਾਰ ਮੁਕਾਇਆ ਸੀ।

ਇਲਾਕੇ ਦੇ ਲੋਕਾਂ ਮੁਤਾਬਕ ਹਰਜੀਤ ਉਰਫ ਗੋਰਾ ਦਾ ਪਿਛੋਕੜ ਅਪਰਾਧਿਕ ਨਹੀਂ ਸੀ ਸਗੋਂ ਉਹ ਬਹੁਤ ਹੀ ਭਲਾਮਾਣਸ ਸੀ। ਪਰਿਵਾਰ ਨੇ ਪੁਲਿਸ ਦੇ ਕਾਫੀ ਤਰਲੇ ਕੱਢੇ ਪਰ ਉਨ੍ਹਾਂ ਦੀ ਕਿਸੇ ਨੇ ਨਹੀਂ ਸੁਣੀ। 20 ਦਸੰਬਰ 1992 ਨੂੰ ਹਰਜੀਤ ਦੇ ਪਿਤਾ ਨੇ ਡੀ.ਜੀ.ਪੀ. ਦਾ ਬੂਹਾ ਖੜਕਾਇਆ ਪਰ ਪੁਲਿਸ ਮੁਖੀ ਨੇ ਨਾ ਕੋਈ ਜਾਂਚ ਬਿਠਾਈ ਅਤੇ ਨਾ ਹੀ ਉਸ ਦੇ ਪੁੱਤ ਨੂੰ ਰਿਹਾਅ ਕੀਤਾ ਗਿਆ। ਤਿੰਨ ਸਾਲ ਬਾਅਦ 16 ਜਨਵਰੀ 1995 ਨੂੰ ਅਕਾਲੀ ਦਲ ਮਨੁੱਖੀ ਅਧਿਕਾਰ ਵਿੰਗ ਦੇ ਜਨਰਲ ਸਕੱਤਰ ਜਸਵੰਤ ਸਿੰਘ ਖਾਲੜਾ ਨੇ ਆਪਣੀ ਪੜਤਾਲੀਆ ਰਿਪੋਰਟ ਵਿਚ ਇਹ ਖੁਲਾਸਾ ਕੀਤਾ ਕਿ ਪੰਜਾਬ ਪੁਲਿਸ ਨੇ ਅੰਮ੍ਰਿਤਸਰ ਅਤੇ ਤਰਨ ਤਾਰਨ ਵਿਚ ਬਹੁਤ ਸਾਰੀਆਂ ਲਾਸ਼ਾਂ ਦਾ ਇਕੱਠਿਆਂ ਸਸਕਾਰ ਕੀਤਾ ਸੀ ਜਿਨ੍ਹਾਂ ਵਿਚ ਹਰਜੀਤ ਸਿੰਘ ਗੋਰਾ ਦੀ ਲਾਸ਼ ਵੀ ਸ਼ਾਮਲ ਸੀ। ਇਸ ਤੋਂ ਬਾਅਦ ਇਹ ਮਾਮਲਾ ਕਾਫੀ ਚਰਚਾ ਵਿਚ ਆ ਗਿਆ।

ਇਸ ਮਗਰੋਂ 20 ਜੁਲਾਈ 1995 ਨੂੰ ਸ੍ਰੀ ਖਾਲੜਾ ਨੇ ਪੱਤਰਕਾਰ ਸੰਮੇਲਨ ਵਿਚ ਝੂਠੇ ਪੁਲਿਸ ਮੁਕਾਬਲਿਆਂ ਵਿਚ ਮਾਰੇ ਨੌਜਵਾਨਾਂ ਬਾਰੇ ਦੱਸਦਿਆਂ ਕਿਹਾ ਕਿ ਪੁਲਿਸ ਉਨ੍ਹਾਂ 'ਤੇ ਉੱਚ ਅਦਾਲਤ ਵਿਚ ਦਾਇਰ ਪਟੀਸ਼ਨ ਵਾਪਸ ਲੈਣ ਦਾ ਦਬਾਅ ਪਾ ਰਹੀ ਹੈ ਅਤੇ ਉਸ ਨੂੰ ਜਾਨ ਦਾ ਖਤਰਾ ਹੈ। ਇਸ ਪਿੱਛੋਂ 6 ਸਤੰਬਰ 1995 ਨੂੰ ਅੰਮ੍ਰਿਤਸਰ ਪੁਲਿਸ ਨੇ ਜਸਵੰਤ ਸਿੰਘ ਖਾਲੜਾ ਨੂੰ ਵੀ ਘਰੋਂ ਚੁੱਕ ਲਿਆ। ਤਿੰਨ ਦਿਨ ਥਾਣਿਆਂ ਵਿਚ ਖੱਜਲ ਖੁਆਰ ਹੋਣ ਤੋਂ ਬਾਅਦ ਖਾਲੜਾ ਦੀ ਪਤਨੀ ਪਰਮਜੀਤ ਕੌਰ ਨੇ ਅਪਰਾਧਿਕ ਅਪੀਲ ਦਾਇਰ ਕਰ ਕੇ ਉਸ ਦੇ ਪਤੀ ਨੂੰ ਰਿਹਾਅ ਕਰਨ ਦੀ ਮੰਗ ਕੀਤੀ। 15 ਨਵੰਬਰ 1995 ਨੂੰ ਸੁਪਰੀਮ ਕੋਰਟ ਨੇ ਇਹ ਕੇਸ ਸੀ.ਬੀ.ਆਈ. ਦੇ ਹਵਾਲੇ ਕਰ ਕੇ ਉਚ ਪੱਧਰੀ ਨਿਰਪੱਖ ਜਾਂਚ ਕਰਨ ਦੇ ਆਦੇਸ਼ ਦਿੱਤੇ ਗਏ ਅਤੇ ਡੀ.ਜੀ.ਪੀ. ਸਮੇਤ ਮੁੱਖ ਸਕੱਤਰ ਅਤੇ ਗ੍ਰਹਿ ਸਕੱਤਰ ਨੂੰ ਹਦਾਇਤ ਕੀਤੀ ਗਈ ਕਿ ਜਾਂਚ ਵਿਚ ਪੂਰਾ ਸਹਿਯੋਗ ਦਿੱਤਾ ਜਾਵੇ।

ਇਸੇ ਤਰ੍ਹਾਂ ਅਦਾਲਤ ਨੇ 26 ਸਾਲ ਪੁਰਾਣੇ ਝੂਠੇ ਪੁਲਿਸ ਮੁਕਾਬਲੇ ਦੇ ਕੇਸ ਦਾ ਨਿਬੇੜਾ ਕਰਦਿਆਂ ਪੰਜਾਬ ਪੁਲਿਸ ਦੇ ਦੋ ਸੇਵਾ ਮੁਕਤ ਪੁਲੀਸ ਅਫ਼ਸਰਾਂ (ਐਸ.ਐਚ.ਓ. ਰਘਬੀਰ ਸਿੰਘ ਅਤੇ ਸਬ ਇੰਸਪੈਕਟਰ ਦਾਰਾ ਸਿੰਘ) ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਹੈ। ਇਨ੍ਹਾਂ ਪੁਲਿਸ ਅਫਸਰਾਂ 'ਤੇ ਅੰਮ੍ਰਿਤਸਰ ਦੇ ਪਿੰਡ ਪੱਲਾ ਦੇ ਵਸਨੀਕ ਹਰਪਾਲ ਸਿੰਘ (15) ਨੂੰ ਝੂਠੇ ਪੁਲਿਸ ਮੁਕਾਬਲੇ ਵਿਚ ਮਾਰਨ ਦਾ ਦੋਸ਼ ਹੈ। ਇਸ ਕੇਸ ਵਿੱਚੋਂ ਤਿੰਨ ਪੁਲਿਸ ਕਰਮਚਾਰੀਆਂ ਸਿਪਾਹੀ ਜਸਵੀਰ ਸਿੰਘ, ਸਿਪਾਹੀ ਨਿਰਮਲਜੀਤ ਸਿੰਘ ਤੇ ਪੀ.ਐਸ.ਓ. ਪਰਮਜੀਤ ਸਿੰਘ ਨੂੰ ਬਰੀ ਕੀਤਾ ਗਿਆ ਹੈ। ਕੇਸ ਵਿਚ ਨਾਮਜ਼ਦ ਸਬ ਇੰਸਪੈਕਟਰ ਰਾਮ ਲੁਭਾਇਆ, ਹੌਲਦਾਰ ਹੀਰਾ ਸਿੰਘ ਤੇ ਸਿਪਾਹੀ ਸਵਿੰਦਰਪਾਲ ਸਿੰਘ ਦੀ ਮੌਤ ਹੋ ਚੁੱਕੀ ਹੈ।

ਮ੍ਰਿਤਕ ਨੌਜਵਾਨ ਦੀ ਮਾਂ ਨੇ ਆਪਣੀ ਸ਼ਿਕਾਇਤ ਵਿਚ ਦੋਸ਼ ਲਾਇਆ ਸੀ ਕਿ 14 ਸਤੰਬਰ 1992 ਨੂੰ ਸਵੇਰੇ 5 ਵਜੇ ਏ. ਐਸ. ਆਈ. ਰਾਮ ਬੁਲਾਇਆ ਅਤੇ ਕੁਝ ਹੋਰ ਪੁਲਿਸ ਵਾਲੇ ਉਨ੍ਹਾਂ ਦੇ ਘਰ ਆਏ ਅਤੇ ਉਸ ਦੇ ਪੁੱਤ ਹਰਪਾਲ ਸਿੰਘ ਨੂੰ ਚੁੱਕ ਕੇ ਲੈ ਗਏ ਅਤੇ ਚਾਰ ਦਿਨਾਂ ਬਾਅਦ 18 ਸਤੰਬਰ 1992 ਨੂੰ ਪੁਲਿਸ ਨੇ ਬਿਆਸ ਨੇੜੇ ਝੂਠੇ ਮੁਕਾਬਲੇ ਵਿਚ ਉਸ ਦੇ ਪੁੱਤ ਨੂੰ ਮਾਰ ਦਿੱਤਾ, ਜਦੋਂਕਿ ਪੁਲਿਸ ਰਿਪੋਰਟ ਅਨੁਸਾਰ ਪਿੰਡ ਨਿੱਝਰ ਨੇੜੇ ਦੋ ਨੌਜਵਾਨਾਂ ਨੇ ਪੁਲਿਸ 'ਤੇ ਫਾਇਰਿੰਗ ਕਰ ਦਿੱਤੀ ਸੀ ਅਤੇ ਜਵਾਬੀ ਹਮਲੇ ਵਿਚ ਹਰਪਾਲ ਸਿੰਘ ਦੀ ਮੌਤ ਹੋ ਗਈ।

### ਬੜਾ ਔਖਾ ਨਿਆਂ ਮਿਲਿਆ: ਪਿਤਾ ਬਲਵੀਰ ਸਿੰਘ

ਅਦਾਲਤ ਦੇ ਬਾਹਰ ਹਰਜੀਤ ਸਿੰਘ ਗੋਰਾ ਦੇ ਪਿਤਾ ਬਲਵੀਰ ਸਿੰਘ ਨੇ ਦੱਸਿਆ ਕਿ ਦੋਵਾਂ ਅਫਸਰਾਂ ਨੇ ਉਨ੍ਹਾਂ ਦਾ ਸਾਰਾ ਘਰ ਹੀ ਉਜਾੜ ਦਿੱਤਾ ਹੈ। ਉਹ ਜਦੋਂ ਵੀ ਆਪਣੇ ਲੜਕੇ ਦੀ ਗੁੰਮਸ਼ੁਦਗੀ ਸਬੰਧੀ ਡੀ. ਜੀ.ਪੀ. ਕੋਲ ਪੇਸ਼ ਹੁੰਦੇ ਤਾਂ ਨਰਿੰਦਰ ਸਿੰਘ ਮੱਲ੍ਹੀ ਉਨ੍ਹਾਂ ਨੂੰ ਕਦੇ ਲੱਖਾਂ ਰੁਪਇਆਂ ਦਾ ਲਾਲਚ ਦਿੰਦਾ ਤੇ ਕਦੇ ਜਾਨੋਂ ਮਾਰਨ ਦੀਆਂ ਧਮਕੀਆਂ ਦਿੰਦਾ ਸੀ। ਉਨ੍ਹਾਂ ਦੱਸਿਆ ਕਿ ਉਸ ਦੀ ਪਤਨੀ ਹਰਜਿੰਦਰ ਕੌਰ ਦੀ ਕਾਫੀ ਸਮਾਂ ਪਹਿਲਾਂ ਮੌਤ ਹੋ ਚੁੱਕੀ ਹੈ। ਬਲਵੀਰ ਸਿੰਘ ਮੁਤਾਬਕ ਪੁਲਿਸ ਨੇ ਉਸ ਨੂੰ ਚੁੱਕ ਕੇ ਇਕ ਸੀਮਿੰਟ ਸਟੋਰ 'ਚ ਕਰੀਬ 22 ਦਿਨ ਬੰਦ ਰੱਖ ਕੇ ਤਸੀਹੇ ਦਿੱਤੇ ਸਨ।

## ਪੰਜਾਬ ਵਿਧਾਨ ਸਭਾ ਨੇ ਕੌਮੀ ਪੁਰਸਕਾਰ ਜਿੱਤਿਆ

**ਚੰਡੀਗੜ੍ਹ:** ਐਪਲੀਕੇਸ਼ਨ ਪੋਰਟਲ ਤੇ ਡਾਟਾ ਆਨਲਾਈਨ ਕਰਨ 'ਤੇ ਪੰਜਾਬ ਵਿਧਾਨ ਸਭਾ ਨੇ ਕੌਮੀ ਐਵਾਰਡ ਜਿੱਤਿਆ ਹੈ। ਪੰਜਾਬ ਵਿਧਾਨ ਸਭਾ ਦੀ ਸਕੱਤਰ ਸ਼ਸ਼ੀ ਲਖਨਪਾਲ ਮਿਸ਼ਰਾ ਨੇ ਨਵੀਂ ਦਿੱਲੀ 'ਚ ਇਹ ਐਵਾਰਡ ਹਾਸਲ ਕੀਤਾ।

ਬੁਲਾਰੇ ਨੇ ਦੱਸਿਆ ਕਿ 'ਕੌਮੀ ਈ-ਵਿਧਾਨ ਐਪਲੀਕੇਸ਼ਨ' ਸਬੰਧੀ ਦੋ ਰੋਜ਼ਾ ਵਰਕਸ਼ਾਪ ਪਾਰਲੀਮਾਨੀ ਮਾਮਲਿਆਂ ਬਾਰੇ ਮੰਤਰਾਲੇ ਵੱਲੋਂ ਨਵੀਂ ਦਿੱਲੀ ਵਿਚ ਪ੍ਰਬੰਧ ਕੀਤਾ ਗਿਆ ਸੀ। ਵਰਕਸ਼ਾਪ ਦੌਰਾਨ ਪੰਜਾਬ ਵਿਧਾਨ ਸਭਾ ਦੀ ਸਕੱਤਰ ਨੇ ਵਿਧਾਨ ਸਭਾ ਵਿਚ ਕੰਪਿਊਟਰੀਕਰਨ ਅਤੇ ਡਿਜ਼ੀਟਲਕਰਨ ਦੀ ਚੱਲ ਰਹੀ ਪ੍ਰਕਿਰਿਆ ਬਾਰੇ ਵਿਸਥਾਰ ਵਿਚ ਦੱਸਿਆ। ਇਸ ਮੌਕੇ ਪੰਜਾਬ ਵਿਧਾਨ ਸਭਾ ਦੀ ਈ-ਵਿਧਾਨ ਕਮੇਟੀ ਦੇ ਮੈਂਬਰਾਂ ਨੂੰ ਸਰਟੀਫਿਕੇਟ ਵੀ ਦਿੱਤੇ ਗਏ।

# ਅਨੰਦਪੁਰ ਸਾਹਿਬ-ਨੈਣਾ ਦੇਵੀ ਰੋਪਵੇਅ ਲਈ ਸਮਝੌਤਾ

**ਚੰਡੀਗੜ੍ਹ:** ਸ੍ਰੀ ਅਨੰਦਪੁਰ ਸਾਹਿਬ ਅਤੇ ਨੈਣਾ ਦੇਵੀ ਵਿਚਕਾਰ ਰੋਪਵੇਅ ਦੀ ਸਥਾਪਤੀ ਲਈ ਪੰਜਾਬ ਅਤੇ ਹਿਮਾਚਲ ਪ੍ਰਦੇਸ਼ ਸਰਕਾਰਾਂ ਵੱਲੋਂ ਸਹਿਮਤੀ ਪੱਤਰ (ਐਮ.ਓ.ਯੂ.) 'ਤੇ ਦਸਤਖਤ ਕਰਨ ਨਾਲ ਇਸ ਖਿੱਤੇ ਵਿਚ ਸੈਰ-ਸਪਾਟੇ ਨੂੰ ਹੁਲਾਰਾ ਮਿਲਣ ਦਾ ਰਾਹ ਪੱਧਰਾ ਹੋ ਗਿਆ ਹੈ।

ਸਹਿਮਤੀ ਪੱਤਰ ਉਤੇ ਦਸਤਖਤ ਸ਼ਹੀਦ ਭਗਤ ਸਿੰਘ ਦੇ 111ਵੇਂ ਜਨਮ ਦਿਨ ਮੌਕੇ ਪੰਜਾਬ ਦੇ ਸੈਰ-ਸਪਾਟਾ ਅਤੇ ਸੱਭਿਆਚਾਰ ਮਾਮਲਿਆਂ ਦੇ ਸਕੱਤਰ ਵਿਕਾਸ ਪ੍ਰਤਾਪ ਅਤੇ ਹਿਮਾਚਲ ਪ੍ਰਦੇਸ਼ ਦੇ ਸੈਰ-ਸਪਾਟਾ ਵਿਭਾਗ ਦੇ ਏ.ਸੀ.ਐਸ. ਰਾਮ ਸੁਭਾਗ ਸਿੰਘ ਨੇ ਕੀਤੇ। ਇਸ ਮੌਕੇ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਹਿਮਾਚਲ ਪ੍ਰਦੇਸ਼ ਦੇ ਮੁੱਖ ਮੰਤਰੀ ਜੈਰਾਮ ਠਾਕੁਰ ਵੀ ਹਾਜ਼ਰ ਸਨ।




ਕੈਪਟਨ ਨੇ ਸਮਝੌਤੇ ਦਾ ਸਵਾਗਤ ਕਰਦਿਆਂ ਕਿਹਾ ਹੈ ਕਿ ਸ੍ਰੀ ਆਨੰਦਪੁਰ ਸਾਹਿਬ ਅਤੇ ਨੈਣਾ ਦੇਵੀ ਜਾਣ ਵਾਲੇ ਸ਼ਰਧਾਲੂਆਂ ਦੀ ਸਹੂਲਤ ਵਾਸਤੇ ਇਹ ਇਤਿਹਾਸਕ ਕਦਮ ਹੈ। ਉਨ੍ਹਾਂ ਕਿਹਾ ਕਿ ਇਹ ਪ੍ਰੋਜੈਕਟ ਦੋਵਾਂ ਸੂਬਿਆਂ ਲਈ ਲਾਭਕਾਰੀ ਸਿੱਧ ਹੋਵੇਗਾ। ਮੁੱਖ ਮੰਤਰੀ ਨੇ ਕਿਹਾ ਕਿ ਇਸ ਖਿੱਤੇ ਵਿਚ ਸੈਰ-ਸਪਾਟੇ ਦੀ ਵੱਡੀ ਸਮਰੱਥਾ ਹੈ ਅਤੇ ਇਕੱਠਿਆਂ ਕੰਮ ਕਰਨਾ ਸਾਰੇ ਸੂਬਿਆਂ ਦੇ ਹਿੱਤ ਵਿਚ ਹੈ। ਹਿਮਾਚਲ ਦੇ ਮੁੱਖ ਮੰਤਰੀ ਜੈਰਾਮ ਠਾਕੁਰ ਨੇ ਕਿਹਾ ਕਿ ਇਹ ਪ੍ਰੋਜੈਕਟ ਲੰਮਾ ਸਮਾਂ ਪਹਿਲਾਂ ਹੀ ਮੁਕੰਮਲ ਹੋ ਜਾਣਾ ਚਾਹੀਦਾ ਸੀ।

ਉਨ੍ਹਾਂ ਕਿਹਾ ਕਿ ਭਾਵੇਂ ਹਿਮਾਚਲ ਨੇ ਇਹ ਪ੍ਰੋਜੈਕਟ 2014 ਵਿਚ ਰੱਦ ਕਰ ਦਿੱਤਾ ਸੀ ਪਰ ਉਨ੍ਹਾਂ ਕੈਪਟਨ ਨਾਲ ਗੱਲਬਾਤ ਕਰਨ ਤੋਂ ਬਾਅਦ ਇਸ ਨੂੰ ਸੁਰਜੀਤ ਕਰਨ ਦੀ ਪਹਿਲਕਦਮੀ ਕੀਤੀ। ਸ੍ਰੀ ਠਾਕੁਰ ਨੇ ਕਿਹਾ ਕਿ ਹਰ ਸਾਲ ਤਕਰੀਬਨ 25 ਲੱਖ ਸੈਲਾਨੀ ਨੈਣਾ ਦੇਵੀ ਆਉਂਦੇ ਹਨ ਜਿਨ੍ਹਾਂ ਵਿਚੋਂ 80 ਫੀਸਦੀ ਪੰਜਾਬ ਤੋਂ ਹੁੰਦੇ ਹਨ। ਪੰਜਾਬ ਦੇ ਸੈਰ-ਸਪਾਟਾ ਵਿਭਾਗ ਨੇ ਲੋਅਰ ਟਰਮੀਨਲ ਪੁਆਇੰਟ ਸਥਾਪਤ ਕਰਨ ਵਾਸਤੇ 108 ਕਨਾਲ ਤੇ 13 ਮਰਲੇ ਜ਼ਮੀਨ ਪ੍ਰਾਪਤ ਕੀਤੀ ਹੈ।

ਕਰੀਬ 250 ਕਰੋੜ ਰੁਪਏ ਦੀ ਲਾਗਤ ਵਾਲੇ ਇਸ ਪ੍ਰੋਜੈਕਟ ਨੂੰ ਨਿੱਜੀ ਅਤੇ ਜਨਤਕ ਭਾਈਵਾਲੀ ਨਾਲ ਚਲਾਇਆ ਜਾਵੇਗਾ ਅਤੇ ਇਸ ਦੀ ਲੰਬਾਈ 3.5 ਕਿਲੋਮੀਟਰ ਹੋਵੇਗੀ। ਸਹਿਮਤੀ ਪੱਤਰ ਅਨੁਸਾਰ ਦੋਵੇਂ ਸੂਬਿਆਂ ਦਾ ਮਾਲੀਏ ਵਿਚ ਬਰਾਬਰ ਦਾ ਹਿੱਸਾ ਹੋਵੇਗਾ। ਇਸ ਵਾਸਤੇ ਰਿਆਇਤੀ ਸਮਾਂ 40 ਸਾਲ ਦਾ ਹੋਵੇਗਾ। ਪ੍ਰੋਜੈਕਟ ਉਤੇ ਕੰਮ ਕਰਨ ਵਾਲੀ ਕੰਪਨੀ ਦਾ ਗਠਨ ਛੇਤੀ ਹੋ ਜਾਵੇਗਾ। ਦੋਵਾਂ ਸੂਬਿਆਂ ਦੇ ਪੰਜ-ਪੰਜ ਡਾਇਰੈਕਟਰ ਮਿਲਾ ਕੇ ਕੁੱਲ 10 ਡਾਇਰੈਕਟਰ ਹੋਣਗੇ। ਪ੍ਰੋਜੈਕਟ ਨੂੰ ਸਥਾਪਤ ਕਰਨ ਦਾ ਸਮਾਂ ਤਿੰਨ ਸਾਲਾਂ ਦਾ ਹੋਵੇਗਾ।

# ਲਾਹੌਰ 'ਚ ਭਗਤ ਸਿੰਘ ਦੇ 111ਵੇਂ ਜਨਮ ਦਿਹਾੜੇ 'ਤੇ ਮਤੇ ਪਾਸ

**ਲਾਹੌਰ:** ਇਨਕਲਾਬੀ ਆਜ਼ਾਦੀ ਘੁਲਾਟੀਏ ਭਗਤ ਸਿੰਘ ਦਾ 111ਵਾਂ ਜਨਮ ਦਿਹਾੜਾ ਲਾਹੌਰ ਹਾਈ ਕੋਰਟ ਵਿਚ ਪੂਰੇ ਉਤਸ਼ਾਹ ਨਾਲ ਮਨਾਇਆ ਗਿਆ। ਭਗਤ ਸਿੰਘ ਮੈਮੋਰੀਅਲ ਫਾਊਂਡੇਸ਼ਨ ਨੇ ਹਾਈ ਕੋਰਟ ਦੇ ਡੈਮੋਕਰੈਟਿਕ ਹਾਲ ਵਿਚ ਜਨਮ ਦਿਹਾੜੇ ਸਬੰਧੀ ਸਮਾਗਮ ਰਚਾਇਆ। ਭਾਰਤ ਦੀ ਆਜ਼ਾਦੀ ਦੇ ਦੋਵਾਂ ਦੇਸ਼ਾਂ ਦੇ ਸਾਂਝੇ ਪ੍ਰਭਾਵਸ਼ਾਲੀ ਨਾਇਕ ਨੂੰ ਹਾਈ ਕੋਰਟ ਦੇ ਵਕੀਲਾਂ ਨੇ ਸ਼ਰਧਾਂਜਲੀ ਭੇਟ ਕੀਤੀ।




ਇਸ ਮੌਕੇ ਹੋਈ ਇਕੱਤਰਤਾ ਦੌਰਾਨ ਦੋ ਮਤੇ ਪਾਸ ਕੀਤੇ ਗਏ। ਇਕ ਮਤੇ ਵਿਚ ਮੰਗ ਕੀਤੀ ਗਈ ਕਿ ਬਰਤਾਨੀਆ ਦੀ ਮਹਾਰਾਣੀ ਭਾਰਤੀ ਉਪ ਮਹਾਂਦੀਪ ਦੇ ਲੋਕਾਂ ਤੋਂ ਭਗਤ ਸਿੰਘ ਨੂੰ ਫਾਂਸੀ ਦੇਣ ਬਦਲੇ ਮੁਆਫੀ ਮੰਗੇ। ਦੂਜੀ ਮੰਗ ਵਿਚ ਭਗਤ ਸਿੰਘ ਦੀ ਯਾਦ ਵਿਚ ਸਿੱਕਾ ਅਤੇ ਡਾਕ ਟਿਕਟ ਜਾਰੀ ਕਰਨਾ ਸ਼ਾਮਲ ਹਨ। ਭਗਤ ਸਿੰਘ ਮੈਮੋਰੀਅਲ ਫਾਊਂਡੇਸ਼ਨ ਦੇ ਚੇਅਰਮੈਨ ਇਮਤਿਆਜ਼ ਰਸ਼ੀਦ ਕੁਰੈਸ਼ੀ ਨੇ ਇਕੱਤਰਤਾ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪਾਕਿਸਤਾਨ ਸਰਕਾਰ ਸ਼ਹੀਦ ਭਗਤ ਦੀ ਜੀਵਨੀ ਨੂੰ ਸਕੂਲ ਪਾਠਕ੍ਰਮ ਵਿਚ ਸ਼ਾਮਲ ਕਰੇ ਅਤੇ ਭਗਤ ਸਿੰਘ ਦੇ ਬਲੀਦਾਨ ਨੂੰ ਧਿਆਨ ਵਿਚ ਰੱਖਦਿਆਂ ਉਨ੍ਹਾਂ ਨੂੰ ਦੇਸ਼ ਦਾ ਸਭ ਤੋਂ ਵੱਡਾ ਨਾਗਰਿਕ ਸਨਮਾਨ ਦੇਵੇ।

ਇਸ ਮਹੀਨੇ ਦੇ ਸ਼ੁਰੂ ਵਿਚ ਫਾਊਂਡੇਸ਼ਨ ਦੀ ਮੰਗ ਉਤੇ ਲਾਹੌਰ ਹਾਈ ਕੋਰਟ ਦੇ ਜਸਟਿਸ ਸ਼ਾਹਿਦ ਜਮੀਲ ਖਾਨ ਨੇ ਲਾਹੌਰ ਦੇ ਡਿਪਟੀ ਕਮਿਸ਼ਨਰ ਨੂੰ ਹੁਕਮ ਦਿੱਤੇ ਸਨ ਕਿ ਸ਼ਾਦਮਾਨ ਚੌਕ ਦਾ ਨਾਂ ਭਗਤ ਸਿੰਘ ਦੇ ਨਾਮ ਉਤੇ ਰੱਖਣ ਸਬੰਧੀ ਵਿਚਾਰ ਅਧੀਨ ਮਾਮਲੇ ਦਾ ਨਿਪਟਾਰਾ ਜਲਦੀ ਕੀਤਾ ਜਾਵੇ। ਸ੍ਰੀ ਕੁਰੈਸ਼ੀ ਨੇ ਕਿਹਾ ਕਿ ਫਾਊਂਡੇਸ਼ਨ ਨੇ ਇਹ ਵੀ ਮੰਗ ਕੀਤੀ ਹੈ ਕਿ ਚੌਕ ਵਿਚ ਸ਼ਹੀਦ ਦਾ ਬੁੱਤ ਲਾਇਆ ਜਾਵੇ, ਜਿਸ ਨਾਲ ਦੇਸ਼ ਅਤੇ ਦੁਨੀਆਂ ਭਰ ਦੇ ਲੋਕ ਉਨ੍ਹਾਂ ਦੀ ਕੁਰਬਾਨੀ ਤੋਂ ਪ੍ਰੇਰਣਾ ਲੈ ਸਕਣ। ਜ਼ਿਕਰਯੋਗ ਹੈ ਕਿ ਭਗਤ ਸਿੰਘ ਨੂੰ 23 ਸਾਲ ਦੀ ਉਮਰ ਵਿਚ ਉਨ੍ਹਾਂ ਦੇ ਦੋ ਸਾਥੀਆਂ ਰਾਜਗੁਰੂ ਅਤੇ ਸੁਖਦੇਵ ਸਮੇਤ ਅੰਗਰੇਜ਼ ਹਕੂਮਤ ਨੇ 23 ਮਾਰਚ 1931 ਨੂੰ ਫਾਂਸੀ ਦੇ ਦਿੱਤੀ ਸੀ, ਜਿਸ ਦਾ ਸਮੁੱਚੇ ਭਾਰਤ ਖਾਸ ਕਰਕੇ ਸਾਂਝੇ ਪੰਜਾਬ ਵਿਚ ਭਾਰੀ ਰੋਸ ਮਨਾਇਆ ਗਿਆ ਸੀ।

### ਭਗਤ ਸਿੰਘ ਦੇ ਸੁਫਨਿਆਂ ਦਾ ਦੇਸ਼ ਸਿਰਜਣ ਲਈ ਇਕਜੁੱਟ ਹੋਣ ਦਾ ਸੱਦਾ

**ਜਲੰਧਰ:** ਸਰਵ ਭਾਰਤ ਨੌਜਵਾਨ ਸਭਾ ਅਤੇ ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ ਵੱਲੋਂ ਸ਼ਹੀਦ ਭਗਤ ਸਿੰਘ ਦੇ ਸੁਪਨਿਆਂ ਦਾ ਦੇਸ਼ ਬਣਾਉਣ ਲਈ ਪੰਜਾਬ ਦੇ ਨੌਜਵਾਨਾਂ ਨੂੰ ਇਕਜੁੱਟ ਹੋ ਕੇ ਹੰਭਲਾ ਮਾਰਨ ਦਾ ਸੱਦਾ ਦਿੱਤਾ ਗਿਆ। ਦੇਸ਼ ਭਗਤ ਯਾਦਗਾਰ ਹਾਲ 'ਚ ਸ਼ਹੀਦ ਭਗਤ ਸਿੰਘ ਦੇ ਮਨਾਏ 111ਵੇਂ ਜਨਮ ਦਿਹਾੜੇ ਮੌਕੇ ਬੁਲਾਰਿਆਂ ਨੇ ਭਗਤ ਸਿੰਘ ਕੌਮੀ ਰੁਜ਼ਗਾਰ ਗਾਰੰਟੀ ਕਾਨੂੰਨ ਦੀ ਪ੍ਰਾਪਤੀ, ਪਾਣੀਆਂ ਦੀ ਸੰਭਾਲ, ਬਾਰ੍ਹਵੀਂ ਤੱਕ ਮੁਫਤ ਤੇ ਲਾਜ਼ਮੀ ਵਿਦਿਆ ਅਤੇ ਮੁਫਤ ਇਲਾਜ ਵਰਗੀਆਂ ਬੁਨਿਆਦੀ ਸਹੂਲਤਾਂ ਲਈ ਲਾਮਬੰਦ ਹੋ ਕੇ ਸੰਘਰਸ਼ ਕਰਨ ਦੀ ਅਪੀਲ ਕੀਤੀ। ਬੁਲਾਰਿਆਂ ਨੇ ਦੇਸ਼ ਵਿਚ ਫਿਰਕੂ ਹਾਲਾਤ ਬਾਰੇ ਨੌਜਵਾਨ ਪੀੜ੍ਹੀ ਨੂੰ ਸੁਚੇਤ ਕਰਦਿਆਂ ਕਿਹਾ ਕਿ ਸਾਮਰਾਜੀ ਤਾਕਤਾਂ ਦੇ ਇਸ਼ਾਰਿਆਂ 'ਤੇ ਨੌਜਵਾਨਾਂ ਨੂੰ ਕੰਮ ਦੇਣ ਦੀ ਥਾਂ ਘਸਿਆਰੇ ਬਣਾਇਆ ਜਾ ਰਿਹਾ ਹੈ।

# ਫਤਿਹਗੜ੍ਹ ਸਾਹਿਬ ਦਾ ਨੌਜਵਾਨ ਆਸਟਰੇਲੀਅਨ ਫੌਜ 'ਚ ਭਰਤੀ

**ਫਤਿਹਗੜ੍ਹ ਸਾਹਿਬ:** ਜ਼ਿਲ੍ਹਾ ਫਤਿਹਗੜ੍ਹ ਸਾਹਿਬ ਦੇ ਪਿੰਡ ਬਡਾਲੀ ਆਲਾ ਸਿੰਘ ਦੇ ਜੰਮਪਲ ਪਰਮਜੀਤ ਸਿੰਘ ਪੁੱਤਰ ਮਨਜੀਤ ਸਿੰਘ ਨੂੰ ਆਸਟਰੇਲੀਅਨ ਫੌਜ ਵਿਚ ਨੌਕਰੀ ਮਿਲਣ 'ਤੇ ਪਿੰਡ ਵਿਚ ਖੁਸ਼ੀ ਦੀ ਲਹਿਰ ਹੈ।

ਮਨਜੀਤ ਸਿੰਘ ਨੇ ਕਿਹਾ ਕਿ ਉਨ੍ਹਾਂ ਦੇ ਪੁੱਤਰ ਨੇ ਜ਼ਿਲ੍ਹੇ ਦਾ ਨਾਂ ਰੌਸ਼ਨ ਕੀਤਾ ਹੈ। 1987 ਵਿਚ ਜੰਮਿਆ ਪਰਮਜੀਤ ਸਿੰਘ 2009 ਵਿਚ ਆਸਟਰੇਲੀਆ ਦੇ ਸ਼ਹਿਰ ਬ੍ਰਿਸਬਨ ਵਿਚ ਪੜ੍ਹਨ ਲਈ ਗਿਆ ਸੀ। ਉਥੇ ਉਸ ਨੇ ਬਿਜ਼ਨਸ ਮੈਨੇਜਮੈਂਟ ਦਾ ਡਿਪਲੋਮਾ ਅਤੇ ਫੈਬਰੀਕੇਸ਼ਨ ਇੰਜੀਨੀਅਰਿੰਗ ਦੀ ਪੜ੍ਹਾਈ ਕੀਤੀ। ਇਸ ਦੌਰਾਨ ਵੱਖ-ਵੱਖ ਥਾਂਵੀਂ ਨੌਕਰੀ ਕਰਦਿਆਂ ਉਹ ਫਰਵਰੀ 2018 'ਚ ਆਸਟਰੇਲੀਅਨ ਫੌਜ 'ਚ ਭਰਤੀ ਹੋ ਗਿਆ ਅਤੇ ਟ੍ਰੇਨਿੰਗ ਪੂਰੀ ਹੋਣ ਤੋਂ ਬਾਅਦ ਉਸ ਨੇ ਆਪਣੀ ਡਿਊਟੀ ਜੁਆਇਨ ਕਰ ਲਈ ਹੈ।

# ਚੰਡੀਗੜ੍ਹ 'ਤੇ ਪੰਜਾਬ ਦਾ ਹੱਕ ਖਤਮ ਕਰਨ ਦੀ ਤਿਆਰੀ

**ਚੰਡੀਗੜ੍ਹ:** ਮੋਦੀ ਸਰਕਾਰ ਨੇ ਇਕ ਵਾਰ ਫਿਰ ਚੁੱਪ-ਚੁਪੀਤੇ ਪੰਜਾਬ ਦੇ ਹਿੱਤਾਂ ਨਾਲ ਧੱਕਾ ਕਰਨ ਦੀ ਰਣਨੀਤੀ ਬਣਾਈ ਹੈ। ਚੰਡੀਗੜ੍ਹ ਨੂੰ




ਮੁਕੰਮਲ ਕੇਂਦਰ ਸ਼ਾਸਿਤ ਪ੍ਰਦੇਸ਼ (ਯੂ.ਟੀ.) ਦਾ ਦਰਜਾ ਦੇ ਕੇ ਰਾਜਧਾਨੀ ਤੋਂ ਪੰਜਾਬ ਦਾ ਹੱਕ ਹੀ ਖਤਮ ਕਰਨ ਬਾਰੇ ਮੋਦੀ ਸਰਕਾਰ ਦੇ ਗ੍ਰਹਿ ਮੰਤਰਾਲੇ ਵੱਲੋਂ ਜਾਰੀ 25 ਸਤੰਬਰ ਦੇ ਨੋਟੀਫਿਕੇਸ਼ਨ ਖਿਲਾਫ ਵੱਡੇ ਪੱਧਰ ਉਤੇ ਸਫਬੰਦੀ ਸ਼ੁਰੂ ਹੋ ਗਈ ਹੈ। ਨਵੇਂ ਹੁਕਮਾਂ ਅਨੁਸਾਰ ਹੁਣ ਦੂਜੇ ਕੇਂਦਰ ਪ੍ਰਸ਼ਾਸਿਤ ਖੇਤਰਾਂ ਦੀ ਤਰ੍ਹਾਂ ਸਾਂਝੇ ਬਣੇ ਕੇਡਰ ਦੇ 50 ਫੀਸਦੀ ਅਹੁਦੇ ਸਿੱਧੀ ਭਰਤੀ ਰਾਹੀਂ ਤੇ 50 ਫੀਸਦੀ ਚੰਡੀਗੜ੍ਹ 'ਚ ਕੰਮ ਕਰਦੇ ਅਧਿਕਾਰੀਆਂ ਦੀ ਤਰੱਕੀ ਨਾਲ ਭਰੇ ਜਾਣਗੇ।

ਇਸ ਸਬੰਧੀ ਕੁਝ ਸਮਾਂ ਪਹਿਲਾਂ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕੇਂਦਰੀ ਗ੍ਰਹਿ ਮੰਤਰੀ ਰਾਜਨਾਥ ਸਿੰਘ ਨੂੰ ਇਕ ਪੱਤਰ ਵੀ ਲਿਖਿਆ ਸੀ ਕਿ ਇਸ ਕੇਂਦਰ ਸ਼ਾਸਿਤ ਪ੍ਰਦੇਸ਼ 'ਚ ਸਰੋਤਾਂ ਤੇ ਕਰਮਚਾਰੀਆਂ ਦੇ ਹਿੱਸੇ ਸਬੰਧੀ ਸੰਤੁਲਨ ਕਾਇਮ ਹੋਣਾ ਚਾਹੀਦਾ ਹੈ, ਕਿਉਂਕਿ ਪਿਛਲੇ ਕੁਝ ਸਾਲਾਂ ਤੋਂ ਇਸ ਨੂੰ ਭੰਗ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਉਨ੍ਹਾਂ ਨੇ ਕੇਂਦਰੀ ਮੰਤਰੀ ਨੂੰ ਇਹ ਵੀ ਅਪੀਲ ਕੀਤੀ ਸੀ ਕਿ ਉਹ ਕੇਂਦਰ ਪ੍ਰਸ਼ਾਸਿਤ ਕਾਡਰ ਦੇ ਅਧਿਕਾਰੀਆਂ ਨੂੰ ਚੰਡੀਗੜ੍ਹ ਦੇ ਪ੍ਰਸ਼ਾਸਨ 'ਚ ਸ਼ਾਮਲ ਨਾ ਕਰਨ। ਦੱਸ ਦਈਏ ਕਿ 1966 ਵਿਚ ਉਸ ਸਮੇਂ ਦੀ ਕੇਂਦਰੀ ਸਰਕਾਰ ਦੇ ਇਕ ਮੰਤਰੀ ਦੀ ਗਹਿਰੀ ਸਾਜ਼ਿਸ਼ ਦੇ ਅਧੀਨ ਚੰਡੀਗੜ੍ਹ ਨੂੰ ਪੰਜਾਬ ਤੋਂ ਖੋਹ ਲਿਆ ਗਿਆ ਸੀ। ਇਸ ਮਸਲੇ ਦਾ ਕੋਈ ਹੱਲ ਕੱਢਣ ਤੱਕ ਪੰਜਾਬ ਵਿਚੋਂ ਨਵੇਂ ਬਣੇ ਸੂਬੇ ਹਰਿਆਣਾ ਦੀ ਵੀ ਇਸ ਨੂੰ ਰਾਜਧਾਨੀ ਬਣਾ ਕੇ ਇਸ ਨੂੰ ਕੇਂਦਰ ਪ੍ਰਸ਼ਾਸਿਤ ਪ੍ਰਦੇਸ਼ ਐਲਾਨ ਦਿੱਤਾ ਗਿਆ ਸੀ। ਪੰਜਾਬ ਨਾਲ ਕੀਤੀ ਗਈ ਇਸ ਵਧੀਕੀ ਨੂੰ ਪੰਜ ਦਹਾਕਿਆਂ ਤੋਂ ਵੀ ਵਧੇਰੇ ਸਮਾਂ ਹੋ ਗਿਆ ਹੈ। ਹੁਣ ਕੇਂਦਰ ਸਰਕਾਰ ਨੇ ਪੰਜਾਬ ਪ੍ਰਤੀ ਆਪਣਾ ਮਤਰੇਈ ਮਾਂ ਵਾਲਾ ਵਿਤਕਰਾ ਜਾਰੀ ਰੱਖਦਿਆਂ ਚੰਡੀਗੜ੍ਹ 'ਤੇ ਪੰਜਾਬ ਦੇ ਹੱਕ ਦਾ ਲਗਭਗ ਭੋਗ ਹੀ ਪਾ ਦਿੱਤਾ ਹੈ।

25 ਸਤੰਬਰ, 2018 ਨੂੰ ਕੇਂਦਰ ਸਰਕਾਰ ਨੇ ਨਵਾਂ ਨੋਟੀਫਿਕੇਸ਼ਨ ਜਾਰੀ ਕਰ ਕੇ ਚੰਡੀਗੜ੍ਹ ਨੂੰ ਵੀ ਬਾਕੀ ਕੇਂਦਰ ਸ਼ਾਸਿਤ ਰਾਜਾਂ ਨਾਲ ਮਿਲਾ ਲਿਆ ਹੈ ਤੇ ਨਵੇਂ ਜਾਰੀ ਨੋਟੀਫਿਕੇਸ਼ਨ ਦਾ ਆਧਾਰ ਅਸਲ ਵਿਚ 1966 'ਚ ਗੈਰ ਸੰਵਿਧਾਨਕ ਢੰਗ ਨਾਲ ਚੰਡੀਗੜ੍ਹ ਨੂੰ ਕੇਂਦਰੀ ਸ਼ਾਸਿਤ ਖੇਤਰ ਐਲਾਨਣ ਵਾਲਾ ਪਾਸ ਕੀਤਾ ਪੁਨਰਗਠਨ ਐਕਟ ਹੀ ਬਣਿਆ ਹੈ। ਇਸੇ ਐਕਟ ਦੀਆਂ ਧਾਰਾਵਾਂ 79 ਤੇ 80 ਪੰਜਾਬ ਦੇ ਦਰਿਆਈ ਪਾਣੀਆਂ ਬਾਰੇ ਪੰਜਾਬ ਦੇ ਹੱਥ ਬੰਨ੍ਹ ਕੇ ਕੇਂਦਰ ਸਰਕਾਰ ਨੂੰ ਫੈਸਲਾ ਕਰਨ ਦੀਆਂ ਤਾਕਤਾਂ ਦਿੰਦੀਆਂ ਹਨ। ਪੁਨਰਗਠਨ ਕਾਨੂੰਨ 'ਚ ਵਾਰ-ਵਾਰ ਕੇਂਦਰ ਸਰਕਾਰ ਨੂੰ ਫ਼ੈਸਲੇ ਕਰਨ ਦਾ ਹੱਕ ਦਿੱਤਾ ਗਿਆ ਤੇ ਇਸੇ ਕਾਨੂੰਨ ਦੇ ਤਹਿਤ ਚੰਡੀਗੜ੍ਹ ਨੂੰ ਦੋਵਾਂ ਰਾਜਾਂ ਦੀ ਰਾਜਧਾਨੀ ਬਣਾਏ ਜਾਣ ਦਾ ਗ੍ਰਹਿ ਵਿਭਾਗ ਨੇ ਫੈਸਲਾ ਕੀਤਾ ਤੇ ਫਿਰ ਜਦ ਪੰਜਾਬ 'ਚੋਂ ਵਿਰੋਧ ਉੱਠਿਆ ਤਾਂ ਸ਼ਾਂਤ ਕਰਨ ਲਈ 60:40 ਅਨੁਪਾਤ ਅਨੁਸਾਰ ਪ੍ਰਸ਼ਾਸਨਿਕ ਤੇ ਅਸਾਮੀਆਂ ਦੀ ਵੰਡ ਦਾ ਫੈਸਲਾ ਕੀਤਾ ਗਿਆ। ਪੰਜਾਬ ਦਾ ਪੱਖ ਹੌਲੀ-ਹੌਲੀ ਖੋਰਦਿਆਂ ਹੁਣ ਚੰਡੀਗੜ੍ਹ ਤੋਂ ਦੋਵਾਂ ਰਾਜਾਂ ਦਾ ਹੱਕ ਚੁੱਕਦਿਆਂ ਨੋਟੀਫਿਕੇਸ਼ਨ ਰਾਹੀਂ ਮੁਕੰਮਲ ਕੇਂਦਰ ਪ੍ਰਸ਼ਾਸਿਤ ਰਾਜ ਬਣਾ ਦਿੱਤਾ ਗਿਆ ਹੈ।

## ਮੋਦੀ ਦੇ ਫੈਸਲੇ ਤੋਂ ਅਕਾਲੀ ਵੀ ਔਖੇ

**ਚੰਡੀਗੜ੍ਹ:** ਅਕਾਲੀ ਦਲ ਕੇਂਦਰ ਸਰਕਾਰ ਦੇ ਗ੍ਰਹਿ ਮੰਤਰਾਲੇ ਵੱਲੋਂ ਜਾਰੀ ਕੀਤੇ ਉਸ ਨੋਟੀਫਿਕੇਸ਼ਨ ਦੇ ਵਿਰੋਧ 'ਚ ਉੱਤਰ ਆਇਆ ਹੈ, ਜਿਸ ਨਾਲ ਚੰਡੀਗੜ੍ਹ 'ਤੇ ਪੰਜਾਬ ਦੇ ਅਧਿਕਾਰ ਖਤਮ ਹੋਣ ਕਿਨਾਰੇ ਹਨ। ਅਕਾਲੀ ਦਲ ਦੇ ਬੁਲਾਰੇ ਡਾ. ਦਲਜੀਤ ਸਿੰਘ ਚੀਮਾ ਨੇ ਕਿਹਾ ਹੈ ਕਿ ਪਾਰਟੀ ਨੇ ਕੇਂਦਰ ਵੱਲੋਂ ਜਾਰੀ ਕੀਤੇ ਇਸ ਨੋਟੀਫਿਕੇਸ਼ਨ ਨੂੰ ਪੰਜਾਬ ਪੁਨਰਗਠਨ ਐਕਟ (ਧਾਰਾ 84, 1966) ਦੀ ਉਲੰਘਣਾ ਕਰਾਰ ਦਿੱਤਾ ਹੈ, ਜੋ ਕਿ ਮੁੱਢ ਤੋਂ ਇਹ ਵਿਸ਼ਵਾਸ ਦਿਵਾਉਂਦੀ ਹੈ ਕਿ ਚੰਡੀਗੜ੍ਹ ਪ੍ਰਸ਼ਾਸਨ ਦੇ ਕਰਮਚਾਰੀ ਪੰਜਾਬ ਤੇ ਹਰਿਆਣਾ 'ਚੋਂ ਕ੍ਰਮਵਾਰ 60 ਤੇ 40 ਫੀਸਦੀ ਦੀ ਦਰ ਨਾਲ ਲਗਾਏ ਜਾਣਗੇ।


## ਗਾਂਧੀ ਵੱਲੋਂ ਸੰਸਦ ਘੇਰਨ ਦੀ ਚਿਤਾਵਨੀ

**ਚੰਡੀਗੜ੍ਹ:** ਦੇਸ਼ ਅੰਦਰ ਫੈਡਰਲ ਢਾਂਚੇ ਤੇ ਰਾਜਾਂ ਨੂੰ ਖੁਦਮੁਖ਼ਤਾਰੀ ਦੇ ਮੁੱਦੇ 'ਤੇ ਆਵਾਜ਼ ਉਠਾ ਰਹੇ ਲੋਕ ਸਭਾ ਮੈਂਬਰ ਡਾ. ਧਰਮਵੀਰ ਗਾਂਧੀ ਨੇ ਕੇਂਦਰੀ ਗ੍ਰਹਿ ਮੰਤਰਾਲੇ ਵੱਲੋਂ ਜਾਰੀ ਕੀਤਾ ਨੋਟੀਫਿਕੇਸ਼ਨ ਤੁਰਤ ਰੱਦ ਕਰਨ ਦੀ ਮੰਗ ਕਰਦਿਆਂ ਕਿਹਾ ਕਿ ਉਹ ਪਾਰਲੀਮੈਂਟ ਅੱਗੇ ਇਸ ਮਾਮਲੇ ਨੂੰ ਲੈ ਕੇ ਧਰਨਾ ਦੇਣਗੇ। ਉਨ੍ਹਾਂ ਕਿਹਾ ਕਿ ਪੁਨਰਗਠਨ ਐਕਟ 1966 ਪੰਜਾਬ ਨਾਲ ਵਿਤਕਰੇ ਦਾ ਮੁੱਢ ਬੰਨ੍ਹਣ ਵਾਲਾ ਹੈ ਤੇ ਅਸੀਂ ਇਸ ਐਕਟ ਨੂੰ ਰੱਦ ਕਰਵਾਉਣ ਲਈ ਕਾਨੂੰਨੀ ਤੇ ਜਨਤਕ ਲੜਾਈ ਲੜਾਂਗੇ।

# ਚੰਡੀਗੜ੍ਹ ਬਾਰੇ ਕੇਂਦਰੀ ਫੈਸਲੇ ਨੇ ਅਕਾਲੀ ਲੀਡਰਸ਼ਿਪ ਬੁਰੀ ਫਸਾਈ

**ਜਲੰਧਰ:** ਧਾਰਮਿਕ ਤੇ ਸਿਆਸੀ ਸੰਕਟ 'ਚ ਘਿਰੀ ਅਕਾਲੀ ਲੀਡਰਸ਼ਿਪ ਦੀਆਂ ਮੋਦੀ ਸਰਕਾਰ ਦੇ ਫੈਸਲੇ ਨੇ ਮੁਸ਼ਕਲਾਂ ਹੋਰ ਵਧਾ ਦਿੱਤੀਆਂ ਹਨ। ਚੰਡੀਗੜ੍ਹ 'ਤੇ ਪੰਜਾਬ ਦਾ ਦਾਅਵਾ ਜਤਾਉਂਦੇ ਆ ਰਹੇ ਅਕਾਲੀ ਆਗੂ ਹੁਣ ਤੱਕ ਪੰਜਾਬ ਦੀ ਰਾਜਧਾਨੀ ਖੋਹੇ ਜਾਣ ਲਈ ਕਾਂਗਰਸ ਨੂੰ ਦੋਸ਼ੀ ਠਹਿਰਾਉਂਦੇ ਰਹੇ ਹਨ, ਪਰ ਹੁਣ ਉਨ੍ਹਾਂ ਦੀ ਆਪਣੀ ਹੀ ਭਾਈਵਾਲੀ ਵਾਲੀ ਭਾਜਪਾ ਦੀ ਕੇਂਦਰ ਸਰਕਾਰ ਵੱਲੋਂ ਚੰਡੀਗੜ੍ਹ 'ਤੇ ਪੰਜਾਬ ਦੇ ਹੱਕ ਦਾ ਹੀ ਭੋਗ ਪਾ ਦੇਣ ਨਾਲ ਇਕ ਵਾਰ ਤਾਂ ਅਕਾਲੀ ਲੀਡਰਸ਼ਿਪ ਸੁੰਨ ਹੋ ਕੇ ਰਹਿ ਗਈ ਹੈ।

ਹੈਰਾਨੀ ਦੀ ਗੱਲ ਇਹ ਹੈ ਕਿ ਅਕਾਲੀ ਦਲ ਨੇ ਪੰਜਾਬ ਨਾਲ ਧੱਕੇ ਵਾਲੇ ਇੰਨੇ ਵੱਡੇ ਮੁੱਦੇ 'ਤੇ ਹਾਲੇ ਤੱਕ ਜ਼ੁਬਾਨ ਖੋਲ੍ਹਣ ਦੀ ਜੁਰਅਤ ਵੀ ਨਹੀਂ ਕੀਤੀ। ਸਿਰਫ ਪਾਰਟੀ ਬੁਲਾਰੇ ਡਾ. ਦਲਜੀਤ ਸਿੰਘ ਚੀਮਾ ਨੇ ਜ਼ਰੂਰ ਬਿਆਨ ਜਾਰੀ ਕਰ ਕੇ ਨੋਟੀਫਿਕੇਸ਼ਨ ਨੂੰ ਵਾਪਸ ਲੈਣ ਦੀ ਮੰਗ ਕੀਤੀ ਹੈ। ਪੰਜਾਬ ਸਰਕਾਰ ਤੇ ਕਾਂਗਰਸ ਵੀ ਇਸ ਮੁੱਦੇ 'ਤੇ ਪੂਰੀ ਤਰ੍ਹਾਂ ਚੁੱਪ ਸਾਧੀ ਬੈਠੀ ਹੈ। ਭਾਜਪਾ



ਸਰਕਾਰ ਵੱਲੋਂ ਕੀਤੇ ਪੰਜਾਬ ਵਿਰੋਧੀ ਫੈਸਲੇ ਤੇ ਫਿਰ ਇਸ ਫੈਸਲੇ 'ਤੇ ਅਕਾਲੀ ਲੀਡਰਸ਼ਿਪ ਵੱਲੋਂ ਧਾਰੀ ਚੁੱਪ ਨਾਲ ਪਾਰਟੀ ਅੰਦਰ ਵੱਡੀ ਹਲਚਲ ਤੇ ਘੁਸਰ-ਮੁਸਰ ਸ਼ੁਰੂ ਹੋ ਚੁੱਕੀ ਹੈ। ਪਾਰਟੀ ਦੇ ਬਹੁਤ ਸਾਰੇ ਸੀਨੀਅਰ ਆਗੂ ਖੁੱਲ੍ਹੇਆਮ ਤਾਂ ਨਹੀਂ ਪਰ ਆਮ ਗੱਲਬਾਤ 'ਚ ਭਾਜਪਾ ਦੇ ਵਤੀਰੇ ਤੋਂ ਭਰੇ ਪੀਤੇ ਨਜ਼ਰ ਆਉਂਦੇ ਹਨ ਤੇ ਉਹ ਭਾਜਪਾ ਦੀ ਬਿਨਾਂ ਸ਼ਰਤ ਹਮਾਇਤ ਵਾਲੇ ਫੈਸਲੇ 'ਤੇ ਵੀ ਤਿੱਖੇ ਸਵਾਲ ਖੜ੍ਹੇ ਕਰ ਰਹੇ ਹਨ। ਅਕਾਲੀ ਦਲ ਦੇ ਸਕੱਤਰ ਜਨਰਲ ਤੇ ਰਾਜ ਸਭਾ ਮੈਂਬਰ ਸੁਖਦੇਵ ਸਿੰਘ ਢੀਂਡਸਾ ਵੱਲੋਂ ਦਿੱਤੇ ਅਸਤੀਫੇ ਦੀ ਤਾਰ ਵੀ ਇਸੇ ਹਲਚਲ ਨਾਲ ਹੀ ਜੁੜੀ ਦੱਸੀ ਜਾ ਰਹੀ ਹੈ।

ਮਾਲਵਾ ਖੇਤਰ ਦੇ ਇਕ ਕੋਰ ਕਮੇਟੀ ਮੈਂਬਰ ਤਾਂ ਨਾਰਾਜ਼ਗੀ ਜ਼ਾਹਰ ਕਰਦੇ ਹੋਏ ਕਹਿ ਰਹੇ ਸਨ ਕਿ ਕਾਂਗਰਸ 48 ਸਾਲ ਚੰਡੀਗੜ੍ਹ ਤੋਂ ਪੰਜਾਬ ਦਾ ਹੱਕ ਖਤਮ ਨਹੀਂ ਕਰ ਸਕੀ, ਪਰ ਮੋਦੀ ਸਰਕਾਰ ਨੇ ਤਾਂ ਇਹ ਕੰਮ ਪੰਜ ਸਾਲ ਵਿਚ ਹੀ ਕਰ ਦਿੱਤਾ ਹੈ। ਫਿਰ ਅਸੀਂ ਭਾਜਪਾ ਨੂੰ ਹਮਾਇਤ ਦੇ ਕੇ ਕੀ ਹਾਸਲ ਕਰਨਾ ਚਾਹੁੰਦੇ ਹਾਂ। ਅਕਾਲੀ ਦਲ ਦੇ ਦੂਜੀ-ਤੀਜੀ ਕਤਾਰ ਦੇ ਆਗੂ ਆਮ ਹੀ ਇਹ ਸਵਾਲ ਉਠਾ ਰਹੇ ਹਨ ਕਿ ਜੇਕਰ ਕੇਂਦਰ ਸਰਕਾਰ ਨੇ ਪੰਜਾਬ ਬਾਰੇ ਫੈਸਲਾ ਲੈਣ ਲੱਗਿਆਂ ਪਾਰਟੀ ਲੀਡਰਸ਼ਿਪ ਤੇ ਕੇਂਦਰੀ ਵਜ਼ਾਰਤ 'ਚ ਸਾਡੇ ਨੁਮਾਇੰਦੇ ਨੂੰ ਭਰੋਸੇ ਵਿਚ ਹੀ ਨਹੀਂ ਲੈਣਾ, ਫਿਰ ਭਲਾ ਅਸੀਂ ਵੀ ਕਿਉਂ ਉਨ੍ਹਾਂ ਦੇ ਥੱਲੇ ਲੱਗਣਾ ਹੈ। ਅਜਿਹੇ ਬਹੁਤ ਸਾਰੇ ਆਗੂ ਖੁੱਲ੍ਹੇਆਮ ਕਹਿੰਦੇ ਹਨ ਕਿ ਜੇਕਰ ਚੰਡੀਗੜ੍ਹ ਦੇ ਮਾਮਲੇ 'ਚ ਪਾਰਟੀ ਨੇ ਸਖਤ ਰੁਖ ਨਾ ਅਪਨਾਇਆ ਤੇ ਭਾਜਪਾ ਦੇ ਦਬਾਅ 'ਚ ਆ ਕੇ ਚੁੱਪ ਧਾਰ ਗਏ ਤਾਂ ਪੰਜਾਬੀਆਂ ਨੇ ਸਾਨੂੰ ਕਦੇ ਨਹੀਂ ਬਖ਼ਸ਼ਣਾ ਤੇ ਅਸੀਂ ਕਿਸੇ ਨੂੰ ਮੂੰਹ ਦਿਖਾਉਣ ਜੋਗੇ ਨਹੀਂ ਰਹਾਂਗੇ।

ਅਕਾਲੀ ਦਲ ਅੰਦਰ ਇਸ ਗੱਲ ਨੂੰ ਲੈ ਕੇ ਵੀ ਵੱਡੀ ਘੁਸਰ-ਮੁਸਰ ਹੈ ਕਿ ਬੇਅਦਬੀ ਮਾਮਲੇ ਤੇ ਬਹਿਬਲ ਕਲਾਂ ਤੇ ਕੋਟਕਪੂਰਾ 'ਚ ਚੱਲੀ ਗੋਲੀ ਦੇ ਮਾੜੇ ਪਰਛਾਵੇਂ ਤੋਂ ਤਾਂ ਸਾਡਾ ਅਜੇ ਖਹਿੜਾ ਛੁੱਟਿਆ ਨਹੀਂ ਸੀ, ਪਰ ਚੰਡੀਗੜ੍ਹ ਦੇ ਮਾਮਲੇ 'ਚ ਪਾਰਟੀ ਦੀ ਢਿੱਲਮੱਠ ਬੇਹੱਦ ਨੁਕਸਾਨਦੇਹ ਸਾਬਤ ਹੋ ਸਕਦੀ ਹੈ। ਕੁਝ ਆਗੂ ਤਾਂ ਇਹ ਵੀ ਕਹਿ ਰਹੇ ਹਨ ਕਿ ਪਾਰਟੀ ਨੂੰ ਰੈਲੀਆਂ ਦੀ ਮੁਕਾਬਲੇਬਾਜ਼ੀ 'ਚ ਪੈਣ ਦੀ ਬਜਾਏ ਪਹਿਲਾਂ ਆਪਣੀ ਪੀੜ੍ਹੀ ਹੇਠ ਸੋਟਾ ਫੇਰਨਾ ਚਾਹੀਦਾ ਹੈ।

## ਰੈਪਰ ਕੇਨ ਵੈਸਟ ਨੇ ਨਾਮ ਬਦਲਿਆ

**ਲਾਸ ਏਂਜਲਸ:** ਰੈਪਰ ਕੇਨ ਵੈਸਟ (41) ਨੇ ਆਪਣਾ ਨਾਂ 'ਯੀ' ਰੱਖ ਲਿਆ ਹੈ। ਉਸ ਨੇ ਟਵਿਟਰ 'ਤੇ ਨਾਂ ਬਦਲਣ ਦੀ ਜਾਣਕਾਰੀ ਸਾਂਝੀ ਕੀਤੀ। ਰੈਪਰ ਤੋਂ ਫੈਸ਼ਨ ਡਿਜ਼ਾਈਨਰ ਬਣੇ ਕੇਨ ਵੱਲੋਂ ਨਵੀਂ ਐਲਬਮ ਰਿਲੀਜ਼ ਕੀਤੀ ਜਾ ਰਹੀ ਹੈ। 'ਯੀ' ਉਸ ਦੀ ਇਕ ਐਲਬਮ ਦਾ ਨਾਮ ਵੀ ਹੈ।

# ਪੰਜਾਬ ਪੁਲਿਸ ਨੇ ਹੈਵਾਨੀਅਤ ਦੀਆਂ ਹੱਦਾਂ ਟੱਪੀਆਂ

**ਅੰਮ੍ਰਿਤਸਰ:** ਅੰਮ੍ਰਿਤਸਰ ਜ਼ਿਲ੍ਹੇ ਦੇ ਕੱਥੂਨੰਗਲ ਥਾਣੇ ਵਿਚ ਪੈਂਦੇ ਪਿੰਡ ਸ਼ਹਿਜ਼ਾਦਾ ਦੀ ਔਰਤ ਜਸਵਿੰਦਰ ਕੌਰ ਨਾਲ ਪੁਲਿਸ ਨੇ ਅਣਮਨੁੱਖੀ ਵਿਹਾਰ ਦੀਆਂ ਸਾਰੀਆਂ ਹੱਦਾਂ ਪਾਰ ਕਰ ਦਿੱਤੀਆਂ। ਇਸ ਔਰਤ ਨੂੰ ਪੁਲਿਸ ਨੇ ਗੱਡੀ ਦੀ ਛੱਤ ਉਤੇ ਤਕਰੀਬਨ ਢਾਈ ਕਿਲੋਮੀਟਰ ਤੱਕ ਪਿੰਡ ਦਾ ਚੱਕਰ ਕੱਢਣ ਤੋਂ ਬਾਅਦ ਸੜਕ 'ਤੇ ਸੁੱਟ ਦਿੱਤਾ ਤੇ ਉਸ ਨੂੰ ਜ਼ਖਮੀ ਹਾਲਤ ਵਿਚ ਛੱਡ ਕੇ ਚਲੇ ਗਏ। ਜਸਵਿੰਦਰ ਦੀ ਇਕ ਦਰਦਨਾਕ ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਹੋਈ ਹੈ। ਹੁਣ ਉਹ ਅੰਮ੍ਰਿਤਸਰ ਦੇ ਹਸਪਤਾਲ ਵਿਚ ਜੇਰੇ ਇਲਾਜ ਹੈ।

ਪੀੜਤ ਮੁਤਾਬਕ ਉਹ ਪੁਲਿਸ ਟੀਮ ਤੋਂ ਇੰਨਾ ਪੁੱਛਣ ਦੀ ਗੁਸਤਾਖ਼ੀ ਕਰ ਰਹੀ ਸੀ ਕਿ ਉਸ ਦੇ ਪਰਿਵਾਰ ਦੇ ਜਿਸ ਮੈਂਬਰ ਨੂੰ ਗ੍ਰਿਫਤਾਰ ਕਰਨ ਆਏ ਹਨ, ਉਸ ਦੇ ਖਿਲਾਫ਼ ਗ੍ਰਿਫਤਾਰੀ ਵਰੰਟ ਕਿੱਥੇ ਹਨ? ਹਾਲਾਂਕਿ ਪੁਲਿਸ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਇਹ ਪਤਾ ਹੀ ਨਹੀਂ ਲੱਗਾ ਕਿ ਪੀੜਤ ਢਾਈ ਕਿਲੋਮੀਟਰ ਤੱਕ ਗੱਡੀ ਦੀ ਛੱਤ ਉਤੇ ਬੈਠੀ ਰਹੀ ਹੈ। ਇਸ ਘਟਨਾ ਦੀ ਜਦੋਂ ਚਾਰੇ ਪਾਸੇ ਨਿੰਦਾ ਹੋ ਰਹੀ ਸੀ ਤਾਂ ਪੁਲਿਸ ਨੇ ਪੀੜਤ ਦੇ ਪਰਿਵਾਰਕ ਮੈਂਬਰਾਂ ਉਤੇ ਹੀ ਪੁਲਿਸ ਦੇ ਕੰਮਕਾਜ ਵਿਚ ਵਿਘਨ ਪਾਉਣ ਦਾ ਪਰਚਾ ਦਰਜ ਕਰ ਦਿੱਤਾ। ਇਲਾਕੇ ਦੇ ਕਾਂਗਰਸੀਆਂ ਸਮੇਤ ਸਭ ਪਾਰਟੀਆਂ ਦੇ ਆਗੂਆਂ ਵੱਲੋਂ 10 ਘੰਟੇ ਦਿੱਤੇ ਧਰਨੇ ਤੋਂ ਬਾਅਦ ਸੀਨੀਅਰ ਪੁਲਿਸ ਅਧਿਕਾਰੀ ਪੀੜਤ ਪਰਿਵਾਰ ਦੇ ਖਿਲਾਫ਼ ਦਰਜ ਪਰਚਾ ਵਾਪਸ ਲੈਣ ਲਈ ਸਹਿਮਤ ਹੋਏ ਹਨ। ਮੁਲਜ਼ਮਾਂ ਖਿਲਾਫ਼ ਕਾਰਵਾਈ ਕਰਵਾਉਣ ਦੀ ਮੰਗ ਕਰਨ ਵਾਲੇ ਪਰਿਵਾਰ ਨੂੰ ਆਪਣੀ ਗ੍ਰਿਫਤਾਰੀ ਦੇ ਡਰੋਂ ਹਾਈ ਕੋਰਟ ਦਾ ਦਰਵਾਜਾ ਖੜਕਾਉਣ ਲਈ ਮਜਬੂਰ ਹੋਣਾ ਪਿਆ ਹੈ। ਹੁਣ ਮਾਮਲਾ ਭਖਣ ਪਿੱਛੋਂ ਪੰਜਾਬ ਪੁਲਿਸ ਬੁਰੀ ਤਰ੍ਹਾਂ ਘਿਰੀ ਹੋਈ ਹੈ। ਮਾਮਲਾ ਪੰਜਾਬ ਤੇ ਹਰਿਆਣਾ ਹਾਈ ਕੋਰਟ ਤਕ ਪਹੁੰਚ ਗਿਆ ਹੈ। ਇਸ ਦੇ ਨਾਲ ਮਹਿਲਾ ਕਮਿਸ਼ਨ ਵੀ ਸਰਗਰਮ ਹੋ ਗਿਆ ਹੈ। ਪੰਜਾਬ ਪੁਲਿਸ ਦੇ ਡੀ.ਜੀ.ਪੀ. ਤੋਂ ਰਿਪੋਰਟ ਤਲਬ ਕੀਤੀ ਗਈ ਹੈ।

ਪੀੜਤ ਮਹਿਲਾ ਦੇ ਸਹੁਰਾ ਬਲਵੰਤ ਸਿੰਘ ਨੇ ਪੰਜਾਬ ਪੁਲਿਸ 'ਤੇ ਜ਼ਿਆਦਤੀ ਦਾ ਇਲਜ਼ਾਮ ਲਾਉਂਦਿਆਂ ਉਚ ਅਧਿਕਾਰੀ ਕੋਲੋਂ ਮਾਮਲੇ ਦੀ



ਜਾਂਚ ਕਰਾਉਣ ਦੀ ਮੰਗ ਕੀਤੀ ਹੈ। ਉਨ੍ਹਾਂ ਪਟੀਸ਼ਨ ਵਿਚ ਕਿਹਾ ਹੈ ਕਿ ਪੁਲਿਸ ਅਧਿਕਾਰੀਆਂ ਨੇ ਉਨ੍ਹਾਂ ਦੀ ਜਾਣ ਪਛਾਣ ਵਾਲੇ ਕੁਝ ਲੋਕਾਂ ਖਿਲਾਫ਼ ਮਾਮਲਾ ਦਰਜ ਕੀਤਾ ਸੀ ਜਿਸ ਵਿਚ ਉਨ੍ਹਾਂ ਖਿਲਾਫ਼ ਹਥਿਆਰ ਹੋਣ ਦੇ ਝੂਠੇ ਇਲਜ਼ਾਮ ਲਾਏ ਗਏ ਸੀ। ਇਸੇ ਮਾਮਲੇ 'ਚ ਪੁਲਿਸ ਹੁਣ ਮੁਲਜ਼ਮਾਂ ਨੂੰ ਪਛਾਣਨ ਵਾਲੇ ਲੋਕਾਂ 'ਤੇ ਦਬਾਅ ਬਣਾਉਣ ਨਾਲ ਉਨ੍ਹਾਂ ਨੂੰ ਫਸਾਉਣ ਦੀ ਵੀ ਕੋਸ਼ਿਸ਼ ਕਰ ਰਹੀ ਹੈ।

ਪਟੀਸ਼ਨ ਵਿਚ ਦੋਸ਼ ਲਗਾਇਆ ਗਿਆ ਹੈ ਕਿ ਇਕ ਭੱਠਾ ਮਾਲਕ ਨੇ ਕੁਝ ਵਿਅਕਤੀਆਂ ਵਿਰੁੱਧ ਭੱਠੇ 'ਚ ਦਾਖਲ ਹੋ ਕੇ ਉਸ ਦੇ ਮੁਲਾਜ਼ਮਾਂ ਨਾਲ ਕੁੱਟ ਮਾਰ ਕਰਨ ਦਾ ਦੋਸ਼ ਲਗਾਇਆ ਸੀ ਤੇ ਇਸ ਮਾਮਲੇ ਵਿਚ ਪੁਲਿਸ ਨੂੰ ਕਥਿਤ ਮੁਲਜ਼ਮਾਂ ਕੋਲੋਂ ਹਥਿਆਰ ਨਹੀਂ ਸੀ ਮਿਲ ਰਹੇ ਤੇ ਇਸੇ ਕਾਰਨ ਉਹ ਪੁਲਿਸ ਇਨ੍ਹਾਂ ਦੇ ਅਜਿਹੇ ਜਾਣਕਾਰਾਂ ਨੂੰ ਮਾਮਲੇ ਵਿਚ ਜੋੜਨਾ ਚਾਹੁੰਦੀ ਸੀ, ਜਿਨ੍ਹਾਂ ਤੋਂ ਮੁਲਜ਼ਮਾਂ ਵੱਲੋਂ ਹਥਿਆਰ ਲਏ ਹੋਣ ਦੀ ਗੱਲ ਸਾਬਤ ਕੀਤੀ ਜਾਵੇ।

ਬਲਵੰਤ ਸਿੰਘ ਨੇ ਹਾਈ ਕੋਰਟ ਦਾ ਧਿਆਨ ਦਿਵਾਇਆ ਕਿ ਉਹ ਇਨ੍ਹਾਂ ਕਥਿਤ ਮੁਲਜ਼ਮਾਂ ਦਾ ਜਾਣਕਾਰ ਹੈ ਤੇ ਇਸੇ ਕਾਰਨ ਏ.ਆਈ.ਜੀ ਜੋਨਲ ਦਫ਼ਤਰ ਵੱਲੋਂ ਭੇਜੀ ਪੁਲਿਸ ਨੇ ਪਹਿਲਾਂ 22 ਸਤੰਬਰ ਨੂੰ ਉਸ ਦੇ ਘਰ (ਬਲਵੰਤ ਸਿੰਘ ਦੇ ਘਰ) ਛਾਪੇਮਾਰੀ ਕੀਤੀ ਤੇ ਕੋਈ ਮਰਦ ਘਰ ਨਾ ਹੋਣ ਦੇ ਬਾਵਜੂਦ ਘਰਵਾਲਿਆਂ ਨਾਲ ਬਦਤਮੀਜ਼ੀ ਕੀਤੀ ਤੇ ਬਾਅਦ ਵਿਚ 25 ਸਤੰਬਰ ਨੂੰ ਮੁੜ ਪੁਲਿਸ ਨੇ ਛਾਪੇਮਾਰੀ ਕੀਤੀ ਤੇ ਉਸ ਦੀ ਨੂੰਹ ਜਸਵਿੰਦਰ ਨੂੰ ਪੁਲਿਸ ਨੇ ਜਬਰ ਦਸਤੀ ਗੱਡੀ ਦੀ ਛੱਤ 'ਤੇ ਬਿਠਾ ਕੇ ਉਨ੍ਹਾਂ ਦੇ ਪਿੰਡ ਸ਼ਹਿਜ਼ਾਦਾ ਵਿਚ ਘੁਮਾਇਆ ਤੇ ਬਾਅਦ ਵਿਚ ਚਵਿੰਡਾ ਦੇਵੀ ਚੌਕ 'ਤੇ ਲਿਆ ਕੇ ਗੱਡੀ ਤੋਂ ਡੇਗ ਦਿੱਤਾ, ਜਿਸ ਕਾਰਨ ਉਸ ਨੂੰ ਸੱਟਾ ਲੱਗੀਆਂ। ਬਲਵੰਤ ਸਿੰਘ ਨੇ ਪਟੀਸ਼ਨ ਵਿਚ ਕਿਹਾ ਹੈ ਕਿ ਏ.ਆਈ.ਜੀ ਜ਼ੋਨਲ ਤੇ ਡੀ.ਐਸ.ਪੀ ਕੋਲੋਂ ਉਸ ਨੂੰ ਤੇ ਪਰਿਵਾਰ ਨੂੰ ਖਤਰਾ ਹੈ, ਲਿਹਾਜ਼ਾ ਜਾਨ ਦੀ ਰਾਖੀ ਕੀਤੀ ਜਾਵੇ ਤੇ ਇਸ ਘਟਨਾ ਦੀ ਆਈ.ਪੀ.ਐਸ ਅਫਸਰ ਕੋਲੋਂ ਜਾਂਚ ਕਰਵਾਈ ਜਾਵੇ।

# ਆਮਦਨ ਤੋਂ ਵੱਧ ਜਾਇਦਾਦ ਦੇ ਦੋਸ਼ਾਂ ਬਾਰੇ ਜਥੇਦਾਰ ਨੇ ਚੁੱਪ ਤੋੜੀ

**ਅੰਮ੍ਰਿਤਸਰ:** ਅਕਾਲ ਤਖਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਉਨ੍ਹਾਂ ਦੇ ਪਰਿਵਾਰ 'ਤੇ ਲੱਗੇ ਦੋਸ਼ਾਂ ਸਬੰਧੀ ਲੰਮੀ ਚੁੱਪ ਤੋੜਦਿਆਂ ਆਖਿਆ ਕਿ ਇਹ ਦੋਸ਼ ਗਲਤ ਹਨ ਅਤੇ ਉਨ੍ਹਾਂ ਦੇ ਪਰਿਵਾਰ ਦਾ ਜੀਅ ਜੇ ਕਿਰਤ ਅਤੇ ਮਿਹਨਤ ਕਰ ਰਿਹਾ ਹੈ ਤਾਂ ਇਸ 'ਚ ਕੋਈ ਜੁਰਮ ਨਹੀਂ ਹੈ।

ਦੱਸਣਯੋਗ ਹੈ ਕਿ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ ਵਿਧਾਨ ਸਭਾ ਵਿਚ ਪੇਸ਼ ਕਰਨ ਸਮੇਂ ਪੱਟੀ ਤੋਂ ਕਾਂਗਰਸੀ ਵਿਧਾਇਕ ਹਰਮਿੰਦਰ ਸਿੰਘ ਗਿੱਲ ਨੇ ਦੋਸ਼ ਲਾਇਆ ਸੀ ਕਿ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਵੱਲੋਂ ਆਪਣੀ ਆਮਦਨ ਤੋਂ ਵਧੇਰੇ ਜਾਇਦਾਦ ਬਣਾਈ ਗਈ ਹੈ। ਗਿਆਨੀ ਗੁਰਬਚਨ ਸਿੰਘ ਨੇ ਆਖਿਆ ਕਿ ਉਨ੍ਹਾਂ ਦਾ ਇਕ ਬੇਟਾ ਹੋਟਲ ਦਾ ਕਾਰੋਬਾਰ ਕਰਦਾ ਹੈ ਤੇ ਮੰਡੀਆਂ ਵਿਚ ਠੇਕੇ ਲੈਂਦਾ ਹੈ। ਉਹ ਮਿਹਨਤ ਅਤੇ ਇਮਾਨਦਾਰੀ ਨਾਲ ਕਿਰਤ ਕਰਦਾ ਹੈ ਤੇ ਕਿਰਤ ਕਰਨਾ ਕੋਈ ਜੁਰਮ ਨਹੀਂ ਹੈ। ਉਨ੍ਹਾਂ ਸਪੱਸ਼ਟ ਕੀਤਾ ਕਿ ਇਹ



ਕਾਰੋਬਾਰ ਉਨ੍ਹਾਂ ਦੇ ਬੇਟੇ ਦਾ ਹੈ, ਜਿਸ ਨਾਲ ਉਨ੍ਹਾਂ ਦਾ ਕੋਈ ਵਾਹ ਵਾਸਤਾ ਨਹੀਂ ਹੈ। ਉਨ੍ਹਾਂ ਇਕ ਸਵਾਲ ਦੇ ਜਵਾਬ ਵਿਚ ਸੰਕੇਤ ਦਿੱਤਾ ਹੈ ਕਿ ਉਨ੍ਹਾਂ ਦੇ ਪਰਿਵਾਰਕ ਮੈਂਬਰ ਬੇਬੁਨਿਆਦ ਦੋਸ਼ਾਂ ਨੂੰ ਚੁਣੌਤੀ ਦੇ ਸਕਦੇ ਹਨ।

**Punjab Times**

**Established in 2000**
**19th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Gurbakhsh Singh Bhandal
Baljit Basi
Ashok Bhaura
Tarlochan Singh Dupalpur
Major Kular
**California**
Shiara Dhindsa
661-703-6664
**New York**
**Iqbal S. Jabowalia**
**917-375-6395**
**Circulation**
**Harbhajan Singh**
**917-856-5229**
**Photographer**
**Kamaljit Singh Virdi**
**Ph. 847-502-2703**

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 100 ਡਾਲਰ**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਇੰਡੋਨੇਸ਼ੀਆ 'ਚ ਕੁਦਰਤ ਦਾ ਕਹਿਰ, 1200 ਤੋਂ ਵੱਧ ਮੌਤਾਂ

**ਪਾਲੂ:** ਇੰਡੋਨੇਸ਼ੀਆ ਵਿਚ ਭੂਚਾਲ ਅਤੇ ਸੁਨਾਮੀ ਦੀ ਮਾਰ ਹੇਠ ਆਏ ਸੁਲਾਵੇਸੀ ਟਾਪੂ 'ਚ ਮੌਤਾਂ ਦੀ ਗਿਣਤੀ ਵਧ ਕੇ 1250 ਹੋ ਗਈ ਹੈ। ਲੋਕਾਂ ਨੂੰ ਭੋਜਨ ਅਤੇ ਪਾਣੀ ਲਈ ਸੰਘਰਸ਼ ਕਰਨਾ ਪੈ ਰਿਹਾ ਹੈ।

ਹਾਲਾਤ ਇਹ ਬਣ ਗਏ ਹਨ ਕਿ ਲੁੱਟ-ਮਾਰ ਦੀਆਂ ਵਾਰਦਾਤਾਂ ਵਧ ਗਈਆਂ ਹਨ। ਬਚਾਅ ਅਤੇ ਰਾਹਤ ਕਾਰਜਾਂ ਲਈ ਫੌਜ ਤਾਇਨਾਤ ਕਰ ਦਿੱਤੀ ਗਈ ਹੈ। ਕੌਮੀ ਆਫਤ ਏਜੰਸੀ ਵੱਲੋਂ ਮ੍ਰਿਤਕਾਂ ਦੀ ਦੱਸੀ ਗਈ ਗਿਣਤੀ ਪਿਛਲੇ ਅੰਕੜੇ ਨਾਲੋਂ ਦੁਗਣੀ ਤੋਂ ਵੱਧ ਹੈ।

ਇੰਡੋਨੇਸ਼ੀਆ ਦੇ ਉਪ ਰਾਸ਼ਟਰਪਤੀ ਯੂਸੁਫ਼ ਕੱਲਾ ਨੇ ਖਦਸ਼ਾ ਜਤਾਇਆ ਹੈ ਕਿ ਭੂਚਾਲ ਅਤੇ ਸੁਨਾਮੀ ਕਾਰਨ ਮ੍ਰਿਤਕਾਂ ਦੀ ਗਿਣਤੀ ਹਜ਼ਾਰਾਂ 'ਚ ਹੋ ਸਕਦੀ ਹੈ। ਤਬਾਹੀ ਵਾਲੇ ਸ਼ਹਿਰ ਪਾਲੂ ਦੇ ਇਕ ਕੈਂਪ 'ਚ ਬੱਚੇ ਨਾਲ ਆਈ 35 ਵਰ੍ਹਿਆਂ ਦੀ ਰੀਸਾ ਕੁਸੁਮਾ ਨੇ ਕਿਹਾ, "ਹਰ ਇਕ ਮਿੰਟ ਬਾਅਦ ਐਂਬੂਲੈਂਸ ਇਕ ਲਾਸ਼ ਲਿਆਉਂਦੀ ਹੈ। ਸਾਫ ਪੀਣ ਵਾਲੇ ਪਾਣੀ ਦੀ ਕਮੀ ਹੋ ਗਈ ਹੈ। ਹਰ ਥਾਂ 'ਤੇ ਬਾਜ਼ਾਰਾਂ ਨੂੰ ਲੁੱਟਿਆ ਜਾ ਰਿਹਾ ਹੈ।"

ਇੰਡੋਨੇਸ਼ੀਆ ਦੇ ਮੈਟਰੋ ਟੀ.ਵੀ. ਨੇ ਡੋਂਗਲਾ ਸ਼ਹਿਰ ਦੀਆਂ ਤਸਵੀਰਾਂ ਦਿਖਾਈਆਂ ਜੋ ਭੂਚਾਲ ਦੇ ਕੇਂਦਰ ਨੇੜੇ ਸੀ। ਉਥੇ ਤਬਾਹੀ ਦਾ ਮੰਜ਼ਰ ਸਾਫ ਦੇਖਿਆ ਜਾ ਸਕਦਾ ਸੀ। ਇਕ ਵਸਨੀਕ ਨੇ ਕਿਹਾ ਕਿ ਭੂਚਾਲ ਮਗਰੋਂ ਜ਼ਿਆਦਾਤਰ ਲੋਕ ਸੁਰੱਖਿਅਤ ਥਾਂਵਾਂ 'ਤੇ ਚਲੇ ਗਏ ਹਨ। ਪਾਲੂ ਸ਼ਹਿਰ 'ਚ ਫੌਜ ਅਤੇ ਰਾਹਤ ਕਰਮੀ ਮਲਬੇ 'ਚ ਲੋਕਾਂ ਦੀ ਭਾਲ 'ਚ ਜੁਟੇ ਹੋਏ ਹਨ।

ਇਕ ਹੋਟਲ ਦੇ ਮਲਬੇ 'ਚ ਘੱਟੋ ਘੱਟ 150 ਵਿਅਕਤੀ ਦੱਬੇ ਹੋਣ ਦਾ ਖਦਸ਼ਾ ਜਤਾਇਆ ਗਿਆ ਹੈ। ਜਦੋਂ ਭੂਚਾਲ ਅਤੇ ਸੁਨਾਮੀ ਆਈ ਤਾਂ ਸੈਂਕੜੇ ਲੋਕ 'ਬੀਚ ਫੈਸਟੀਵਲ' ਦੀ ਤਿਆਰੀ 'ਚ ਰੁੱਝੇ ਹੋਏ ਸਨ ਅਤੇ ਉਨ੍ਹਾਂ ਦਾ ਅਜੇ ਤੱਕ ਪਤਾ ਨਹੀਂ ਲੱਗ ਰਿਹਾ।

ਸੈਟੇਲਾਈਟ ਤਸਵੀਰਾਂ 'ਚ ਦਿਖਾਇਆ ਗਿਆ ਹੈ ਕਿ ਕਈ ਇਲਾਕਿਆਂ ਵਿਚ ਭਾਰੀ ਨੁਕਸਾਨ ਹੋਇਆ ਹੈ। ਭੂਚਾਲ ਮਗਰੋਂ ਆਈ ਸੁਨਾਮੀ ਕਾਰਨ ਵੱਡੇ ਜਹਾਜ਼ ਹਵਾ 'ਚ ਉਛਲ ਗਏ ਅਤੇ ਪੁਲ ਟੁੱਟ ਗਏ। ਹਸਪਤਾਲ ਜ਼ਖ਼ਮੀਆਂ ਨਾਲ ਭਰੇ ਪਏ ਹਨ ਅਤੇ ਕਈ ਲੋਕਾਂ ਦਾ ਇਲਾਜ ਖੁਲ੍ਹੇ ਸਥਾਨਾਂ ਉਤੇ ਹੋ ਰਿਹਾ ਹੈ।

# ਅਫੀਮ ਦੀ ਖੇਤੀ ਬਿਨਾਂ ਪੰਜਾਬ ਦਾ ਭਲਾ ਨਹੀਂ ਹੋਣਾ: ਗਾਂਧੀ

**ਸ੍ਰੀ ਮੁਕਤਸਰ ਸਾਹਿਬ:** ਪਿਛਲੇ ਲੰਮੇ ਸਮੇਂ ਤੋਂ ਪੰਜਾਬ ਵਿਚ ਅਫੀਮ (ਖਸਖਸ) ਦੀ ਖੇਤੀ ਲਈ ਕਾਨੂੰਨੀ ਅਧਿਕਾਰ ਹਾਸਲ ਕਰਨ ਵਾਸਤੇ ਯਤਨਸ਼ੀਲ ਲੋਕ ਸਭਾ ਮੈਂਬਰ ਡਾ. ਧਰਮਵੀਰ ਗਾਂਧੀ ਨੇ ਦਾਅਵਾ ਕੀਤਾ ਕਿ ਅਫੀਮ ਦੀ ਖੇਤੀ ਤੋਂ ਬਿਨਾ ਪੰਜਾਬ ਵਿਚੋਂ ਨਾ ਤਾਂ ਚਿੱਟੇ ਦਾ ਖਾਤਮਾ ਹੋਵੇਗਾ ਤੇ ਨਾ ਹੀ ਕਿਸਾਨਾਂ ਦੀ ਆਰਥਿਕ ਹਾਲਤ ਸੁਧਰੇਗੀ। ਇਸ ਰੈਲੀ ਵਿਚ ਪੁੱਜੇ ਵੱਡੀ ਗਿਣਤੀ ਲੋਕਾਂ ਨੇ ਡਾ. ਗਾਂਧੀ ਦੇ ਦਾਅਵੇ ਦਾ ਸਮਰਥਨ ਕੀਤਾ।

ਡਾ. ਗਾਂਧੀ ਨੇ ਕਿਹਾ ਕਿ ਅਫੀਮ ਦੀ ਖੇਤੀ ਦਾ ਮੁੱਦਾ ਜਜ਼ਬਾਤੀ ਮੁੱਦਾ ਨਹੀਂ, ਸਗੋਂ ਪਿਛਲੇ 15 ਸਾਲਾਂ ਵਿਚ ਨੌਜਵਾਨਾਂ ਦੀਆਂ ਮੌਤਾਂ ਉਤੇ ਮਾਵਾਂ-ਭੈਣਾਂ ਦੇ ਵਿਰਲਾਪਾਂ 'ਚੋਂ ਨਿਕਲੀ ਹਕੀਕਤ ਹੈ। ਉਨ੍ਹਾਂ ਕਿਹਾ ਕਿ ਦੂਜੇ ਸੂਬਿਆਂ ਵਾਂਗ ਪੰਜਾਬ ਵਿਚ ਵੀ ਅਫੀਮ ਦੀ ਖੇਤੀ ਦੀ ਇਜਾਜ਼ਤ ਦਿੱਤੀ ਜਾਵੇ ਤੇ ਸੂਬੇ ਵਿਚ ਅਫੀਮ ਤੇ ਪੋਸਤ ਦੇ ਠੇਕੇ ਖੋਲ੍ਹੇ ਜਾਣ, ਕਿਉਂਕਿ ਪੋਸਤ ਤੇ ਅਫੀਮ ਖਾਣ ਨਾਲ ਕੋਈ ਵਿਅਕਤੀ ਮਰਦਾ ਨਹੀਂ। ਉਨ੍ਹਾਂ ਕਿਹਾ ਕਿ ਪੰਜਾਬ ਦੀ ਜਵਾਨੀ ਤੇ ਕਿਸਾਨੀ ਨੂੰ ਬਚਾਉਣਾ ਹੈ ਤਾਂ ਅਫੀਮ ਦੀ ਖੇਤੀ ਬਹੁਤ ਜ਼ਰੂਰੀ ਹੈ। ਸ੍ਰੀ ਗਾਂਧੀ ਨੇ ਕਿਹਾ ਕਿ ਉਹ ਗ੍ਰਹਿ ਮੰਤਰੀ ਰਾਜਨਾਥ ਸਿੰਘ ਨੂੰ ਮਿਲੇ ਸਨ ਤੇ ਉਨ੍ਹਾਂ ਨੇ ਭਰੋਸਾ ਦਿਵਾਇਆ ਸੀ ਕਿ ਜੇ ਪੰਜਾਬ ਸਰਕਾਰ ਅਫੀਮ ਦੀ ਖੇਤੀ ਲਈ ਲਿਖਤੀ ਰੂਪ ਵਿਚ ਭੇਜੇ, ਤਾਂ ਉਹ ਵਿਚਾਰ ਕਰਨਗੇ। ਉਨ੍ਹਾਂ ਕਿਹਾ ਕਿ ਦੁੱਖ ਦੀ ਗੱਲ ਹੈ ਕਿ ਚਾਰ ਮਹੀਨੇ ਬੀਤ ਜਾਣ 'ਤੇ ਵੀ ਕੈਪਟਨ ਅਮਰਿੰਦਰ ਸਿੰਘ ਨੇ ਕੇਂਦਰ ਸਰਕਾਰ ਨੂੰ ਪੱਤਰ ਨਹੀਂ ਲਿਖਿਆ।

## ਇਮਰਾਨ ਸਰਕਾਰ ਨੇ ਨਵਾਜ਼ ਸ਼ਰੀਫ ਦੀਆਂ ਮੱਝਾਂ ਵੇਚੀਆਂ

**ਇਸਲਾਮਾਬਾਦ:** ਪਾਕਿਸਤਾਨ ਦੀ ਵਿੱਤੀ ਘਾਟੇ ਵਿਚ ਚੱਲ ਰਹੀ ਇਮਰਾਨ ਖਾਨ ਸਰਕਾਰ ਨੇ ਆਪਣੇ ਤੋਂ ਪਹਿਲੇ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਵੱਲੋਂ ਘਰੇਲੂ ਦੁੱਧ ਦੀ ਪੂਰਤੀ ਲਈ ਰੱਖੀਆਂ ਮੱਝਾਂ ਤੇ ਹੋਰ ਪਸ਼ੂਆਂ ਨੂੰ ਵੇਚ ਕੇ 23 ਲੱਖ ਰੁਪਏ ਕਮਾ ਲਏ ਹਨ। ਇਹ ਪਸ਼ੂ ਨਵਾਜ਼ ਸ਼ਰੀਫ ਨੇ ਪ੍ਰਧਾਨ ਮੰਤਰੀ ਨਿਵਾਸ ਵਿਚ ਰੱਖੇ ਹੋਏ ਸਨ।

ਜ਼ਿਕਰਯੋਗ ਹੈ ਕਿ ਪਾਕਿਸਤਾਨ ਸਿਰ ਚੜ੍ਹੇ ਭਾਰੀ ਕਰਜ਼ ਦੇ ਮੱਦੇਨਜ਼ਰ ਪ੍ਰਧਾਨ ਮੰਤਰੀ ਇਮਰਾਨ ਖਾਨ ਨੇ ਵਿਆਪਕ ਪੱਧਰ ਉਤੇ ਸਰਕਾਰੀ ਖਰਚਿਆਂ ਵਿਚ ਕਟੌਤੀ ਅਤੇ ਪੈਸੇ ਜੁਟਾਉਣ ਦੀ ਮੁਹਿੰਮ ਆਰੰਭੀ ਹੋਈ ਹੈ। ਇਸ ਯੋਜਨਾ ਤਹਿਤ ਸਰਕਾਰ ਨੇ ਪਿਛਲੇ ਹਫਤੇ 61 ਲਗਜ਼ਰੀ ਕਾਰਾਂ ਦੀ ਨਿਲਾਮੀ ਕੀਤੀ ਹੈ। ਇਨ੍ਹਾਂ ਤੋਂ ਵੀਹ ਕਰੋੜ ਰੁਪਏ ਕਮਾਏ ਹਨ। ਇਸ ਤੋਂ ਇਲਾਵਾ ਸਰਕਾਰ ਦੀ ਬੁਲੇਟ ਪਰੂਫ ਵਾਹਨਾਂ ਸਣੇ 102 ਵਾਧੂ ਕਾਰਾਂ ਨੂੰ ਵੀ ਵੇਚਣ ਦੀ ਯੋਜਨਾ ਹੈ। ਸਰਕਾਰ ਨੇ ਇਸ ਦੇ ਨਾਲ ਹੀ ਕੈਬਨਿਟ ਡਿਵੀਜ਼ਨ ਦੇ ਚਾਰ ਹੈਲੀਕਾਪਟਰ ਵੇਚਣ ਦੀ ਵੀ ਯੋਜਨਾ ਬਣਾਈ ਹੈ। ਪ੍ਰਧਾਨ ਮੰਤਰੀ ਨਿਵਾਸ ਵਿਚ ਬੰਨ੍ਹੀਆਂ ਤਿੰਨ ਮੱਝਾਂ ਅਤੇ ਕੱਟੇ ਕੱਟੀਆਂ ਵੇਚ ਕੇ ਸਰਕਾਰ ਨੇ 2,302,000 ਰੁਪਏ ਕਮਾਏ ਹਨ।

## ਭੌਤਿਕੀ 'ਚ ਖੋਜ ਲਈ ਤਿੰਨ ਵਿਗਿਆਨੀਆਂ ਨੂੰ ਨੋਬੇਲ

**ਸਟਾਕਹੋਮ:** ਇਸ ਵਰ੍ਹੇ ਦਾ ਭੌਤਿਕ ਵਿਗਿਆਨ ਲਈ ਨੋਬੇਲ ਪੁਰਸਕਾਰ ਤਿੰਨ ਵਿਗਿਆਨੀਆਂ ਨੂੰ ਸਾਂਝੇ ਤੌਰ 'ਤੇ ਦਿੱਤਾ ਜਾਵੇਗਾ।

ਰਾਇਲ ਸਵੀਡਿਸ਼ ਅਕੈਡਮੀ ਆਫ ਸਾਇੰਸਿਜ਼ ਨੇ ਅੱਖਾਂ ਦੀ ਸਰਜਰੀ ਲਈ ਆਪਟੀਕਲ ਲੇਜ਼ਰ ਦੀ ਖੋਜ ਰਾਹੀਂ ਬਿਹਤਰੀਨ ਔਜ਼ਾਰਾਂ ਦੇ ਨਿਰਮਾਣ ਲਈ ਰਾਹ ਪੱਧਰਾ ਕਰਨ ਬਦਲੇ ਅਮਰੀਕਾ ਦੇ ਆਰਥਰ ਐਸ਼ਕਿਨ (96), ਫਰਾਂਸ ਦੇ ਗੇਰਾਰਡ ਮੋਓਰੋ ਅਤੇ ਕੈਨੇਡਾ ਦੀ ਡੋਨਾ ਸਟ੍ਰਿਕਲੈਂਡ ਨੂੰ ਸਾਂਝੇ ਤੌਰ ਤੇ ਇਹ ਸਨਮਾਨ ਦੇਣ ਦਾ ਫੈਸਲਾ ਕੀਤਾ ਹੈ। ਐਸ਼ਕਿਨ ਨੂੰ ਪੁਰਸਕਾਰ ਰਾਸ਼ੀ ਦਾ ਅੱਧਾ ਹਿੱਸਾ ਮਿਲੇਗਾ, ਜਦਕਿ ਬਾਕੀ ਦੀ ਰਕਮ ਫਰਾਂਸ ਦੇ ਗੇਰਾਰਡ ਮੋਓਰੋ ਅਤੇ ਕੈਨੇਡਾ ਦੀ ਡੋਨਾ ਸਟ੍ਰਿਕਲੈਂਡ ਸਾਂਝੀ ਕਰਨਗੇ। ਐਸ਼ਕਿਨ ਨੂੰ 'ਆਪਟੀਕਲ ਟਵੀਜ਼ਰ' ਦੀ ਖੋਜ ਕਰਨ ਲਈ ਇਹ ਪੁਰਸਕਾਰ ਮਿਲੇਗਾ।

## ਭਾਰਤੀ ਮੂਲ ਦੇ ਕਾਰੋਬਾਰੀ ਨੂੰ 21ਵੀਂ ਸਦੀ ਦੇ 'ਆਈਕਨ' ਦਾ ਸਨਮਾਨ

**ਲੰਡਨ:** ਭਾਰਤੀ ਮੂਲ ਦੇ ਉਘੇ ਸਟੀਲ ਕਾਰੋਬਾਰੀ ਸੰਜੀਵ ਗੁਪਤਾ ਨੂੰ 21ਵੀਂ ਸਦੀ ਦੇ 'ਆਈਕਨ' ਵਜੋਂ ਵਿਸ਼ੇਸ਼ ਪੁਰਸਕਾਰ ਨਾਲ ਸਨਮਾਨਤ ਕੀਤਾ ਗਿਆ ਹੈ।

ਇਹ ਪੁਰਸਕਾਰ ਉਨ੍ਹਾਂ ਨੂੰ ਬਰਤਾਨੀਆ ਅਧਾਰਤ ਅੰਤਰਰਾਸ਼ਟਰੀ ਸਟੀਲ ਉਦਯੋਗ, ਊਰਜਾ ਅਤੇ ਵਿੱਤੀ ਸੇਵਾਵਾਂ ਵਿਚ ਪਾਏ ਯੋਗਦਾਨ ਬਦਲੇ ਦਿੱਤਾ ਗਿਆ ਹੈ।

ਸ੍ਰੀ ਸੰਜੀਵ ਗੁਪਤਾ ਜੋ ਕਿ ਜੀ.ਐਫ.ਜੀ. ਅਲਾਇੰਸ ਦੇ ਚੇਅਰਮੈਨ ਹਨ, ਨੂੰ ਇਹ ਵਿਸ਼ੇਸ਼ ਪੁਰਸਕਾਰ ਉਨ੍ਹਾਂ ਦੀ ਵਿੱਤੀ ਪ੍ਰਬੰਧਨ ਅਤੇ ਨਿਵੇਸ਼ ਵਿਚ ਮੁਹਾਰਤ ਦੇ ਮੱਦੇਨਜ਼ਰ ਅਤੇ ਬਰਤਾਨਵੀ ਸਟੀਲ ਉਦਯੋਗ ਵਿਚ ਪਾਏ ਵਿਸ਼ੇਸ਼ ਯੋਗਦਾਨ ਲਈ ਦਿੱਤਾ ਗਿਆ ਹੈ।

## ਫੇਸਬੁੱਕ ਦੇ ਪੰਜ ਕਰੋੜ ਖਾਤਿਆਂ ਦੀ ਸੁਰੱਖਿਆ ਨੂੰ ਲੱਗੀ ਸੰਨ੍ਹ

**ਸੈਨ ਫਰਾਂਸਿਸਕੋ:** ਸੋਸ਼ਲ ਨੈਟਵਰਕਿੰਗ ਸਾਈਟ ਫੇਸਬੁੱਕ ਨੇ ਖੁਲਾਸਾ ਕੀਤਾ ਕਿ ਇਕ ਸੁਰੱਖਿਆ ਖਾਮੀ ਕਾਰਨ ਹੈਕਰਾਂ ਨੇ ਕਰੀਬ 5 ਕਰੋੜ ਫੇਸਬੁੱਕ ਖਾਤਿਆਂ ਨੂੰ ਸੰਨ੍ਹ ਲਾਈ ਹੈ। ਇਸ ਤੋਂ ਬਾਅਦ ਸਾਈਟ ਦੇ ਪਲੇਟਫਾਰਮ ਤੋਂ ਇਕ ਵੱਡੇ ਫੀਚਰ ਨੂੰ ਹਟਾ ਦਿੱਤਾ ਗਿਆ ਹੈ।

ਕੰਪਨੀ ਨੇ ਇਕ ਬਲਾਗ ਪੋਸਟ ਵਿਚ ਕਿਹਾ ਕਿ ਇਸ ਦੀ ਇੰਜੀਨੀਅਰਿੰਗ ਟੀਮ ਨੇ ਫੇਸਬੁੱਕ ਦੇ 'ਵਿਊ ਏਜ' ਫੀਚਰ ਵਿਚ ਖਾਮੀ ਪਾਈ ਹੈ। ਫੇਸਬੁੱਕ ਦੇ ਮੁਖੀ ਮਾਰਕ ਜ਼ੁਕਰਬਰਗ ਨੇ ਕਿਹਾ, "ਅਸੀਂ ਖ਼ਾਮੀ ਨੂੰ ਦੂਰ ਕਰ ਦਿੱਤਾ ਹੈ ਅਤੇ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਨੂੰ ਇਸ ਦੀ ਇਤਲਾਹ ਦਿੱਤੀ ਹੈ।"

# ਬਾਦਲ ਪਰਿਵਾਰ ਦੀ ਚੌਧਰ ਨੂੰ ਚੁਣੌਤੀ !

*(ਸਫ ਇਕ ਦੀ ਬਾਕੀ)*

ਆਗੂਆਂ ਵਲੋਂ ਦਿੱਤੇ ਸੰਕੇਤ ਦੱਸ ਰਹੇ ਹਨ ਕਿ ਆਉਂਦੇ ਦਿਨਾਂ ਵਿਚ ਅਕਾਲੀ ਦਲ ਵਿਚ ਬਾਦਲ ਪਰਿਵਾਰ ਦਾ ਸਿੰਘਾਸਣ ਡੋਲ ਸਕਦਾ ਹੈ। ਇਨ੍ਹਾਂ ਆਗੂਆਂ ਨੇ ਭਾਵੇਂ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਦਾ ਨਾਂ ਤਾਂ ਨਹੀਂ ਲਿਆ ਪਰ ਗੱਲਾਂ-ਗੱਲਾਂ ਵਿਚ ਆਖ ਦਿੱਤਾ ਹੈ ਕਿ ਹੁਣ ਕੁਝ ਕਰਨ ਦਾ ਵੇਲਾ ਹੈ। ਇਨ੍ਹਾਂ ਆਗੂਆਂ ਨੇ ਸਾਫ ਆਖ ਦਿੱਤਾ ਕਿ ਇਸ ਵੇਲੇ ਅਕਾਲੀ ਵਿਚ ਕੁਝ ਵੀ ਚੰਗਾ ਨਹੀਂ ਅਤੇ ਸੁਖਬੀਰ ਸਿੰਘ ਬਾਦਲ ਬਾਰੇ ਤਾਂ ਪੁੱਛੋ ਹੀ ਕੁਝ ਨਾ। ਸ਼੍ਰੋਮਣੀ ਅਕਾਲੀ ਦਲ ਦੇ ਸਰਪ੍ਰਸਤ ਪ੍ਰਕਾਸ਼ ਸਿੰਘ ਬਾਦਲ ਨੂੰ ਸੰਕਟ ਦੀ ਇਸ ਘੜੀ ਵਿਚ ਆਪਣੇ ਪੁੱਤਰ ਦੇ ਬਚਾਅ ਲਈ ਮੈਦਾਨ ਵਿਚ ਨਿੱਤਰਨਾ ਪੈ ਰਿਹਾ ਹੈ। ਢੀਂਡਸਾ ਵਲੋਂ ਕੀਤੇ ਫੈਸਲੇ ਨੂੰ ਬਾਦਲ ਸਭ ਤੋਂ ਵੱਡਾ ਸਿਆਸੀ ਝਟਕਾ ਮੰਨ ਰਹੇ ਹਨ। ਇਸ ਤੋਂ ਪਹਿਲਾਂ ਪਾਰਟੀ ਵਿਚ ਜਦੋਂ ਕਦੇ ਵੀ ਪ੍ਰਕਾਸ਼ ਸਿੰਘ ਬਾਦਲ 'ਤੇ ਸਿਆਸੀ ਸੰਕਟ ਆਇਆ ਤਾਂ ਸੁਖਦੇਵ ਸਿੰਘ ਢੀਂਡਸਾ ਬਾਦਲ ਦੇ ਪੱਖ ਵਿਚ ਖੜ੍ਹਦੇ ਰਹੇ ਹਨ ਅਤੇ ਐਤਕੀਂ ਉਨ੍ਹਾਂ ਸਭ ਤੋਂ ਪਹਿਲਾਂ ਅਸਤੀਫਾ ਦੇ ਕੇ ਨਾਰਾਜ਼ਗੀ ਜ਼ਾਹਿਰ ਕੀਤੀ ਹੈ।

### ਸੀਨੀਅਰ ਆਗੂਆਂ ਵਲੋਂ ਲਾਮਬੰਦੀ

ਸੀਨੀਅਰ ਅਕਾਲੀ ਲੀਡਰ ਹੁਣ 'ਸੁਖਬੀਰ ਮਾਡਲ ਸਿਆਸਤ' ਖਿਲਾਫ ਖੁੱਲ੍ਹ ਕੇ ਬੋਲਣ ਲੱਗੇ ਹਨ। ਹੁਣ ਚਰਚਾ ਹੈ ਕਿ ਟਕਸਾਲੀ ਲੀਡਰ ਪਾਰਟੀ ਨੂੰ ਬਾਦਲ ਪਰਿਵਾਰ ਦੀ ਅਜ਼ਾਰੇਦਾਰੀ ਤੋਂ ਮੁਕਤ ਕਰਾਉਣ ਲਈ ਹੰਭਲਾ ਮਾਰੇ ਰਹੇ ਹਨ। ਸਿਆਸੀ ਵਿਸ਼ਲੇਸ਼ਕ ਮੰਨਦੇ ਹਨ ਕਿ ਯਾਦ ਰਹੇ ਕਿ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਦੌਰਾਨ ਅਕਾਲੀ ਦਲ ਦਾ ਪੰਥਕ ਚਿਹਰਾ ਦਾਗਦਾਰ ਹੋਇਆ ਹੈ।

ਦਰਅਸਲ, ਸੁਖਬੀਰ ਬਾਦਲ ਨੇ ਅਕਾਲੀ ਦਲ ਨੂੰ ਪੰਥਕ ਪਾਰਟੀ ਤੋਂ ਨਿਰੋਲ ਸਿਆਸਤ ਵੱਲ ਧੱਕ ਦਿੱਤਾ ਜਿਥੇ ਸੱਤਾ 'ਤੇ ਜਿੱਤ ਹੀ ਸਭ ਕੁਝ ਹੈ। ਉਸ ਦੀ ਇਸ ਸਿਆਸਤ ਤੋਂ ਸਿੱਖ ਮੁੱਦਿਆਂ ਦੀ ਸਮਝ ਰੱਖ ਵਾਲੇ ਖੁਸ਼ ਨਹੀਂ ਸਨ। ਪਾਰਟੀ ਦੀ ਟਕਸਾਲੀ ਲੀਡਰਸ਼ਿਪ ਨੂੰ ਵੀ 'ਸੁਖਬੀਰ ਮਾਡਲ ਸਿਆਸਤ' ਰਾਸ ਨਹੀਂ ਆ ਰਹੀ ਸੀ ਪਰ ਪਾਰਟੀ ਦੀਆਂ ਸਾਰੀਆਂ ਤਾਕਤਾਂ ਬਾਦਲ ਪਰਿਵਾਰ ਕੋਲ ਹੋਣ ਕਰਕੇ ਕੋਈ ਵੀ ਬੋਲਣ ਦੀ ਹਿੰਮਤ ਨਹੀਂ ਸੀ ਕਰਦਾ। ਜਦੋਂ ਤੋਂ ਸੁਖਬੀਰ ਬਾਦਲ ਦੇ ਹੱਥ ਪਾਰਟੀ ਦੀ ਕਮਾਨ ਆਈ ਹੈ, ਉਦੋਂ ਤੋਂ ਹੀ ਢੀਂਡਸਾ ਸਣੇ ਸਾਰੇ ਟਕਸਾਲੀ ਲੀਡਰ ਖੁਦ ਨੂੰ ਨੁੱਕਰੇ ਲੱਗਿਆ ਮਹਿਸੂਸ ਕਰ ਰਹੇ ਹਨ।

ਪਾਰਟੀ ਵਿਚ ਸੁਖਬੀਰ ਬਾਦਲ ਤੇ ਉਨ੍ਹਾਂ ਦੇ ਰਿਸ਼ਤੇਦਾਰ ਬਿਕਰਮ ਮਜੀਠੀਆ ਦੀ ਹੀ ਤੂਤੀ ਬੋਲਦੀ ਹੈ। ਹੁਣ ਤਾਂ ਹਾਲਾਤ ਇਹ ਹੋ ਗਏ ਸੀ ਕਿ ਪ੍ਰਕਾਸ਼ ਸਿੰਘ ਬਾਦਲ ਵੀ ਸੀਨੀਅਰ ਲੀਡਰਾਂ ਨੂੰ ਕਹਿ ਦਿੰਦੇ ਹਨ ਕਿ ਸੁਖਬੀਰ ਬਾਦਲ ਕੋਲ ਜਾਓ। ਟਕਸਾਲੀ ਲੀਡਰ ਇਸ ਗੱਲੋਂ ਵੀ ਦੁਖੀ ਹਨ ਕਿ ਜਦੋਂ ਵੀ ਕੋਈ ਪੰਥਕ ਸੰਕਟ ਆਉਂਦਾ ਹੈ ਤਾਂ ਉਨ੍ਹਾਂ ਨੂੰ ਅੱਗੇ ਕਰ ਦਿੱਤਾ ਜਾਂਦਾ ਹੈ; ਉਂਜ, ਉਨ੍ਹਾਂ ਨੂੰ ਅਣਗੌਲਿਆ ਕੀਤਾ ਜਾਂਦਾ ਹੈ। ਉਹ ਵਾਰ-ਵਾਰ ਪੰਥਕ ਮੁੱਦਿਆਂ 'ਤੇ ਸਲਾਹ ਦਿੰਦੇ ਹਨ ਪਰ ਉਨ੍ਹਾਂ ਦੀ ਗੱਲ ਵੱਲ ਧਿਆਨ ਹੀ ਨਹੀਂ ਦਿੱਤਾ ਜਾਂਦਾ।

## ਬੰਗਲਾਦੇਸ਼ ਦੇ ਸਾਬਕਾ ਚੀਫ ਜਸਟਿਸ ਨੇ ਅਮਰੀਕਾ 'ਚ ਪਨਾਹ ਮੰਗੀ

**ਢਾਕਾ:** ਬੰਗਲਾਦੇਸ਼ ਦੇ ਸਾਬਕਾ ਚੀਫ ਜਸਟਿਸ ਐਸ.ਕੇ. ਸਿਨਹਾ ਨੇ ਅਮਰੀਕਾ 'ਚ ਸਿਆਸੀ ਸ਼ਰਨ ਮੰਗੀ ਹੈ। ਉਨ੍ਹਾਂ ਵਾਸ਼ਿੰਗਟਨ ਵਿਚ ਆਪਣੀ ਕਿਤਾਬ 'ਏ ਬਰੋਕਨ ਡਰੀਮ' ਦੇ ਲੋਕ ਅਰਪਣ ਸਮਾਰੋਹ ਦੌਰਾਨ ਕਿਹਾ ਕਿ ਉਹ ਬੰਗਲਾਦੇਸ਼ 'ਚ ਇਕ ਰਫ਼ਿਊਜੀ ਤੋਂ ਵੱਧ ਕੇ ਕੁਝ ਵੀ ਨਹੀਂ ਹਨ।

ਇਸ ਸਮਾਰੋਹ ਦੀ ਪ੍ਰਧਾਨਗੀ ਬੰਗਲਾਦੇਸ਼ ਦੇ ਸਾਬਕਾ ਅਮਰੀਕੀ ਰਾਜਦੂਤ ਵਿਲੀਅਮ ਬੀ. ਮਿਲਾਲ ਵੱਲੋਂ ਕੀਤੀ ਗਈ। ਬੰਗਲਾਦੇਸ਼ ਦੇ ਪਹਿਲੇ ਗੈਰ ਮੁਸਲਮਾਨ ਚੀਫ ਜਸਟਿਸ ਸਿਨਹਾ ਨੇ ਪਿਛਲੇ ਸਾਲ 13 ਅਕਤੂਬਰ ਨੂੰ ਆਸਟਰੇਲੀਆ ਜਾਣ ਸਮੇਂ ਦੇਸ਼ ਛੱਡਿਆ ਸੀ। ਉਸ ਤੋਂ ਬਾਅਦ ਉਨ੍ਹਾਂ ਨੇ 10 ਨਵੰਬਰ ਨੂੰ ਆਪਣਾ ਅਸਤੀਫਾ ਭੇਜ ਦਿੱਤਾ ਸੀ, ਜੋ ਕਿ ਰਾਸ਼ਟਰਪਤੀ ਵੱਲੋਂ 14 ਨਵੰਬਰ ਨੂੰ ਮਨਜ਼ੂਰ ਕੀਤਾ ਗਿਆ ਸੀ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਵਰਿੰਦਰ ਕੌਰ ਗਿੱਲ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਲਜ਼ਾਰ ਸਿੰਘ ਮੁਲਤਾਨੀ
ਅਵਤਾਰ ਸਿੰਘ ਸਪਰਿੰਗਫੀਲਡ

# ਸੁਖਦੇਵ ਸਿੰਘ ਢੀਂਡਸਾ ਨੇ ਦਿੱਤਾ ਬਾਦਲਾਂ ਨੂੰ ਝਟਕਾ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੇ ਸਕੱਤਰ ਜਨਰਲ ਸੁਖਦੇਵ ਸਿੰਘ ਢੀਂਡਸਾ ਨੇ ਪਾਰਟੀ ਦੇ ਸਾਰੇ ਅਹੁਦਿਆਂ ਤੋਂ ਅਸਤੀਫਾ ਦੇ ਦਿੱਤਾ ਹੈ। ਪਾਰਟੀ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਲਿਖੇ ਪੱਤਰ ਰਾਹੀਂ ਕਿਹਾ ਹੈ ਕਿ ਉਹ ਇਕ ਮੈਂਬਰ ਵਜੋਂ ਕੰਮ ਕਰਦੇ ਰਹਿਣਗੇ। ਸੀਨੀਅਰ ਅਕਾਲੀ ਆਗੂ ਦਾ ਅਸਤੀਫਾ ਬਾਦਲ ਪਰਿਵਾਰ ਲਈ ਇਕ ਵੱਡਾ ਝਟਕਾ ਮੰਨਿਆ ਜਾ ਰਿਹਾ ਹੈ। ਸ੍ਰੀ ਢੀਂਡਸਾ ਪਾਰਟੀ ਦੀ ਕੋਰ ਕਮੇਟੀ ਦੇ ਮੈਂਬਰ ਵੀ ਸਨ ਤੇ ਇਸ ਸਮੇਂ ਸਭ ਤੋਂ ਸੀਨੀਅਰ ਤੇ ਪ੍ਰਭਾਵਸ਼ਾਲੀ ਆਗੂਆਂ ਵਿਚ ਸ਼ੁਮਾਰ ਹਨ।

ਸੂਤਰਾਂ ਦਾ ਦੱਸਣਾ ਹੈ ਕਿ ਅਸਤੀਫਾ ਦੇਣ ਤੋਂ ਕੁਝ ਦਿਨ ਪਹਿਲਾਂ ਉਨ੍ਹਾਂ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨਾਲ ਪਿੰਡ ਬਾਦਲ ਵਿਚ ਜਾ ਕੇ ਖਾਸ ਤੌਰ 'ਤੇ ਮੀਟਿੰਗ ਕੀਤੀ ਸੀ। ਉਨ੍ਹਾਂ ਅਸਤੀਫਾ ਦੇਣ ਦਾ ਕਾਰਨ ਭਾਵੇਂ ਸਿਹਤ ਠੀਕ ਨਾ ਹੋਣਾ ਦੱਸਿਆ ਹੈ ਪਰ ਪਾਰਟੀ ਹਲਕਿਆਂ ਦਾ ਮੰਨਣਾ ਹੈ ਕਿ ਢੀਂਡਸਾ ਦੇ ਦੋਵੇਂ ਬਾਦਲਾਂ ਨਾਲ ਸਬੰਧਾਂ ਵਿਚ ਪਿਛਲੇ ਸਮੇਂ ਤੋਂ ਖਟਾਸ ਚੱਲ ਰਹੀ ਸੀ। ਬਰਗਾੜੀ ਅਤੇ ਕੋਟਕਪੂਰਾ ਕਾਂਡ ਦੀ ਪੜਤਾਲੀਆ ਰਿਪੋਰਟ ਤੋਂ ਚੁਫੇਰਿਉਂ ਘਿਰੇ ਅਕਾਲੀ ਦਲ ਲਈ ਇਹ ਵੱਡਾ ਰਾਜਸੀ ਸੰਕਟ ਮੰਨਿਆ ਜਾ ਰਿਹਾ ਹੈ। ਸ੍ਰੀ ਢੀਂਡਸਾ ਰਾਜ ਸਭਾ ਦੇ ਮੈਂਬਰ ਵੀ ਹਨ ਜਿਸ ਦੀ ਮਿਆਦ ਜੁਲਾਈ 2022 ਵਿਚ ਪੂਰੀ ਹੋਣੀ ਹੈ। ਉਨ੍ਹਾਂ ਦਾ ਪੁੱਤਰ ਪਰਮਿੰਦਰ ਸਿੰਘ ਢੀਂਡਸਾ ਲਹਿਰਾਗਾਗਾ ਵਿਧਾਨ ਸਭਾ ਹਲਕੇ ਤੋਂ ਵਿਧਾਇਕ ਹੈ। ਪਾਰਟੀ ਸੂਤਰਾਂ ਦਾ ਦੱਸਣਾ ਹੈ ਕਿ ਸ਼੍ਰੋਮਣੀ ਅਕਾਲੀ ਦਲ ਦੇ ਸਾਲ 2017 ਦੀਆਂ ਵਿਧਾਨ ਸਭਾ ਚੋਣਾਂ ਵਿਚ ਨਮੋਸ਼ੀ ਭਰੀ ਹਾਰ ਤੋਂ ਬਾਅਦ ਹੀ ਟਕਸਾਲੀ ਆਗੂਆਂ ਨੇ ਸੁਖਬੀਰ ਬਾਦਲ ਦੀ ਲੀਡਰਸ਼ਿਪ ਉਤੇ ਸਵਾਲ ਖੜ੍ਹੇ ਕਰਨੇ ਸ਼ੁਰੂ ਕਰ ਦਿੱਤੇ ਸਨ।

ਵੱਡੇ ਬਾਦਲ ਨੇ ਕੋਰ ਕਮੇਟੀ ਦੀਆਂ ਮੀਟਿੰਗਾਂ ਦੌਰਾਨ ਸਰਗਰਮ ਸਿਆਸਤ ਤੋਂ ਕਿਨਾਰਾ ਕਰਨ ਦਾ ਐਲਾਨ ਕੀਤਾ ਸੀ ਤੇ ਪਾਰਟੀ ਦੀ ਵਾਗਡੋਰ ਪੂਰੀ ਤਰ੍ਹਾਂ ਸੁਖਬੀਰ ਸਿੰਘ ਬਾਦਲ ਅਤੇ ਉਨ੍ਹਾਂ ਦੇ ਕਰੀਬੀ ਰਿਸ਼ਤੇਦਾਰ ਬਿਕਰਮ ਸਿੰਘ ਮਜੀਠੀਆ ਦੇ ਹੱਥ ਹੀ ਮੰਨੀ ਜਾਂਦੀ ਹੈ। ਇਸ ਕਰ



ਕੇ ਟਕਸਾਲੀ ਨੇਤਾ ਨੁੱਕਰੇ ਲੱਗੇ ਮਹਿਸੂਸ ਕਰ ਰਹੇ ਸਨ। ਚੰਡੀਗੜ੍ਹ ਵਿਚ ਹੋਈਆਂ ਕਈ ਗ਼ੈਰ-ਰਸਮੀ ਮੀਟਿੰਗਾਂ ਦੌਰਾਨ ਇਨ੍ਹਾਂ ਨੁਕਤਿਆਂ 'ਤੇ ਚਰਚਾ ਵੀ ਹੋ ਚੁੱਕੀ ਹੈ। ਇਸ ਮੁੱਦੇ ਉਤੇ ਵੀ ਚਰਚਾ ਹੋਈ ਸੀ ਕਿ ਜਦੋਂ ਸੀਨੀਅਰ ਲੀਡਰਸ਼ਿਪ ਦਾ ਮੁੱਦਾ ਵਿਚਾਰਨ ਦੀ ਨੌਬਤ ਆਉਂਦੀ ਹੈ ਤਾਂ ਵੱਡੇ ਬਾਦਲ ਛੋਟੇ ਬਾਦਲ ਨਾਲ ਵਿਚਾਰ ਕਰਨ ਦੀ ਨਸੀਹਤ ਦੇ ਛੱਡਦੇ ਹਨ ਤੇ ਜਦੋਂ ਸੁਖਬੀਰ ਲਈ ਚੁਣੌਤੀਆਂ ਦਾ ਸਮਾਂ ਆਉਂਦਾ ਹੈ ਤਾਂ ਉਹ ਝੱਟ ਸੰਕਟ ਮੋਚਕ ਬਣ ਕੇ ਮੈਦਾਨ ਵਿਚ ਨਿੱਤਰ ਆਉਂਦੇ ਹਨ। ਪਾਰਟੀ ਲੀਡਰਸ਼ਿਪ ਮਹਿਸੂਸ ਕਰ ਰਹੀ ਹੈ ਕਿ ਵੱਡੇ ਬਾਦਲ ਸਿਰਫ ਸੁਖਬੀਰ ਦੇ ਪਿਤਾ ਵਾਲੀ ਭੂਮਿਕਾ ਨਿਭਾਉਂਦੇ ਹਨ ਨਾ ਕਿ ਸੀਨੀਅਰ ਨੇਤਾ ਤੇ ਪਾਰਟੀ ਦੇ ਸੰਕਟ ਦਾ ਨਿਵਾਰਨ ਲਈ। ਇਹ ਵੀ ਦੇਖਿਆ ਗਿਆ ਹੈ ਕਿ ਜਦੋਂ ਪਾਰਟੀ ਸਿਆਸੀ ਸੰਕਟ ਵਿਚ ਘਿਰਦੀ ਹੈ ਤਾਂ ਟਕਸਾਲੀ ਨੇਤਾਵਾਂ ਨੂੰ ਮੂਹਰੇ ਲਾ ਦਿੱਤਾ ਜਾਂਦਾ ਹੈ ਤੇ ਆਮ ਹਾਲਾਤ ਵਿਚ ਹਰ ਥਾਂ ਬਾਦਲ ਪਰਿਵਾਰ ਹੀ ਮੋਹਰੀ ਹੁੰਦਾ ਹੈ।

ਪੰਜਾਬ ਵਿਧਾਨ ਸਭਾ ਵਿਚ 28 ਅਗਸਤ ਨੂੰ ਅਕਾਲੀ-ਭਾਜਪਾ ਸ਼ਾਸਨ ਦੌਰਾਨ ਵਾਪਰੀਆਂ ਘਟਨਾਵਾਂ (ਬਰਗਾੜੀ, ਬਹਿਬਲ ਕਲਾਂ ਅਤੇ ਕੋਟਕਪੂਰਾ ਗੋਲੀ ਕਾਂਡ) ਦੀ ਪੜਤਾਲੀਆ ਕਮਿਸ਼ਨ ਜਸਟਿਸ (ਸੇਵਾ ਮੁਕਤ) ਰਣਜੀਤ ਸਿੰਘ ਵੱਲੋਂ ਪੇਸ਼ ਕੀਤੀ ਰਿਪੋਰਟ ਉਪਰ ਬਹਿਸ ਹੋਣ ਤੋਂ ਬਾਅਦ ਅਕਾਲੀ ਦਲ ਚੁਫੇਰਿਉਂ ਘਿਰਿਆ ਮਹਿਸੂਸ ਕਰ ਰਿਹਾ ਹੈ ਤੇ ਪਾਰਟੀ ਵਰਕਰਾਂ ਦਾ ਮਨੋਬਲ ਉਚਾ ਚੁੱਕਣ ਲਈ ਅਕਾਲੀ ਦਲ ਨੇ ਟਕਰਾਅ ਪੂਰਨ ਰੈਲੀਆਂ ਦਾ ਸਹਾਰਾ ਲੈਣਾ ਸ਼ੁਰੂ ਕੀਤਾ ਹੈ। ਇਸ ਤੋਂ ਪਹਿਲਾਂ ਅਬੋਹਰ ਅਤੇ ਫਰੀਦਕੋਟ ਵਿਚ ਰੈਲੀਆਂ ਕੀਤੀਆਂ ਜਾ ਚੁੱਕੀਆਂ ਹਨ। ਇਨ੍ਹਾਂ ਦੋਹਾਂ ਰੈਲੀਆਂ ਵਿਚ ਸ੍ਰੀ ਢੀਂਡਸਾ ਦੀ ਗੈਰਹਾਜ਼ਰੀ ਰੜਕਦੀ ਰਹੀ ਹੈ। ਇਸੇ ਤਰ੍ਹਾਂ 7 ਅਕਤੂਬਰ ਨੂੰ ਅਕਾਲੀ ਦਲ ਨੇ ਪਟਿਆਲਾ ਵਿਚ ਰੈਲੀ ਰੱਖੀ ਹੈ। ਇਸ ਰੈਲੀ ਤੋਂ ਹਫਤਾ ਪਹਿਲਾਂ ਇੱਕ ਸੀਨੀਅਰ ਆਗੂ ਵੱਲੋਂ ਦਿੱਤਾ ਅਸਤੀਫਾ ਅਕਾਲੀ ਦਲ ਲਈ ਇਕ ਹੋਰ ਨਮੋਸ਼ੀ ਦਾ ਆਧਾਰ ਬਣ ਸਕਦਾ ਹੈ। ਲੋਕ ਸਭਾ ਚੋਣਾਂ ਸਿਰ 'ਤੇ ਹੋਣ ਕਾਰਨ ਸਿਆਸੀ ਤੌਰ ਉਤੇ ਨੁਕਸਾਨਦੇਹ ਵੀ ਹੋ ਸਕਦੀ ਹੈ।

### ਢੀਂਡਸਾ ਦੇ ਅਸਤੀਫੇ ਦੀ ਇਬਾਰਤ

ਸੁਖਦੇਵ ਸਿੰਘ ਢੀਂਡਸਾ ਨੇ ਅਸਤੀਫੇ ਰਾਹੀਂ ਕਿਹਾ ਹੈ ''ਮੈਂ ਪਿਛਲੇ 6 ਦਹਾਕਿਆਂ ਤੋਂ ਪੰਥ ਨੂੰ ਸਮਰਪਿਤ ਰਿਹਾ ਹਾਂ ਤੇ ਪਾਰਟੀ ਨੇ ਮੈਨੂੰ ਹਮੇਸ਼ਾ ਸਤਿਕਾਰ ਦਿੱਤਾ ਹੈ। ਮੈਂ ਰਾਜਸੀ ਜੀਵਨ ਵਿੱਚ ਜਨਤਕ ਮੁੱਦਿਆਂ 'ਤੇ ਸੰਘਰਸ਼ ਦੌਰਾਨ ਕਈ ਵਾਰੀ ਜੇਲ੍ਹ ਵੀ ਗਿਆ ਤੇ ਸੰਤ ਹਰਚੰਦ ਸਿੰਘ ਲੌਂਗੋਵਾਲ ਅਤੇ ਪ੍ਰਕਾਸ਼ ਸਿੰਘ ਬਾਦਲ ਵਰਗੀਆਂ ਸ਼ਖ਼ਸੀਅਤਾਂ ਦੀ ਰਹਿਨੁਮਾਈ ਮਿਲੀ। ਮੈਨੂੰ ਮਾਨਸਿਕ ਤੇ ਸਰੀਰਕ ਤੌਰ 'ਤੇ ਮਹਿਸੂਸ ਹੁੰਦਾ ਹੈ ਹੁਣ ਮੈਂ ਸਰਗਰਮ ਸਿਆਸਤ ਦੇ ਖੇਤਰ ਵਿੱਚ ਆਪਣੀ ਪਾਰੀ ਮੁਕਾ ਲਈ ਤੇ ਮੇਰੀ ਸਿਹਤ ਵੀ ਇਜਾਜ਼ਤ ਨਹੀਂ ਦਿੰਦੀ। ਇਸ ਲਈ ਮੈਂ ਪਾਰਟੀ ਦੇ ਸਮੁੱਚੇ ਅਹੁਦਿਆਂ ਤੋਂ ਅਸਤੀਫ਼ਾ ਦਿੰਦਾ ਹੋਇਆ ਪਾਰਟੀ ਦਾ ਵਫ਼ਾਦਾਰ ਮੈਂਬਰ ਬਣੇ ਰਹਿਣ ਦਾ ਮਾਣ ਮਹਿਸੂਸ ਕਰਦਾ ਰਹਾਂਗਾ।''

### ਯੂਨਾਈਟਿਡ ਸਿੱਖ ਮੂਵਮੈਂਟ ਵੱਲੋਂ ਸਵਾਗਤ

ਯੂਨਾਈਟਿਡ ਸਿੱਖ ਮੂਵਮੈਂਟ ਦੇ ਆਗੂਆਂ ਡਾ. ਭਗਵਾਨ ਸਿੰਘ, ਕੈਪਟਨ ਚੰਨਣ ਸਿੰਘ, ਗੁਰਨਾਮ ਸਿੰਘ ਸਿੱਧੂ ਅਤੇ ਹਰਪ੍ਰੀਤ ਸਿੰਘ ਨੇ ਕਿਹਾ ਹੈ ਕਿ ਜੇ ਸੁਖਦੇਵ ਸਿੰਘ ਢੀਂਡਸਾ ਨੇ ਇਹ ਮੰਨ ਕੇ ਅਸਤੀਫਾ ਦਿੱਤਾ ਹੈ ਕਿ ਬੇਅਦਬੀ ਅਤੇ ਬਹਿਬਲ ਕਲਾਂ ਕਾਂਡ ਦੇ ਦੋਸ਼ੀਆਂ ਨਾਲ ਹੋਰ ਸਾਂਝ ਨਹੀਂ ਰੱਖਣੀ ਚਾਹੀਦੀ ਤਾਂ ਉਹ ਉਨ੍ਹਾਂ ਦੇ ਫ਼ੈਸਲੇ ਦਾ ਸੁਆਗਤ ਕਰਦੇ ਹਾਂ, ਬੇਸ਼ੱਕ ਉਨ੍ਹਾਂ ਵੱਲੋਂ ਇਹ ਕਦਮ ਪਹਿਲਾਂ ਚੁੱਕਿਆ ਜਾਣਾ ਚਾਹੀਦਾ ਸੀ।

ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਣ ਵਾਲਾ ਕੋਈ ਵੀ ਸਿੱਖ ਪੰਥ ਦੋਖੀ ਬਾਦਲਾਂ ਨਾਲ ਨਹੀਂ ਚੱਲ ਸਕਦਾ।

## ਕੈਪਟਨ ਦੀ ਵੀਡੀਓ ਵਾਇਰਲ ਕਰਨ ਵਾਲਿਆਂ ਨੂੰ ਘੇਰਾ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਇਕ ਵੀਡੀਓ ਨੂੰ ਤੋੜ-ਮਰੋੜ ਕੇ ਅਤੇ ਮੰਦਭਾਵਨਾ ਨਾਲ ਸੋਸ਼ਲ ਮੀਡੀਆ ਉਤੇ ਵਾਇਰਲ ਕਰਨ ਦੇ ਦੋਸ਼ ਵਿਚ ਪੰਜਾਬ ਪੁਲਿਸ ਦੇ ਸਾਈਬਰ ਸੈੱਲ ਨੇ ਆਈ.ਪੀ.ਸੀ. ਅਤੇ ਆਈ.ਟੀ. ਐਕਟ ਦੀਆਂ ਧਾਰਾਵਾਂ ਅਧੀਨ ਕੇਸ ਦਰਜ ਕੀਤਾ ਹੈ। ਪੰਜਾਬ ਪੁਲਿਸ ਦੇ ਇਕ ਬੁਲਾਰੇ ਨੇ ਦੱਸਿਆ ਕਿ ਇਹ ਕੇਸ ਅਣਪਛਾਤੇ ਵਿਅਕਤੀਆਂ ਖ਼ਿਲਾਫ ਦਰਜ ਕੀਤਾ ਗਿਆ ਹੈ ਅਤੇ ਮੁੱਢਲੀ ਜਾਂਚ ਵਿਚ ਇਹ ਸਾਹਮਣੇ ਆਇਆ ਹੈ ਕਿ ਇਕ ਅਣਪਛਾਤਾ ਵਿਅਕਤੀ ਜਿਸ ਦਾ ਯੂਜ਼ਰ ਨੇਮ ਹਰਸ਼ ਸੋਫਤ ਹੈ, ਵੱਲੋਂ ਤੋੜ-ਮਰੋੜ ਕੇ ਵੀਡੀਓ ਅੱਪਲੋਡ ਕੀਤੀ ਗਈ ਹੈ।

ਪੁਲਿਸ ਨੇ ਇਸ ਵੀਡੀਓ ਨੂੰ ਸਮੁੱਚੀਆਂ ਸੋਸ਼ਲ ਮੀਡੀਆ ਸਾਈਟਸ ਤੋਂ ਹਟਾਉਣ ਲਈ ਵੀ ਯਤਨ ਅਰੰਭ ਦਿੱਤੇ ਹਨ। ਵੀਡੀਓ ਵਿਚ ਜਾਣਬੁੱਝ ਕੇ ਮੁੱਖ ਮੰਤਰੀ ਦੀ ਆਵਾਜ਼ ਦੀ ਗਤੀ ਨੂੰ ਘਟਾ ਦਿੱਤਾ ਗਿਆ ਹੈ ਤਾਂ ਜੋ ਇਹ ਪ੍ਰਭਾਵ ਦਿੱਤਾ ਜਾ ਸਕੇ ਕਿ ਉਹ ਕਿਸੇ ਨਸ਼ੇ ਦੇ ਪ੍ਰਭਾਵ ਵਿਚ ਹਨ।

### ਲੈਂਡਿੰਗ ਵੇਲੇ ਝੀਲ 'ਚ ਡਿੱਗਿਆ ਜਹਾਜ

**ਜਾਨ ਮਜ਼ੂਰੋ (ਮਾਰਸ਼ਲ ਦੀਪ ਸਮੂਹ):** ਨਿਊਜ਼ੀਲੈਂਡ ਦੇ ਪ੍ਰਸ਼ਾਂਤ ਦੀਪ 'ਤੇ ਮੁਸਾਫਰ ਜਹਾਜ ਲੈਂਡ ਕਰਦੇ ਸਮੇਂ ਰਨਵੇਅ ਤੋਂ ਅੱਗੇ ਨਿਕਲ ਕੇ ਝੀਲ 'ਚ ਡਿੱਗ ਗਿਆ ਤੇ ਮੁਸਾਫਰਾਂ ਨੇ ਤੈਰ ਕੇ ਆਪਣੀ ਜਾਨ ਬਚਾਈ। ਏਅਰ ਨਿਊਗਿਨੀ ਦੇ ਬੋਇੰਗ 737-800 ਜਹਾਜ ਨਾਲ ਇਹ ਹਾਦਸਾ ਵਾਪਰਿਆ। ਜਹਾਜ ਦੇ ਮੁਸਾਫਰ ਤੇ ਕਰੂ ਮੈਂਬਰ ਸੁਰੱਖਿਅਤ ਹਨ।

# ਹਾਈ ਕੋਰਟ ਦੀ ਘੂਰੀ ਪਿੱਛੋਂ ਬਾਦਲਾਂ ਦੀਆਂ ਬੱਸਾਂ ਨੂੰ ਖੂੰਜੇ ਲਾਉਣ ਦੀ ਤਿਆਰੀ

**ਬਠਿੰਡਾ:** ਬਾਦਲ ਪਰਿਵਾਰ ਦੀ ਬੱਸ ਸੇਵਾ ਦੇ ਲੰਮੇ ਰੂਟ ਹੁਣ ਮੁੱਠੀ 'ਚ ਬੰਦ ਹੋਣਗੇ। ਅਕਾਲੀ ਰਾਜ ਦੌਰਾਨ ਬਾਦਲਾਂ ਦੇ ਬੱਸ ਰੂਟਾਂ 'ਚ ਕ੍ਰਿਸ਼ਮਈ ਵਾਧਾ ਹੋਇਆ ਸੀ। ਜਿਵੇਂ ਜਿਵੇਂ ਵੱਡਿਆਂ ਦੇ ਬੱਸ ਰੂਟ ਫੈਲਦੇ ਗਏ, ਜਨਤਕ ਟਰਾਂਸਪੋਰਟ ਦੀ ਕਮਾਈ ਸੁੰਗੜਦੀ ਗਈ। ਸੁਪਰੀਮ ਕੋਰਟ ਤੇ ਹਾਈ ਕੋਰਟ ਤੋਂ ਗੈਰਕਾਨੂੰਨੀ ਪਰਮਿਟਾਂ ਖਿਲਾਫ ਫੈਸਲੇ ਵੀ ਆ ਗਏ।

ਕੈਪਟਨ ਸਰਕਾਰ ਦੀ ਨਵੀਂ ਟਰਾਂਸਪੋਰਟ ਨੀਤੀ ਡੇਢ ਵਰ੍ਹੇ ਤੋਂ ਕਿਸੇ ਤਣ ਪੱਤਣ ਨਹੀਂ ਲੱਗ ਰਹੀ। ਜਦੋਂ ਹੁਣ ਹਾਈ ਕੋਰਟ 'ਚ ਅਗਲੀ ਪੇਸ਼ੀ 10 ਅਕਤੂਬਰ ਨੂੰ ਹੈ ਤਾਂ ਉਸ ਤੋਂ ਪਹਿਲਾਂ ਟਰਾਂਸਪੋਰਟ ਮਹਿਕਮਾ ਵੱਡਿਆਂ ਦੀ ਗੱਡੀ ਸੜਕ ਤੋਂ ਭੁੰਜੇ ਲਾਹੁਣ ਦੇ ਰਾਹ ਪਿਆ ਹੈ। ਸੱਚਮੁੱਚ ਗੱਲ ਕਿਸੇ ਸਿਰੇ ਲੱਗੀ ਤਾਂ ਸਭ ਤੋਂ ਵੱਡੀ ਸੱਟ ਬਾਦਲਾਂ ਦੀ ਬੱਸ ਕੰਪਨੀਆਂ ਵੱਜੇਗੀ। ਪ੍ਰਮੁੱਖ ਟਰਾਂਸਪੋਰਟ ਸਕੱਤਰ ਨੇ 25 ਸਤੰਬਰ ਨੂੰ ਇਕ ਉਚ ਪੱਧਰੀ ਮੀਟਿੰਗ ਕੀਤੀ ਹੈ ਜਿਸ 'ਚ ਫੈਸਲਾ ਹੋਇਆ ਹੈ ਕਿ ਜੋ ਨਵੇਂ ਸਾਂਝੇ ਟਾਈਮ ਟੇਬਲ ਬਣਨਗੇ, ਉਨ੍ਹਾਂ ਵਿਚ ਗੈਰਕਾਨੂੰਨੀ ਤੌਰ ਉਤੇ ਵਧਾਏ ਬੱਸ ਰੂਟਾਂ ਤੇ ਪਰਮਿਟਾਂ ਨੂੰ ਆਊਟ ਕੀਤਾ ਜਾਣਾ ਹੈ ਜਿਸ ਤੋਂ ਸਾਫ ਹੈ ਕਿ ਔਰਬਿਟ ਤੇ ਡੱਬਵਾਲੀ ਬੱਸ ਕੰਪਨੀ ਦੇ ਕਰੀਬ 50 ਫੀਸਦੀ ਲੰਬਾਈ ਵਾਲੇ ਰੂਟ ਉੱਡ ਜਾਣਗੇ।

ਪੰਜਾਬ ਭਰ 'ਚ ਰਿਜਨਲ ਟਰਾਂਸਪੋਰਟ ਅਥਾਰਿਟੀਜ਼ ਨੇ ਗੈਰਕਾਨੂੰਨੀ ਐਲਾਨੇ ਕਰੀਬ 7531 ਪਰਮਿਟਾਂ ਨੂੰ ਕੈਂਸਲ ਕਰਨ ਲਈ ਨੋਟਿਸ ਜਾਰੀ ਕਰਨ ਦੀ ਪ੍ਰਕਿਰਿਆ ਸ਼ੁਰੂ ਕੀਤੀ ਹੈ ਜੋ ਕਰੀਬ 100 ਬੱਸ ਕੰਪਨੀਆਂ ਦੇ ਹਨ। ਹੁਣ ਤੱਕ ਪ੍ਰਕਿਰਿਆ ਕੀੜੀ ਚਾਲ ਚੱਲਦੀ ਰਹੀ ਹੈ। ਹਾਈ ਕੋਰਟ ਦੇ ਡੰਡੇ ਕਰਕੇ ਟਰਾਂਸਪੋਰਟ ਅਫਸਰਾਂ ਹੁਣ ਅੱਗੇ ਵਧੇ ਹਨ। ਟਰਾਂਸਪੋਰਟ ਵਿਭਾਗ ਨੇ ਕਰੀਬ 684 ਪਰਮਿਟ ਕੈਂਸਲ ਕਰਨੇ ਹਨ ਜਿਨ੍ਹਾਂ 'ਤੇ ਰੂਟ ਪਰਮਿਟਾਂ ਵਿਚ 1840 ਵਾਧੇ ਹੋਏ ਹਨ ਜਿਨ੍ਹਾਂ ਵਿਚ 50 ਫੀਸਦੀ ਵਾਧੇ ਇਕੱਲੇ ਬਾਦਲ ਪਰਿਵਾਰ ਦੀਆਂ ਬੱਸ ਕੰਪਨੀਆਂ ਦੇ ਹਨ। ਰਿਜਨਲ ਟਰਾਂਸਪੋਰਟ ਅਥਾਰਿਟੀ ਪਟਿਆਲਾ ਨੇ 26 ਸਤੰਬਰ ਨੂੰ ਪੀ.ਆਰ.ਟੀ.ਸੀ ਅਤੇ ਪੰਜਾਬ ਰੋਡਵੇਜ਼ ਦੇ 9 ਡਿਪੂਆਂ ਦੇ ਜਨਰਲ ਮੈਨੇਜਰਾਂ ਨੂੰ ਪੱਤਰ ਲਿਖਿਆ ਹੈ ਕਿ ਜੋ ਨਵੇਂ ਸਾਂਝੇ ਟਾਈਮ ਟੇਬਲ ਬਣਨੇ ਹਨ, ਉਨ੍ਹਾਂ ਵਿਚ ਸਿਰਫ ਉਨ੍ਹਾਂ ਪਰਮਿਟਾਂ ਨੂੰ ਹੀ ਜਗ੍ਹਾ ਦਿੱਤੀ ਜਾਵੇ ਜਿਨ੍ਹਾਂ ਦੀ ਐਕਸਟੈਂਸ਼ਨ ਇਕ ਵਾਰ ਤੋਂ ਵੱਧ (24 ਕਿਲੋਮੀਟਰ) ਨਾ ਹੋਈ ਹੋਵੇ। ਟਰਾਂਸਪੋਰਟ ਵਿਭਾਗ ਨੇ ਨਵੇਂ ਸਾਂਝੇ ਟਾਈਮ ਟੇਬਲ ਬਣਾਉਣ ਦੇ ਅਧਿਕਾਰ ਪੀ.ਆਰ.ਟੀ.ਸੀ. ਦੇ ਟਾਈਮ ਟੇਬਲ ਇੰਸਪੈਕਟਰ ਨੂੰ ਦੇ ਦਿੱਤੇ ਹਨ। ਟਾਈਮ ਟੇਬਲ ਇੰਸਪੈਕਟਰ ਸਮਾਂ ਸੂਚੀ ਫਰੇਮ ਕਰੇਗਾ ਅਤੇ ਟਰਾਂਸਪੋਰਟ ਵਿਭਾਗ ਉਸ ਨੂੰ ਅਪਰੂਵ ਕਰੇਗਾ। ਸਾਂਝੇ ਟਾਈਮ ਟੇਬਲ ਵਿਚ 'ਇਕ ਬੱਸ ਇਕ ਪਰਮਿਟ' ਨੀਤੀ ਅਮਲ ਵਿਚ ਲਿਆਂਦੀ ਜਾ ਰਹੀ ਹੈ। ਹਰ ਟਾਈਮ ਉਤੇ ਇਕ ਪਰਮਿਟ ਤੇ ਇਕ ਬੱਸ ਦੇ ਨੰਬਰ ਦਾ ਇੰਦਰਾਜ ਹੋਵੇਗਾ।

ਮੋਟਰ ਵਹੀਕਲ ਐਕਟ ਅਨੁਸਾਰ ਇਕ ਬੱਸ ਪਰਮਿਟ ਦੇ ਰੂਟ ਵਿਚ ਸਿਰਫ ਇਕ ਵਾਰ ਐਕਸਟੈਂਸ਼ਨ ਕਰ ਕੇ 24 ਕਿਲੋਮੀਟਰ ਦਾ ਵਾਧਾ ਕੀਤਾ ਜਾ ਸਕਦਾ ਹੈ ਪਰ ਵੱਡੇ ਘਰਾਣਿਆਂ ਦੀਆਂ




ਬੱਸਾਂ ਨੇ ਨਿਯਮਾਂ ਤੋਂ ਉਲਟ ਕਈ ਕਈ ਵਾਰ ਰੂਟਾਂ ਵਿਚ ਵਾਧਾ ਕਰ ਲਿਆ ਹੈ। ਕਾਂਗਰਸੀ ਲੀਡਰਾਂ ਦੀਆਂ ਬੱਸਾਂ ਨੂੰ ਵੀ ਮਾਰ ਪਵੇਗੀ। ਬਾਦਲਾਂ ਵੱਲੋਂ ਵਧਾਏ ਰੂਟਾਂ ਦਾ ਨਮੂਨਾ ਦੇਖੋ। ਇਸ ਘਰਾਣੇ ਕੋਲ ਇਕ ਮੂਲ ਰੂਟ ਪਰਮਿਟ ਨਾਭਾ ਤੋਂ ਪਟਿਆਲਾ ਸੀ ਜੋ ਕਿ ਹੁਣ ਵਧਾ ਕੇ ਬਠਿੰਡਾ ਤੋਂ ਪਟਿਆਲਾ ਹੋ ਗਿਆ ਹੈ। ਜਲਾਲਾਬਾਦ ਤੋਂ ਸੁਨਾਮ ਵਾਲਾ ਰੂਟ ਵਾਧੇ ਮਗਰੋਂ ਮੁਕਤਸਰ ਸਾਹਿਬ ਤੋਂ ਲੁਧਿਆਣਾ ਦਾ ਹੋ ਗਿਆ ਹੈ। ਸੰਗਰੂਰ ਤੋਂ ਪਟਿਆਲਾ ਵਾਲਾ ਰੂਟ ਵਾਧੇ ਮਗਰੋਂ ਪਟਿਆਲਾ ਤੋਂ ਬਠਿੰਡਾ ਹੋ ਗਿਆ ਹੈ। ਇਵੇਂ ਪਟਿਆਲਾ ਤੋਂ ਚੰਨੂ ਵਾਲਾ ਰੂਟ ਹੁਣ ਅਬੋਹਰ ਤੋਂ ਪਟਿਆਲਾ ਦਾ ਹੋ ਗਿਆ ਹੈ। ਬਠਿੰਡਾ ਨਵਾਂ ਸ਼ਹਿਰ ਰੂਟ ਹੁਣ ਫਾਜ਼ਿਲਕਾ ਤੋਂ ਨੰਗਲ ਡੈਮ ਹੋ ਗਿਆ ਹੈ। ਇਸੇ ਤਰ੍ਹਾਂ ਨਵੀਂ ਟਰਾਂਸਪੋਰਟ ਨੀਤੀ ਦੇ ਅਮਲ ਵਿਚ ਆਉਣ ਮਗਰੋਂ ਕਰੀਬ 6700 ਮਿੰਨੀ ਬੱਸਾਂ ਦੇ ਰਾਹ ਵੀ ਬੰਦ ਹੋ ਜਾਣੇ ਹਨ। ਔਰਬਿਟ ਅਤੇ ਡੱਬਵਾਲੀ ਬੱਸ ਕੰਪਨੀ ਦੇ ਲੁਧਿਆਣਾ, ਜਲੰਧਰ ਅਤੇ ਸੰਗਰੂਰ ਲਈ ਕਰੀਬ 34 ਰੂਟ ਬਠਿੰਡਾ ਤੋਂ ਹੀ ਚੱਲਦੇ ਹਨ। ਪਟਿਆਲਾ ਚੰਡੀਗੜ੍ਹ ਦੇ ਰੂਟ ਵੱਖਰੇ ਹਨ। ਵੇਰਵਿਆਂ ਅਨੁਸਾਰ ਪੀ.ਆਰ.ਟੀ.ਸੀ ਕੋਲ ਇਸ ਵੇਲੇ ਕਰੀਬ 1150 ਅਤੇ ਪੰਜਾਬ ਰੋਡਵੇਜ਼ ਕੋਲ ਕਰੀਬ 1800 ਬੱਸਾਂ ਹਨ।

# ਹਰਪਾਲ ਚੀਮਾ ਵੱਲੋਂ ਸਰਕਾਰੀ ਕੈਮਰੀ ਲੈਣ ਤੋਂ ਨਾਂਹ

**ਬਠਿੰਡਾ:** ਵਿਰੋਧੀ ਧਿਰ ਦੇ ਨੇਤਾ ਅਤੇ ਆਮ ਆਦਮੀ ਪਾਰਟੀ ਦੇ ਵਿਧਾਇਕ ਹਰਪਾਲ ਸਿੰਘ ਚੀਮਾ ਨੇ ਸਰਕਾਰੀ ਗੱਡੀ ਕੈਮਰੀ ਲੈਣ ਤੋਂ ਨਾਂਹ ਕਰ ਦਿੱਤੀ ਹੈ। ਉਹ ਬਤੌਰ ਵਿਧਾਇਕ ਮਿਲੀ ਇਨੋਵਾ ਗੱਡੀ ਹੀ ਵਰਤਣ ਲੱਗੇ ਹਨ। ਪੰਜਾਬ ਸਰਕਾਰ ਨੇ ਹੁਣ 26 ਸਤੰਬਰ ਨੂੰ ਨੋਟੀਫਿਕੇਸ਼ਨ ਜਾਰੀ ਕਰ ਕੇ ਵਿਰੋਧੀ ਧਿਰ ਦੇ ਨੇਤਾ ਨੂੰ ਪ੍ਰਾਈਵੇਟ ਗੱਡੀ ਵਰਤਣ ਦੀ ਪ੍ਰਵਾਨਗੀ ਦੇ ਦਿੱਤੀ ਹੈ, ਜਿਸ ਤਹਿਤ ਉਨ੍ਹਾਂ ਨੂੰ ਮੰਤਰੀਆਂ ਵਾਂਗ ਪ੍ਰਤੀ ਕਿਲੋਮੀਟਰ ਦੇ 15 ਰੁਪਏ ਅਤੇ ਡਰਾਈਵਰ ਤੇ ਗੱਡੀ ਦੀ ਮੁਰੰਮਤ ਦੇ ਖਰਚੇ ਦੇ ਪ੍ਰਤੀ ਮਹੀਨਾ 10 ਹਜ਼ਾਰ ਰੁਪਏ ਮਿਲਣਗੇ।

ਕਾਨੂੰਨੀ ਤੇ ਵਿਧਾਨਿਕ ਮਾਮਲੇ ਵਿਭਾਗ ਨੇ ਬਕਾਇਦਾ ਨੋਟੀਫਿਕੇਸ਼ਨ ਜਾਰੀ ਕੀਤਾ ਹੈ ਕਿ ਜੇਕਰ ਵਿਰੋਧੀ ਧਿਰ ਦਾ ਨੇਤਾ ਪ੍ਰਾਈਵੇਟ ਵਾਹਨ ਦੀ ਵਰਤੋਂ ਕਰਨਾ ਚਾਹੇਗਾ ਤਾਂ ਉਸ ਨੂੰ ਮੰਤਰੀਆਂ ਵਾਂਗ ਪ੍ਰਾਈਵੇਟ ਗੱਡੀ ਲਈ ਪ੍ਰਤੀ ਕਿਲੋਮੀਟਰ ਦੇ ਹਿਸਾਬ ਨਾਲ ਰਾਸ਼ੀ ਅਤੇ ਬਾਕੀ ਸਹੂਲਤ ਮਿਲੇਗੀ। ਵਿਰੋਧੀ ਧਿਰ ਦੇ ਨੇਤਾ ਹਰਪਾਲ ਸਿੰਘ ਚੀਮਾ ਦਾ ਕਹਿਣਾ ਸੀ ਕਿ ਸਰਕਾਰ ਨੇ ਜੋ ਕੈਮਰੀ ਦੇਣੀ



ਸੀ, ਉਸ ਦੀ ਹਾਲਤ ਕਾਫੀ ਖਸਤਾ ਸੀ, ਜਿਸ ਕਰਕੇ ਉਨ੍ਹਾਂ ਨੇ ਪਹਿਲਾਂ ਮਿਲੀ ਇਨੋਵਾ ਹੀ ਵਰਤਣੀ ਸ਼ੁਰੂ ਕਰ ਦਿੱਤੀ। ਸਰਕਾਰ ਨੇ ਹੁਣ ਜਿਪਸੀ ਸੁਰੱਖਿਆ ਵਾਹਨ ਵਜੋਂ ਦਿੱਤੀ ਹੈ। ਉਨ੍ਹਾਂ ਆਖਿਆ ਕਿ ਪ੍ਰਾਈਵੇਟ ਵਾਹਨ ਦੀ ਵਰਤੋਂ ਬਾਰੇ ਕਦੇ ਸਰਕਾਰ ਤੋਂ ਪ੍ਰਵਾਨਗੀ ਨਹੀਂ ਮੰਗੀ ਸੀ।

ਹਰਪਾਲ ਚੀਮਾ ਦਾ ਕਹਿਣਾ ਸੀ ਕਿ ਉਨ੍ਹਾਂ ਲਈ ਤਾਂ ਫਿਲਹਾਲ ਮੌਜੂਦਾ ਇਨੋਵਾ ਹੀ ਠੀਕ ਹੈ ਅਤੇ ਬਾਕੀ ਖਰਚੇ ਵਗੈਰਾ ਦਾ ਹਿਸਾਬ ਕਿਤਾਬ ਦੇਖਾਂਗੇ। ਉਨ੍ਹਾਂ ਦਾ ਇਹ ਕਹਿਣਾ ਸੀ ਕਿ ਸਰਕਾਰ ਤਰਫੋਂ ਉਨ੍ਹਾਂ ਨੂੰ ਕਾਫੀ ਸਮੇਂ ਤੋਂ ਬੰਦ ਪਿਆ ਮਕਾਨ ਅਲਾਟ ਕੀਤਾ ਗਿਆ ਹੈ, ਜਿਸ ਨੂੰ ਰੰਗ ਰੋਗਨ ਹੀ ਹੁਣ ਕੀਤਾ ਗਿਆ ਹੈ ਪਰ ਉਨ੍ਹਾਂ ਕਦੇ ਕੋਈ ਨਖਰਾ ਨਹੀਂ ਦਿਖਾਇਆ।

ਚੇਤੇ ਰਹੇ, ਪੰਜਾਬ ਸਰਕਾਰ ਨੇ ਵਜ਼ੀਰਾਂ ਨੂੰ ਵੀ ਕੈਮਰੀ ਗੱਡੀਆਂ ਦਿੱਤੀਆਂ ਸਨ, ਜਿਨ੍ਹਾਂ ਨੂੰ ਵਰਤਣ ਦੀ ਥਾਂ ਹੁਣ 9 ਵਜ਼ੀਰ ਆਪੋ ਆਪਣੇ ਪ੍ਰਾਈਵੇਟ ਵਾਹਨ ਵਰਤ ਰਹੇ ਹਨ। ਸਹੁੰ ਚੁੱਕਣ ਸਮੇਂ ਸਾਰੇ ਵਜ਼ੀਰਾਂ ਨੇ ਕੈਮਰੀ ਲੈ ਲਈਆਂ ਸਨ ਪਰ ਉਸ ਮਗਰੋਂ ਹੌਲੀ ਹੌਲੀ ਇਕ ਇਕ ਕਰਕੇ ਸਾਰੇ ਵਜ਼ੀਰ ਕੈਮਰੀ ਵਾਪਸ ਕਰਨ ਲੱਗੇ ਹਨ। ਇਵੇਂ ਹੀ ਵਿਰੋਧੀ ਧਿਰ ਦੇ ਨੇਤਾ ਨੇ ਕੈਮਰੀ ਨਹੀਂ ਲਈ ਹੈ। ਪੰਜਾਬ ਸਰਕਾਰ ਨੇ ਹਾਲ ਹੀ ਵਿਚ ਸਭਨਾਂ ਉੱਚ ਅਫਸਰਾਂ ਨੂੰ ਪੱਤਰ ਜਾਰੀ ਕਰਕੇ ਹਦਾਇਤ ਕੀਤੀ ਹੈ ਕਿ ਚੁਣੇ ਹੋਏ ਪ੍ਰਤੀਨਿਧਾਂ ਦਾ ਅਦਬ ਕੀਤਾ ਜਾਵੇ।

# ਅਕਾਲੀਆਂ ਵੱਲੋਂ ਨਸ਼ਾ ਤਸਕਰੀ ਦਾ ਦਾਗ ਕਾਂਗਰਸੀਆਂ ਸਿਰ ਮੜ੍ਹਨ ਲਈ ਮੁਹਿੰਮ

**ਅੰਮ੍ਰਿਤਸਰ:** ਸ਼੍ਰੋਮਣੀ ਅਕਾਲੀ ਦਲ ਦੇ ਆਗੂਆਂ ਨੇ ਦੋਸ਼ ਲਾਇਆ ਕਿ ਕਾਂਗਰਸੀ ਆਗੂ ਨਸ਼ਿਆਂ ਦਾ ਕਾਰੋਬਾਰ ਕਰਨ ਵਾਲੇ ਲੋਕਾਂ ਦੀ ਪੁਸ਼ਤਪਨਾਹੀ ਕਰ ਰਹੇ ਹਨ। ਉਨ੍ਹਾਂ ਨੇ ਇਸ ਸਬੰਧੀ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਕੋਲੋਂ ਜਵਾਬ ਮੰਗਿਆ ਤੇ ਮਾਮਲੇ ਦੀ ਉਚ ਪੱਧਰੀ ਜਾਂਚ ਦੀ ਮੰਗ ਕੀਤੀ ਹੈ।

ਸ਼੍ਰੋਮਣੀ ਅਕਾਲੀ ਦਲ ਦੇ ਬੁਲਾਰੇ ਤੇ ਸਾਬਕਾ ਵਿਧਾਇਕ ਵਿਰਸਾ ਸਿੰਘ ਵਲਟੋਹਾ, ਸਾਬਕਾ ਮੰਤਰੀ ਗੁਲਜ਼ਾਰ ਸਿੰਘ ਰਣੀਕੇ ਤੇ ਹੋਰਾਂ ਨੇ ਕਿਹਾ ਕਿ ਬੀਤੇ ਦਿਨੀਂ ਜ਼ਿਲ੍ਹੇ ਦੀ ਦਿਹਾਤੀ ਪੁਲਿਸ ਵੱਲੋਂ ਇਕ ਵਿਅਕਤੀ ਗੁਰਇਕਬਾਲ ਸਿੰਘ ਰੂਪਾ ਨੂੰ ਹੈਰੋਇਨ ਸਮੇਤ ਗ੍ਰਿਫ਼ਤਾਰ ਕੀਤਾ ਗਿਆ ਸੀ। ਉਨ੍ਹਾਂ ਦਾਅਵਾ ਕੀਤਾ ਕਿ ਇਸ ਵਿਅਕਤੀ ਕੋਲੋਂ ਪੁਲਿਸ ਨੇ ਅੱਧਾ ਕਿਲੋ ਹੈਰੋਇਨ ਬਰਾਮਦ ਕੀਤੀ ਸੀ, ਪਰ ਸਿਆਸੀ ਦਬਾਅ ਹੇਠ ਸਿਰਫ ਦੋ ਗ੍ਰਾਮ ਹੈਰੋਇਨ ਬਰਾਮਦਗੀ ਦਾ ਕੇਸ ਕੀਤਾ ਗਿਆ ਹੈ। ਉਨ੍ਹਾਂ ਦਾਅਵਾ ਕੀਤਾ ਕਿ ਇਸ ਵਿਅਕਤੀ ਦੇ ਕਈ ਕਾਂਗਰਸੀ ਆਗੂਆਂ ਨਾਲ ਸਬੰਧ ਹਨ।

ਇਸ ਸਬੰਧੀ ਅਕਾਲੀ ਆਗੂਆਂ ਨੇ ਕੁਝ ਤਸਵੀਰਾਂ ਵੀ ਮੀਡੀਆ ਸਾਹਮਣੇ ਰੱਖੀਆਂ, ਜਿਨ੍ਹਾਂ ਵਿਚ ਉਹ ਵਿਅਕਤੀ ਕਾਂਗਰਸੀ ਵਿਧਾਇਕ ਤੇ ਸੰਸਦ ਮੈਂਬਰ ਨਾਲ ਦਿਖਾਈ ਦਿੰਦਾ ਹੈ। ਅਕਾਲੀ ਆਗੂਆਂ ਨੇ ਦੋਸ਼ ਲਾਇਆ ਕਿ ਇਹ ਵਿਅਕਤੀ ਖਡੂਰ ਇਲਾਕੇ ਵਿਚ ਨਸ਼ੇ ਦੀ ਸਪਲਾਈ ਕਰਦਾ ਹੈ। ਉਨ੍ਹਾਂ ਇਸ ਮਾਮਲੇ ਦੀ ਉਚ ਪੱਧਰੀ ਜਾਂਚ ਦੀ ਮੰਗ ਕੀਤੀ ਹੈ।

# ਕੈਪਟਨ ਦੀ ਟਿਊਬਵੈੱਲ ਕੁਨੈਕਸ਼ਨ ਵੰਡਣ ਦੀ ਨੀਤੀ 'ਤੇ ਉਠੇ ਸਵਾਲ

**ਚੰਡੀਗੜ੍ਹ:** ਪੰਜਾਬ ਵਿਚ ਧਰਤੀ ਹੇਠਲਾ ਪਾਣੀ ਬਹੁਤ ਡੂੰਘਾ ਜਾ ਚੁੱਕਿਆ ਤੇ ਇਸ ਨੂੰ ਹੋਰ ਹੇਠਾਂ ਜਾਣ ਤੋਂ ਰੋਕਣ ਲਈ ਕੈਪਟਨ ਸਰਕਾਰ ਨਵੀਂ ਨੀਤੀ ਲਿਆ ਰਹੀ ਹੈ। ਦੂਜੇ ਪਾਸੇ, ਕੈਪਟਨ



ਸਰਕਾਰ ਹੀ 15 ਨਵੰਬਰ ਤੱਕ ਅੱਠ ਹਜ਼ਾਰ ਕਿਸਾਨਾਂ ਨੂੰ ਨਵੇਂ ਟਿਊਬਵੈੱਲ ਕੁਨੈਕਸ਼ਨ ਦੇਣ ਜਾ ਰਹੀ ਹੈ। ਅਜਿਹੀ ਸਥਿਤੀ ਵਿਚ ਪਾਣੀ ਦਾ ਪੱਧਰ ਹੋਰ ਹੇਠਾਂ ਜਾਣ ਤੋਂ ਕਿਵੇਂ ਰੋਕਿਆ ਜਾਵੇਗਾ? ਪੰਜਾਬ ਦੇ ਕੁੱਲ 145 ਬਲਾਕਾਂ ਵਿਚੋਂ 110 ਬਲਾਕਾਂ ਦਾ ਜ਼ਮੀਨ ਹੇਠਲਾ ਪਾਣੀ ਇਸ ਹੱਦ ਤਕ ਹੇਠਾਂ ਜਾ ਚੁੱਕਾ ਹੈ ਕਿ ਕੇਂਦਰੀ ਗਰਾਊਂਡ ਵਾਟਰ ਬੋਰਡ ਨੇ ਇਨ੍ਹਾਂ ਨੂੰ ਡਾਰਕ ਜ਼ੋਨ ਐਲਾਨਿਆ ਹੈ।

ਇਨ੍ਹਾਂ ਬਲਾਕਾਂ ਵਿਚ ਨਵੇਂ ਟਿਊਬਵੈੱਲ ਲਾਉਣ ਲਈ ਡਿਪਟੀ ਕਮਿਸ਼ਨਰਾਂ ਦੀ ਅਗਵਾਈ ਹੇਠ ਬਣੀਆਂ ਕਮੇਟੀਆਂ ਕੋਲੋਂ ਪ੍ਰਵਾਨਗੀ ਲੈਣੀ ਪਵੇਗੀ। ਅਜਿਹੇ ਵਿਚ ਰਾਜ ਸਰਕਾਰ ਦੀ ਪਾਣੀ ਨੂੰ ਹੋਰ ਹੇਠਾਂ ਜਾਣ ਤੋਂ ਰੋਕਣ ਲਈ ਸੰਭਾਵੀ ਨਵੀਂ ਨੀਤੀ ਕਿਸ ਤਰ੍ਹਾਂ ਸਹਾਈ ਹੋਵੇਗੀ। ਦੋ ਕੁ ਮਹੀਨੇ ਪਹਿਲਾਂ ਸੂਬੇ ਦੇ ਸਿੰਜਾਈ ਵਿਭਾਗ ਦੇ ਸੀਨੀਅਰ ਅਧਿਕਾਰੀਆਂ ਨੇ ਪੰਜਾਬ ਵਜ਼ਾਰਤ ਨੂੰ ਇਕ ਪੇਸ਼ਕਾਰੀ ਦਿੱਤੀ ਸੀ, ਜਿਸ ਵਿਚ ਦੱਸਿਆ ਸੀ ਕਿ ਜਿਸ ਰਫਤਾਰ ਨਾਲ ਸੂਬੇ ਵਿਚ ਧਰਤੀ ਹੇਠੋਂ ਪਾਣੀ ਕੱਢਿਆ ਜਾ ਰਿਹਾ ਹੈ, ਜੇ ਇਹ ਰਫਤਾਰ ਜਾਰੀ ਰਹੀ ਤਾਂ ਸਾਲ 2026 ਤੱਕ ਪੰਜਾਬ ਦਾ ਧਰਤੀ ਹੇਠਲਾ 60 ਫੀਸਦੀ ਪਾਣੀ ਪੀਣ ਯੋਗ ਨਹੀਂ ਰਹਿ ਜਾਵੇਗਾ। ਇਸ ਕਰ ਕੇ ਵਜ਼ਾਰਤ ਨੇ ਸਿੰਜਾਈ ਵਿਭਾਗ ਨੂੰ ਪਾਣੀ ਦੇ ਪੱਧਰ ਨੂੰ ਡਿੱਗਣ ਤੋਂ ਰੋਕਣ ਲਈ ਠੋਸ ਸੁਝਾਅ ਦੇਣ ਲਈ ਕਿਹਾ ਹੈ। ਵਜ਼ਾਰਤ ਦੀ ਮੀਟਿੰਗ ਦੌਰਾਨ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਇਸ ਸਥਿਤੀ 'ਤੇ ਗੰਭੀਰਤਾ ਜ਼ਾਹਿਰ ਕਰਦਿਆਂ ਕਿਹਾ ਸੀ ਕਿ ਰਾਜ ਸਰਕਾਰ ਪਾਣੀ ਦੇ ਡਿੱਗਦੇ ਪੱਧਰ ਨੂੰ ਰੋਕਣ ਲਈ ਫੌਰੀ ਕਦਮ ਚੁੱਕੇਗੀ।

# ਰੇਤ ਤੇ ਬਜਰੀ ਦੀਆਂ ਕੀਮਤਾਂ ਅੱਗੇ ਬੇਵੱਸ ਹੋਈ ਕੈਪਟਨ ਸਰਕਾਰ

**ਚੰਡੀਗੜ੍ਹ:** ਪੰਜਾਬ ਦੇ ਲੋਕਾਂ ਨੂੰ ਰੇਤ ਅਤੇ ਬਜਰੀ ਦੀਆਂ ਮਹਿੰਗੀਆਂ ਕੀਮਤਾਂ ਤੋਂ ਨੇੜ ਭਵਿੱਖ ਵਿਚ ਛੁਟਕਾਰਾ ਮਿਲਣ ਦੀ ਕੋਈ ਸੰਭਾਵਨਾ ਨਹੀਂ ਹੈ। ਸਥਾਨਕ ਸਰਕਾਰ ਬਾਰੇ ਮੰਤਰੀ ਨਵਜੋਤ ਸਿੰਘ ਸਿੱਧੂ ਵੱਲੋਂ ਤਿਲੰਗਾਨਾ ਦੀ ਮਾਈਨਿੰਗ ਨੀਤੀ ਦਾ ਅਧਿਐਨ ਕਰ ਕੇ ਦਿੱਤੀ ਰਿਪੋਰਟ ਵੀ ਇਕ ਤਰ੍ਹਾਂ ਨਾਲ ਰੱਦੀ ਦੀ ਟੋਕਰੀ ਵਿੱਚ ਸੁੱਟ ਦਿੱਤੀ ਗਈ ਹੈ। ਕੈਬਨਿਟ ਸਬ ਕਮੇਟੀ ਇਸ ਮਾਮਲੇ ਵਿਚ ਬੇਅਸਰ ਦਿਖਾਈ ਦੇ ਰਹੀ ਹੈ ਸਗੋਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਾਲੀ ਕਮੇਟੀ ਵੱਲੋਂ ਵੀ ਮੀਟਿੰਗਾਂ ਕਰ ਕੇ ਹੀ ਬੁੱਤਾ ਸਾਰਿਆ ਜਾ ਰਿਹਾ ਹੈ।

ਸੂਤਰਾਂ ਦਾ ਦੱਸਣਾ ਹੈ ਕਿ 24 ਸਤੰਬਰ ਨੂੰ ਕੈਪਟਨ ਅਮਰਿੰਦਰ ਸਿੰਘ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਦੌਰਾਨ ਮਾਈਨਿੰਗ ਵਿਭਾਗ ਨੇ ਪੀ.ਪੀ.ਟੀ. (ਪਾਵਰ ਪੁਆਇੰਟ ਪਰੈਜ਼ੈਂਟੇਸ਼ਨ) ਵੀ ਦਿੱਤੀ ਪਰ ਸਰਕਾਰ ਨੂੰ ਇਹ ਪੇਸ਼ਕਾਰੀ ਪਸੰਦ ਨਹੀਂ ਆਈ। ਮੁੱਖ ਮੰਤਰੀ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਵਿਚ ਸਿੰਜਾਈ ਮੰਤਰੀ ਸੁਖਬਿੰਦਰ ਸਿੰਘ ਸਰਕਾਰੀਆ, ਐਡਵੋਕੇਟ ਜਨਰਲ ਅਤੁਲ ਨੰਦਾ, ਮੁੱਖ ਮੰਤਰੀ ਦਫਤਰ ਦੇ ਅਧਿਕਾਰੀ ਤੇ ਹੋਰ ਅਫਸਰ ਸ਼ਾਮਲ ਸਨ।

ਪੰਜਾਬ ਵਿਚ ਰੇਤ ਅਤੇ ਬਜਰੀ ਦੀਆਂ ਕੀਮਤਾਂ ਆਸਮਾਨ ਨੂੰ ਛੂਹਦੀਆਂ ਜਾ ਰਹੀਆਂ ਹਨ। ਅਕਾਲੀ-ਭਾਜਪਾ ਸਰਕਾਰ ਦੇ ਸਮੇਂ ਨਾਲੋਂ ਵੀ ਰੇਤ ਦੀਆਂ ਕੀਮਤਾਂ ਵਿਚ ਭਾਰੀ ਵਾਧਾ ਹੋ ਗਿਆ ਹੈ ਤੇ ਆਮ ਬੰਦੇ ਨੂੰ ਉਸਾਰੀ ਕਰਨੀ ਬੇਹੱਦ ਔਖੀ ਹੋਈ ਪਈ ਹੈ। ਕਾਂਗਰਸ ਨੇਤਾਵਾਂ ਨੇ ਖਦਸ਼ਾ ਪ੍ਰਗਟਾਇਆ ਕਿ ਆਗਾਮੀ ਲੋਕ ਸਭਾ ਚੋਣਾਂ ਦੌਰਾਨ ਰੇਤ ਤੇ ਬਜਰੀ ਦੀ ਕਾਲਾਬਾਜ਼ਾਰੀ ਦਾ ਮਾਮਲਾ ਕਾਂਗਰਸ ਸਰਕਾਰ ਦੇ ਖਿਲਾਫ਼ ਵੱਡੇ ਮੁੱਦੇ ਵਜੋਂ ਉਭਰ ਸਕਦਾ ਹੈ।

ਸੂਤਰਾਂ ਦਾ ਦੱਸਣਾ ਹੈ ਕਿ ਮੁੱਖ ਮੰਤਰੀ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਦੌਰਾਨ ਮਾਈਨਿੰਗ ਵਿਭਾਗ ਵੱਲੋਂ ਜਿਹੜੀ ਪੀ.ਪੀ.ਟੀ. ਦਿਖਾਈ ਗਈ ਉਸ ਮੁਤਾਬਕ ਕਲਸਟਰ ਬਣਾ ਕੇ ਰੇਤ ਦੀਆਂ ਖੱਡਾਂ ਦੀਆਂ ਨਿਲਾਮੀ ਕਰਨਾ ਹੈ। ਵਿਭਾਗ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਸਰਕਾਰ ਨੂੰ ਇਹ ਤੱਥ ਸਪੱਸ਼ਟ ਕੀਤੇ ਗਏ ਹਨ ਕਿ ਪੰਜਾਬ ਵਿਚ ਸਾਲਾਨਾ 4 ਕਰੋੜ ਟਨ ਰੇਤ ਦੀ ਖਪਤ ਹੈ। ਇਸ ਲਈ ਜੇਕਰ ਮੰਗ ਨੂੰ ਪੂਰਾ ਕਰ ਦਿੱਤਾ ਜਾਵੇ ਤਾਂ ਰੇਤ ਦੀਆਂ ਕੀਮਤਾਂ ਹੇਠਾਂ ਆ ਜਾਣਗੀਆਂ। ਮਾਈਨਿੰਗ ਵਿਭਾਗ ਦਾ ਮੰਨਣਾ ਹੈ ਕਿ ਪੰਜਾਬ ਦੇ ਤਿੰਨਾਂ ਦਰਿਆਵਾਂ ਸਤਲੁਜ, ਬਿਆਸ ਤੇ ਰਾਵੀ ਦੇ ਦੁਆਲੇ ਦੀਆਂ ਜ਼ਮੀਨਾਂ ਦਾ ਕਲਸਟਰ ਬਣਾਏ ਜਾਣ ਦੀ ਤਜਵੀਜ਼ ਹੈ ਤੇ ਇਸ ਵਿਚੋਂ 400 ਤੋਂ ਲੈ ਕੇ 1 ਹਜ਼ਾਰ ਕਰੋੜ ਰੁਪਏ ਤੱਕ ਦਾ ਸਾਲਾਨਾ ਮਾਲੀਆ ਆ ਸਕਦਾ ਹੈ। ਇਸ ਸਮੇਂ ਸਰਕਾਰ ਨੂੰ 40 ਕਰੋੜ ਮਿਲਦੇ ਹਨ ਤੇ ਮੋਟੀ ਕਮਾਈ ਰੇਤ ਮਾਫੀਆ ਕਰ ਰਿਹਾ ਹੈ।




### ਅਕਾਲੀ ਸਰਕਾਰ ਨਾਲੋਂ ਦੁਗਣੇ ਹੋਏ ਭਾਅ

ਇਸ ਸਮੇਂ ਰੇਤੇ ਦਾ ਭਾਅ 3 ਹਜ਼ਾਰ ਰੁਪਏ ਪ੍ਰਤੀ 100 ਕਿਊਬਿਕ ਫੁੱਟ ਹੈ। ਇਸੇ ਤਰ੍ਹਾਂ ਬਜਰੀ ਦਾ ਭਾਅ ਸਾਢੇ 3 ਹਜ਼ਾਰ ਰੁਪਏ ਪ੍ਰਤੀ 100 ਕਿਊਬਿਕ ਫੁੱਟ ਹੈ। ਹੋਰ ਤਾਂ ਹੋਰ ਸ਼ਹਿਰਾਂ ਵਿਚ ਨੀਵੇਂ ਪਲਾਟਾਂ ਨੂੰ ਉਚਾ ਕਰਨ ਲਈ ਮਿੱਟੀ ਵੀ ਉਪਲਬਧ ਨਹੀਂ ਹੋ ਰਹੀ। ਮਿੱਟੀ ਦੀ ਕਾਲਾਬਾਜ਼ੀ ਇਸ ਹੱਦ ਤੱਕ ਹੋ ਗਈ ਹੈ ਕਿ 100 ਕਿਊਬਿਕ ਫੁੱਟ 1 ਹਜ਼ਾਰ ਰੁਪਏ ਦੇ ਕਰੀਬ ਹੈ। ਸੂਬੇ ਵਿਚ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਹੇਠ ਜਦੋਂ ਕਾਂਗਰਸ ਸਰਕਾਰ ਦਾ ਗਠਨ ਹੋਇਆ ਸੀ ਤਾਂ ਉਸ ਤੋਂ ਪਹਿਲਾਂ ਰੇਤਾ 1800 ਰੁਪਏ ਪ੍ਰਤੀ 100 ਕਿਊਬਿਕ ਫੁੱਟ, ਬਜਰੀ 2 ਹਜ਼ਾਰ ਰੁਪਏ ਦੀ 100 ਕਿਊਬਿਕ ਫੁੱਟ ਅਤੇ ਮਿੱਟੀ 400 ਰੁਪਏ ਦੀ 100 ਕਿਊਬਿਕ ਫੁੱਟ ਮਿਲਦੀ ਸੀ।

# ਸ੍ਰੀ ਹਰਿਮੰਦਰ ਸਾਹਿਬ ਦੀ ਦਰਸ਼ਨੀ ਡਿਓੜੀ ਦੇ ਨਵੇਂ ਦਰਵਾਜ਼ੇ ਲਾਉਣ ਦੀ ਤਿਆਰੀ

**ਅੰਮ੍ਰਿਤਸਰ:** ਸ੍ਰੀ ਹਰਿਮੰਦਰ ਸਾਹਿਬ ਦੀ ਦਰਸ਼ਨੀ ਡਿਉੜੀ ਦੇ ਵੱਡ ਅਕਾਰੀ ਤੇ ਪੁਰਾਤਨ ਦਰਵਾਜ਼ੇ ਜੋ ਸਵਾ ਅੱਠ ਸਾਲ ਪਹਿਲਾਂ ਮੁਰੰਮਤ ਕਰਨ ਲਈ ਉਤਾਰੇ ਗਏ ਸਨ, ਦੀ ਥਾਂ ਲੰਬੇ ਇੰਤਜ਼ਾਰ ਤੋਂ ਬਾਅਦ ਉਸੇ ਡਿਜ਼ਾਇਨ ਤੇ ਆਕਾਰ 'ਚ ਕਾਰ ਸੇਵਾ ਭੂਰੀ ਵਾਲਿਆਂ ਵੱਲੋਂ ਮਾਹਿਰ ਕਾਰੀਗਰਾਂ ਤੋਂ ਨਵੇਂ ਦਰਵਾਜ਼ੇ ਤਿਆਰ ਕਰਵਾਏ ਗਏ ਹਨ, ਜਿਨ੍ਹਾਂ ਦੇ ਅਕਤੂਬਰ ਦੇ ਪਹਿਲੇ ਹਫਤੇ ਲਗਾਏ ਜਾਣ ਦੀ ਸੰਭਾਵਨਾ ਹੈ। ਦਰਸ਼ਨੀ ਡਿਉੜੀ ਦੇ ਪੁਰਾਤਨ ਦਰਵਾਜ਼ੇ (ਕਿਵਾੜ), ਜੋ ਕੇਵਲ ਰਾਤ ਸਮੇਂ ਸਫਾਈ ਆਦਿ ਕਾਰਜਾਂ ਲਈ ਕੁਝ ਘੰਟਿਆਂ ਲਈ ਹੀ ਬੰਦ ਕੀਤੇ ਜਾਂਦੇ ਹਨ, ਲਗਭਗ ਸਵਾ ਦੋ ਸੌ ਸਾਲ ਪੁਰਾਤਨ ਸਨ।

ਖਸਤਾ ਹਾਲਤ ਹੋ ਜਾਣ ਕਾਰਨ ਇਨ੍ਹਾਂ ਦਰਵਾਜ਼ਿਆਂ ਦੀ ਮੁਰੰਮਤ ਦੀ ਕਾਰ ਸੇਵਾ ਸੰਤ ਬਾਬਾ ਕਸ਼ਮੀਰ ਸਿੰਘ ਭੂਰੀ ਵਾਲਿਆਂ ਨੂੰ ਸੌਂਪੀ ਗਈ ਸੀ, ਜਿਨ੍ਹਾਂ 4 ਜੁਲਾਈ 2010 ਨੂੰ ਹੋਏ ਗੁਰਮਤਿ ਸਮਾਗਮ ਦੌਰਾਨ ਇਹ ਦਰਵਾਜ਼ੇ ਮੁਰੰਮਤ ਲਈ ਉਤਾਰ ਕੇ ਇਸ ਦੀ ਥਾਂ ਉਤੇ ਆਰਜ਼ੀ ਦਰਵਾਜ਼ੇ ਲਗਾਏ ਗਏ ਸਨ। ਪ੍ਰਾਪਤ ਵੇਰਵਿਆਂ ਅਨੁਸਾਰ



ਭਾਰਤ ਸਰਕਾਰ ਵੱਲੋਂ ਪਾਬੰਦੀ ਲਗਾਏ ਹੋਣ ਕਾਰਨ ਇਨ੍ਹਾਂ ਦਰਵਾਜ਼ਿਆਂ ਦੇ ਦਿਲਿਆਂ ਤੇ ਬਾਹੀਆਂ 'ਤੇ ਲੱਗਾ ਹਾਥੀ ਦੰਦ, ਜੋ ਕਿ ਭੁਰਭੁਰਾ ਤੇ ਖਰਾਬ ਹੋ ਚੁੱਕਾ ਸੀ, ਦੀ ਥਾਂ ਨਵਾਂ ਹਾਥੀ ਦੰਦ ਲਗਾਏ ਜਾਣ 'ਚ ਦਿੱਕਤ ਆ ਰਹੀ ਸੀ। ਲੰਬੀ ਉਡੀਕ ਤੋਂ ਬਾਅਦ ਸ਼੍ਰੋਮਣੀ ਕਮੇਟੀ ਵੱਲੋਂ ਆਪਣੇ ਮਤਾ ਨੰਬਰ 132 ਮਿਤੀ 15 ਫਰਵਰੀ 2018 ਰਾਹੀਂ ਕਾਰ ਸੇਵਾ ਵਾਲੇ ਬਾਬਿਆਂ ਨੂੰ ਇਹ ਪ੍ਰਵਾਨਗੀ ਦਿੱਤੀ ਗਈ ਕਿ ਹਾਥੀ ਦੰਦ ਦੀ ਥਾਂ ਕੋਈ ਹੋਰ ਬਦਲਵਾਂ ਪ੍ਰਬੰਧ ਕੀਤਾ ਜਾਵੇ।

ਇਸ ਤੋਂ ਬਾਅਦ ਕਾਰ ਸੇਵਾ ਭੂਰੀ ਵਾਲਿਆਂ ਵੱਲੋਂ ਪੁਰਾਤਤਵ ਤੇ ਸਿੱਖ ਇਮਾਰਤਸਾਜ਼ੀ ਦੇ ਮਾਹਿਰਾਂ ਨਾਲ ਸਲਾਹ ਮਸ਼ਵਰਾ ਕਰਕੇ ਹਾਥੀ ਦੰਦ ਦੀ ਥਾਂ ਸਮੁੰਦਰੀ ਸਿੱਪੀ ਦੀ ਚੋਣ ਕੀਤੀ, ਜਿਸ ਦੀ ਚਮਕ ਵੀ ਹਾਥੀ ਦੰਦ ਵਾਂਗ ਹੀ ਦਿਖਾਈ ਦਿੰਦੀ ਹੈ। ਇਨ੍ਹਾਂ ਨਵੇਂ ਬਣੇ ਦਰਵਾਜ਼ਿਆਂ, ਜਿਨ੍ਹਾਂ ਦੀ ਕਾਰ ਸੇਵਾ ਲਗਭਗ ਮੁਕੰਮਲ ਹੋ ਚੁੱਕੀ ਹੈ। ਸੰਤ ਬਾਬਾ ਭੂਰੀ ਵਾਲਿਆਂ ਨੇ ਦੱਸਿਆ ਕਿ ਚਾਰ ਇੰਚ ਮੋਟੀ ਸ਼ੀਸ਼ਮ ਦੀ ਕਰੀਬ 6 ਕੁਇੰਟਲ ਸੁੱਕੀ ਟਾਹਲੀ ਦੇ ਦਰਵਾਜ਼ਿਆਂ ਦੇ ਅੰਦਰਵਾਰ ਦਿਲਿਆਂ ਤੇ ਬਾਹੀਆਂ 'ਤੇ ਅੰਮ੍ਰਿਤਸਰ ਤੇ ਆਗਰਾ ਦੇ 12 ਕਾਰੀਗਰਾਂ ਵੱਲੋਂ ਅੱਠ ਮਹੀਨਿਆਂ ਦਾ ਸਮਾਂ ਲਗਾ ਕੇ ਸਮੁੰਦਰੀ ਸਿੱਪੀ ਨਾਲ ਪੁਰਾਤਨ ਮੀਨਾਕਾਰੀ ਵਾਂਗ ਹੀ ਮੀਨਾਕਾਰੀ ਕੀਤੀ ਗਈ ਹੈ।

# ਕਰਜ਼ੇ ਨੂੰ ਪ੍ਰਵਾਨਗੀ ਲਈ ਕੈਪਟਨ ਵੱਲੋਂ ਏਸ਼ੀਅਨ ਵਿਕਾਸ ਬੈਂਕ ਕੋਲ ਪਹੁੰਚ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ 3127 ਕਰੋੜ ਰੁਪਏ ਦੇ ਵਿਕਾਸ ਪ੍ਰੋਜੈਕਟਾਂ ਨੂੰ ਜਲਦੀ ਲਾਗੂ ਕਰਵਾਉਣ ਵਾਸਤੇ ਸੂਬੇ ਦੇ ਕਰਜ਼ ਪ੍ਰਸਤਾਵਾਂ ਨੂੰ ਪ੍ਰਵਾਨਗੀ ਦਿਵਾਉਣ ਲਈ ਏਸ਼ੀਅਨ ਵਿਕਾਸ ਬੈਂਕ (ਏ.ਡੀ.ਬੀ.) ਦੇ ਕੰਟਰੀ ਡਾਇਰੈਕਟਰ ਕੇਨਿਚੀ ਯੋਕੋਯਾਮਾ ਨੂੰ ਅਪੀਲ ਕੀਤੀ ਹੈ।

ਇਨ੍ਹਾਂ ਪ੍ਰੋਜੈਕਟਾਂ ਵਿਚ ਜਲੰਧਰ ਅਤੇ ਪਟਿਆਲਾ ਲਈ ਜਲ ਸਪਲਾਈ ਪ੍ਰਣਾਲੀ ਸਣੇ ਸੂਬੇ ਭਰ ਵਿਚ ਇਤਿਹਾਸਕ ਸਮਾਰਕਾਂ ਅਤੇ ਇਮਾਰਤਾਂ ਦੀ ਸਾਂਭ-ਸੰਭਾਲ ਸਬੰਧੀ ਪ੍ਰੋਜੈਕਟ ਸ਼ਾਮਲ ਹਨ। ਮੀਟਿੰਗ ਦੌਰਾਨ ਮੁੱਖ ਮੰਤਰੀ ਨੇ ਯੋਕੋਯਾਮਾ ਨੂੰ ਦੱਸਿਆ ਕਿ ਪੰਜਾਬ ਨੂੰ ਪੀਣ ਵਾਲੇ ਪਾਣੀ ਦੀ ਬਹੁਤ ਜ਼ਿਆਦਾ ਕਮੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਪਟਿਆਲਾ, ਜਲੰਧਰ, ਅੰਮ੍ਰਿਤਸਰ ਅਤੇ ਲੁਧਿਆਣਾ ਸ਼ਹਿਰਾਂ ਵਿਚ ਪਾਣੀ ਦੀ ਘਾਟ ਹੈ। ਉਨ੍ਹਾਂ ਦੱਸਿਆ ਕਿ ਉਨ੍ਹਾਂ ਦੀ ਸਰਕਾਰ ਨੇ ਇਨ੍ਹਾਂ ਸ਼ਹਿਰਾਂ ਦੇ ਲੋਕਾਂ ਨੂੰ ਪੀਣ ਵਾਲਾ ਸ਼ੁੱਧ ਪਾਣੀ ਮੁਹੱਈਆ ਕਰਵਾਉਣ ਦੇ ਵਾਸਤੇ ਟਿਊਬਵੈੱਲ ਦੀ ਥਾਂ ਨਹਿਰਾਂ ਦੇ ਪਾਣੀ ਦੀ ਸਪਲਾਈ ਕਰਨ ਵਾਸਤੇ ਯੋਜਨਾ ਤਿਆਰ ਕੀਤੀ ਹੈ। ਮੁੱਖ ਮੰਤਰੀ ਨੇ ਸੂਬੇ ਦੇ ਇਤਿਹਾਸਕ ਸਮਾਰਕਾਂ ਅਤੇ ਇਮਾਰਤਾਂ ਦੀ ਬਹਾਲੀ ਅਤੇ ਸਾਂਭ-ਸੰਭਾਲ ਸਬੰਧੀ ਪ੍ਰੋਜੈਕਟ ਵਾਸਤੇ ਫੰਡ ਦਿੱਤੇ ਜਾਣ ਦੀ ਜ਼ਰੂਰਤ ਲਈ ਕਿਹਾ।

ਕੈਪਟਨ ਨੇ ਅੰਮ੍ਰਿਤਸਰ ਵਿਚ ਪੰਜਾਬ ਰਾਜ ਅਜਾਇਬ ਘਰ ਦੇ ਸਣੇ ਸਮੁੱਚਾ ਰਿਕਾਰਡ ਇਕ ਥਾਂ 'ਤੇ ਰੱਖਣ ਲਈ ਪਟਿਆਲਾ ਅਤੇ ਮੁਹਾਲੀ ਵਿਚਕਾਰ ਵਿਸ਼ਵ ਪੱਧਰੀ ਪੰਜਾਬ ਸਟੇਟ ਆਰਕਾਈਵਜ਼ ਐਂਡ ਲਾਇਬ੍ਰੇਰੀ ਵਿਕਸਿਤ ਕਰਨ ਦਾ ਪ੍ਰਸਤਾਵ ਕੀਤਾ ਹੈ। ਉਨ੍ਹਾਂ ਕਿਹਾ ਕਿ ਇਹ ਦੋਵੇਂ ਸੰਸਥਾਵਾਂ ਸੂਬੇ ਦੇ ਅਮੀਰ ਸਮਾਜਿਕ ਸੱਭਿਆਚਾਰਕ ਇਤਿਹਾਸ ਦੀ ਸੰਭਾਲ ਕਰਨ ਕਰਕੇ ਖੋਜਾਰਥੀਆਂ, ਅਕਾਦਮਕ ਮਾਹਿਰਾਂ, ਪੁਰਾਤੱਤਵ ਵਿਗਿਆਨੀਆਂ ਅਤੇ ਪੁਰਾਲੇਖ ਦੇ ਮਾਹਿਰਾਂ ਲਈ ਮਦਦਗਾਰ ਹੋਵੇਗਾ।

# ਪੰਜਾਬ ਸਰਕਾਰ ਨੂੰ ਕੇਂਦਰ ਦੀ ਆਯੁਸ਼ਮਾਨ ਯੋਜਨਾ ਲੱਗੀ ਘਾਟੇ ਵਾਲਾ ਸੌਦਾ

**ਚੰਡੀਗੜ੍ਹ:** ਕੇਂਦਰ ਦੀ ਆਯੁਸ਼ਮਾਨ ਯੋਜਨਾ ਪੰਜਾਬ 'ਚ ਲਾਗੂ ਹੋਵੇ ਜਾਂ ਨਾ, ਇਸ ਨੂੰ ਲੈ ਕੇ ਸਰਕਾਰ 'ਚ ਚੰਗੀ ਬਹਿਸ ਛਿੜੀ ਹੋਇਆ ਹੈ। ਕੇਂਦਰ ਦੀ ਇਸ ਯੋਜਨਾ ਉਤੇ ਪੰਜਾਬ ਸਰਕਾਰ ਵੱਲੋਂ ਪਿਛਲੇ ਕਾਫੀ ਸਮੇਂ ਤੋਂ ਸਵਾਲ ਵੀ ਖੜ੍ਹੇ ਕੀਤੇ ਜਾ ਰਹੇ ਹਨ। ਹਾਲਾਂਕਿ ਭਾਜਪਾ ਸ਼ਾਸਿਤ ਰਾਜਾਂ 'ਚ ਇਸ ਯੋਜਨਾ ਨੂੰ ਉਥੋਂ ਦੀਆਂ ਸਰਕਾਰ ਵੱਲੋਂ ਲਾਗੂ ਕਰ ਦਿੱਤਾ ਗਿਆ ਪਰ ਪੰਜਾਬ ਸਰਕਾਰ ਵੱਲੋਂ ਇਸ ਨੂੰ ਲਾਗੂ ਨਾ ਕਰਨ ਨੂੰ ਲੈ ਕੇ ਕਈ ਤਰ੍ਹਾਂ ਦੇ ਤਰਕ ਦਿੱਤੇ ਜਾ ਰਹੇ ਹਨ।

ਸੂਬੇ ਦੇ ਸਿਹਤ ਮੰਤਰੀ ਬ੍ਰਹਮ ਮਹਿੰਦਰਾ ਦਾ ਇਸ ਬਾਰੇ ਕਹਿਣਾ ਹੈ ਕਿ ਕੇਂਦਰੀ ਯੋਜਨਾ ਨੂੰ ਪ੍ਰਵਾਨ ਨਾ ਕਰਨ ਦਾ ਵੱਡਾ ਕਾਰਨ ਹੈ ਕਿ ਪੰਜਾਬ ਦੇ ਮੌਜੂਦਾ 32 ਲੱਖ ਲਾਭਪਾਤਰੀਆਂ ਵਿਚੋਂ ਜੋ ਬਾਕੀ ਰਹਿ ਜਾਣਗੇ, ਉਨ੍ਹਾਂ ਦੇ ਹਿੱਤਾਂ ਦੀ ਰਾਖੀ ਕਿਵੇਂ ਹੋਵੇਗੀ? ਉਨ੍ਹਾਂ ਦਾ ਕਹਿਣਾ ਹੈ ਕਿ ਜੇਕਰ ਰਾਜ ਸਰਕਾਰ ਭਗਤ ਪੂਰਨ ਸਿੰਘ ਬੀਮਾ ਯੋਜਨਾ ਨੂੰ ਕੇਂਦਰੀ ਯੋਜਨਾ 'ਚ ਰਲਾ ਦੇਵੇ ਤਾਂ 14.95 ਲੱਖ ਲਾਭਪਾਤਰੀਆਂ ਦੇ ਬਾਅਦ ਬਾਕੀ ਲਾਭਪਾਤਰੀਆਂ ਦਾ ਖਰਚ ਕੌਣ ਚੁੱਕੇਗਾ? ਉਨ੍ਹਾਂ ਕਿਹਾ ਕਿ ਇਨ੍ਹਾਂ ਹਾਲਾਤ 'ਚ ਕੇਂਦਰ ਸਰਕਾਰ ਜੇ ਆਪਣੀ ਯੋਜਨਾ 'ਚ ਕੇਂਦਰ ਤੇ ਰਾਜ ਸਰਕਾਰ ਸ਼ੇਅਰ ਦਾ ਅਨੁਪਾਤ ਬਦਲ ਦੇਵੇ ਤਾਂ ਹੀ ਰਾਜ ਸਰਕਾਰ ਨੂੰ ਕੇਂਦਰੀ ਯੋਜਨਾ ਲਾਗੂ ਕਰ ਪਾਏਗੀ। ਉਨ੍ਹਾਂ ਕਿਹਾ ਕਿ ਮੌਜੂਦਾ ਹਾਲਾਤ ਵਿਚ ਪੰਜਾਬ ਨੂੰ ਆਯੁਸ਼ਮਾਨ ਯੋਜਨਾ ਲਾਗੂ ਕਰਨ 'ਤੇ ਆਪਣੇ ਹਿੱਸੇ ਦੇ ਤੌਰ 'ਤੇ 300 ਕਰੋੜ ਰੁਪਏ ਦੇਣੇ ਪੈਣਗੇ, ਜਦੋਂ ਕਿ ਰਾਜ ਸਰਕਾਰ ਦੀ ਵਿੱਤੀ ਹਾਲਤ ਪਹਿਲਾਂ ਹੀ ਠੀਕ ਨਹੀਂ। ਯੋਜਨਾ ਲਾਗੂ ਕਰਨ ਤੋਂ ਫਿਲਹਾਲ ਸਰਕਾਰ ਨੇ ਪਾਸਾ ਵੱਟ ਲਿਆ ਹੈ।

ਇਸ ਤੋਂ ਪਹਿਲਾਂ ਸਰਕਾਰ ਪਿਛਲੇ ਲੰਮੇ ਸਮੇਂ ਤੋਂ ਇਹ ਮੰਗ ਕਰਦੀ ਆ ਰਹੀ ਸੀ ਕਿ ਕੇਂਦਰ ਸਰਕਾਰ ਇਸ ਯੋਜਨਾ ਲਈ ਤੈਅ ਕੇਂਦਰ-ਰਾਜ ਦੇ ਹਿੱਸੇ ਦਾ ਅਨੁਪਾਤ 60:40 ਤੋਂ ਬਦਲ ਕੇ 80:20 ਕਰ ਦੇਵੇ ਤਾਂ ਜੋ ਸੂਬੇ ਦੇ ਉਨ੍ਹਾਂ ਲੋਕਾਂ ਨੂੰ ਵੀ ਯੋਜਨਾ ਦਾ ਲਾਭ ਮਿਲ ਸਕੇ ਜੋ ਇਸ ਕੇਂਦਰੀ ਯੋਜਨਾ ਨੂੰ ਲਾਗੂ ਕਰਨ ਦੇ ਕਾਰਨ ਰਾਜ ਵਿਚ ਪਹਿਲਾਂ ਤੋਂ ਚੱਲ ਰਹੀ ਯੋਜਨਾ ਤੋਂ ਵਾਂਝੇ ਰਹਿ ਜਾਣਗੇ। ਕੇਂਦਰ ਵੱਲੋਂ ਪੰਜਾਬ ਸਰਕਾਰ ਦੀ ਇਹ ਮੰਗ ਨਾ ਮੰਨੇ ਜਾਣ ਮਗਰੋਂ ਹੁਣ ਪੰਜਾਬ ਸਰਕਾਰ ਨੇ ਕੇਂਦਰ ਦੀ ਇਸ ਯੋਜਨਾ ਨੂੰ ਲਾਗੂ ਕਰਨ ਤੋਂ ਕਿਨਾਰਾ ਕਰ ਲਿਆ ਹੈ।




## ਪਾਵਰਕੌਮ ਵੱਲੋਂ ਵਾਧੂ ਬਿਜਲੀ ਵੇਚਣ ਦਾ ਰਿਕਾਰਡ

**ਪਟਿਆਲਾ:** ਪਾਵਰਕੌਮ ਨੇ ਵਾਧੂ ਬਿਜਲੀ ਵੇਚਣ ਦੇ ਲਿਹਾਜ਼ ਤੋਂ ਰਿਕਾਰਡ ਕਾਇਮ ਕਰਨ ਅਤੇ ਦੇਸ਼ ਭਰ 'ਚ ਮੋਹਰੀ ਰਹਿਣ ਦਾ ਦਾਅਵਾ ਕੀਤਾ ਹੈ। ਪਾਵਰਕੌਮ ਨੇ ਸਤੰਬਰ ਮਹੀਨੇ 'ਚ 426.38 ਕਰੋੜ ਰੁਪਏ ਦੀ ਬਿਜਲੀ ਬਾਹਰੀ ਰਾਜਾਂ ਨੂੰ ਵੇਚੀ ਹੈ, ਜੋ ਆਪਣੇ ਆਪ ਵਿਚ ਰਿਕਾਰਡ ਹੈ। 'ਇੰਡੀਅਨ ਐਨਰਜੀ ਐਕਸਚੇਂਜ' ਦੇ ਸਰਵੇਖਣ 'ਚ ਵਿਕਰੀ ਦਾ ਇਹ ਅੰਕੜਾ ਦੇਸ਼ ਭਰ ਵਿਚੋਂ ਸਭ ਤੋਂ ਅੱਗੇ ਹੈ। ਸਤੰਬਰ 'ਚ 744.5 ਮਿਲੀਅਨ ਯੂਨਿਟ ਬਿਜਲੀ 5.73 ਰੁਪਏ ਪ੍ਰਤੀ ਯੂਨਿਟ ਦੇ ਹਿਸਾਬ ਨਾਲ ਵੇਚੀ ਗਈ।

ਪਿਛਲੇ ਸਾਲ ਸਤੰਬਰ ਮਹੀਨੇ ਦੌਰਾਨ 70.44 ਕਰੋੜ ਰੁਪਏ ਦੀ ਬਿਜਲੀ 4.19 ਰੁਪਏ ਪ੍ਰਤੀ ਯੂਨਿਟ ਦੇ ਭਾਅ ਨਾਲ ਵੇਚੀ ਗਈ ਸੀ। ਉਦੋਂ 168.3 ਮਿਲੀਅਨ ਯੂਨਿਟ ਹੀ ਬਿਜਲੀ ਵਿਕੀ ਸੀ। ਪਾਵਰਕੌਮ ਨੇ ਐਤਕੀਂ ਅਪਰੈਲ ਤੋਂ ਸਤੰਬਰ ਤੱਕ 1073 ਮਿਲੀਅਨ ਯੂਨਿਟ ਬਿਜਲੀ ਵੇਚੀ ਹੈ, ਜਿਸ ਨਾਲ 569.24 ਕਰੋੜ ਰੁਪਏ ਮਿਲੇ ਹਨ। ਇਹ ਬਿਜਲੀ ਔਸਤਨ 5.31 ਰੁਪਏ ਪ੍ਰਤੀ ਯੂਨਿਟ ਦੇ ਹਿਸਾਬ ਨਾਲ ਵੇਚੀ ਗਈ।

# ਬਰਗਾੜੀ ਮੋਰਚੇ ਦੇ ਹੱਕ 'ਚ ਡਟਿਆ 'ਆਪ' ਦਾ ਬਾਗੀ ਧੜਾ

**ਚੰਡੀਗੜ੍ਹ:** ਕਾਂਗਰਸ ਤੇ ਅਕਾਲੀ ਦਲ ਦੀਆਂ ਰੈਲੀਆਂ ਦੇ ਚੱਲਦਿਆਂ ਆਮ ਆਦਮੀ ਪਾਰਟੀ ਦੇ ਬਾਗੀ ਧੜੇ ਨੇ ਸਿੱਖ ਜਥੇਬੰਦੀਆਂ ਦੇ ਭਾਈਵਾਲੀ ਬਣ ਕੇ ਸਾਂਝਾ ਸੰਘਰਸ਼ ਵਿੱਢ ਦਿੱਤਾ ਹੈ। ਸਿੱਖ ਗਰਮਖਿਆਲੀਆਂ ਨੇ 14 ਅਕਤੂਬਰ ਨੂੰ ਬਹਿਬਲ ਕਲਾਂ ਵਿਚ ਪੁਲਿਸ ਗੋਲੀਬਾਰੀ ਨਾਲ ਮਾਰੇ ਗਏ ਦੋ ਸਿੱਖਾਂ ਦੀ ਤੀਜੀ ਵਰ੍ਹੇਗੰਢ ਮਨਾਉਣ



ਦਾ ਖੁੱਲ੍ਹਾ ਸੱਦਾ ਦਿੱਤਾ ਹੈ। ਕਾਂਗਰਸ ਤੇ ਅਕਾਲੀ ਦਲ ਨੇ ਤਾਂ ਪਹਿਲਾਂ ਹੀ ਇਨ੍ਹਾਂ ਤੋਂ ਦੂਰੀ ਬਣਾ ਲਈ ਸੀ ਪਰ ਖਹਿਰਾ ਦੀ ਅਗਵਾਈ ਵਾਲਾ 'ਆਪ' ਦਾ ਬਾਗੀ ਧੜਾ ਇਨ੍ਹਾਂ ਦੇ ਹੱਕ 'ਚ ਨਿੱਤਰਿਆ ਹੈ।

ਸਿੱਖ ਪ੍ਰਚਾਰਕ ਬਲਜੀਤ ਸਿੰਘ ਦਾਦੂਵਾਲ ਨੇ ਅਪੀਲ ਕੀਤੀ ਹੈ ਕਿ ਜੋ ਵੀ ਸਿੱਖ ਬਹਿਬਲ ਕਲਾਂ ਕਾਂਡ ਵਿਚ ਸ਼ਹੀਦ ਹੋਏ ਸਿੱਖਾਂ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦਾ ਦਰਦ ਮਹਿਸੂਸ ਕਰਦਾ ਹੈ ਤੇ ਇਨਸਾਫ ਚਾਹੁੰਦਾ ਹੈ, ਉਹ 14 ਅਕਤੂਬਰ ਨੂੰ ਬਰਗਾੜੀ ਜ਼ਰੂਰ ਪੁੱਜੇਗਾ। ਉਨ੍ਹਾਂ ਕਿਹਾ ਕਿ ਕੈਪਟਨ ਸਰਕਾਰ ਇਸ ਮਾਮਲੇ ਵਿਚ ਇਕ ਵੀ ਦੋਸ਼ੀ ਨੂੰ ਗ੍ਰਿਫਤਾਰ ਨਹੀਂ ਕਰਵਾ ਸਕੀ। ਅਕਾਲੀ ਦਲ ਤਾਂ ਬਰਗਾੜੀ ਮੋਰਚਾ ਦੇ ਲੀਡਰਾਂ ਨੂੰ ਅਤਿਵਾਦੀ ਤੱਕ ਐਲਾਨ ਚੁੱਕਿਆ ਹੈ। ਇਸ ਮਗਰੋਂ ਕਾਂਗਰਸ ਨੇ ਵੀ ਮੋਰਚੇ ਦੇ ਲੀਡਰਾਂ ਤੋਂ ਦੂਰੀ ਬਣਾ ਲਈ ਹੈ। ਅਜਿਹੇ ਵਿਚ ਸੁਖਪਾਲ ਖਹਿਰਾ ਧੜੇ ਨੇ ਹਮਾਇਤ ਕੀਤੀ ਹੈ।

ਖਹਿਰਾ ਨੇ ਤਾਂ ਇਹ ਵੀ ਦੋਸ਼ ਲਾਇਆ ਹੈ ਕਿ ਕਾਂਗਰਸ ਤੇ ਅਕਾਲੀ ਦਲ ਦੀਆਂ ਰੈਲੀਆਂ ਉਨ੍ਹਾਂ ਦੇ ਰੋਸ ਮਾਰਚ ਨੂੰ ਤਾਰਪੀਡੋ ਕਰਨ ਦੀ ਸਾਜ਼ਿਸ਼ ਹਨ। ਦਾਦੂਵਾਲ ਨੇ ਬਾਦਲਾਂ 'ਤੇ ਦੋਸ਼ ਲਾਇਆ ਕਿ ਬਾਦਲ ਅਫਵਾਹਾਂ ਫੈਲਾਉਣ ਲਈ ਮੀਡੀਆ ਦਾ ਇਸਤੇਮਾਲ ਕਰ ਰਹੇ ਸਨ ਕਿ ਬਰਗਾੜੀ ਮੋਰਚਾ ਮੱਠਾ ਪੈ ਗਿਆ ਹੈ ਪਰ ਰੋਜ਼ਾਨਾ ਹੋ ਰਿਹਾ ਇਕੱਠ ਦਰਸਾਉਂਦਾ ਹੈ ਕਿ ਸਿੱਖ ਭਾਈਚਾਰਾ ਇਨਸਾਫ ਚਾਹੁੰਦਾ ਹੈ ਤੇ ਜਦੋਂ ਤੱਕ ਇਨਸਾਫ ਨਹੀਂ ਮਿਲ ਜਾਂਦਾ, ਇਹ ਮੋਰਚਾ ਏਦਾਂ ਹੀ ਜਾਰੀ ਰਹੇਗਾ।

# ਕਰਤਾਰਪੁਰ ਲਾਂਘਾ: ਬਾਦਲ ਨੂੰ ਅਜੇ ਵੀ ਮੋਦੀ ਸਰਕਾਰ ਤੋਂ ਉਮੀਦਾਂ

**ਸ੍ਰੀ ਮੁਕਤਸਰ ਸਾਹਿਬ:** ਪਾਕਿਸਤਾਨ ਸਰਕਾਰ ਵੱਲੋਂ ਕਰਤਾਰਪੁਰ ਸਾਹਿਬ ਲਾਂਘਾ ਖੋਲ੍ਹਣ ਬਾਰੇ ਸਹਿਮਤੀ ਜਤਾਉਣ ਦੀਆਂ ਖ਼ਬਰਾਂ ਮੁੜ ਉਠਣ ਤੋਂ ਬਾਅਦ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਇਸ ਮਾਮਲੇ ਵਿਚ ਪਹਿਲਕਦਮੀ ਦਾ ਸਿਹਰਾ ਆਪਣੀ ਸਰਕਾਰ ਸਿਰ ਹੀ ਬੱਧਾ ਹੈ। ਬਾਦਲ ਨੇ ਕਿਹਾ ਕਿ ਸਾਡੀ ਸਰਕਾਰ ਨੇ ਬਹੁਤ ਦੇਰ ਪਹਿਲਾਂ ਇਹ ਆਵਾਜ਼ ਉਠਾਈ ਸੀ ਕਿ ਜਲਦ ਤੋਂ ਜਲਦ ਕਰਤਾਰਪੁਰ ਲਾਂਘਾ ਖੁੱਲ੍ਹ ਜਾਵੇ।

ਜ਼ਿਕਰਯੋਗ ਹੈ ਕਿ ਬੀਤੇ ਦਿਨੀਂ ਸੰਯੁਕਤ ਰਾਸ਼ਟਰ ਦੀ ਮਹਾਂਸਭਾ ਦੌਰਾਨ ਭਾਰਤੀ ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਪਾਕਿਸਤਾਨ ਦੇ ਵਿਦੇਸ਼ ਮੰਤਰੀ ਦਾ ਭਾਸ਼ਣ ਸੁਣੇ ਬਿਨਾ ਹੀ ਉਥੋਂ ਆ ਗਈ ਸੀ। ਇੰਨਾ ਹੀ ਨਹੀਂ ਦੋਵਾਂ ਮੰਤਰੀਆਂ ਦਰਮਿਆਨ ਕੋਈ ਦੁਆ-ਸਲਾਮ ਵੀ ਨਹੀਂ ਹੋਈ। ਇਸ ਦੌਰ ਵਿਚ ਵੀ ਬਾਦਲ ਪੱਤਰਕਾਰਾਂ ਰਾਹੀਂ ਮੋਦੀ ਸਰਕਾਰ ਨੂੰ ਅਪੀਲ ਕਰ ਰਹੇ ਹਨ। ਬਾਦਲ ਨੇ ਕਿਹਾ ਕਿ ਉਨ੍ਹਾਂ ਪਿਛਲੀ ਕੇਂਦਰ ਦੀ ਸਰਕਾਰ ਦੌਰਾਨ ਰਾਸ਼ਟਰਪਤੀ ਤੇ ਵਿੱਤ ਮੰਤਰੀ ਨੂੰ ਵੀ ਡੇਰਾ ਬਾਬਾ ਨਾਨਕ ਦਾ ਉਹ ਸਥਾਨ ਦਿਖਾਇਆ ਸੀ ਜਿਥੋਂ ਸੰਗਤ ਦੂਰਬੀਨ ਨਾਲ ਕਰਤਾਰਪੁਰ ਸਾਹਿਬ ਗੁਰਦੁਆਰੇ ਦੇ ਦਰਸ਼ਨ ਕਰਦੀ ਹੈ।

ਉਨ੍ਹਾਂ ਕਿਹਾ ਕਿ ਇਹ ਕੋਈ ਛੋਟਾ ਕੰਮ ਨਹੀਂ ਸਗੋਂ ਬਹੁਤ ਹੀ ਵੱਡਾ ਤੇ ਪਵਿੱਤਰ ਕੰਮ ਹੈ,



ਇਸ ਲਈ ਦੋਵੇਂ ਦੇਸ਼ਾਂ ਦੀਆਂ ਸਰਕਾਰਾਂ ਜਲਦੀ ਕੰਮ ਕਰਨ। ਇਸ ਤੋਂ ਬਾਅਦ ਬਾਦਲ ਨੇ ਕੈਪਟਨ ਦੇ ਕੈਬਨਿਟ ਮੰਤਰੀ ਨਵਜੋਤ ਸਿੱਧੂ ਵੱਲੋਂ ਅਕਾਲੀ ਸਰਕਾਰ ਸਮੇਂ ਹੋਏ ਪੰਜ ਸੌ ਕਰੋੜ ਦੇ ਕਥਿਤ ਘਪਲੇ ਬਾਰੇ ਬੋਲਦੇ ਕਿਹਾ ਕਿ ਜਿਸ ਬੰਦੇ ਨੇ ਵੀ ਘਪਲੇ ਕੀਤੇ ਹਨ, ਸਭ ਦੀ ਜਾਂਚ ਹੋਵੇ ਤੇ ਉਨ੍ਹਾਂ ਨੂੰ ਫੜਿਆ ਜਾਵੇ। ਉਨ੍ਹਾਂ ਕਿਹਾ ਕਿ ਅਸੀਂ ਕਿਸੇ ਵੀ ਬੇਈਮਾਨ ਬੰਦੇ ਦੇ ਹੱਕ ਵਿਚ ਨਹੀਂ। ਉਨ੍ਹਾਂ ਉਲਟਾ ਸਵਾਲ ਕੀਤਾ ਕਿ ਉਹ ਪਹਿਲਾਂ ਇਹ ਦੱਸਣ ਕਿ ਪਿਛਲੇ ਦਿਨੀਂ ਜ਼ਿਲ੍ਹਾ ਪ੍ਰੀਸ਼ਦ ਤੇ ਬਲਾਕ ਸੰਮਤੀ ਚੋਣਾਂ ਵਿਚ ਧੱਕਾ ਕਿਸ ਨੇ ਕੀਤਾ ਸੀ। ਉਨ੍ਹਾਂ ਪਿਛਲੇ ਸਮੇਂ ਸੁਨੀਲ ਜਾਖੜ ਦੇ ਲਾਏ ਇਲਜ਼ਾਮਾਂ ਦਾ ਜਵਾਬ ਦਿੰਦਿਆਂ ਕਿਹਾ ਕਿ ਕਾਂਗਰਸ ਪਾਰਟੀ ਨੇ ਤਾਂ ਹਰਿਮੰਦਰ ਸਾਹਿਬ ਉੱਪਰ ਹਮਲਾ ਹਮਲਾ ਕੀਤਾ, 1984 ਦੇ ਸਿੱਖ ਕਤਲੇਆਮ ਕਰਵਾਏ, ਐਮਰਜੈਂਸੀ ਲਾਈ, ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਤੇ ਪੰਜਾਬੀ ਬੋਲਦੇ ਇਲਾਕੇ ਵੀ ਹਰਿਆਣਾ ਨੂੰ ਦੇ ਦਿੱਤੇ। ਉਨ੍ਹਾਂ ਕਿਹਾ ਕਿ ਪੰਜਾਬ ਦੇ ਦੁਸ਼ਮਣ ਪਹਿਲਾਂ ਆਪਣੀ ਪੀੜ੍ਹੀ ਹੇਠ ਸੋਟਾ ਫੇਰਨ ਮਗਰੋਂ ਦੂਜੇ ਸਿਰ ਇਲਜ਼ਾਮ ਲਾਉਣ।

## ਲਾਂਘਾ ਖੋਲ੍ਹਣ ਲਈ ਪਾਕਿਸਤਾਨ ਸਹਿਮਤ: ਸਰਨਾ ਭਰਾ

**ਅੰਮ੍ਰਿਤਸਰ:** ਪਾਕਿਸਤਾਨ ਦੌਰੇ ਤੋਂ ਵਾਪਸ ਆਏ ਦਿੱਲੀ ਕਮੇਟੀ ਦੇ ਸਾਬਕਾ ਪ੍ਰਧਾਨ ਪਰਮਜੀਤ ਸਿੰਘ ਸਰਨਾ ਅਤੇ ਹਰਵਿੰਦਰ ਸਿੰਘ ਸਰਨਾ ਨੇ ਦਾਅਵਾ ਕੀਤਾ ਕਿ ਉਨ੍ਹਾਂ ਪਾਕਿਸਤਾਨ ਦੇ ਧਾਰਮਿਕ ਮਾਮਲਿਆਂ ਤੇ ਘੱਟ ਗਿਣਤੀਆਂ ਦੇ ਮੰਤਰੀ ਪੀਰ ਨਜ਼ਰਉੱਲ ਹੱਕ ਕਾਦਰੀ ਨਾਲ ਇਸਲਾਮਾਬਾਦ ਵਿਚ ਮੀਟਿੰਗ ਕੀਤੀ ਹੈ ਅਤੇ ਉਥੇ ਉਨ੍ਹਾਂ ਗੁਰਦੁਆਰਾ ਕਰਤਾਰਪੁਰ ਲਾਂਘਾ ਖੋਲ੍ਹਣ ਦੀ ਸਹਿਮਤੀ ਦਿੱਤੀ ਹੈ। ਚਾਰ ਦਿਨਾਂ ਦੌਰੇ ਤੋਂ ਪਰਤੇ ਸਰਨਾ ਭਰਾਵਾਂ ਨੇ ਦਾਅਵਾ ਕੀਤਾ ਕਿ ਗੁਰਦੁਆਰਾ ਕਰਤਾਰਪੁਰ ਲਾਂਘਾ ਖੋਲ੍ਹਣ ਲਈ ਪਾਕਿਸਤਾਨ ਸਰਕਾਰ ਪੂਰੀ ਤਰ੍ਹਾਂ ਤਿਆਰ ਹੈ ਅਤੇ ਇਸ ਮਾਮਲੇ ਵਿਚ ਭਾਰਤ ਸਰਕਾਰ ਦੇ ਹੁੰਗਾਰੇ ਦੀ ਉਡੀਕ ਵਿੱਚ ਹੈ।

# ਅਕਾਲੀਆਂ ਦੀ ਗੁਰਦੁਆਰੇ ਵਿਚ ਸਿਆਸੀ ਮੀਟਿੰਗ ਤੋਂ ਭਖਿਆ ਵਿਵਾਦ

**ਰੂੜੇਕੇ ਕਲਾਂ:** ਪਿੰਡ ਧੌਲਾ ਦੇ ਗੁਰਦੁਆਰਾ ਸੋਹਿਆਣਾ ਵਿਖੇ ਅਕਾਲੀ ਦਲ ਦੇ ਵਰਕਰਾਂ ਅਤੇ ਵਿਰੋਧੀਆਂ ਵਿਚਾਲੇ ਟਕਰਾਅ ਹੋ ਗਿਆ। ਇਸ ਤਕਰਾਰ ਦੌਰਾਨ ਖਿੱਚ-ਧੂਹ ਹੋਈ ਤੇ ਇਕ ਨੌਜਵਾਨ ਦੀ ਪੱਗ ਲੱਥ ਗਈ। ਜਾਣਕਾਰੀ ਅਨੁਸਾਰ ਸ਼੍ਰੋਮਣੀ ਅਕਾਲੀ ਦਲ ਵੱਲੋਂ ਪਿੰਡ ਧੌਲਾ ਦੇ ਗੁਰਦੁਆਰਾ ਸੋਹਿਆਣਾ ਸਾਹਿਬ ਵਿਖੇ ਹਲਕਾ ਇੰਚਾਰਜ ਸਤਨਾਮ ਸਿੰਘ ਰਾਹੀ ਦੀ ਅਗਵਾਈ ਵਿਚ ਹਲਕਾ ਪੱਧਰੀ ਮੀਟਿੰਗ ਰੱਖੀ ਹੋਈ ਸੀ, ਜਿਸ ਵਿਚ ਬਲਾਕ ਸਮਿਤੀ ਚੋਣਾਂ ਵਿਚ ਜੇਤੂ ਰਹੇ ਉਮੀਦਵਾਰਾਂ ਦਾ ਸਨਮਾਨ ਕੀਤਾ ਜਾਣਾ ਸੀ।

ਇਸ ਮੀਟਿੰਗ ਵਿਚ ਕੁਝ ਵਿਅਕਤੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਰੋਸ ਵਜੋਂ ਨਾਅਰੇ ਲਾਉਂਦੇ ਹੋਏ ਅੰਦਰ ਦਾਖਲ ਹੋ ਗਏ ਤੇ ਅਕਾਲੀ ਦਲ ਵੱਲੋਂ ਗੁਰਦੁਆਰੇ ਵਿਚ ਸਿਆਸੀ ਮੀਟਿੰਗ ਕਰਨ ਦਾ ਵਿਰੋਧ ਜਤਾਉਣ ਲੱਗੇ। ਜਦੋਂ ਅਕਾਲੀ ਦਲ ਦਾ ਬੁਲਾਰਾ ਬੋਲਣੋਂ ਨਾ ਹਟਿਆ ਤਾਂ ਰੋਸ ਪ੍ਰਗਟਾ ਰਹੇ ਵਿਅਕਤੀ ਮਾਈਕ ਬੰਦ ਕਰਨ ਲੱਗੇ, ਜਿਸ ਕਾਰਨ ਤਣਾਅ ਪੈਦਾ ਹੋ ਗਿਆ। ਇਸ ਮੌਕੇ ਹੱਥੋਪਾਈ ਦੌਰਾਨ ਇਕ ਨੌਜਵਾਨ ਦੀ ਪੱਗ ਲੱਥ ਗਈ। ਇਸ ਮਗਰੋਂ ਅਕਾਲੀ ਵਰਕਰਾਂ ਨੇ ਦੂਜੀ ਧਿਰ ਦੇ ਨੌਜਵਾਨਾਂ ਨੂੰ ਧੂਹ ਕੇ ਗੁਰਦੁਆਰੇ ਤੋਂ ਬਾਹਰ ਕੱਢ ਦਿੱਤਾ।

ਇਸ ਮੌਕੇ ਵਿਰੋਧ ਜਤਾਉਣ ਵਾਲੇ ਨੌਜਵਾਨਾਂ ਨੇ ਦੋਸ਼ ਲਾਇਆ ਕਿ ਅਕਾਲੀ ਦਲ ਨੇ ਗੁਰਦੁਆਰੇ ਦੇ ਦਰਬਾਰ ਹਾਲ 'ਚ ਸਿਆਸੀ ਮੀਟਿੰਗ ਕਰ ਕੇ ਗੁਰੂ ਗ੍ਰੰਥ ਸਾਹਿਬ ਦੀ ਹਾਜ਼ਰੀ ਵਿਚ ਆਪਣੇ ਆਗੂਆਂ ਦੇ ਹੱਕ ਵਿਚ ਨਾਅਰੇ ਲਾਏ, ਜਿਸ ਦਾ ਉਨ੍ਹਾਂ ਨੇ ਸ਼ਾਂਤਮਈ ਵਿਰੋਧ ਕੀਤਾ ਸੀ, ਪਰ ਅਕਾਲੀਆਂ ਨੇ ਆਪਣੀ ਗਲਤੀ ਮੰਨਣ ਦੀ ਬਜਾਏ ਉਨ੍ਹਾਂ ਉਪਰ ਹਮਲਾ ਕਰ ਦਿੱਤਾ, ਜਿਸ ਦੌਰਾਨ ਇਕ ਨੌਜਵਾਨ ਦੀ ਪੱਗ ਲੱਥ ਗਈ।

# ਕੈਪਟਨ ਦੀ ਬੇਰੁਖੀ ਤੋਂ ਟਕਸਾਲੀ ਕਾਂਗਰਸੀ ਔਖੇ

**ਲੰਬੀ:** ਹਲਕਾ ਲੰਬੀ ਦੇ ਕਾਂਗਰਸੀਆਂ ਨੂੰ ਮੁੱਖ ਮੰਤਰੀ ਅਮਰਿੰਦਰ ਸਿੰਘ ਦੀ ਸਿਆਸੀ ਬੁੱਕਲ ਵਿਚੋਂ ਕਦੇ ਵਫ਼ਾ ਵਾਲਾ ਨਿੱਘ ਨਹੀਂ ਮਿਲ ਸਕਿਆ। ਮੁੱਖ ਮੰਤਰੀ ਬਣਨ ਬਾਅਦ ਅਮਰਿੰਦਰ ਸਿੰਘ ਨੇ ਲੰਬੀ 'ਚ ਕਦੇ ਗੇੜਾ ਨਹੀਂ ਮਾਰਿਆ। ਸਰਕਾਰੇ-ਦਰਬਾਰੇ ਰੱਤੀ ਭਰ ਸੁਣਵਾਈ ਨਾ ਹੋਣ 'ਤੇ ਇਥੋਂ ਦੇ ਕਾਂਗਰਸੀ ਕਾਡਰ ਅਤੇ ਲੀਡਰਸ਼ਿਪ 'ਚ ਅਮਰਿੰਦਰ ਸਿੰਘ ਪ੍ਰਤੀ ਭਾਰੀ ਗੁੱਸਾ ਹੈ। ਬਾਦਲਾਂ ਨਾਲ ਦਹਾਕੇ ਭਰ ਜੂਝਣ ਵਾਲੇ ਕਾਂਗਰਸੀਆਂ ਦਾ ਮਨ ਅਮਰਿੰਦਰ ਸਿੰਘ ਦੀ ਬੇਰੁਖੀ ਨੇ ਫਿੱਕਾ ਪਾ ਦਿੱਤਾ।

ਮੁੱਖ ਮੰਤਰੀ ਅਮਰਿੰਦਰ ਸਿੰਘ 7 ਅਕਤੂਬਰ ਨੂੰ ਬੇਅਦਬੀ ਮਾਮਲੇ 'ਤੇ ਬਾਦਲਾਂ ਨੂੰ ਜਵਾਬ ਦੇਣ ਲਈ ਕਿੱਲਿਆਂਵਾਲੀ ਰੈਲੀ ਜ਼ਰੀਏ ਹਲਕਾ ਲੰਬੀ 'ਚ ਗਰਜਣ ਆ ਰਹੇ ਹਨ। ਕੈਪਟਨ ਦੀ ਬੇਰੁਖੀ ਕਾਰਨ ਲੰਬੀ ਦਾ ਕਾਂਗਰਸੀ ਕਾਡਰ ਇਸ ਰੈਲੀ ਤੋਂ ਪਾਸਾ ਵੱਟਣ ਦੇ ਰੌਂਅ ਵਿਚ ਹੈ। ਵਰਕਰਾਂ ਦਾ ਕਹਿਣਾ ਹੈ ਕਿ 2002 ਵਾਲੀ ਕਾਂਗਰਸ ਸਰਕਾਰ 'ਚ ਬਾਦਲਾਂ ਦੇ ਗੜ੍ਹ 'ਚ ਜੂਝਣ ਵਾਲੇ ਕਾਂਗਰਸੀਆਂ ਨੂੰ ਸਾਢੇ ਚਾਰ ਸਾਲ ਪੁੱਛਿਆ ਤੱਕ ਨਹੀਂ ਸੀਂ, ਉਦੋਂ ਕਾਂਗਰਸੀ ਆਗੂ ਲੰਬੀ ਥਾਣੇ ਮੂਹਰੇ ਧਰਨਾ ਲਾਉਣ ਨੂੰ ਮਜਬੂਰ ਹੋ ਗਏ ਸਨ। ਦਸੰਬਰ 2006 ਵਿਚ ਵੀ ਅਮਰਿੰਦਰ ਸਿੰਘ



ਨੇ ਸਿਆਸੀ ਖਹਿਬਾਜ਼ੀ 'ਚ ਪ੍ਰਕਾਸ਼ ਸਿੰਘ ਬਾਦਲ ਦੇ ਜਨਮ ਦਿਨ ਮੌਕੇ ਪਿੰਡ ਬਾਦਲ 'ਚ ਵਿਸ਼ਾਲ ਰੈਲੀ ਕੀਤੀ, ਜਿਸ ਦੀ ਸਫਲਤਾ 'ਚ ਲੰਬੀ ਹਲਕੇ ਦੇ ਕਾਂਗਰਸੀ ਵਰਕਰਾਂ ਦਾ ਅਹਿਮ ਰੋਲ ਰਿਹਾ ਸੀ। ਕਾਂਗਰਸ ਵਰਕਰ ਇਕ-ਦੂਜੇ ਨਾਲ ਤਾਲਮੇਲ ਕਰਕੇ ਰੈਲੀ ਪ੍ਰਤੀ ਆਪਣੀਆਂ ਭਾਵਨਾਵਾਂ ਫੈਲਾ ਰਹੇ ਹਨ। ਰੈਲੀ ਤੋਂ ਪਹਿਲਾਂ ਕਾਂਗਰਸ ਵਰਕਰਾਂ ਦਾ ਰੋਹ ਜਨਤਕ ਤੌਰ 'ਤੇ ਨਜ਼ਰ ਆਉਣ ਦੇ ਆਸਾਰ ਹਨ।

ਟਕਸਾਲੀ ਕਾਂਗਰਸ ਆਗੂ ਵਰਿੰਦਰ ਮਿਠੜੀ ਅਤੇ ਦਰਜਨਾਂ ਵਰਕਰਾਂ ਦਾ ਕਹਿਣਾ ਹੈ ਕਿ ਟਕਸਾਲੀ ਵਰਕਰਾਂ ਦਾ ਮਨ ਰੈਲੀ ਵਿਚ ਜਾਣ ਦਾ ਨਹੀਂ ਹੈ। ਬੀਤੇ ਦਿਨੀਂ ਪੰਜਾਬ ਕਾਂਗਰਸ ਦੇ ਜਨਰਲ ਸਕੱਤਰ ਧੀਰਾ ਖੁੱਡੀਆਂ ਸੋਸ਼ਲ ਮੀਡੀਆ 'ਤੇ ਲੰਬੀ ਦੇ ਕਾਂਗਰਸੀ ਵਰਕਰਾਂ ਦੀ ਸੁਣਵਾਈ ਨਾ ਹੋਣ ਦੀ ਗੱਲ ਕਹਿ ਕੇ ਖੁੱਲ੍ਹੇਆਮ ਆਪਣਾ ਰੋਸ ਪ੍ਰਗਟਾ ਚੁੱਕੇ ਹਨ। ਕਾਂਗਰਸ ਵਰਕਰ ਹੁਣ ਅਮਰਿੰਦਰ ਸਿੰਘ ਨੂੰ ਸੁਆਲ ਕਰ ਰਹੇ ਹਨ ਕਿ ਬਾਦਲਾਂ ਨਾਲ ਸਿੱਧਾ ਟਾਕਰਾ ਲੈਣ ਤੋਂ ਬਾਅਦ ਵੀ ਉਨ੍ਹਾਂ ਨੂੰ ਕਿਹੜੇ ਕਸੂਰ ਸਦਕਾ ਅਣਗੌਲੇ ਕੀਤਾ ਜਾ ਰਿਹਾ ਹੈ। ਜੇਕਰ ਕਾਂਗਰਸੀਆਂ ਦਾ ਬਾਦਲਾਂ ਖਿਲਾਫ਼ ਡਟਣਾ ਗੁਨਾਹ ਹੈ ਤਾਂ ਬਾਦਲਾਂ ਬਾਰੇ ਆਪਣੀ ਹਕੀਕੀ ਨੀਤੀ ਨੂੰ ਅਮਰਿੰਦਰ ਪਾਰਟੀ ਕਾਡਰ ਕੋਲ ਸਪਸ਼ਟ ਕਰ ਦੇਣ। ਜ਼ਿਲ੍ਹਾ ਪ੍ਰਧਾਨ ਗੁਰਮੀਤ ਸਿੰਘ ਖੁੱਡੀਆਂ ਦਾ ਕਹਿਣਾ ਸੀ ਕਿ ਵਰਕਰਾਂ ਦੇ ਸਾਰੇ ਗਿਲੇ ਸ਼ਿਕਵੇ ਜਨਤਕ ਪਲੇਟਫਾਰਮਾਂ 'ਤੇ ਨਹੀਂ ਬਲਕਿ ਪਾਰਟੀ ਪਲੇਟਫਾਰਮ 'ਤੇ ਹੱਲ ਹੋਣੇ ਹਨ।

# ਅਕਾਲੀ ਸਰਕਾਰ ਵੇਲੇ ਸੁਧਾਰ ਟਰੱਸਟਾਂ 'ਚ ਬੇਹਿਸਾਬੀਆਂ ਬੇਨੇਮੀਆਂ

**ਜਲੰਧਰ:** ਸਥਾਨਕ ਸਰਕਾਰਾਂ ਵਿਭਾਗ ਦੇ ਮੰਤਰੀ ਨਵਜੋਤ ਸਿੰਘ ਸਿੱਧੂ ਨੇ ਨਗਰ ਸੁਧਾਰ ਟਰੱਸਟ ਵਿਚ ਇਥੇ ਅਚਨਚੇਤੀ ਮਾਰੇ ਛਾਪੇ ਦੌਰਾਨ ਵੱਡੇ ਪੱਧਰ ਉਤੇ ਹੋਈਆਂ ਗੜਬੜੀਆਂ ਦਾ ਪਰਦਾਫਾਸ਼ ਕੀਤਾ ਹੈ। ਉਨ੍ਹਾਂ ਦੱਸਿਆ ਕਿ ਅਕਾਲੀ-ਭਾਜਪਾ ਗੱਠਜੋੜ ਸਰਕਾਰ ਦੇ ਕਾਰਜਕਾਲ ਦੌਰਾਨ ਜਲੰਧਰ ਅਤੇ ਅੰਮ੍ਰਿਤਸਰ ਦੇ ਨਗਰ ਸੁਧਾਰ ਨਿਗਮਾਂ ਅੰਦਰ 500 ਕਰੋੜ ਦੀਆਂ ਬੇਨੇਮੀਆਂ ਸਾਹਮਣੇ ਆਈਆਂ ਹਨ। ਇਸ ਗੱਲ ਦਾ ਉਦੋਂ ਪਤਾ ਲੱਗਾ ਜਦੋਂ ਵਿਭਾਗ ਨੇ ਇਸ ਵਿਸ਼ੇਸ਼ ਸਮਾਂ ਸੀਮਾ ਦਾ ਆਡਿਟ ਕੀਤਾ। ਸ੍ਰੀ ਸਿੱਧੂ ਨੇ ਸਖ਼ਤ ਲਹਿਜ਼ੇ ਵਿਚ ਕਿਹਾ ਕਿ ਗੜਬੜੀ ਕਰਨ ਵਾਲੇ ਕਿਸੇ ਵੀ ਅਫਸਰ ਨੂੰ ਬਖ਼ਸ਼ਿਆ ਨਹੀਂ ਜਾਵੇਗਾ।

ਉਨ੍ਹਾਂ ਨੇ ਜਲੰਧਰ ਦੇ ਨਗਰ ਸੁਧਾਰ ਟਰੱਸਟ ਵਿਚੋਂ ਗਾਇਬ ਹੋਈਆਂ 120 ਫਾਈਲਾਂ ਬਾਰੇ ਵੀ ਪੁੱਛਿਆ ਕਿ ਜਿਹੜੇ ਲੋਕਾਂ ਦੀਆਂ ਜ਼ਮੀਨਾਂ ਐਕੁਆਇਰ ਕੀਤੀਆਂ ਗਈਆਂ ਸਨ ਤੇ ਬਦਲੇ ਵਿਚ ਸਰਕਾਰ ਨੇ ਉਨ੍ਹਾਂ ਨੂੰ ਜੋ ਪਲਾਟ ਦੇਣੇ ਸਨ, ਉਨ੍ਹਾਂ ਦੀਆਂ ਫਾਈਲਾਂ ਕਿਵੇਂ ਗਾਇਬ ਹੋ ਗਈਆਂ ਹਨ। ਉਨ੍ਹਾਂ ਕਿਹਾ ਕਿ ਅਕਾਲੀ-ਭਾਜਪਾ ਸਰਕਾਰ ਸਮੇਂ ਨਗਰ ਸੁਧਾਰ ਟਰੱਸਟ ਅਤੇ ਨਗਰ ਨਿਗਮ ਭ੍ਰਿਸ਼ਟਾਚਾਰ ਦੇ ਅੱਡੇ ਬਣੇ ਰਹੇ। ਸ੍ਰੀ ਸਿੱਧੂ ਨੇ ਕਿਹਾ ਕਿ ਜਲੰਧਰ ਵਿਚ 250 ਕਰੋੜ ਰੁਪਏ ਅਤੇ ਅੰਮ੍ਰਿਤਸਰ ਵਿਚ 225 ਕਰੋੜ ਦੀਆਂ ਵਿੱਤੀ ਬੇਨੇਮੀਆਂ ਹੋਈਆਂ ਹਨ। ਉਥੇ ਹੀ ਇਨ੍ਹਾਂ





ਗੜਬੜੀਆਂ ਵਿਚ ਐਲ.ਡੀ.ਪੀ. ਸਕੀਮ (ਲੋਕਲ ਡਿਸਪਲੇਸਡ ਪਰਸਨਜ਼) ਸਕੀਮ ਨਾਲ ਜੁੜੇ 120 ਕੇਸ ਵੀ ਸ਼ਾਮਲ ਹਨ।

ਉਨ੍ਹਾਂ ਕਿਹਾ ਕਿ ਸਥਾਨਕ ਸਰਕਾਰਾਂ ਵਿਭਾਗ ਵੱਲੋਂ ਅਜੇ ਵੀ 500 ਸਾਲ ਪੁਰਾਣੀ ਵਿਵਸਥਾ ਤਹਿਤ ਸਿੰਗਲ ਐਂਟਰੀ ਸਿਸਟਮ ਅਪਣਾਇਆ ਜਾ ਰਿਹਾ ਹੈ, ਜੋ ਕਿ ਪੱਛਮੀ ਦੇਸ਼ਾਂ ਵਲੋਂ ਲਗਭਗ 450 ਸਾਲ ਪਹਿਲਾਂ ਖਤਮ ਕਰ ਦਿੱਤਾ ਗਿਆ ਸੀ ਕਿਉਂ ਜੋ ਇਸ ਵਿਚ ਚੋਰੀ ਅਤੇ ਰਿਸ਼ਵਤਖੋਰੀ ਦੀਆਂ ਵੱਡੀਆਂ ਸੰਭਾਵਨਾਵਾਂ ਮੌਜੂਦ ਸਨ। ਉਨ੍ਹਾਂ ਕਿਹਾ ਕਿ ਸ਼ਹਿਰੀ ਖੇਤਰ ਵਿਚ ਸਰਕਾਰ ਦੀਆਂ ਮਹਿੰਗੇ ਭਾਅ ਵਾਲੀਆਂ ਜਾਇਦਾਦਾਂ 'ਤੇ ਜਾਂ ਤਾਂ ਜ਼ੋਰਾਵਰ ਲੋਕਾਂ ਨੇ ਕਬਜ਼ਾ ਕੀਤਾ ਹੋਇਆ ਹੈ ਜਾਂ ਫਿਰ ਉਹ ਨਿਗੂਣੀਆਂ ਕੀਮਤਾਂ ਉਤੇ ਲੀਜ਼ 'ਤੇ ਦਿੱਤੀਆਂ ਹੋਈਆਂ ਹਨ।

ਉਨ੍ਹਾਂ ਕਿਹਾ ਕਿ ਸਭ ਤੋਂ ਵੱਡੀ ਗੜਬੜੀ ਸੂਬਾ ਸਰਕਾਰ ਵੱਲੋਂ ਕੀਤੀ ਗਈ ਨਿਸ਼ਾਨਦੇਹੀ ਦੀ ਗਲਤ ਤਸਦੀਕ/ਵਿਆਖਿਆ ਕਰਕੇ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਨਾ ਸਿਰਫ ਗਲਤ ਰੇਟਾਂ 'ਤੇ ਜਾਇਦਾਦਾਂ ਅਲਾਟ ਕੀਤੀਆਂ ਗਈਆਂ ਸਗੋਂ ਕੁਝ ਲੋਕਾਂ ਨੂੰ ਅਲਾਟ ਕੀਤੀ ਥਾਂ ਤੋਂ ਵੀ ਜ਼ਿਆਦਾ ਏਰੀਆ ਦੇ ਦਿੱਤਾ ਗਿਆ। ਹਾਲਾਤ ਇਥੋਂ ਤੱਕ ਨਿਘਰ ਗਏ ਕਿ ਕੁਝ ਲੋਕਾਂ ਨੂੰ ਲਾਭ ਦੇਣ ਲਈ ਕੁਝ ਅਧਿਕਾਰੀਆਂ ਵੱਲੋਂ ਖਾਲੀ ਸਟੈਂਪ ਪੇਪਰਾਂ 'ਤੇ ਹਸਤਾਖਰ ਕਰਕੇ ਬੈਂਕਾਂ ਵਿਚ ਜਮ੍ਹਾਂ ਕਰਵਾ ਦਿੱਤੇ ਗਏ। ਉਨ੍ਹਾਂ ਇਹ ਵੀ ਕਿਹਾ ਕਿ ਆਡਿਟ ਟੀਮਾਂ ਨੂੰ ਸਿਰਫ 40 ਤੋਂ 50 ਫੀਸਦੀ ਰਿਕਾਰਡ ਹੀ ਦਿੱਤਾ ਗਿਆ ਹੈ।

# ਪੰਜਾਬ 'ਚ ਪਹੁੰਚੀ ਬਲੂ ਵੇਲ੍ਹ, ਬੱਚੇ ਦੀ ਮੌਤ

**ਚੰਡੀਗੜ੍ਹ:** ਜ਼ਿਲ੍ਹਾ ਖੰਨਾ ਦੇ ਸ਼ਿਵਪੁਰੀ ਮੁਹੱਲੇ ਵਿਚ 16 ਸਾਲਾ ਮਾਨਵ ਵਰਮਾ ਨੇ ਬਲੂ ਵੇਲਸ ਗੇਮ ਨੂੰ ਫਾਲੋ ਕਰਦਿਆਂ ਰੇਲ ਗੱਡੀ ਥੱਲੇ ਆ ਕੇ ਆਪਣੀ ਜਾਨ ਦੇ ਦਿੱਤੀ। ਰੇਲਵੇ ਪੁਲਿਸ




ਇੰਚਾਰਜ ਕੁਲਦੀਪ ਸਿੰਘ ਨੇ ਦੱਸਿਆ ਕਿ ਬੱਚੇ ਨੇ ਰੇਲ ਅੱਗੇ ਕੁੱਦ ਕੇ ਖੁਦਕੁਸ਼ੀ ਕੀਤੀ ਹੈ। ਉਨ੍ਹਾਂ ਇਸ ਮੌਤ ਪਿੱਛੇ ਬਲੂ ਵੇਲ ਗੇਮ ਨੂੰ ਕਾਰਨ ਮੰਨਿਆ ਹੈ ਪਰ ਬੱਚੇ ਦੇ ਮਾਪੇ ਅਜਿਹਾ ਮੰਨਣ ਤੋਂ ਇਨਕਾਰ ਕਰ ਰਹੇ ਹਨ। ਮਾਪਿਆਂ ਦਾ ਕਹਿਣਾ ਹੈ ਕਿ ਮਾਨਵ ਨੇ ਕਿਸੇ ਦੇ ਕਹਿਣ 'ਤੇ ਅਜਿਹਾ ਕੀਤਾ ਹੈ।

ਇਸ ਘਟਨਾ ਬਾਅਦ ਦੁਕਾਨਦਾਰਾਂ ਨੇ ਸ਼ਹਿਰ ਦੇ ਰੇਲਵੇ ਰੋਡ ਸਥਿਤ ਪੂਰਾ ਬਾਜ਼ਾਰ ਬੰਦ ਕਰ ਦਿੱਤਾ। ਮਾਨਵ ਦੇ ਪਿਤਾ ਨੇ ਦੱਸਿਆ ਕਿ ਉਹ ਬਹੁਤ ਖ਼ੁਸ਼ਮਿਜ਼ਾਜ ਸੁਭਾਅ ਦਾ ਸੀ। ਉਸ ਨਾਲ ਜ਼ਰੂਰ ਕੋਈ ਹਾਦਸਾ ਹੋਇਆ ਹੈ ਜਿਸ ਨੂੰ ਪੁਲਿਸ ਖ਼ੁਦਕੁਸ਼ੀ ਕਰਾਰ ਦੇ ਰਹੀ ਹੈ। ਉਨ੍ਹਾਂ ਦੱਸਿਆ ਕਿ ਮਾਨਵ ਨੂੰ ਜਾਨੂੰਨ ਸੀ ਕਿ ਉਹ ਭਾਰਤ ਦੇ ਸਾਈਬਰ ਕ੍ਰਾਈਮ, ਸੀ.ਬੀ.ਆਈ. ਜਾਂ ਡਿਫੈਂਸ ਵਿੱਚ ਜਾਵੇ ਤੇ ਅਪਰਾਧਾਂ ਨੂੰ ਰੋਕੇ। ਮਾਨਵ ਨੇ ਕੁਝ ਆਨ ਲਾਈਨ ਕੋਰਸ ਵੀ ਕੀਤੇ ਹੋਏ ਸੀ, ਜਿਸ ਸਬੰਧੀ ਉਸ ਨੂੰ ਕਈ ਆਫਰ ਵੀ ਆ ਰਹੇ ਸਨ। ਇਕ ਕੰਪਨੀ ਤੋਂ ਉਸ ਨੂੰ 17 ਲੱਖ ਦੇ ਪੈਕੇਜ ਦਾ ਆਫਰ ਆਇਆ ਸੀ। ਇਕ ਦਿਨ ਮਾਨਵ ਨੇ ਉਨ੍ਹਾਂ ਨੂੰ ਕਿਹਾ ਸੀ ਕਿ ਉਸ ਨੂੰ ਕਿਤਿਓਂ 50 ਲੱਖ ਰੁਪਏ ਆਉਣੇ ਸਨ ਪਰ ਉਨ੍ਹਾਂ ਉਸ ਦੀ ਗੱਲ ਨਹੀਂ ਗੌਲੀ। ਹੁਣ ਉਹ ਇਸ ਦੀ ਜਾਂਚ ਲਈ ਸਰਕਾਰ ਤੋਂ ਸਾਈਬਰ ਕ੍ਰਾਈਮ ਕੋਲ ਮਾਮਲੇ ਦੀ ਜਾਂਚ ਦੀ ਮੰਗ ਰੱਖਣਗੇ।

# ਲੋਕ ਸਭਾ ਚੋਣਾਂ ਲਈ ਸਿਆਸੀ ਮੈਦਾਨ ਤਿਆਰ ਕਰਨ 'ਚ ਜੁਟੀ ਮੋਦੀ ਸਰਕਾਰ

**ਨਵੀਂ ਦਿੱਲੀ:** ਕੇਂਦਰ ਦੀ ਮੋਦੀ ਸਰਕਾਰ ਨੇ ਖੰਡ ਉਦਯੋਗ ਲਈ 5,538 ਕਰੋੜ ਰੁਪਏ ਦੇ ਪੈਕੇਜ ਨੂੰ ਮਨਜ਼ੂਰੀ ਦੇ ਦਿੱਤੀ। ਇਸ ਤੋਂ ਇਲਾਵਾ ਕੈਬਨਿਟ ਨੇ ਨਵੀਂ ਟੈਲੀਕਾਮ ਨੀਤੀ ਨੂੰ ਵੀ ਹਰੀ ਝੰਡੀ ਦਿਖਾਈ। ਖੰਡ ਉਦਯੋਗ ਦੇ ਪੈਕੇਜ ਦੀ ਮਨਜ਼ੂਰੀ ਤੋਂ ਬਾਅਦ ਹੁਣ ਇਸ ਤਹਿਤ ਗੰਨਾ ਕਿਸਾਨਾਂ ਦੀ ਉਤਪਾਦਨ ਸਹਾਇਤਾ ਵਿਚ ਦੁਗਣਾ ਵਾਧਾ ਕੀਤਾ ਗਿਆ ਹੈ ਅਤੇ ਇਸ ਵਿਚ ਕਾਰੋਬਾਰੀ ਸਾਲ 2018-19 ਲਈ 50 ਲੱਖ ਟਨ ਗੰਨੇ ਦੇ ਨਿਰਯਾਤ ਲਈ ਮਿੱਲਾਂ ਨੂੰ ਟਰਾਂਸਪੋਰਟ ਸਬਸਿਡੀ ਸ਼ਾਮਲ ਹੈ।

ਮੰਤਰੀ ਮੰਡਲ ਦੀ ਆਰਥਿਕ ਮਾਮਲਿਆਂ ਦੀ ਕਮੇਟੀ (ਸੀ.ਸੀ.ਈ.ਏ.) ਨੇ ਇਸ ਬੈਠਕ ਵਿਚ ਇਸ ਨਾਲ ਸਬੰਧਿਤ ਖਾਧ ਮੰਤਰਾਲੇ ਦੇ ਪ੍ਰਸਤਾਵ ਨੂੰ ਮਨਜ਼ੂਰੀ ਦਿੱਤੀ। ਇਸ ਵਿਚ ਖੰਡ ਮਿੱਲਾਂ ਨੂੰ ਗੰਨੇ ਦੇ ਬਕਾਏ ਦੇ ਭੁਗਤਾਨ ਵਿਚ ਸਹਿਯੋਗ ਅਤੇ ਦੇਸ਼ ਵਿਚ ਇਸ ਸਮੇਂ ਖੰਡ ਦੇ ਜ਼ਿਆਦਾ ਭੰਡਾਰ ਦੀ ਸਮੱਸਿਆ ਦੇ ਹੱਲ ਦਾ ਪ੍ਰਸਤਾਵ ਵੀ ਹੈ। ਸ਼ੂਗਰ ਮਿੱਲਾਂ 'ਤੇ ਗੰਨਾ ਕਿਸਾਨਾਂ ਦਾ ਇਸ ਸਮੇਂ ਲਗਭਗ 13,567 ਕਰੋੜ ਰੁਪਏ ਦਾ ਬਕਾਇਆ ਹੈ। ਜਾਣਕਾਰੀ ਅਨੁਸਾਰ ਮੰਤਰਾਲੇ ਨੇ ਬੰਦਰਗਾਹ ਤੋਂ 100 ਕਿਲੋਮੀਟਰ ਵਿਚ ਸਥਿਤ ਮਿੱਲਾਂ ਨੂੰ 1,000 ਰੁਪਏ ਪ੍ਰਤੀ ਟਨ ਦੀ ਸਬਸਿਡੀ, ਜਦੋਂ ਕਿ ਤੱਟੀ ਸੂਬਿਆਂ ਵਿਚ ਬੰਦਰਗਾਹ ਤੋਂ 100 ਕਿਲੋਮੀਟਰ ਤੋਂ ਵੱਧ ਦੂਰੀ 'ਤੇ ਸਥਿਤ ਮਿੱਲਾਂ ਲਈ 2,500 ਰੁਪਏ ਪ੍ਰਤੀ ਟਨ ਅਤੇ ਤੱਟੀ ਸੂਬਿਆਂ ਦੇ ਇਲਾਵਾ ਸਥਿਤ ਮਿੱਲਾਂ ਲਈ 3,000 ਰੁਪਏ ਪ੍ਰਤੀ ਟਨ ਦੀ ਟਰਾਂਸਪੋਰਟ ਸਬਸਿਡੀ ਦਾ ਪ੍ਰਸਤਾਵ ਰੱਖਿਆ।



ਸਰਕਾਰ, ਮਿੱਲਾਂ ਵੱਲੋਂ ਗੰਨਾ ਉਤਪਾਦਨ ਸਹਾਇਤਾ ਕਿਸਾਨਾਂ ਦੇ ਖਾਤਿਆਂ ਵਿਚ ਸਿੱਧਾ ਪਾਵੇਗੀ। ਇਸ ਸਾਲ ਕਈ ਸੂਬਿਆਂ ਵਿਚ ਵਿਧਾਨ ਸਭਾ ਚੋਣਾਂ ਅਤੇ ਅਗਲੇ ਸਾਲ ਦੇ ਅੱਧ ਵਿਚ ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਕੇਂਦਰ ਸਰਕਾਰ ਗੰਨਾ ਕਿਸਾਨਾਂ ਦੇ ਭੁਗਤਾਨ ਦਾ ਮੁੱਦਾ ਹੱਲ ਕਰਨਾ ਚਾਹੁੰਦੀ ਹੈ। ਖੰਡ ਉਦਯੋਗ ਨੂੰ ਸੰਕਟ 'ਚੋਂ ਕੱਢਣ ਲਈ ਇਹ ਦੂਸਰਾ ਸਰਕਾਰੀ ਵਿੱਤੀ ਪੈਕੇਜ ਹੈ। ਇਸ ਤੋਂ ਪਹਿਲਾਂ ਜੂਨ ਵਿਚ ਸਰਕਾਰ ਨੇ 8,500 ਕਰੋੜ ਰੁਪਏ ਦੇ ਪੈਕੇਜ ਦਾ ਐਲਾਨ ਕੀਤਾ ਸੀ। ਕਾਰੋਬਾਰੀ ਸਾਲ 2017-18 'ਚ 3.2 ਕਰੋੜ ਟਨ ਦੇ ਰਿਕਾਰਡ ਉਤਪਾਦਨ ਦੀ ਵਜ੍ਹਾ ਨਾਲ ਉਦਯੋਗ ਸਾਹਮਣੇ ਖੰਡ ਦੇ ਵੱਧ ਭੰਡਾਰ ਦੀ ਸਮੱਸਿਆ ਪੈਦਾ ਹੋ ਗਈ ਹੈ।

ਦੇਸ਼ ਵਿਚ ਵੱਧ ਖੰਡ ਉਤਪਾਦਨ ਦੀ ਸਥਿਤੀ ਨਾਲ ਨਜਿੱਠਣ ਦੀ ਨੀਤੀ ਤਹਿਤ ਮੰਤਰਾਲੇ ਨੇ ਗੰਨੇ ਦੇ ਉਤਪਾਦਨ ਦੀ ਲਾਗਤ ਦੇ ਅਸਰ ਨੂੰ ਘੱਟ ਕਰਨ ਲਈ ਉਤਪਾਦਕਾਂ ਨੂੰ 2018-19 ਦੇ ਕਾਰੋਬਾਰੀ ਲਈ ਦਿੱਤੀ ਜਾਣ ਵਾਲੀ ਉਤਪਾਦਨ ਸਹਾਇਤਾ ਵਧਾ ਕੇ 13.88 ਰੁਪਏ ਪ੍ਰਤੀ ਕੁਇੰਟਲ ਕਰਨ ਦਾ ਪ੍ਰਸਤਾਵ ਸੀ। ਇਸ ਸਾਲ ਲਈ ਇਹ 5.50 ਰੁਪਏ ਪ੍ਰਤੀ ਕੁਇੰਟਲ ਹੈ। ਵਿਸ਼ਵ ਪੱਧਰ 'ਤੇ ਇਸ ਸਮੇਂ ਖੰਡ ਦੀ ਕੀਮਤ ਘੱਟ ਚੱਲ ਰਹੀ ਹੈ, ਇਸੇ ਕਾਰਨ ਮੰਤਰਾਲੇ ਨੇ ਮਿੱਲਾਂ ਨੂੰ 2018-19 ਲਈ ਘੱਟੋ-ਘੱਟ ਸੰਕੇਤਕ ਨਿਰਯਾਤ ਕੋਟਾ (ਐਮ.ਆਈ.ਈ.ਕਿਊ.) ਤਹਿਤ 50 ਲੱਖ ਟਨ ਖੰਡ ਨਿਰਯਾਤ ਵਿਚ ਮਦਦ ਦਾ ਪ੍ਰਸਤਾਵ ਰੱਖਿਆ ਹੈ।

# ਹਰਿਆਣਾ 'ਚ ਸਿੱਖਾਂ ਵੱਲੋਂ ਭਾਜਪਾ ਦੇ ਬਾਈਕਾਟ ਦਾ ਐਲਾਨ

**ਕਰਨਾਲ:** ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਵੱਲੋਂ ਡਾਚਰ ਪਿੰਡ ਦੇ ਗੁਰਦੁਆਰੇ 'ਚ ਮੱਥਾ ਟੇਕਣ ਦਾ ਪ੍ਰੋਗਰਾਮ ਰੱਦ ਕੀਤੇ ਜਾਣ ਤੋਂ ਨਾਰਾਜ਼ ਸਿੱਖਾਂ ਨੇ ਕਰਨਾਲ 'ਚ ਬੈਠਕ ਕਰ ਕੇ ਭਾਜਪਾ ਦਾ ਬਾਈਕਾਟ ਕਰਨ ਦਾ ਐਲਾਨ ਕਰ ਦਿੱਤਾ। ਰੋਹ 'ਚ ਆਏ ਸਿੱਖਾਂ ਨੇ ਕਰਨਾਲ ਦੇ ਗੁਰਦੁਆਰੇ ਡੇਰਾ ਕਾਰ ਸੇਵਾ ਵਿਚ ਸੰਤ ਜਰਨੈਲ ਸਿੰਘ ਭਿੰਡਰਾਂਵਾਲਾ ਅਤੇ ਖਾਲਿਸਤਾਨ ਜ਼ਿੰਦਾਬਾਦ ਦੇ ਨਾਅਰੇ ਲਗਾਉਂਦਿਆਂ ਭਾਜਪਾ ਸਰਕਾਰ ਵਿਰੁੱਧ ਨਾਅਰੇਬਾਜ਼ੀ ਕੀਤੀ। ਸਿੱਖ ਆਗੂਆਂ ਦਾ ਕਹਿਣਾ ਹੈ ਕਿ ਮੁੱਖ ਮੰਤਰੀ ਇਸ ਬੈਠਕ ਤੋਂ ਪਹਿਲਾਂ ਗੁਰਦੁਆਰੇ ਆ ਕੇ ਮੁਆਫੀ ਮੰਗ ਲੈਣ ਜਾਂ ਫਿਰ ਕਰਨਾਲ 'ਚ ਪ੍ਰਧਾਨ ਮੰਤਰੀ ਦੀ ਪ੍ਰਸਤਾਵਿਤ ਰੈਲੀ ਬਾਰੇ ਉਹ ਕੋਈ ਸਖਤ ਫੈਸਲਾ ਲੈ ਸਕਦੇ ਹਨ।

ਇਸ ਵਿਵਾਦ ਦੀ ਸ਼ੁਰੂਆਤ ਡਾਚਰ ਗੁਰਦੁਆਰੇ 'ਚ ਸੰਤ ਭਿੰਡਰਾਂਵਾਲਾ ਦੀ ਲੱਗੀ ਤਸਵੀਰ ਤੋਂ ਹੋਈ। ਸ੍ਰੀ ਖੱਟਰ ਨੇ ਕਲਪਨਾ ਚਾਵਲਾ ਮੈਡੀਕਲ ਕਾਲਜ 'ਚ ਪੱਤਰਕਾਰਾਂ ਦੇ ਸਵਾਲਾਂ ਦਾ ਜਵਾਬ ਦਿੰਦਿਆਂ ਕਿਹਾ ਕਿ ਡਾਚਰ ਗੁਰਦੁਆਰੇ 'ਚ ਉਨ੍ਹਾਂ ਦੇ ਜਾਣ ਦਾ ਪ੍ਰੋਗਰਾਮ ਸੀ ਪਰ ਉਥੇ ਸੰਤ ਭਿੰਡਰਾਂਵਾਲਾ ਦੀ ਤਸਵੀਰ ਲੱਗੀ ਹੋਣ ਕਰਕੇ ਉਨ੍ਹਾਂ ਪ੍ਰੋਗਰਾਮ ਰੱਦ ਕਰ ਦਿੱਤਾ। ਉਨ੍ਹਾਂ ਕਿਹਾ ਕਿ ਪ੍ਰਬੰਧਕਾਂ ਨੂੰ ਤਸਵੀਰ ਹਟਾਉਣ ਲਈ ਆਖਿਆ ਗਿਆ ਸੀ ਪਰ ਉਨ੍ਹਾਂ ਅਜਿਹਾ ਨਹੀਂ ਕੀਤਾ। ਸਿੱਖਾਂ ਵੱਲੋਂ ਗੁੱਸੇ 'ਚ ਆ ਕੇ ਫਾਇਰ ਬ੍ਰਿਗੇਡ ਦੀ ਗੱਡੀ ਦੀ ਭੰਨ-ਤੋੜ ਕਰਨ ਵਾਲਿਆਂ ਖਿਲਾਫ਼ ਕੇਸ ਦਰਜ ਕੀਤੇ ਜਾਣ ਬਾਰੇ ਮੁੱਖ ਮੰਤਰੀ ਨੇ ਕਿਹਾ ਕਿ ਜਿਹੜੇ ਲੋਕ ਕਾਨੂੰਨ ਨੂੰ ਹੱਥਾਂ 'ਚ ਲੈਣਗੇ, ਉਨ੍ਹਾਂ ਖਿਲਾਫ ਕਾਰਵਾਈ ਕੀਤੀ ਜਾਵੇਗੀ। ਇਸ ਦੌਰਾਨ ਸ੍ਰੀ ਖੱਟਰ ਨੇ ਕਰਨਾਲ ਦੇ ਡੇਰਾ ਕਾਰ ਸੇਵਾ ਗੁਰਦੁਆਰੇ 'ਚ ਮੱਥਾ ਟੇਕਿਆ ਅਤੇ ਸ਼ਰਧਾਲੂਆਂ ਨਾਲ ਗੱਲਬਾਤ ਕੀਤੀ।

ਦੂਜੇ ਪਾਸੇ ਸਿੱਖਾਂ ਨੇ ਇਸੇ ਗੁਰਦੁਆਰੇ 'ਚ ਹੀ ਬੈਠਕ ਕਰਕੇ ਭਾਜਪਾ ਦੇ ਵਿਧਾਇਕਾਂ ਅਤੇ ਸੰਸਦ ਮੈਂਬਰਾਂ ਦੇ ਬਾਈਕਾਟ ਦਾ ਐਲਾਨ ਕਰ ਦਿੱਤਾ। ਅਕਾਲੀ ਆਗੂ ਕੰਵਲਜੀਤ ਸਿੰਘ ਅਜਰਾਣਾ ਨੇ ਕਿਹਾ ਕਿ ਡਾਚਰ ਗੁਰਦੁਆਰੇ ਵਿਚ ਸ਼ਹੀਦਾਂ ਦੀਆਂ ਤਸਵੀਰਾਂ ਲੱਗੀਆਂ ਹੋਈਆਂ ਹਨ ਅਤੇ ਪਹਿਲਾਂ ਵੀ ਵਿਧਾਇਕ ਅਤੇ ਹੋਰ ਆਗੂ ਮੱਥਾ ਟੇਕਣ ਲਈ ਆਉਂਦੇ ਰਹੇ ਹਨ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਨੇ ਤਸਵੀਰ ਹਟਾਉਣ ਦੀ ਗੱਲ ਕਰਕੇ ਸਰਕਾਰ ਦੀ ਸੌੜੀ ਸੋਚ ਨੂੰ ਦਰਸਾ ਦਿੱਤਾ ਹੈ। ਉਨ੍ਹਾਂ ਦੋਸ਼ ਲਾਇਆ ਕਿ ਸ੍ਰੀ ਖੱਟਰ ਨੇ ਆਰ.ਐਸ.ਐਸ. ਦੇ ਇਸ਼ਾਰੇ 'ਤੇ ਗੁਰਦੁਆਰੇ ਦੇ ਲੰਗਰ ਦਾ ਪ੍ਰੋਗਰਾਮ ਰੱਦ ਕੀਤਾ ਹੈ।

# ਡੇਰਾ ਸਿਰਸਾ ਦੀ ਵਿਦੇਸ਼ਾਂ 'ਚ ਵੀ ਬੇਹਿਸਾਬੀ ਜਾਇਦਾਦ

**ਚੰਡੀਗੜ੍ਹ:** ਸਾਧਵੀਆਂ ਨਾਲ ਜਬਰ ਜਨਾਹ ਦੇ ਦੋਸ਼ ਵਿਚ ਸਜ਼ਾ ਭੁਗਤ ਰਹੇ ਰਾਮ ਰਹੀਮ ਦੇ ਸੰਚਾਲਨ ਹੇਠ ਚੱਲਦੇ ਡੇਰਾ ਸਿਰਸਾ ਦੀ ਜਾਇਦਾਦਾਂ ਬਾਰੇ ਐਸ.ਆਈ.ਟੀ. ਹੱਥ ਵੱਡਾ ਸੁਰਾਗ ਲੱਗਾ ਹੈ। ਏ.ਡੀ.ਜੀ.ਪੀ. ਕ੍ਰਾਈਮ ਪੀ.ਕੇ. ਅਗਰਵਾਲ ਨੇ ਹਾਈ ਕੋਰਟ ਨੂੰ ਜਾਣੂ ਕਰਵਾਇਆ ਹੈ ਕਿ ਜਾਂਚ ਦੌਰਾਨ ਇਕ ਬਿਜਲੀ ਉਪਕਰਨ ਹੱਥ ਲੱਗਾ ਹੈ, ਜਿਸ 'ਚ ਡੇਰੇ ਦੀ ਭਾਰਤ ਤੇ ਵਿਦੇਸ਼ਾਂ ਵਿਚਲੀ ਜਾਇਦਾਦ ਦੀ ਜਾਣਕਾਰੀ ਹੈ ਤੇ ਇਹ ਜਾਣਕਾਰੀ ਇਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਨਾਲ ਵੀ ਸਾਂਝੀ ਕੀਤੀ ਗਈ ਹੈ।

ਬੈਂਚ ਮੂਹਰੇ ਸੁਣਵਾਈ ਦੌਰਾਨ ਜਿਥੇ ਇਹ ਵੱਡੀ ਸਫਲਤਾ ਮਿਲੀ ਉਥੇ ਰਾਮ ਰਹੀਮ ਦੇ ਨੇੜਲੇ ਸਾਥੀ ਆਦਿਤਿਆ ਇੰਸਾਂ ਦੀ ਗ੍ਰਿਫਤਾਰੀ ਨੂੰ ਲੈ ਕੇ ਐਸ.ਆਈ.ਟੀ. ਨੂੰ ਉਸ ਵੇਲੇ ਨਮੋਸ਼ੀ ਝੱਲਣੀ ਪਈ, ਜਦੋਂ ਐਮਾਈਕਸ ਕਿਊਰੀ ਸੀਨੀਅਰ ਐਡਵੋਕੇਟ ਅਨੁਪਮ ਗੁਪਤਾ ਨੇ ਬੈਂਚ ਨੂੰ ਦੱਸਿਆ ਕਿ ਡੇਰੇ ਦੇ ਇਕ ਪੁਰਾਣੇ ਪੈਰੋਕਾਰ ਨੇ 15 ਦਿਨ ਪਹਿਲਾਂ ਪੁਲਿਸ ਨੂੰ ਆਦਿਤਿਆ ਇੰਸਾਂ ਦੀ ਲੋਕੇਸ਼ਨ ਬਾਰੇ ਜਾਣਕਾਰੀ ਦਿੱਤੀ ਸੀ, ਪਰ ਉਸ ਦੀ ਗ੍ਰਿਫਤਾਰੀ ਲਈ ਉਪਰਾਲੇ ਨਹੀਂ ਕੀਤੇ ਗਏ। ਇਸ 'ਤੇ ਬੈਂਚ ਨੇ ਐਸ.ਆਈ.ਟੀ. ਨੂੰ ਕਿਹਾ ਹੈ ਕਿ ਭਗੌੜਿਆਂ ਨੂੰ ਫੜਨ ਲਈ ਮਾਹਿਰ ਪੁਲਿਸ ਅਫਸਰਾਂ ਦੀ ਵੱਖਰੀ ਟੀਮ ਤਿਆਰ ਕੀਤੀ ਜਾਵੇ ਤੇ ਇਨ੍ਹਾਂ ਦੀ ਫੜੋ-ਫੜਾਈ ਲਈ ਹਰ ਸੰਭਵ ਉਪਰਾਲਾ ਕੀਤਾ ਜਾਵੇ। ਇਸ ਤੋਂ ਪਹਿਲਾਂ ਐਸ.ਆਈ.ਟੀ. ਮੁਖੀ ਨੇ ਆਦਿਤਿਆ ਇੰਸਾਂ



ਬਾਰੇ ਆਪਣੇ ਜਵਾਬ 'ਚ ਕਿਹਾ ਕਿ ਉਸ ਨੂੰ ਭਗੌੜਾ ਕਰਾਰ ਦੇ ਦਿੱਤਾ ਗਿਆ ਹੈ ਤੇ ਜਾਇਦਾਦ ਜ਼ਬਤ ਕਰਨ ਲਈ ਵੱਖ-ਵੱਖ ਅਥਾਰਟੀਆਂ ਤੋਂ ਜਾਇਦਾਦਾਂ ਦੀ ਜਾਣਕਾਰੀ ਮੰਗੀ ਜਾ ਰਹੀ ਹੈ।

ਐਸ.ਆਈ.ਟੀ. ਨੇ ਹੋਰ ਮੁੱਦਿਆਂ 'ਤੇ ਰਿਪੋਰਟ ਦਿੱਤੀ ਕਿ ਡੇਰਾ ਸੱਚਾ ਸੌਦਾ 'ਚੋਂ ਬਰਾਮਦ ਹੋਈਆਂ ਹਾਰਡ ਡਿਸਕਾਂ 'ਚੋਂ ਜਾਣਕਾਰੀ ਹਾਸਲ ਕਰਨ ਦੀ ਬੜੀ ਕੋਸ਼ਿਸ਼ ਕੀਤੀ ਗਈ, ਪਰ ਕੁਝ ਹਾਸਲ ਨਹੀਂ ਹੋ ਸਕਿਆ। ਐਸ.ਆਈ.ਟੀ. ਨੇ ਦੱਸਿਆ ਕਿ ਸੂਬੇ ਭਰ 'ਚ ਹੋਈ ਹਿੰਸਾ ਕਾਰਨ 240 ਕੇਸ ਦਰਜ ਕੀਤੇ ਗਏ ਤੇ 207 ਚਲਾਨ ਪੇਸ਼ ਕੀਤੇ ਗਏ ਹਨ ਤੇ ਇਨ੍ਹਾਂ ਮਾਮਲਿਆਂ 'ਚ 1484 ਮੁਲਜ਼ਮਾਂ ਨੂੰ ਗ੍ਰਿਫਤਾਰ ਕੀਤਾ ਜਾ ਚੁੱਕਾ ਹੈ ਜਦਕਿ 16 ਨੂੰ ਭਗੌੜਾ ਕਰਾਰ ਦਿੱਤਾ ਗਿਆ ਹੈ ਤੇ ਕੁਝ ਹੋਰ ਨੂੰ ਭਗੌੜਾ ਕਰਾਰ ਦੇਣ ਦੀ ਪ੍ਰਕਿਰਿਆ ਜਾਰੀ ਹੈ।

# ਭਾਰਤ ਵਿਚ ਹੁਣ ਵਿਆਹ ਬਾਹਰਲੇ ਸਬੰਧ ਅਪਰਾਧ ਨਹੀਂ

**ਨਵੀਂ ਦਿੱਲੀ:** ਵਿਆਹ ਤੋਂ ਬਾਹਰ ਜਾ ਕੇ ਸਬੰਧ ਬਣਾਉਣ ਨੂੰ ਜੁਰਮ ਨਾ ਕਰਾਰ ਦਿੰਦਿਆਂ ਸੁਪਰੀਮ ਕੋਰਟ ਨੇ ਬਸਤੀਵਾਦੀ ਯੁੱਗ ਦੇ ਵਿਭਚਾਰ ਵਿਰੋਧੀ ਕਾਨੂੰਨ 'ਤੇ ਲਕੀਰ ਫੇਰ ਦਿੱਤੀ ਅਤੇ ਕਿਹਾ ਕਿ ਇਹ ਗੈਰ ਸੰਵਿਧਾਨਿਕ ਸੀ ਜਿਸ ਨੇ ਮਹਿਲਾ ਦੀ ਵਿਅਕਤੀਗਤ ਪਛਾਣ ਨੂੰ ਨੁਕਸਾਨ ਪਹੁੰਚਾਇਆ ਅਤੇ ਉਨ੍ਹਾਂ ਨੂੰ 'ਪਤੀਆਂ ਦੀ ਜਗੀਰ' ਸਮਝਿਆ ਜਾਂਦਾ ਸੀ। ਇਸ ਫੈਸਲੇ ਦਾ ਕਈ ਸਮਾਜਿਕ ਕਾਰਕੁਨਾਂ ਨੇ ਸਵਾਗਤ ਕਰਦਿਆਂ ਕਿਹਾ ਹੈ ਕਿ ਇਹ ਬਹੁਤ ਪਹਿਲਾਂ ਹੀ ਹੋ ਜਾਣਾ ਚਾਹੀਦਾ ਸੀ ਤਾਂ ਜੋ ਬਾਕੀ ਦੁਨੀਆ ਨਾਲ ਰਲਿਆ ਜਾ ਸਕੇ।

ਸੁਪਰੀਮ ਕੋਰਟ ਦੀ ਪੰਜ ਜੱਜਾਂ 'ਤੇ ਆਧਾਰਿਤ ਸੰਵਿਧਾਨਕ ਬੈਂਚ ਨੇ ਸਰਬਸੰਮਤੀ ਨਾਲ 158 ਸਾਲ ਪੁਰਾਣੀ ਆਈ.ਪੀ.ਸੀ. ਦੀ ਧਾਰਾ 497 ਨੂੰ ਖਤਮ ਕਰਦਿਆਂ ਕਿਹਾ ਕਿ ਇਹ ਪੱਖਪਾਤੀ ਅਤੇ ਮਹਿਲਾਵਾਂ ਦੇ ਬਰਾਬਰੀ ਦੇ ਹੱਕਾਂ ਦਾ ਘਾਣ ਸੀ। ਬੈਂਚ ਨੇ ਕਿਹਾ ਕਿ ਮਹਿਲਾਵਾਂ ਨਾਲ ਨਾਬਰਾਬਰੀ ਦਾ ਵਤੀਰਾ ਅਪਨਾਉਣਾ ਸੰਵਿਧਾਨ ਦੀ ਉਲੰਘਣਾ ਦੇ ਤੁਲ ਹੈ। ਉਂਜ ਜਸਟਿਸ ਮਿਸ਼ਰਾ ਨੇ ਕਿਹਾ ਕਿ ਵਿਭਚਾਰ ਜੁਰਮ ਨਹੀਂ ਹੋਣਾ ਚਾਹੀਦਾ ਹੈ ਪਰ ਬੈਂਚ ਦਾ ਮੰਨਣਾ ਹੈ ਕਿ ਸਮਾਜਿਕ ਤੌਰ 'ਤੇ ਇੰਜ ਕਰਨਾ ਗਲਤ ਹੋਵੇਗਾ ਤੇ ਇਹ ਤਲਾਕ ਜਾਂ ਵਿਆਹ ਖਤਮ ਕਰਨ ਦਾ ਆਧਾਰ ਬਣ ਸਕਦੀ ਹੈ। ਇਸ ਨਾਲ ਘਰਾਂ ਨੂੰ ਤੋੜਨ ਲਈ ਕੋਈ ਸਮਾਜਿਕ ਲਾਇਸੈਂਸ ਨਹੀਂ ਮਿਲ ਸਕਦਾ।

ਸੰਵਿਧਾਨਕ ਬੈਂਚ ਨੇ ਜੋਜ਼ਫ ਸ਼ਾਈਨ ਦੀ ਪਟੀਸ਼ਨ 'ਤੇ ਇਹ ਫੈਸਲਾ ਸੁਣਾਇਆ। ਇਹ ਪਟੀਸ਼ਨ ਕਿਸੇ ਵਿਆਹੀ ਮਹਿਲਾ ਨਾਲ ਵਿਆਹ ਤੋਂ ਬਾਹਰ ਜਾ ਕੇ ਸਰੀਰਕ ਸਬੰਧ ਬਣਾਉਣ ਨੂੰ ਜੁਰਮ ਮੰਨਣ ਅਤੇ ਸਿਰਫ ਮਰਦਾਂ ਨੂੰ ਸਜ਼ਾ ਦੇ ਪ੍ਰਾਵਧਾਨ ਖਿਲਾਫ ਦਾਇਰ ਕੀਤੀ ਗਈ ਸੀ। ਕੌਮੀ ਮਹਿਲਾ ਕਮਿਸ਼ਨ ਦੀ ਮੁਖੀ ਰੇਖਾ ਸ਼ਰਮਾ ਨੇ ਫੈਸਲੇ ਦਾ ਸਵਾਗਤ ਕਰਦਿਆਂ ਕਿਹਾ ਕਿ ਇਹ ਬਹੁਤ ਪਹਿਲਾਂ ਹੀ ਹਟਾ ਦੇਣਾ ਚਾਹੀਦਾ ਸੀ। ਉਸ ਦੇ ਵਿਚਾਰਾਂ ਨਾਲ ਕਈ ਵਕੀਲਾਂ ਅਤੇ ਸਮਾਜਿਕ ਕਾਰਕੁਨਾਂ ਨੇ ਵੀ ਸਹਿਮਤੀ ਜਤਾਈ ਹੈ।

# ਆਧਾਰ ਦੀ ਸੰਵਿਧਾਨਕ ਵੈਧਤਾ 'ਤੇ ਲੱਗੀ ਮੋਹਰ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਇਕ ਅਹਿਮ ਫੈਸਲਾ ਦਿੰਦਿਆਂ, ਆਧਾਰ ਦੀ ਸੰਵਿਧਾਨਕ ਵੈਧਤਾ ਉਤੇ ਮੋਹਰ ਲਾ ਦਿੱਤੀ ਹੈ ਪਰ ਨਾਲ ਹੀ ਆਖਿਆ ਕਿ ਬੈਂਕ ਖਾਤੇ, ਮੋਬਾਈਲ ਕੁਨੈਕਸ਼ਨ ਜਾਂ ਸਕੂਲ ਦਾਖਲਿਆਂ ਲਈ ਇਸ ਨੂੰ ਲਾਜ਼ਮੀ ਨਹੀਂ ਬਣਾਇਆ ਜਾ ਸਕਦਾ।

ਚੀਫ ਜਸਟਿਸ ਦੀਪਕ ਮਿਸ਼ਰਾ ਦੀ ਅਗਵਾਈ ਹੇਠਲੇ ਸੰਵਿਧਾਨਕ ਬੈਂਚ ਨੇ 4-1 ਦਾ ਫਤਵਾ ਦਿੰਦਿਆਂ ਕਿਹਾ ਕਿ ਆਧਾਰ ਕਾਨੂੰਨ ਵਿਚ ਕੁਝ ਵੀ ਅਜਿਹਾ ਨਹੀਂ ਜੋ ਨਿੱਜਤਾ ਦੇ ਹੱਕ ਦੀ ਉਲੰਘਣਾ ਕਰਦਾ ਹੋਵੇ। ਇੰਜ ਲੰਮੀ ਕਾਨੂੰਨੀ ਲੜਾਈ ਤੋਂ ਬਾਅਦ ਲੋਕ ਭਲਾਈ ਦੀਆਂ ਸਕੀਮਾਂ ਲਈ ਆਧਾਰ ਦੀ ਵਰਤੋਂ ਦਾ ਰਾਹ ਸਾਫ ਹੋ ਗਿਆ ਹੈ।

ਬੈਂਚ ਨੇ ਕਿਹਾ ਕਿ ਆਮਦਨ ਕਰ ਰਿਟਰਨ ਭਰਨ ਤੇ ਪੈਨ ਦੀ ਅਲਾਟਮੈਂਟ ਲਈ ਆਧਾਰ ਲਾਜ਼ਮੀ ਹੋਵੇਗਾ। ਇਸ ਨੇ ਆਧਾਰ (ਵਿੱਤੀ ਤੇ ਹੋਰਨਾਂ ਸਬਸਿਡੀਆਂ, ਫਾਇਦਿਆਂ ਤੇ ਸੇਵਾਵਾਂ ਦੀ ਟੀਚਾਬੱਧ ਵੰਡ) ਕਾਨੂੰਨ, 2016 ਦੀ ਧਾਰਾ 57 ਰੱਦ ਕਰ ਦਿੱਤੀ ਜਿਸ ਤਹਿਤ ਟੈਲੀਕਾਮ ਕੰਪਨੀਆਂ ਤੇ ਹੋਰ ਪ੍ਰਾਈਵੇਟ ਕਾਰਪੋਰੇਸ਼ਨਾਂ ਆਧਾਰ ਡੇਟਾ ਹਾਸਲ ਕਰ ਰਹੀਆਂ ਸਨ। ਅਦਾਲਤ ਨੇ ਇਹ ਵੀ ਨਿਰਦੇਸ਼ ਦਿੱਤੇ ਕਿ ਆਧਾਰ ਪ੍ਰਮਾਣੀਕਰਨ ਡੇਟਾ ਛੇ ਮਹੀਨਿਆਂ ਤੋਂ ਵੱਧ ਨਹੀਂ ਰੱਖਿਆ ਜਾ ਸਕਦਾ ਤੇ ਸਰਕਾਰ ਗੈਰਕਾਨੂੰਨੀ ਆਵਾਸੀਆਂ ਨੂੰ ਆਧਾਰ ਨਾ ਦੇਵੇ।

ਜਸਟਿਸ ਡੀ ਵਾਈ ਚੰਦਰਚੂੜ ਨੇ ਵਿਰੋਧੀ ਫੈਸਲਾ ਦਿੰਦਿਆਂ ਕਿਹਾ ਕਿ ਆਧਾਰ ਐਕਟ ਨੂੰ ਵਿੱਤੀ ਬਿੱਲ ਵਜੋਂ ਪਾਸ ਨਹੀਂ ਕੀਤਾ ਜਾਣਾ ਚਾਹੀਦਾ ਜਦਕਿ ਇਹ ਸੰਵਿਧਾਨ ਨਾਲ ਖੇਡਿਆ ਗਿਆ ਫਰਾਡ ਸੀ ਤੇ ਇਸ ਨੂੰ ਰੱਦ ਕੀਤਾ ਜਾਣਾ ਚਾਹੀਦਾ ਹੈ ਪਰ ਸੀ.ਜੇ.ਆਈ. ਮਿਸ਼ਰਾ ਸਮੇਤ ਜਸਟਿਸ ਏ.ਕੇ. ਸੀਕਰੀ, ਅਸ਼ੋਕ ਭੂਸ਼ਨ ਤੇ ਏ.ਐਮ. ਖਨਵਿਲਕਰ ਨੇ ਲੋਕ ਸਭਾ ਵੱਲੋਂ ਆਧਾਰ ਬਿੱਲ ਨੂੰ ਮਨੀ ਬਿੱਲ ਦੇ ਤੌਰ 'ਤੇ ਪਾਸ ਕੀਤੇ ਜਾਣ ਨੂੰ ਸਹੀ ਕਰਾਰ ਦਿੱਤਾ। ਜਸਟਿਸ ਸੀਕਰੀ ਨੇ ਖਚਾਖਚ ਭਰੀ ਅਦਾਲਤ ਵਿਚ 1448 ਪੰਨਿਆਂ ਦੇ ਫੈਸਲੇ ਦਾ ਨਿਚੋੜ ਪੜ੍ਹ ਕੇ ਸੁਣਾਉਂਦਿਆਂ ਕਿਹਾ ਕਿ ਆਧਾਰ ਦਾ ਮੰਤਵ ਇਹ ਸੀ ਕਿ ਲਾਭ ਸਮਾਜ ਦੇ ਕਮਜ਼ੋਰ ਤਬਕਿਆਂ ਤੱਕ ਪੁੱਜਣ ਤੇ ਇਹ ਇਕ ਵਿਲੱਖਣ ਉਪਰਾਲਾ ਹੈ।

# ਵਿਸ਼ਵ ਦੀਆਂ ਸਿਖਰਲੀਆਂ 250 ਵਿੱਦਿਅਕ ਸੰਸਥਾਵਾਂ 'ਚੋਂ ਭਾਰਤ ਗਾਇਬ

**ਨਵੀਂ ਦਿੱਲੀ:** ਸਰਕਾਰ ਦੇ ਕਈ ਯਤਨਾਂ ਤੋਂ ਬਾਅਦ ਵੀ ਭਾਰਤੀ ਕਾਲਜ ਤੇ ਯੂਨੀਵਰਸਿਟੀਆਂ ਗਲੋਬਲ ਰੈਂਕਿੰਗ 'ਚ ਪਿੱਛੇ ਹਨ। ਟਾਈਮਜ਼ ਹਾਇਰ ਐਜੂਕੇਸ਼ਨ ਵਰਲਡ ਰੈਂਕਿੰਗ 2019 ਦੇ ਨਤੀਜੇ ਵੀ ਭਾਰਤੀ ਵਿੱਦਿਅਕ ਸੰਸਥਾਵਾਂ ਲਈ ਨਿਰਾਸ਼ਾਜਨਕ ਰਹੇ। ਦੇਸ਼ ਦੀ ਕਿਸੇ ਵੀ ਵਿਦਿਅਕ ਸੰਸਥਾ ਨੂੰ ਟੌਪ 250 ਦੀ ਗਲੋਬਲ ਰੈਂਕਿੰਗ 'ਚ ਥਾਂ ਨਹੀਂ ਮਿਲ ਸਕੀ।

ਵੈੱਬਸਾਈਟ 'ਤੇ ਜਾਰੀ ਕੀਤੀ ਰੈਂਕਿੰਗ ਵਿਚ ਵਿਸ਼ਵ ਭਰ 'ਚੋਂ 1250 ਯੂਨੀਵਰਸਿਟੀਆਂ ਨੂੰ ਸ਼ਾਮਲ ਕੀਤਾ ਗਿਆ ਹੈ। ਇਸ ਰੈਂਕਿੰਗ 'ਚ 49 ਭਾਰਤੀ ਕਾਲਜਾਂ ਨੂੰ ਥਾਂ ਦਿੱਤੀ ਗਈ ਸੀ ਪਰ ਦੇਸ਼ ਦਾ ਇਕ ਵੀ ਕਾਲਜ ਜਾਂ ਯੂਨੀਵਰਸਿਟੀ ਟੌਪ 250 'ਚ ਨਹੀਂ ਆ ਸਕਿਆ ਜੋ ਚਿੰਤਾ ਦਾ ਵਿਸ਼ਾ ਹੈ। ਰੈਂਕਿੰਗ 'ਚ ਏਸ਼ੀਅਨ ਯੂਨੀਵਰਸਿਟੀ ਦੀ ਗੱਲ ਕਰੀਏ ਤਾਂ ਇਸ ਵਾਰ ਚੀਨ ਦੀ ਸ਼ਿਨਹੂਆ ਯੂਨੀਵਰਸਿਟੀ ਨੂੰ ਏਸ਼ੀਆ ਦੇ ਸਭ ਤੋਂ ਵਧੀਆਂ ਸੰਸਥਾ ਦਾ ਦਰਜਾ ਦਿੱਤਾ ਗਿਆ ਹੈ। ਇਹ ਲਿਸਟ 'ਚ ਪਹਿਲੇ ਨੰਬਰ 'ਤੇ ਹੈ।

ਪਿਛਲੀ ਵਾਰ ਦੀ ਰੈਂਕਿੰਗ 'ਚ ਸਿੰਗਾਪੁਰ ਦੀ ਨੈਸ਼ਨਲ ਯੂਨੀਵਰਸਿਟੀ ਏਸ਼ੀਅਨ ਐਜੂਕੇਸ਼ਨਲ ਇੰਸਟੀਚਿਊਟ ਦੀ ਰੈਂਕਿੰਗ ਲਿਸਟ





'ਚ ਟੌਪ 'ਤੇ ਸੀ ਜਿਸ ਨੂੰ ਹੁਣ ਚੀਨ ਦੀ ਯੂਨੀਵਰਸਿਟੀ ਨੇ ਪਛਾੜ ਦਿੱਤਾ ਹੈ। ਵਿਸ਼ਵ ਰੈਂਕਿੰਗ 'ਚ ਸ਼ਿਨਹੂਆ ਯੂਨੀਵਰਸਿਟੀ 22ਵੇਂ ਸਥਾਨ 'ਤੇ ਹੈ। ਉਥੇ ਹੀ ਵਿਸ਼ਵ ਦੀਆਂ ਟੌਪ ਯੂਨੀਵਰਸਿਟੀਆਂ ਦੀ ਗੱਲ ਕਰੀਏ ਤਾਂ ਇਸ 'ਚ ਯੂਨਾਇਟਡ ਕਿੰਗਡਮ ਦੀ ਯੂਨੀਵਰਸਿਟੀ ਆਫ ਆਕਸਫੋਰਡ ਤੇ ਯੂਨੀਵਰਸਿਟੀ ਤੇ ਕੈਂਬ੍ਰਿਜ ਪਹਿਲ ਦੋ ਸਥਾਨਾਂ ਉਤੇ ਕਾਬਜ਼ ਹਨ।

## ਸਿੱਖਿਆ 'ਤੇ ਖਰਚ ਪੱਖੋਂ ਭਾਰਤ ਪਛੜਿਆ

**ਨਵੀਂ ਦਿੱਲੀ:** ਸਿੱਖਿਆ 'ਤੇ ਖਰਚ ਦੇ ਮਾਮਲੇ 'ਚ ਭਾਰਤ ਦੀ ਸਥਿਤੀ ਬਹੁਤ ਚੰਗੀ ਨਹੀਂ। ਭਾਰਤ ਦਾ ਇਸ ਮਾਮਲੇ 'ਚ 136ਵਾਂ ਸਥਾਨ ਹੈ। ਜ਼ਰੂਰਤ ਮੁਤਾਬਕ ਘੱਟ ਖਰਚ ਤੇ ਕੁਆਲਿਟੀ ਐਜੂਕੇਸ਼ਨ ਦੀ ਕਮੀ ਨੂੰ ਨੌਜਵਾਨ ਸਭ ਤੋਂ ਵੱਡੀ ਚਿੰਤਾ ਮੰਨਦੇ ਹਨ। ਤਾਜ਼ਾ ਅੰਤਰਰਾਸ਼ਟਰੀ ਸਰਵੇ ਮੁਤਾਬਕ 86 ਫੀਸਦੀ ਨੌਜਵਾਨ ਭਾਰਤ ਦੇ ਭਵਿੱਖ ਨੂੰ ਲੈ ਕੇ ਆਸ਼ਾਵਾਦੀ ਹਨ ਪਰ ਇਨ੍ਹਾਂ 'ਚੋਂ 33 ਫੀਸਦੀ ਨੌਜਵਾਨਾਂ ਨੇ ਸਿੱਖਿਆ ਦੀ ਕਮੀ ਨੂੰ ਚਿੰਤਾ ਦਾ ਵਿਸ਼ਾ ਦੱਸਿਆ। ਦੁਨੀਆ 'ਚ ਸਿੱਖਿਆ ਉਤੇ ਸਭ ਤੋਂ ਜ਼ਿਆਦਾ ਖਰਚ ਕਰਨ ਵਾਲਾ ਦੇਸ਼ ਨਾਰਵੇ ਹੈ। ਇਹ ਆਪਣੀ ਜੀਡੀਪੀ ਦਾ 6 ਫੀਸਦੀ ਤੋਂ ਜ਼ਿਆਦਾ ਸਿੱਖਿਆ 'ਤੇ ਖਰਚ ਕਰਦਾ ਹੈ। ਹਾਲਾਂਕਿ ਬੱਚਿਆਂ ਨੂੰ ਪੜ੍ਹਾਉਣ ਤੇ ਹੋਮਵਰਕ ਕਰਾਉਣ 'ਚ ਸਮਾਂ ਦੇਣ ਦੇ ਮਾਮਲੇ 'ਚ ਭਾਰਤੀ ਦੁਨੀਆਂ 'ਚ ਪਹਿਲੇ ਨੰਬਰ ਉਤੇ ਆਉਂਦੇ ਹਨ।

# ਪੰਜਾਬ, ਕੇਂਦਰ ਤੇ 'ਸਿਟੀ ਬਿਊਟੀਫੁਲ' ਚੰਡੀਗੜ੍ਹ

**ਸਿਆਸਤ ਦਾ ਪਿੜ**



ਜਤਿੰਦਰ ਪਨੂੰ
ਫੋਨ: 91-98140-68455

ਭਾਰਤ ਦਾ 'ਸਿਟੀ ਬਿਊਟੀਫੁਲ' ਕਿਹਾ ਜਾਂਦਾ ਚੰਡੀਗੜ੍ਹ ਸ਼ਹਿਰ ਭਾਵੇਂ ਅੱਜ ਦੇ ਯੁੱਗ ਵਿਚ ਵਿਕਸਿਤ ਦੇਸ਼ਾਂ ਦੇ ਮੁਕਾਬਲੇ ਕਿਸੇ ਵੀ ਤਰ੍ਹਾਂ 'ਬਿਊਟੀਫੁਲ' ਗਿਣੇ ਜਾਣ ਦੇ ਕਾਬਲ ਨਹੀਂ, ਇਸ ਦੇ ਬਾਵਜੂਦ ਇਹ ਭਾਰਤ ਦੇ ਲੋਕਾਂ ਲਈ ਹਾਲੇ ਤੱਕ ਬਿਊਟੀਫੁਲ ਹੀ ਹੈ। ਕਾਰਨ ਇਹ ਹੈ ਕਿ ਦੇਸ਼ ਵਿਚ ਹੋਰ ਕੋਈ ਅਜਿਹਾ ਵੀ ਨਹੀਂ ਹੈ। ਉਂਜ ਚੰਡੀਗੜ੍ਹ ਸ਼ਹਿਰ ਓਨਾ ਬਿਊਟੀਫੁਲ ਹੋਣ ਕਾਰਨ ਚਰਚਿਆਂ ਵਿਚ ਨਹੀਂ ਰਹਿੰਦਾ, ਜਿੰਨਾ ਸਿਆਸੀ ਖਿੱਚੋਤਾਣ ਦਾ ਮੁੱਦਾ ਬਣਾਏ ਜਾਣ ਕਾਰਨ ਰਹਿੰਦਾ




ਹੈ। ਕਿਸੇ ਵਕਤ ਜਦੋਂ ਪੰਜਾਬ ਵਿਚ ਬਾਰਾਂ ਸਾਲ ਗੋਲੀ ਦੀ ਗੂੰਜ ਸੁਣਦੀ ਪਈ ਸੀ, ਉਦੋਂ ਵੀ ਠੰਢ-ਠੰਢੌਲਾ ਕਰਨ ਵਾਸਤੇ ਸ਼ੁਰੂ ਕੀਤੀ ਜਾਣ ਵਾਲੀ ਹਰ ਗੱਲਬਾਤ ਦੇ ਏਜੰਡੇ ਉਤੇ ਮੁੱਖ ਮੁੱਦਿਆਂ ਵਿਚ ਚੰਡੀਗੜ੍ਹ ਸ਼ਹਿਰ ਦੇ ਦਰਜੇ ਦਾ ਮੁੱਦਾ ਸ਼ਾਮਲ ਹੁੰਦਾ ਸੀ। ਪੰਜਾਬ ਵਿਚ ਅਮਨ ਕਾਇਮ ਹੋਣ ਪਿਛੋਂ ਏਜੰਡੇ ਤੋਂ ਲਾਂਭੇ ਹੋਇਆ ਇਹ ਸ਼ਹਿਰ ਕੇਂਦਰ ਸਰਕਾਰ ਦੇ ਇੱਕ ਤਾਜ਼ਾ ਨੋਟੀਫਿਕੇਸ਼ਨ ਨਾਲ ਫਿਰ ਵਿਵਾਦ ਦਾ ਵੱਡਾ ਮੁੱਦਾ ਬਣਨ ਲੱਗ ਪਿਆ ਹੈ।

ਬੀਤੀ 25 ਸਤੰਬਰ ਨੂੰ ਭਾਰਤ ਦੇ ਗ੍ਰਹਿ ਮੰਤਰਾਲੇ ਵੱਲੋਂ ਜਾਰੀ ਕੀਤਾ ਗਿਆ ਨੋਟੀਫਿਕੇਸ਼ਨ ਇਸ ਗੱਲ ਲਈ ਰਾਹ ਖੋਲ੍ਹਦਾ ਹੈ ਕਿ ਚੰਡੀਗੜ੍ਹ ਦੇ ਉਤਲੇ ਤੇ ਹੇਠਲੇ-ਸਾਰੇ ਮੁਲਾਜ਼ਮਾਂ 'ਤੇ ਕੇਂਦਰ ਵਿਚ ਰਾਜ ਕਰਦੀ ਪਾਰਟੀ ਦਾ ਕੁੰਡਾ ਹੋਵੇ ਤੇ ਉਸ ਮੁਤਾਬਕ ਨਾ ਚੱਲਣ ਵਾਲੇ ਹਰ ਮੁਲਾਜ਼ਮ ਨੂੰ ਕਾਲੇ ਪਾਣੀ ਸੁੱਟਿਆ ਜਾ ਸਕੇ। ਭਾਰਤ ਵਿਚ ਇਸ ਵਕਤ 29 ਰਾਜਾਂ ਦੇ ਨਾਲ ਸੱਤ ਕੇਂਦਰੀ ਸ਼ਾਸਨ ਵਾਲੇ ਪ੍ਰਦੇਸ਼, ਯੂਨੀਅਨ ਟੈਰੀਟਰੀਜ਼ (ਯੂ. ਟੀ.) ਹਨ, ਚੰਡੀਗੜ੍ਹ ਵੀ ਇਨ੍ਹਾਂ ਵਿਚ ਹੈ, ਪਰ ਸਭ ਦਾ ਦਰਜਾ ਬਰਾਬਰ ਨਹੀਂ। ਦਿੱਲੀ ਤੇ ਪੁੱਡੂਚੇਰੀ ਦੇ ਲੋਕਾਂ ਕੋਲ ਵਿਧਾਨ ਸਭਾ ਚੁਣਨ ਦਾ ਹੱਕ ਹੈ ਤੇ ਉਨ੍ਹਾਂ ਉਤੇ ਕੇਂਦਰ ਦੇ ਪ੍ਰਤੀਨਿਧ ਵਜੋਂ ਲੈਫਟੀਨੈਂਟ ਗਵਰਨਰ ਹੁੰਦਾ ਹੈ, ਪਰ ਬਾਕੀ ਸਾਰੀਆਂ ਯੂ. ਟੀਜ਼ ਵਿਚ ਏਦਾਂ ਦਾ ਪ੍ਰਬੰਧ ਨਹੀਂ, ਹਰ ਥਾਂ ਵੱਖੋ-ਵੱਖਰੇ ਹਾਲਾਤ ਤੇ ਪ੍ਰਬੰਧ ਚੱਲਦੇ ਹਨ। ਸਿਆਸੀ ਹਾਲਾਤ ਕਾਰਨ ਇਨ੍ਹਾਂ ਸਭਨਾਂ ਦਾ ਪ੍ਰਬੰਧ ਸੰਭਾਲਣ ਵੇਲੇ ਵੀ ਵੱਖੋ-ਵੱਖ ਸੋਚ ਅਤੇ ਪਹੁੰਚ ਅਪਨਾਉਣੀ ਪੈਂਦੀ ਹੈ। ਇਹੋ ਮਾਮਲਾ ਚੰਡੀਗੜ੍ਹ ਦਾ ਹੈ।

ਪਾਕਿਸਤਾਨ ਵਿਚ ਆਪਣੀ ਰਾਜਧਾਨੀ ਲਾਹੌਰ ਛੱਡ ਆਏ ਭਾਰਤੀ ਪੰਜਾਬ ਕੋਲ ਰਾਜਧਾਨੀ ਨਹੀਂ ਸੀ। ਉਦੋਂ ਇਸ ਨੇ ਪਹਿਲਾ ਅੱਡਾ ਸ਼ਿਮਲੇ ਵਿਚ ਜਮਾਇਆ ਸੀ। ਫਿਰ ਚੰਡੀਮੰਦਰ ਨੇੜੇ ਇੱਕ ਝੀਲ ਵੇਖ ਕੇ ਇਥੇ ਨਵੇਂ ਕਿਸਮ ਦਾ ਸ਼ਹਿਰ ਵਸਾਉਣ ਦੀ ਸਹਿਮਤੀ ਬਣੀ, ਜਿਸ ਦਾ ਸਿਹਰਾ ਅੱਜ ਤੱਕ ਲੀ ਕਰਬੂਜ਼ੀਅਰ ਨੂੰ ਦਿੱਤਾ ਜਾਂਦਾ ਹੈ। ਅਸਲ ਵਿਚ ਮੁਢਲੇ ਤੌਰ 'ਤੇ ਇਹ ਕੰਮ ਪੋਲੈਂਡ ਦੇ ਮੈਥਿਊ ਨੋਵਿਕੀ ਅਤੇ ਅਮਰੀਕਾ ਦੇ ਅਲਬਰਟ ਮੇਅਰ ਨਾਂ ਦੇ ਮਾਹਿਰਾਂ ਨੂੰ ਦਿੱਤਾ ਗਿਆ ਸੀ, ਪਰ ਇੱਕ ਹਵਾਈ ਹਾਦਸੇ ਵਿਚ ਮੋਵਿਕੀ ਦੀ ਮੌਤ ਪਿੱਛੋਂ ਅਲਬਰਟ ਮੇਅਰ ਨੇ ਵੀ ਇਹ ਕੰਮ ਛੱਡ ਦਿੱਤਾ। ਇਸ ਪਿੱਛੋਂ ਲੀ ਕਰਬੂਜ਼ੀਅਰ ਨੂੰ ਇਹ ਕੰਮ ਦਿੱਤਾ ਗਿਆ ਸੀ, ਜਿਸ ਨੇ ਸਿਰੇ ਚਾੜ੍ਹਿਆ ਤੇ ਸਾਂਝੇ ਪੰਜਾਬ ਦੀ ਰਾਜਧਾਨੀ ਸ਼ਿਮਲੇ ਵਾਲੇ ਕੱਚੇ ਪੜਾਅ ਤੋਂ ਪੁੱਟ ਕੇ ਇਥੇ ਲਿਆਂਦੀ ਗਈ ਸੀ। ਹਾਲੇ ਇਹ ਕੰਮ ਪੂਰਾ ਨਹੀਂ ਸੀ ਹੋਇਆ ਕਿ ਹਰਿਆਣਾ ਰਾਜ ਵੱਖਰਾ ਹੋ ਗਿਆ ਤੇ ਇਸ ਦੇ ਨਾਲ ਹੀ ਇਸ ਸ਼ਹਿਰ ਦੀ ਖਿੱਚੋਤਾਣ ਸ਼ੁਰੂ ਹੋ ਗਈ, ਜੋ ਅੱਜ ਤੱਕ ਨਹੀਂ ਮੁੱਕ ਸਕੀ।


ਬੋਲੀ ਦੇ ਆਧਾਰ 'ਤੇ ਵੱਖਰਾ ਪੰਜਾਬ ਸਾਡੇ ਲੋਕਾਂ ਨੇ ਮੰਗਿਆ ਸੀ, ਹਰਿਆਣਾ ਰਾਜ ਦੀ ਕਦੀ ਮੰਗ ਹੀ ਨਹੀਂ ਸੀ ਚੱਲੀ, ਅੰਗਰੇਜ਼ਾਂ ਵੇਲੇ ਇੱਕ ਵਾਰ ਚੱਲ ਕੇ ਖਤਮ ਹੋ ਚੁਕੀ ਸੀ। ਜਦੋਂ ਪੰਜਾਬੀ ਬੋਲੀ 'ਤੇ ਆਧਾਰਤ ਸੂਬਾ ਬਣਾਉਣਾ ਮੰਨ ਲਿਆ ਤਾਂ ਹਰਿਆਣਾ ਨਾਲ ਕਈ ਮੁੱਦਿਆਂ ਦੀ ਵੰਡ ਸੱਠ-ਚਾਲੀ ਵਾਲੇ ਅਨੁਪਾਤ ਨਾਲ ਕਰ ਦਿੱਤੀ ਗਈ। ਇਸ ਨੂੰ ਜਨਤਕ ਮੁਹਾਵਰੇ ਵਿਚ 'ਪੰਜ ਦਵੰਜੀ' ਕਿਹਾ ਜਾਂਦਾ ਹੈ ਤੇ ਇਸ ਦਾ ਭਾਵ ਹੈ ਕਿ ਪੰਜ ਹਿੱਸਿਆਂ ਵਿਚੋਂ ਕਿਸੇ ਇੱਕ ਧਿਰ ਨੂੰ ਦੋ ਹਿੱਸੇ ਕੱਢ ਕੇ ਲਾਂਭੇ ਕਰ ਦਿੱਤਾ ਗਿਆ। ਚੰਡੀਗੜ੍ਹ ਸ਼ਹਿਰ ਵਿਵਾਦਤ ਬਣ ਗਿਆ। ਪੰਜਾਬ ਦੀ ਸਾਂਝੀ ਸਰਕਾਰ ਦਾ ਸਕੱਤਰੇਤ ਵੀ 60 ਫੀਸਦੀ ਪੰਜਾਬ ਤੇ 40 ਫੀਸਦੀ ਹਰਿਆਣੇ ਨੂੰ ਮਿਲ ਗਿਆ ਅਤੇ ਕਈ ਹੋਰ ਏਦਾਂ ਦੇ ਭਵਨ ਵੀ ਵੰਡੇ ਗਏ, ਪਰ ਸ਼ਹਿਰ ਦੀ ਮਾਲਕੀ ਦਾ ਫੈਸਲਾ ਅੱਗੇ ਪਾ ਦਿੱਤਾ ਗਿਆ। ਜਦੋਂ ਤੱਕ ਇਸ ਬਾਰੇ ਫੈਸਲਾ ਨਹੀਂ ਹੁੰਦਾ, ਓਨੀ ਦੇਰ ਇਥੇ ਕੰਮ ਚਲਾਉਣ ਲਈ ਸ਼ਹਿਰ ਦੇ ਪ੍ਰਸ਼ਾਸਕੀ ਮੁਖੀ ਵਾਸਤੇ ਚੀਫ ਕਮਿਸ਼ਨਰ ਦੀ ਪਦਵੀ ਕਾਇਮ ਕਰ ਦਿੱਤੀ ਤੇ ਇਹ ਉਦੋਂ ਤੱਕ ਏਦਾਂ ਰਹੀ, ਜਦੋਂ ਤੱਕ ਰਾਜੀਵ-ਲੌਂਗੋਵਾਲ ਸਮਝੌਤੇ ਵਿਚ ਇਹ ਨਾ ਲਿਖਿਆ ਗਿਆ ਕਿ ਚੰਡੀਗੜ੍ਹ ਪੰਜਾਬ ਨੂੰ ਦਿੱਤਾ ਜਾਣਾ ਹੈ।

ਇਸ ਲਿਖਤੀ ਸਮਝੌਤੇ ਪਿੱਛੋਂ ਫੌਰੀ ਤੌਰ 'ਤੇ ਪਹਿਲਾ ਕੰਮ ਇਹ ਹੋਇਆ ਕਿ ਚੀਫ ਕਮਿਸ਼ਨਰ ਦੀ ਪਦਵੀ ਖਤਮ ਕਰ ਕੇ ਪੰਜਾਬ ਦੇ ਗਵਰਨਰ ਨੂੰ ਇਸ ਦਾ ਪ੍ਰਸ਼ਾਸਕ ਲਾ ਦਿੱਤਾ ਗਿਆ ਤੇ ਇਸ ਵਿਚ ਵੱਡੀ ਗੱਲ ਨੋਟ ਕਰਨ ਵਾਲੀ ਇਹ ਹੈ ਕਿ ਸਿਰਫ ਪੰਜਾਬ ਦੇ ਗਵਰਨਰ ਨੂੰ ਇਹ ਜ਼ਿੰਮੇਵਾਰੀ ਦਿੱਤੀ ਸੀ, ਦੋ ਰਾਜਾਂ ਦੇ ਗਵਰਨਰਾਂ ਦੀ ਵਾਰੀ ਨਹੀਂ ਸੀ ਬੰਨੀ ਗਈ। ਇਸ ਤਰ੍ਹਾਂ ਚੰਡੀਗੜ੍ਹ ਉਤੇ ਪੰਜਾਬ ਦਾ ਹੱਕ ਉਦੋਂ ਮੰਨ ਲਿਆ ਗਿਆ ਸੀ।

ਪਿਛਲੇ ਪੰਜਾਹ ਤੋਂ ਵੱਧ ਸਾਲਾਂ ਵਿਚ ਇਹ ਗੱਲ ਅਸੂਲੀ ਤੌਰ 'ਤੇ ਮੰਨੀ ਗਈ ਅਤੇ ਅਮਲ ਵਿਚ ਲਾਗੂ ਹੁੰਦੀ ਰਹੀ ਸੀ ਕਿ ਇਸ ਸ਼ਹਿਰ ਦੇ ਪ੍ਰਸ਼ਾਸਨ ਤੇ ਪ੍ਰਬੰਧ ਵਿਚ ਅਫਸਰ ਤੇ ਕਰਮਚਾਰੀ ਸੱਠ-ਚਾਲੀ ਦੇ ਹਿਸਾਬ ਪੰਜਾਬ ਤੇ ਹਰਿਆਣਾ-ਦੋਹਾਂ ਰਾਜਾਂ ਤੋਂ ਆਇਆ ਕਰਦੇ ਸਨ। ਇਸ ਵਿਚ ਬੀਤੇ ਕੁਝ ਸਾਲਾਂ ਤੋਂ ਅੜਿੱਕਾ ਪੈਣ ਲੱਗਾ ਸੀ। ਕੇਂਦਰ ਵਿਚ ਭਾਜਪਾ ਦੀ ਸਰਕਾਰ ਆਈ ਤਾਂ ਉਸ ਦੀ ਪੁਰਾਣੀ ਨੀਤੀ ਅਧੀਨ ਇਸ ਦਾ ਪੰਜਾਬ ਨਾਲੋਂ ਨਾੜੂਆ ਕੱਟਣ ਲਈ ਇੱਕ ਜਾਂ ਦੂਸਰਾ ਢੰਗ ਵਰਤਣਾ ਸ਼ੁਰੂ ਹੋ ਗਿਆ ਸੀ।

ਬੀਤੀ 25 ਸਤੰਬਰ ਦਾ ਨੋਟੀਫਿਕੇਸ਼ਨ ਇਸ ਪਾਸੇ ਵੱਲ ਇੱਕ ਹੋਰ ਕਦਮ ਹੀ ਨਹੀਂ, ਇੱਕ ਬੜਾ ਚੁਸਤ ਕਦਮ ਹੈ। ਚੰਡੀਗੜ੍ਹ ਦੇ ਸਥਾਨਕ ਭਰਤੀ ਵਾਲੇ ਮੁਲਾਜ਼ਮਾਂ ਨੂੰ ਵੀ ਬਾਕੀ ਸੱਤ ਯੂ. ਟੀਜ਼ (ਕੇਂਦਰੀ ਸ਼ਾਸਨ ਵਾਲੇ ਪ੍ਰਦੇਸ਼ਾਂ) ਦਾ ਹਿੱਸਾ ਬਣਾ ਕੇ ਅਸਲ ਵਿਚ ਕੇਂਦਰ ਸਰਕਾਰ ਹਵਾਲਾ ਤਾਂ ਇਹ ਦਿੰਦੀ ਹੈ ਕਿ ਜਿੱਥੇ ਕੋਈ ਅਫਸਰ ਸਥਾਨਕ ਰਾਜ ਕਰਤਿਆਂ ਦੇ ਦਬਾਅ ਹੇਠ ਤੰਗੀ ਮਹਿਸੂਸ ਕਰਦਾ ਹੋਵੇ, ਉਸ ਨੂੰ ਇਨ੍ਹਾਂ ਸੱਤਾਂ ਵਿਚੋਂ ਕਿਸੇ ਵੀ ਹੋਰ ਥਾਂ ਭੇਜਿਆ ਜਾ ਸਕਦਾ ਹੈ। ਅਸਲ ਵਿਚ ਗੱਲ ਏਨੀ ਸਿੱਧੀ ਨਹੀਂ। ਦਿੱਲੀ ਵਿਚ ਜਦੋਂ ਆਮ ਆਦਮੀ ਪਾਰਟੀ ਦੀ ਸਰਕਾਰ ਬਣੀ, ਜਿਹੜਾ ਵੀ ਕੰਮ ਉਹ ਕਰਨ ਲੱਗਦੀ ਸੀ, ਕੇਂਦਰ ਸਰਕਾਰ ਹੋਣ ਨਹੀਂ ਸੀ ਦੇਣਾ ਚਾਹੁੰਦੀ, ਉਸ ਪ੍ਰਾਜੈਕਟ ਵਾਲੇ ਅਫਸਰਾਂ ਨੂੰ ਉਥੋਂ ਪੁੱਟ ਕੇ ਕਦੀ ਕੇਂਦਰੀ ਡੈਪੂਟੇਸ਼ਨ ਉਤੇ ਅਤੇ ਕਦੀ ਕਿਸੇ ਹੋਰ ਯੂ. ਟੀ. ਵਿਚ ਭੇਜਣ ਦਾ ਹੁਕਮ ਕੇਂਦਰ ਸਰਕਾਰ ਕਰ ਦਿੰਦੀ ਸੀ। ਇਹ ਕੰਮ ਚੰਡੀਗੜ੍ਹ ਵਿਚ ਅਜੇ ਤੱਕ ਆਮ ਕਰ ਕੇ ਨਹੀਂ ਸੀ ਹੁੰਦਾ।

ਕਿਰਨ ਬੇਦੀ ਅੱਜ ਕੇਂਦਰ ਵਿਚ ਸਰਕਾਰ ਚਲਾ ਰਹੀ ਪਾਰਟੀ ਨਾਲ ਕਾਰਿੰਦੇ ਵਾਂਗ ਮਿਲ ਕੇ ਚੱਲਦੀ ਪਈ ਹੈ, ਪਰ ਜਦੋਂ ਕੇਂਦਰ 'ਚ ਰਾਜ ਕਰਦੇ ਕਾਂਗਰਸ ਵਾਲਿਆਂ ਨਾਲ ਉਸ ਦੀ ਸੁਰ ਨਹੀਂ ਸੀ ਮਿਲਦੀ, ਉਨ੍ਹਾਂ ਨੇ ਉਸ ਨੂੰ ਦਿੱਲੀ ਤੋਂ ਪੁੱਟ ਕੇ ਦੂਜੇ ਯੂ. ਟੀਜ਼ ਵਿਚ ਇਸੇ ਲਈ ਭੇਜਿਆ ਸੀ ਕਿ ਇਹ ਪ੍ਰਬੰਧ ਉਸ ਵੇਲੇ ਦਿੱਲੀ ਵਿਚ ਚੱਲ ਸਕਦਾ



*ਲੀ ਕਰਬੂਜ਼ੀਅਰ*

ਸੀ। ਅਗਲੀ ਵਾਰੀ ਏਦਾਂ ਦਾ ਕਦਮ ਚੰਡੀਗੜ੍ਹ ਦੇ ਅਫਸਰਾਂ ਵਾਸਤੇ ਵੀ ਪੁੱਟਿਆ ਜਾ ਸਕਦਾ ਹੈ ਕਿ ਜਿਹੜਾ ਕੋਈ ਅਫਸਰ ਪੰਜਾਬੀ ਮੂਲ ਦਾ ਹੋਣ ਕਾਰਨ ਪੰਜਾਬ ਦੀ ਗੱਲ ਕਰੇ, ਦੂਸਰੇ ਦਿਨ ਉਸ ਨੂੰ ਬਿਸਤਰਾ ਚੁਕਾ ਕੇ ਅੰਡੇਮਾਨ ਨਿਕੋਬਾਰ ਵੱਲ ਤੋਰ ਦਿੱਤਾ ਜਾਵੇ, ਜਿਸ ਕਾਰਨ ਉਹ ਇਥੇ ਸਰਕਾਰ ਦੇ ਕਰਮਚਾਰੀ ਦੀ ਥਾਂ ਕੇਂਦਰ ਵਿਚ ਰਾਜ ਕਰਦੀ ਕਿਸੇ ਵੀ ਪਾਰਟੀ ਦੇ ਕਾਰਿੰਦੇ ਬਣ ਕੇ ਰਹਿ ਜਾਣ।

ਇੱਕ ਵਾਰੀ ਪਹਿਲਾਂ ਵੀ ਇਹ ਖੇਡ ਸ਼ੁਰੂ ਹੋਈ ਸੀ। ਫਿਰ ਸੰਭਾਲੀ ਨਹੀਂ ਸੀ ਗਈ। ਬਾਅਦ ਵਿਚ ਜਦੋਂ ਕਈ ਵੱਡੇ ਝਟਕੇ ਸਾਡਾ ਦੇਸ਼ ਸਹਿ ਚੁਕਾ ਤਾਂ ਰਾਜੀਵ ਗਾਂਧੀ ਤੇ ਸੰਤ ਹਰਚੰਦ ਸਿੰਘ ਲੌਂਗੋਵਾਲ ਦੇ ਸਮਝੌਤੇ ਦਾ ਸਬੱਬ ਬਣਿਆ ਸੀ। ਸਮਝੌਤਾ ਹੋ ਗਿਆ ਸੀ, ਪਰ ਸਿਰੇ ਚੜ੍ਹਨ ਦੀ ਘੜੀ ਨਹੀਂ ਸੀ ਆਈ। ਪੰਜਾਬ ਵਿਚੋਂ ਅਕਾਲੀ ਦਲ ਦੇ ਕੁਝ ਲੀਡਰ ਇਸ ਗੱਲੋਂ ਸੜ-ਭੁੱਜ ਗਏ ਸਨ ਕਿ ਸਾਨੂੰ ਨਾਲ ਲਏ ਬਿਨਾ ਇਸ ਸਾਧ ਨੇ ਸਮਝੌਤਾ ਕਿਵੇਂ ਕੀਤਾ ਤੇ ਦੂਸਰੇ ਪਾਸਿਓਂ ਹਰਿਆਣੇ ਵਿਚੋਂ ਕਾਂਗਰਸ ਦੇ ਪੁਆੜੇ ਪਾਊ ਮੁੱਖ ਮੰਤਰੀ ਭਜਨ ਲਾਲ ਨੇ ਅੜਿੱਕਾ ਪਾ ਦਿੱਤਾ ਸੀ। ਚੰਡੀਗੜ੍ਹ ਵਿਚ ਗਣਤੰਤਰ ਦਿਵਸ ਪਰੇਡ ਕਰਨ ਤੇ ਪੰਜਾਬ ਦੇ ਮੁੱਖ ਮੰਤਰੀ ਸੁਰਜੀਤ ਸਿੰਘ ਬਰਨਾਲਾ ਵੱਲੋਂ ਝੰਡਾ ਝੁਲਾਉਣ ਦਾ ਜਦੋਂ ਪ੍ਰੋਗਰਾਮ ਉਲੀਕਿਆ ਜਾ ਚੁਕਾ ਸੀ, ਆਖਰੀ ਵਕਤ ਸਾਰਾ ਕੁਝ ਧਰਿਆ-ਧਰਾਇਆ ਰਹਿ ਗਿਆ ਸੀ। ਨਤੀਜੇ ਵਜੋਂ ਪੰਜਾਬ ਦੇ ਲੋਕਾਂ ਵਿਚ ਅਜਿਹਾ ਬੇਗਾਨਗੀ ਦਾ ਅਹਿਸਾਸ ਵਧਿਆ ਸੀ ਕਿ ਫਿਰ ਉਨ੍ਹਾਂ ਨੂੰ ਮੁੱਖ ਧਾਰਾ ਵੱਲ ਮੋੜ ਲਿਆਉਣ ਦੇ ਰਾਹ ਨਹੀਂ ਸਨ ਲੱਭ ਰਹੇ। ਇਸ ਬੇਗਾਨਗੀ ਵਿਚ ਇੱਕ ਵੱਡਾ ਹਿੱਸਾ ਉਦੋਂ ਵਾਲੀ ਕੇਂਦਰ ਸਰਕਾਰ ਦਾ ਪਾਇਆ ਹੋਇਆ ਸੀ। ਇਸ ਵੇਲੇ ਫਿਰ ਉਹੋ ਜਿਹੀ ਬੇਗਾਨਗੀ ਦੇ ਮੁੱਢ ਵਾਲੇ ਸੰਕੇਤ ਮੁੜ ਨਜ਼ਰ ਆਉਣ ਲੱਗੇ ਹਨ।

ਅਸੀਂ ਇਸ ਮਾਮਲੇ ਵਿਚ ਜ਼ਿਆਦਾ ਨਹੀਂ ਲਿਖਣਾ ਚਾਹੁੰਦੇ, ਪਰ ਇਸ ਗੱਲ ਬਾਰੇ ਸੁਚੇਤ ਕੀਤੇ ਬਿਨਾ ਨਹੀਂ ਰਹਿ ਸਕਦੇ ਕਿ ਬੜਾ ਸੰਭਲ ਕੇ ਚੱਲਣ ਦੀ ਲੋੜ ਹੈ, ਵਰਨਾ ਕੋਈ ਸਥਿਤੀਆਂ ਨੂੰ ਵਰਤ ਸਕਦਾ ਹੈ। ਉਰਦੂ ਦਾ ਸ਼ੇਅਰ ਹੈ, 'ਵੋ ਵਕਤ ਭੀ ਦੇਖਾ ਤਾਰੀਖ ਕੀ ਘੜੀਓਂ ਨੇ, ਲਮਹੋਂ ਨੇ ਖਤਾ ਕੀ ਥੀ, ਸਦੀਓਂ ਨੇ ਸਜ਼ਾ ਪਾਈ।' ਪੰਜਾਬ ਏਦਾਂ ਦੀ ਸਜ਼ਾ ਬਥੇਰੀ ਭੁਗਤ ਚੁਕਾ ਹੈ। ਇੱਕ ਵਾਰ ਹੱਥ ਸੜ ਚੁਕੇ ਹੋਣ ਤਾਂ ਮੁੜ-ਮੁੜ ਕੇ ਸੜਵਾਉਣਾ ਅਕਲਮੰਦੀ ਨਹੀਂ ਹੁੰਦੀ।

# ਸੱਪ ਅਤੇ ਰੁੱਖ

ਰੁੱਖ ਦੀ ਕਿਸੇ ਖੋੜ ਵਿਚ ਸੱਪ ਆ ਵੜੇ ਤਾਂ ਰੁੱਖ 'ਤੇ ਰਹਿਣ ਵਾਲੇ ਪੰਛੀ ਤਿੱਤਰ ਹੋ ਜਾਂਦੇ ਹਨ ਅਤੇ ਮੁਸ਼ੱਕਤਾਂ ਝੱਲ ਕੇ ਦੂਰ ਦੁਰਾਡੇ ਰੁੱਖਾਂ 'ਤੇ ਮਿਹਨਤਾਂ ਨਾਲ ਆਲ੍ਹਣੇ ਪਾ ਲੈਂਦੇ ਹਨ।

ਸਾਨੂੰ ਪੰਛੀਆਂ ਦੀ ਮਾਨਸਿਕਤਾ ਦਾ ਨਹੀਂ ਪਤਾ ਕਿ ਉਨ੍ਹਾਂ ਨੂੰ ਤਕਲੀਫ ਦਾ ਅਹਿਸਾਸ ਹੁੰਦਾ ਹੈ ਕਿ ਨਹੀਂ? ਜਾਂ ਇਉਂ ਕਹਿ ਲਉ ਕਿ ਉਨ੍ਹਾਂ ਨੂੰ ਹੇਰਵੇ ਦੇ ਰੋਗ ਦਾ ਪਤਾ ਹੈ ਕਿ ਨਹੀਂ? ਰੱਬ ਜਾਣੇ! ਪਰ ਉਨ੍ਹਾਂ ਨੂੰ ਦੇਖ ਦੇਖ ਇਨਸਾਨ ਦੇ ਮਨ



ਅਵਤਾਰ ਸਿੰਘ (ਪ੍ਰੋ.)
ਫੋਨ: 91-94175-18384

ਵਿਚ ਹਮਦਰਦੀ ਉਪਜਦੀ ਹੈ ਅਤੇ ਦੁੱਖ ਦਾ ਅਹਿਸਾਸ ਜਾਗਦਾ ਹੈ।

ਅੱਜ ਪੰਜਾਬ ਬੇਹੱਦ ਨਾਜ਼ੁਕ ਦੌਰ 'ਚੋਂ ਗੁਜ਼ਰ ਰਿਹਾ ਹੈ। ਬੇਸ਼ੱਕ ਅਸੀਂ ਕਹਿ ਸਕਦੇ ਹਾਂ ਕਿ ਇਹ ਰਾਜਸੀ ਤੌਰ 'ਤੇ ਹਮੇਸ਼ਾ ਹੀ ਨਾਜ਼ੁਕ ਰਿਹਾ ਹੈ। ਪਰ ਹੁਣ ਸਾਡੀ ਸਮਾਜਿਕਤਾ ਨਾਜ਼ੁਕ ਹੋ ਗਈ ਹੈ। ਹੁਣ ਅਸੀਂ ਇੱਕ ਦੂਜੇ ਨੂੰ ਕੱਖ ਦਾ ਨਹੀਂ ਸਮਝਦੇ। ਖੁਦ ਨੂੰ ਹੀ ਸਭ ਕੁਝ ਸਮਝ ਲੈਂਦੇ ਹਾਂ। ਦੂਜੇ ਦਾ ਤਾਂ ਅਸੀਂ ਨਾਂ ਵੀ ਠੀਕ ਨਹੀਂ ਲੈਂਦੇ।

ਦੂਸਰੇ ਦੇ ਦੋਸ਼ ਅਸੀਂ ਸੁਣ-ਸੁਣਾ ਕੇ ਹੀ ਸੱਚ ਮੰਨ ਲੈਂਦੇ ਹਾਂ। ਆਪਣੇ ਔਗੁਣ ਸਾਨੂੰ ਸ਼ੀਸ਼ੇ 'ਚ ਵੀ ਨਹੀਂ ਦਿਸਦੇ। ਦੂਜੇ ਕਿਸੇ ਸਤਿਕਾਰਯੋਗ ਅਤੇ ਪ੍ਰਤਿਸ਼ਠਾਵਾਨ ਲਈ ਅਸੀਂ ਸਟੇਜਾਂ 'ਤੇ ਸ਼ੱਰੇਆਮ 'ਕੰਜਰ' ਲਫਜ਼ ਵਰਤ ਲੈਂਦੇ ਹਾਂ; 'ਸਿੰਘਾਂ ਨੇ ਗੱਡੀ ਚਾੜ੍ਹ'ਤਾ' ਕਹਿਣ 'ਚ ਵੀ ਗੁਰੇਜ਼ ਨਹੀਂ ਕਰਦੇ ਅਤੇ ਜਿਸ ਦੇ ਖਮਿਆਜੇ ਤੋਂ ਮਾਫੀਆਂ ਮੰਗ ਮੰਗ ਵੀ ਖਹਿੜੇ ਨਹੀਂ ਛੁੱਟਦੇ।

ਪੰਜਾਬ ਦੀ ਮਾਨਸਿਕਤਾ, ਸਮਾਜਿਕਤਾ ਅਤੇ ਸੱਭਿਆਚਾਰਕਤਾ 'ਚ ਕੋਈ ਜ਼ਹਿਰ ਘੁਲ ਗਈ ਹੈ। ਹੁਣ ਪੰਜਾਬ ਦੀ ਹਰ ਗੱਲ ਆਪਸੀ ਮੱਤਭੇਦ ਅਤੇ ਪਾੜਾ ਵਧਾ ਰਹੀ ਹੈ। ਨਿੱਕੀ ਨਿੱਕੀ ਗੱਲ 'ਤੇ ਸਾਡੇ ਅੰਦਰ ਦੰਗਈ ਭਾਵਨਾ ਉਪਜ ਪੈਂਦੀ ਹੈ।

ਹਿੰਦੂ-ਸਿੱਖ ਦੇ ਸਵਾਲ ਨੇ ਪੰਜਾਬ ਖਾ ਲਿਆ ਹੈ। ਭਾਪੇ-ਜੱਟ ਦੇ ਸਵਾਲ ਨੇ ਸਿੱਖੀ ਖਾ ਲਈ ਹੈ। ਦਲਿਤ ਅਤੇ ਆਮ ਵਰਗ ਦੇ ਸਵਾਲ ਨੇ ਸਾਡੀ ਸਮਾਜਿਕਤਾ ਜੜ੍ਹੋਂ ਗਾਲ ਦਿੱਤੀ ਹੈ। ਜਾਤੀ ਮਜਹਬੀ ਅਤੇ ਆਰਥਿਕ ਨਾਬਰਾਬਰੀ ਨੇ ਦੇਸ਼ ਨੂੰ ਅੰਦਰੋਂ ਇਸ ਕਦਰ ਤੋੜ ਦਿੱਤਾ ਹੈ ਕਿ ਹੁਣ ਇਸ ਨੂੰ ਦੇਸ਼ ਕਹਿਣ ਨੂੰ ਵੀ ਜੀ ਨਹੀਂ ਕਰਦਾ।

ਇੱਥੇ ਸੰਕਟ ਘਟਣ ਦਾ ਨਾਂ ਨਹੀਂ ਲੈ ਰਹੇ; ਬਲਕਿ ਰੋਜ ਰੋਜ ਕੋਈ ਨਵਾਂ ਉਪੱਦਰ ਦੇਖਣ-ਸੁਣਨ ਨੂੰ ਮਿਲਦਾ ਹੈ। ਸਭ ਕਾਸੇ ਦਾ ਨਤੀਜਾ ਇਹ ਹੈ ਕਿ ਹੁਣ ਪੰਜਾਬ ਦੇ ਰੁੱਖਾਂ ਤੋਂ ਪੰਛੀ ਉਡਨੇ ਸ਼ੁਰੂ ਹੋ ਗਏ ਹਨ ਅਤੇ ਦੂਰ ਦੁਰਾਡੇ ਰੁੱਖਾਂ 'ਤੇ ਆਲ੍ਹਣੇ ਪਾਉਣ 'ਚ ਹੀ ਭਲਾ ਸਮਝਦੇ ਹਨ। ਦੁੱਖ ਦੀ ਗੱਲ ਇਹ ਹੈ ਕਿ ਉਹ ਪੰਛੀ ਨਹੀਂ ਹਨ, ਬਲਕਿ ਇਨਸਾਨ ਦੇ ਬੱਚੇ ਹਨ ਜੋ ਸੋਚਦੇ ਹਨ ਅਤੇ ਮਹਿਸੂਸ ਵੀ ਕਰਦੇ ਹਨ।

ਵਿਦੇਸ਼ਾਂ 'ਚ ਜਾ ਵੱਸੇ ਹਰ ਪੰਜਾਬੀ ਬੱਚੇ ਨੂੰ ਪੰਜਾਬ ਦੇ ਸੁਪਨੇ ਆਉਂਦੇ ਹਨ। ਬੱਚਿਆਂ ਦੇ ਨਾਲ ਗਏ ਬਜ਼ੁਰਗਾਂ ਦਾ ਹਾਲ ਉਨ੍ਹਾਂ ਤੋਂ ਵੀ ਬਦਤਰ ਹੈ। ਉਨ੍ਹਾਂ ਨੂੰ ਸੁਪਨੇ ਨਹੀਂ ਆਉਂਦੇ; ਕਿਉਂਕਿ ਸੁਪਨੇ ਆਉਣ ਲਈ ਨੀਂਦ ਆਉਣੀ ਲਾਜ਼ਮੀ ਹੈ। ਨੀਂਦ ਹੀ ਨਾ ਆਵੇ ਤਾਂ ਸੁਪਨੇ ਕਿਸ ਤਰ੍ਹਾਂ ਆਉਣ। ਇਧਰ ਰਹਿ ਗਏ ਵੀ ਤੇ ਉਧਰ ਚਲੇ ਗਏ ਬਜ਼ੁਰਗ ਵੀ ਉਨੀਂਦਰੇ ਦੇ ਸ਼ਿਕਾਰ ਹੋ ਗਏ ਹਨ; ਇਧਰਲੇ ਬਜ਼ੁਰਗ ਆਪਣੇ ਬੱਚਿਆਂ ਦੇ ਵਿਯੋਗ ਵਿਚ ਤੇ ਉਧਰਲੇ ਆਪਣੇ ਸਕੇ-ਸਬੰਧੀਆਂ ਦੇ ਵਿਯੋਗ 'ਚ ਨੀਮ ਪਾਗਲਪਣ ਦੀ ਹੱਦ ਤੱਕ ਚਲੇ ਗਏ ਹਨ।

ਕੈਨੇਡਾ 'ਚ ਕਿਸੇ ਦਾ ਬਜ਼ੁਰਗ ਘਰੋਂ ਨਿਕਲਿਆ ਤੇ ਜੰਗਲ 'ਚ ਗੁਆਚ ਗਿਆ। ਪੁਲਿਸ ਨੇ ਹੈਲੀਕਾਪਟਰ ਦੀ ਮੱਦਦ ਨਾਲ ਲੱਭਿਆ ਤਾਂ ਪੁੱਛਿਆ, 'ਬਾਬਾ ਜੀ ਕਿੱਥੇ ਜਾ ਰਹੇ ਹੋ?' ਬਾਬੇ ਨੇ ਆਖਿਆ, 'ਨੌਰੇ ਨੂੰ।' ਬਾਬੇ ਦਾ ਉਤਰ ਸੁਣ ਕੇ ਧਰਤੀ-ਅੰਬਰ ਪਾਟ ਜਾਵੇ।

ਦਰਅਸਲ ਪਿੰਡ ਨੌਰੇ ਵਿਚ ਬਾਬੇ ਦੇ ਸਹੁਰੇ ਸਨ। ਕੈਨੇਡਾ 'ਚ ਸਹੁਰੇ ਕਿੱਥੋਂ ਲੱਭਣ? ਕਿੱਥੋਂ ਲੱਭੇ ਸਹੁਰੇਦਾਰੀ? ਕਿੱਥੇ ਗਈ ਕੁੜਮਾਚਾਰੀ? ਸਭ ਕੁਝ ਖਤਮ ਹੋ ਗਿਆ। ਐਨ. ਆਰ. ਆਈ. ਜਾਲਿਮ ਬਾਜ ਨੇ ਸਾਡੇ ਅਰਮਾਨਾਂ ਦੀਆਂ ਲਾਲੀਆਂ ਨੋਚ ਨੋਚ ਕੇ ਖਾ ਲਈਆਂ; ਡਾਲਰਾਂ ਦੀ ਅੱਗ ਨੇ ਅੰਮ੍ਰਿਤ-ਵੇਲੇ ਚਹਿਕਦੀਆਂ ਸਾਡੇ ਚਾਵਾਂ ਦੀਆਂ ਚਿੜੀਆਂ ਭੁੰਨ-ਭੁੰਨ ਕੇ ਚੱਬ ਸੁੱਟੀਆਂ ਅਤੇ ਸਾਡੇ ਨੌਜਵਾਨਾਂ ਦੇ ਹੱਥਾਂ ਵਿਚ, ਨਸ਼ਿਆਂ ਦੀ ਤਸਕਰੀ ਲਈ ਬਦਨਾਮ ਟਰਾਲਿਆਂ ਦੇ ਸਟੇਅਰਿੰਗ ਫੜਾ ਦਿੱਤੇ ਹਨ। ਇਹ ਪੰਜਾਬ ਦਾ ਸਾਂਝਾ ਅਤੇ ਵੱਡਾ ਦੇਸੀ-ਪਰਦੇਸੀ ਜਾਂ ਅੰਤਰ-ਦੇਸ਼ੀ ਦੁਖਾਂਤ ਹੈ, ਜਿਸ ਦੀਆਂ ਤੰਦਾਂ ਅਤੇ ਕਾਰਣ ਲੱਭਦੇ ਲੱਭਦੇ ਅਸੀਂ ਝੱਟ-ਪੱਟ ਦੂਜਿਆਂ ਨੂੰ ਦੋਸ਼ੀ ਗਰਦਾਨ ਦਿੰਦੇ ਹਾਂ।

ਦਰਅਸਲ ਪੰਜਾਬ ਦੀ ਸਮਾਜਿਕਤਾ ਦੇ ਰੁੱਖ ਦੀ ਖੋੜ ਵਿਚ ਕਿਤੋਂ ਸੱਪ ਆ ਵੜਿਆ ਹੈ। ਇਹ ਸੱਪ ਕਿਤਿਉਂ ਬਾਹਰੋਂ ਨਹੀਂ ਆਇਆ। ਇਹ ਆਦਿ-ਜੁਗਾਦੀ ਇੱਥੋਂ ਦਾ ਹੀ ਹੈ ਅਤੇ ਸਾਡਾ ਹੀ ਪਾਲਤੂ ਅਤੇ ਫਾਲਤੂ ਸੱਪ ਹੈ। ਭਗਤੀ ਦੇ ਮੁੱਢ ਅਚਾਰੀਆ ਸ਼ੰਕਰ ਜੀ ਨੇ ਅਤੇ ਫਿਰ ਗੁਰਮਤਿ ਦੇ ਮੋਢੀ ਗੁਰੂ ਸਾਹਿਬਾਨ ਨੇ ਸਖਤ ਘਾਲਣਾ ਘਾਲ ਕੇ ਇਸ ਨੂੰ ਮਾਰ ਹੀ ਦਿੱਤਾ ਸੀ, ਪਰ ਅਸੀਂ ਕਿੰਨੇ 'ਕਰਾਮਾਤੀ' ਅਤੇ 'ਜਾਦੂਗਰੀ' ਦੇ ਮਾਹਰ ਹਾਂ ਕਿ ਇਸ ਮੁਰਦੇ ਸੱਪ ਨੂੰ ਮੁੜ ਜੀਂਦਾ ਕਰਕੇ ਗਲ 'ਚ ਪਾ ਲਿਆ ਹੈ। ਸਾਨੂੰ ਸੱਪ ਨਾਲ ਪਿਆਰ ਹੋ ਗਿਆ ਹੈ।

ਇਹ ਸੱਪ ਜਾਤੀਵਾਦ ਦਾ ਕੋਹੜੀ ਸੱਪ ਹੈ, ਜਿਸ ਨੂੰ ਅਸੀਂ ਹਮੇਸ਼ਾ ਆਪਣੀ ਮਾਨਸਿਕਤਾ ਦੀ ਪਟਾਰੀ 'ਚ ਸਾਂਭ-ਸਾਂਭ ਰੱਖਦੇ ਹਾਂ; ਉਸ ਨੂੰ ਦੁੱਧ ਪਿਆ ਪਿਆ ਪਾਲਦੇ ਹਾਂ, ਜੋ ਵੇਲੇ-ਕੁਵੇਲੇ ਡੰਗ ਮਾਰਨ ਤੋਂ ਬਾਜ ਨਹੀਂ ਆਉਂਦਾ ਅਤੇ ਜਿਸ ਦਾ ਡੱਸਿਆ ਪਾਣੀ ਵੀ ਨਹੀਂ ਮੰਗਦਾ। ਹੁਣ ਇਸ ਰੁੱਖ 'ਤੇ ਕਿਸੇ ਦਾ ਵੀ ਜੀ ਨਹੀਂ ਲੱਗਦਾ। ਹੁਣ ਇਸ ਦੇ ਪੱਤੇ ਪੱਤੇ ਵਿਚ ਵਿਸ ਉਤਰ ਆਈ ਜਾਂ ਚੜ੍ਹ ਆਈ ਹੈ। ਹੁਣ ਇਹ ਰੁੱਖ ਸੁਰਗ ਦਾ ਝੂਟਾ ਨਹੀਂ ਰਿਹਾ; ਬਦ ਦੁਆ ਬਣ ਗਿਆ ਹੈ।

ਕੁਛ ਦਿਨ ਹੋਏ ਯੂਨੀਵਰਸਿਟੀ ਦੀ ਉਚ ਵਿੱਦਿਆ ਹਾਸਲ ਵਿਦਿਆਰਥੀ ਮਿਲਿਆ। ਉਸ ਕੋਲ ਗਿਆਨ ਦਾ ਹੁਨਰ ਹੈ, ਪਰ ਉਸ ਦੇ ਮੱਥੇ 'ਤੇ ਉਕਰਿਆ 'ਬਾਣੀਆਂ ਦਾ ਮੁੰਡਾ' ਮੇਟਣ 'ਚ ਉਸ ਦਾ ਹੁਨਰ ਕਿਸੇ ਕੰਮ ਨਾ ਆਇਆ। ਕਹਿਣ ਲੱਗਾ, 'ਪੰਜਾਬ 'ਚ ਬਾਣੀਆਂ ਹੋਣਾ ਗਾਲ ਬਣ ਗਿਆ ਹੈ।'

ਮੈਨੂੰ ਮਨਸੁਖ ਬਾਣੀਆਂ ਚੇਤੇ ਆ ਗਿਆ, ਜੋ ਗੁਰੂ ਨਾਨਕ ਦਾ ਕਾਤਬ ਸੀ, ਬਾਣੀ ਲਿਖਦਾ ਸੀ। ਬਾਣੀ ਤੇ ਬਾਣੀਏ ਵਿਚ ਕਿੰਨੀ ਨੇੜਤਾ ਹੈ। ਗੁਰੂ ਨਾਨਕ ਨੇ ਬਾਣੀ ਅੰਦਰ ਰੱਬ ਨੂੰ ਵਣਜਾਰਾ ਵੀ ਆਖਿਆ ਹੈ ਤੇ ਬਾਣੀਆ ਵੀ, "ਘਟ ਹੀ ਮਹਿ ਵਣਜਾਰਾ...ਲੇਖਾ ਮੰਗਹਿ ਬਾਣੀਆ॥" ਬਾਣੀਆ ਬਾਣੀ ਅੰਦਰ ਹੈ, ਪਰ ਅਸੀਂ ਬਾਣੀ 'ਚੋਂ ਬਾਹਰ ਆ ਗਏ ਜਾਂ ਹੋ ਗਏ ਹਾਂ।

ਹੁਣ ਅਸੀਂ ਇਸ ਰੁੱਖ, ਖੜਸੁੱਕ ਪੰਜਾਬ ਨੂੰ ਬਾਣੇ ਨਾਲ ਢਕਣਾ ਲੋਚਦੇ ਹਾਂ। ਪਰ ਅਸੀਂ ਵੱਡੀ ਹਿਮਾਕਤ ਅਤੇ ਭੁੱਲ ਵਿਚ ਹਾਂ। ਬਾਣੀ ਬਗੈਰ ਬਾਣਾ ਨਿਰਾ ਛਲ ਹੈ, ਕਪਟ ਹੈ, ਦੰਭ ਹੈ, ਪਾਪ ਅਤੇ ਸਰਾਪ ਹੈ; ਜਿਸ ਨਾਲ ਅਸੀਂ ਸਿਰ ਤੋਂ ਪੈਰਾਂ ਤੱਕ ਭਰੇ ਹੋਏ ਹਾਂ। ਬਾਣੀ ਦਾ ਅੰਮ੍ਰਿਤ ਹੁਣ ਸਾਨੂੰ ਜਹਿਰ ਲੱਗਦਾ ਹੈ ਤੇ ਬਾਣੇ ਦੀ ਛੁਰੀ ਸਾਨੂੰ ਜਚ ਗਈ ਹੈ, ਜੋ ਦੂਜਿਆਂ ਨੂੰ ਕੋਹਣ ਦੇ ਕੰਮ ਆਉਂਦੀ ਹੈ; ਜੋ ਸਤਿਕਾਰ ਦੇ ਨਾਂ ਹੇਠ ਤ੍ਰਿਸਕਾਰ ਲਈ ਵਰਤੀ ਜਾਂਦੀ, "ਗਲਿ ਮਾਲਾ ਤਿਲਕੁ ਲਿਲਾਟੰ... ਹਥਿ ਛੁਰੀ ਜਗਤ ਕਾਸਾਈ...ਜੇ ਜਾਣਸਿ ਬ੍ਰਹਮੰ ਕਰਮੰ...ਸਭਿ ਫੋਕਟ ਨਿਹਚਉ ਕਰਮੰ॥"

ਬੜੀ ਵਾਰ ਦੇਖਿਆ ਗਿਆ ਹੈ ਕਿ ਜਾਤੀਵਾਦ ਦੇ ਕੋਹੜ ਨੂੰ ਕੱਢਣ ਜਾਂ ਵੱਢਣ ਲਈ ਕੋਈ ਵੀ ਰਾਜੀ ਨਹੀਂ ਹੁੰਦਾ। ਅਸੀਂ ਸਾਰੇ ਇਸ ਹਮਾਮ ਵਿਚ ਕਿਤੋਂ ਨਾ ਕਿਤੋਂ ਨੰਗੇ ਅਤੇ ਡੰਗੇ ਹੋਏ ਹਾਂ। ਇਸ ਡੰਗ ਦਾ ਗਿਆਨਮਈ 'ਟੂਣਾ' ਜਾਂ ਮੂਲ ਮੰਤਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਸਾਇਆ ਗਿਆ ਹੈ, ਜਿਸ ਤੋਂ ਅਸੀਂ ਨਿੱਤ ਦਿਹਾੜੇ ਦੂਰ ਅਤੇ ਹੋਰ ਦੂਰ ਹੋਈ ਜਾ ਰਹੇ ਹਾਂ, "ਕਰਮ ਧਰਮ ਪਾਖੰਡ ਜੋ ਦੀਸਹਿ ਤਿਨ ਜਮੁ ਜਾਗਾਤੀ ਲੂਟੈ॥"

ਪੰਜਾਬ ਟਾਈਮਜ਼

ਸਨਿਚਰਵਾਰ, 6 ਅਕਤੂਬਰ 2018

## ਬਾਦਲ ਪਰਿਵਾਰ, ਪੰਥ ਅਤੇ ਪੰਜਾਬ

ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਜੇ ਬਿਮਾਰ ਹੋਣ ਦੇ ਬਾਵਜੂਦ 7 ਅਕਤੂਬਰ ਵਾਲੀ ਸ਼੍ਰੋਮਣੀ ਅਕਾਲੀ ਦਲ ਦੀ ਪਟਿਆਲਾ ਰੈਲੀ ਲਈ ਪ੍ਰਚਾਰ ਕਰ ਰਹੇ ਹਨ, ਤਾਂ ਜਾਹਰ ਹੈ ਕਿ ਹੁਣ ਪਰਿਵਾਰ ਅਤੇ ਪਾਰਟੀ ਲਈ ਹਾਲਾਤ ਸਾਧਾਰਨ ਨਹੀਂ। ਇਕ ਪਾਸੇ ਉਹ ਆਪਣੇ ਦਸ ਸਾਲਾਂ ਦੇ ਰਾਜਭਾਗ ਦੌਰਾਨ ਪੰਜਾਬ ਦਾ ਕੁਝ ਵੀ ਨਾ ਸੰਵਾਰਨ ਦੇ ਹਮਲਿਆਂ ਦੀ ਮਾਰ ਸਹਿ ਰਹੇ ਹਨ, ਦੂਜੇ ਬੇਅਦਬੀ ਦੇ ਮਾਮਲਿਆਂ 'ਤੇ ਉਨ੍ਹਾਂ ਨੂੰ ਤਕੜਾ ਘੇਰਾ ਪਿਆ ਹੋਇਆ ਹੈ। ਤੀਜੇ, ਸੂਬੇ ਦਾ ਬੱਚਾ ਬੱਚਾ ਕੂਕ ਰਿਹਾ ਰਿਹਾ ਹੈ ਕਿ ਦਸ ਸਾਲਾ ਰਾਜਭਾਗ ਦੌਰਾਨ ਉਨ੍ਹਾਂ ਆਪਣਾ ਹੀ ਘਰ ਭਰਿਆ ਹੈ ਅਤੇ ਚੌਥੇ, ਹੁਣ ਪਾਰਟੀ ਅੰਦਰ ਉਠੀ ਬਗਾਵਤੀ ਸੁਰ ਨੇ ਉਨ੍ਹਾਂ ਦੇ ਫਿਕਰ ਵਧਾ ਦਿੱਤੇ ਹਨ। ਇਸੇ ਕਰਕੇ ਉਨ੍ਹਾਂ ਨੂੰ ਇਸ ਉਮਰੇ ਘਰੋਂ ਬਾਹਰ ਨਿਕਲਣਾ ਪੈ ਰਿਹਾ ਹੈ। ਪਹਿਲਾਂ ਵੀ ਅਜਿਹਾ ਅਕਸਰ ਹੁੰਦਾ ਰਿਹਾ ਹੈ। ਅਸਲ ਵਿਚ ਪਾਰਟੀ ਦੀ ਕਮਾਨ ਉਨ੍ਹਾਂ ਦੇ ਪੁੱਤਰ ਸੁਖਬੀਰ ਸਿੰਘ ਬਾਦਲ ਦੇ ਹੱਥ ਆਉਣ ਤੋਂ ਬਾਅਦ, ਪਾਰਟੀ ਅੰਦਰ ਅੱਛੀ-ਖਾਸੀ ਤਬਦੀਲੀ ਆਈ ਹੈ। ਇਹ ਗੱਲ ਵੱਖਰੀ ਹੈ ਕਿ ਜਦੋਂ ਵੀ ਪਾਰਟੀ ਜਾਂ ਪਰਿਵਾਰ ਸੰਕਟ ਵਿਚ ਘਿਰਿਆ ਹੈ, ਪ੍ਰਕਾਸ਼ ਸਿੰਘ ਬਾਦਲ ਹੀ ਬਚਾਓ ਲਈ ਅਗਾਂਹ ਆਉਂਦੇ ਰਹੇ ਹਨ। ਸਪਸ਼ਟ ਹੈ ਕਿ ਸੰਕਟ ਨਾਲ ਨਜਿੱਠਣ ਲਈ ਸੁਖਬੀਰ ਸਿੰਘ ਬਾਦਲ ਆਪਣੀ ਕਾਬਲੀਅਤ ਸਾਬਤ ਨਹੀਂ ਕਰ ਸਕੇ, ਪਰ ਹਰ ਸੰਕਟ ਵੇਲੇ ਸੰਕਟ-ਮੋਚਨ ਬਣ ਕੇ ਵਿਚਰਨ ਵਾਲੇ ਬਜੁਰਗ ਬਾਦਲ ਨੂੰ ਕਦੀ ਨਹੀਂ ਲੱਗਾ ਕਿ ਪਾਰਟੀ ਸੁਖਬੀਰ ਸਿੰਘ ਬਾਦਲ ਦੇ ਹੱਥਾਂ ਵਿਚ ਮਹਿਫੂਜ਼ ਨਹੀਂ ਹੈ। ਜਨਵਰੀ 2008 ਤੋਂ ਲੈ ਕੇ ਹੁਣ ਤੱਕ ਜਿਸ ਢੰਗ ਨਾਲ ਸੁਖਬੀਰ ਸਿੰਘ ਬਾਦਲ ਨੇ ਪਾਰਟੀ ਚਲਾਈ ਹੈ ਅਤੇ ਸੀਨੀਅਰ ਲੀਡਰਾਂ ਨੂੰ ਪਿਛਾਂਹ ਸੁੱਟ ਕੇ ਪਰਿਵਾਰਵਾਦ ਵਧਾਇਆ ਹੈ, ਉਸ ਦਾ ਨਤੀਜਾ ਹੁਣ ਬਗਾਵਤ ਦੇ ਰੂਪ ਵਿਚ ਨਿਕਲਿਆ ਹੈ।

ਇਸ ਬਗਾਵਤ ਦੀ ਕਨਸੋਅ ਬੇਅਦਬੀ ਬਾਰੇ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ ਅਤੇ ਇਸ ਰਿਪੋਰਟ ਬਾਰੇ ਵਿਧਾਨ ਸਭਾ ਵਿਚ ਹੋਈ ਬਹਿਸ ਤੋਂ ਬਾਅਦ ਹੀ ਮਿਲਣੀ ਸ਼ੁਰੂ ਹੋ ਗਈ ਸੀ। ਉਸ ਵਕਤ ਕੁਝ ਸੀਨੀਅਰ ਆਗੂਆਂ ਦੀ ਰਾਏ ਨੂੰ ਦਰਕਿਨਾਰ ਕਰਕੇ ਵਿਧਾਨ ਸਭਾ ਵਿਚ ਬਹਿਸ ਦਾ ਬਾਈਕਾਟ ਕੀਤਾ ਗਿਆ। ਬੇਅਦਬੀ ਦੇ ਮਸਲੇ ਦੀ ਮਾਰ ਦਾ ਅੰਦਾਜ਼ਾ ਤਾਂ ਇਨ੍ਹਾਂ ਤੱਥਾਂ ਤੋਂ ਹੀ ਲੱਗ ਜਾਂਦਾ ਹੈ ਕਿ ਕਈ ਥਾਂਈਂ ਅਕਾਲੀ ਆਗੂਆਂ ਨੂੰ ਮੀਟਿੰਗਾਂ ਜਾਂ ਜਲਸਿਆਂ ਵਿਚ ਜਾਣ ਤੋਂ ਰੋਕ ਦਿੱਤਾ ਗਿਆ। ਸ਼ਾਇਦ ਇਨ੍ਹਾਂ ਹਾਲਾਤ ਦੇ ਮੱਦੇਨਜ਼ਰ ਹੀ ਸੀਨੀਅਰ ਆਗੂ ਸੁਖਦੇਵ ਸਿੰਘ ਢੀਂਡਸਾ ਨੇ ਖੁਦ ਨੂੰ ਪਾਰਟੀ ਦੇ ਅਹੁਦਿਆਂ ਤੋਂ ਲਾਂਭੇ ਕਰ ਲਿਆ ਅਤੇ ਇਸ ਤੋਂ ਬਾਅਦ ਕੁਝ ਹੋਰ ਆਗੂ ਵੀ ਪਾਰਟੀ ਦੀ ਲੀਡਰਸ਼ਿਪ ਖਿਲਾਫ ਸਿਰ ਉਠਾਉਣ ਲੱਗੇ। ਉਧਰ, ਸੀਨੀਅਰ ਬਾਦਲ ਨੇ ਵੀ ਪਾਰਟੀ ਅੰਦਰ ਚੱਲ ਰਹੇ ਘਮਸਾਣ ਤੋਂ ਹੋਣ ਵਾਲਾ ਨੁਕਸਾਨ ਰੋਕਣ ਲਈ ਆਪਣੀਆਂ ਕੋਸ਼ਿਸ਼ਾਂ ਅਰੰਭ ਦਿੱਤੀਆਂ ਹਨ। ਉਨ੍ਹਾਂ ਦੀਆਂ ਇਹ ਕੋਸ਼ਿਸ਼ਾਂ ਕਿੰਨੀਆਂ ਕੁ ਸਫਲ ਹੋਣਗੀਆਂ, ਜਾਂ ਬਗਾਵਤ ਕਰਨ ਵਾਲੇ ਆਗੂ ਕਿਥੇ ਕੁ ਤੱਕ ਜਾਂਦੇ ਹਨ, ਇਹ ਤਾਂ ਆਉਣ ਵਾਲੇ ਸਮੇਂ ਦੇ ਗਰਭ ਅੰਦਰ ਪਿਆ ਹੈ ਪਰ ਬਗਾਵਤ ਕਰਨ ਵਾਲਿਆਂ ਲਈ ਵੀ ਆਵਾਮ ਵਿਚੋਂ ਇਕ ਵਾਰ ਵਾਰ ਸਵਾਲ ਉਠ ਰਿਹਾ ਹੈ ਕਿ ਜਦੋਂ ਪਾਰਟੀ ਅੰਦਰ ਇੰਨੀ ਗੜਬੜ ਚੱਲ ਰਹੀ ਸੀ ਜਿਸ ਕਾਰਨ ਸਿੱਖ ਸੰਸਥਾਵਾਂ ਵੀ ਨਿਘਾਰ ਦੀ ਹਰ ਸੀਮਾ ਲੰਘ ਗਈਆਂ, ਤਾਂ ਉਸ ਵਕਤ ਉਨ੍ਹਾਂ ਹਾਅ ਦਾ ਨਾਅਰਾ ਕਿਉਂ ਨਹੀਂ ਮਾਰਿਆ?

ਉਂਜ, ਇਸ ਸਾਰੇ ਘਟਨਾਕ੍ਰਮ ਤੋਂ ਇਕ ਤੱਥ ਤਾਂ ਸਪਸ਼ਟ ਹੋ ਗਿਆ ਹੈ, ਜਨਤਕ ਜੀਵਨ ਵਿਚ ਕੀਤੀਆਂ ਮਨਮਾਨੀਆਂ ਦਾ ਜਵਾਬ ਆਖਰਕਾਰ ਦੇਣਾ ਪੈਂਦਾ ਹੈ। ਪ੍ਰਕਾਸ਼ ਸਿੰਘ ਬਾਦਲ ਨੇ ਆਪਣੇ ਪੁੱਤਰ ਮੋਹ ਵਿਚ ਸ਼੍ਰੋਮਣੀ ਅਕਾਲੀ ਦਲ ਦੇ ਸ਼ਾਨਾਂਮੱਤੇ ਇਤਿਹਾਸ ਨੂੰ ਜਿਸ ਤਰ੍ਹਾਂ ਦਾਗਦਾਰ ਕੀਤਾ ਅਤੇ ਉਨ੍ਹਾਂ ਦੇ ਸਾਥੀ ਆਗੂਆਂ ਨੇ ਜਿਸ ਤਰ੍ਹਾਂ ਆਪੋ-ਆਪਣੇ ਪੁੱਤਰਾਂ-ਧੀਆਂ ਨੂੰ ਅਹੁਦਿਆਂ ਜਾਂ ਵਜ਼ੀਰੀਆਂ ਨਾਲ ਨਿਵਾਜਣ 'ਤੇ ਖਾਮੋਸ਼ੀ ਧਾਰ ਲਈ ਸੀ ਅਤੇ ਪੰਥ ਨਾਲ ਸਬੰਧਤ ਮਸਲਿਆਂ ਨੂੰ ਅੱਖੋਂ-ਪਰੋਖੇ ਕਰ ਦਿੱਤਾ ਸੀ, ਉਸ ਦੀ ਮਾੜੀ-ਮੋਟੀ ਪੁਣ-ਛਾਣ ਲਈ ਰਾਹ ਹੁਣ ਕੁਝ ਕੁਝ ਸਾਫ ਹੋ ਰਿਹਾ ਹੈ। ਇਸੇ ਕਰਕੇ ਹੁਣ ਪੰਥ ਨੂੰ ਪਿਆਰ ਕਰਨ ਵਾਲੇ ਆਗੂਆਂ ਅਤੇ ਕਾਰਕੁਨਾਂ ਲਈ ਵੀ ਪਰਖ ਦੀ ਘੜੀ ਹੈ। ਇਨ੍ਹਾਂ ਪਿਆਰਿਆਂ ਲਈ ਹੁਣ ਦੋ ਚੁਣੌਤੀਆਂ ਨਾਲੋ-ਨਾਲ ਸਿਰ 'ਤੇ ਆਣ ਪਈਆਂ ਹਨ। ਇਕ ਤਾਂ ਸਿੱਖ ਸੰਸਥਾਵਾਂ ਨੂੰ ਸਿਆਸਤ ਨੂੰ ਵਪਾਰ ਸਮਝ ਕੇ ਚਲਾਉਣ ਵਾਲਿਆਂ ਤੋਂ ਮੁਕਤੀ ਦਾ ਸਵਾਲ ਹੈ; ਦੂਜਾ ਸਵਾਲ ਇਸ ਤੋਂ ਵੀ ਵੱਡਾ ਹੈ। ਅੱਜ ਚਾਰ-ਚੁਫੇਰੇ ਸਿਆਸਤ ਸਮੇਤ ਹਰ ਖੇਤਰ ਨਿਘਾਰ ਦੀ ਮਾਰ ਹੇਠ ਹੈ। ਸਮੁੱਚੀ ਸਿਆਸਤ ਬਾਹੂਬਲ ਅਤੇ ਪੈਸੇ ਨਾਲ ਡੂੰਘੀ ਜੁੜ ਚੁੱਕੀ ਹੈ। ਇਸ ਚੱਕਰਵਿਊ ਨੂੰ ਤੋੜਨ ਲਈ ਅਸਾਧਾਰਨ ਤਰੱਦਦ ਦੀ ਲੋੜ ਹੈ। ਚੁਫੇਰੇ ਪਸਰੇ ਹਨੇਰੇ ਨੂੰ ਚਾਨਣ ਵਿਚ ਵਟਾਉਣ ਲਈ ਕੋਸ਼ਿਸ਼ਾਂ ਵੀ ਚੁਫੇਰਿਓਂ ਹੀ ਹੋਣੀਆਂ ਚਾਹੀਦੀਆਂ ਹਨ। ਇਹ ਖਾਲੀ ਥਾਂਵਾਂ ਭਰਨ ਲਈ ਕੌਣ ਨਿੱਤਰੇਗਾ ਅਤੇ ਅਗਵਾਈ ਸੰਭਾਲੇਗਾ, ਇਹ ਅੱਜ ਦਾ ਸਭ ਤੋਂ ਵੱਡਾ ਸਵਾਲ ਹੈ। ਜਾਪਦਾ ਇਉਂ ਹੈ ਕਿ ਜਿੰਨਾ ਵੱਡਾ ਸੰਕਟ ਹੈ, ਉਸ ਦੇ ਟਾਕਰੇ ਲਈ ਇੰਨੇ ਹੀ ਵੱਡੇ ਪੱਧਰ ਉਤੇ ਕੀਤੀ ਕਮਾਈ ਫਿਲਹਾਲ ਕਿਸੇ ਪਾਸੇ ਨਜ਼ਰ ਨਹੀਂ ਆ ਰਹੀ। ਇਸੇ ਕਰਕੇ ਹੀ ਬਹੁਤ ਵਾਰੀ ਅਜਿਹੀਆਂ ਬਗਾਵਤਾਂ ਉਠਦੇ ਸਾਰ ਹੀ ਮਰ-ਮੁੱਕ ਜਾਣ ਦੇ ਰਾਹ ਪੈ ਜਾਂਦੀਆਂ ਹਨ। ਜੇ ਹੁਣ ਵੀ ਅਜਿਹਾ ਹੀ ਵਾਪਰਦਾ ਹੈ ਤਾਂ ਸਮਝ ਲੈਣਾ ਚਾਹੀਦਾ ਹੈ ਕਿ ਸੰਕਟ ਸਾਹਮਣੇ ਦਿਸਦੇ ਸੰਕਟ ਤੋਂ ਕਿਤੇ ਵਡੇਰਾ ਹੈ। ਇਸ ਨੂੰ ਬਾਦਲ ਪਰਿਵਾਰ ਦਾ ਸੰਕਟ ਆਖ ਕੇ ਖਾਰਜ ਕਰ ਦੇਣਾ ਕੋਤਾਹੀ ਹੋਵੇਗੀ। ਇਸ ਕਰਕੇ ਹੁਣ ਜੇ ਪੁਣ-ਛਾਣ ਦੀ ਗੱਲ ਤੁਰਨ ਲੱਗੀ ਹੈ ਤਾਂ ਇਹ ਪੁਣ-ਛਾਣ ਸਮੁੱਚ ਵਿਚ ਹੋਣੀ ਚਾਹੀਦੀ ਹੈ। ਨਹੀਂ ਤਾਂ ਚਾਰ ਦਿਨਾਂ ਬਾਅਦ ਪਹਿਲੇ ਰਾਹਾਂ ਉਤੇ ਹੀ ਗੱਡੀ ਫਿਰ ਰਿੜ੍ਹਨ ਲੱਗ ਪਵੇਗੀ ਅਤੇ ਪੰਥ ਤੇ ਪੰਜਾਬ ਮਸਲੇ ਜਿਉਂ ਦੇ ਤਿਉਂ ਰਹਿ ਜਾਣਗੇ। ਇਸ ਅਣਹੋਣੀ ਨੂੰ ਰੋਕਣ ਨੂੰ ਖਾਤਰ ਪੰਜਾਬ ਅਤੇ ਪੰਥ ਦੇ ਹਰ ਸੰਜੀਦਾ ਜੀਅ ਨੂੰ ਆਪੋ-ਆਪਣੇ ਪੱਧਰ 'ਤੇ ਹੋਕਾ ਲਾਉਣਾ ਚਾਹੀਦਾ ਹੈ।

### ਠਾਹ-ਸੋਟਾ

-ਚਾਚਾ ਬੇਲਿਹਾਜ਼

#### ਸੱਤ ਤਰੀਕ ਲਈ ਸਲਾਹ!

ਦਸ ਸਾਲ ਡਿਕਟੇਟਰੀ ਕਰਦਿਆਂ ਨੇ, ਚੁੱਕ ਰੱਖੀ ਸੀ ਜਿਨ੍ਹਾਂ ਨੇ ਅੱਤ ਯਾਰੋ।
ਹੁਣ ਸਰਕਾਰ ਦੇ ਨਾਲ ਨੇ ਰਲੇ ਕਹਿੰਦੇ, ਹੁੰਦੀ ਦੋਹਾਂ ਦੇ ਨਾਲ ਕੁਪੱਤ ਯਾਰੋ।
ਖਿੱਚਾਂ ਪੈਣੀਆਂ ਤਿੰਨਾਂ ਹੀ ਪਾਸਿਆਂ ਤੋਂ, ਚੜ੍ਹੀ ਜਿਸ ਦਿਨ ਅਕਤੂਬਰ ਦੀ ਸੱਤ ਯਾਰੋ।
ਜਾਇਓ ਸੋਚ ਕੇ ਤੁਸੀਂ ਪੰਜਾਬੀਓ ਜੀ, ਉਸ ਦਿਨ ਰੱਖਣੀ ਕਿਨ੍ਹਾਂ ਦੀ ਪੱਤ ਯਾਰੋ।
ਕਰਨਾ ਰੁਖ ਪਟਿਆਲੇ ਨੂੰ ਤੱਕੜੀ ਨੇ, ਰਾਹ ਲੰਬੀ ਦਾ ਪੰਜੇ ਨੇ ਮੱਲਣਾ ਏ।
ਲੈਣ ਲਈ ਇਨਸਾਫ ਬੇਅਦਬੀਆਂ ਦਾ, ਖਹਿਰੇ ਹੋਰੀਂ ਬਰਗਾੜੀ ਨੂੰ ਚੱਲਣਾ ਏ।

# ਕਸ਼ਮੀਰ ਬਾਰੇ ਨਰੇਂਦਰ ਮੋਦੀ ਨੇ ਸੰਸਦ ਵਿਚ ਸੱਚ ਨਹੀਂ ਬੋਲਿਆ

## ਜੇ ਕਿਤੇ ਸਰਦਾਰ ਪਟੇਲ ਗਾਂਧੀ ਜੀ ਦੀ ਸਲਾਹ ਮੰਨ ਲੈਂਦੇ...

*ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ 7 ਫਰਵਰੀ 2018 ਨੂੰ ਸੰਸਦ ਵਿਚ ਇਹ ਕਹਿ ਕੇ ਤਾੜੀਆਂ ਲੁੱਟੀਆਂ ਕਿ 'ਜੇ 1947 ਵਿਚ ਆਜ਼ਾਦੀ ਮਿਲਣ ਮੌਕੇ ਮੁਲਕ ਦੇ ਪ੍ਰਧਾਨ ਮੰਤਰੀ ਸਰਦਾਰ ਵੱਲਭ ਭਾਈ ਪਟੇਲ ਹੁੰਦੇ, ਤਾਂ ਕਸ਼ਮੀਰ ਦਾ ਇਕ ਹਿੱਸਾ ਅੱਜ ਪਾਕਿਸਤਾਨ ਕੋਲ ਨਾ ਹੁੰਦਾ' ਪਰ ਵਪਾਲਾ ਬਾਲਾਚੰਦਰਨ ਜੋ 1995 ਵਿਚ ਕੈਬਨਿਟ ਸਕੱਤਰੇਤ ਦੇ ਸਪੈਸ਼ਲ ਸਕੱਤਰ ਵਜੋਂ ਰਿਟਾਇਰ ਹੋਏ ਹਨ, ਨੇ ਆਪਣੇ ਇਸ ਲੇਖ ਵਿਚ ਤੱਥਾਂ ਸਹਿਤ ਸਾਬਤ ਕੀਤਾ ਹੈ ਕਿ ਸਰਦਾਰ ਵੱਲਭ ਭਾਈ ਪਟੇਲ ਜਿਨ੍ਹਾਂ ਦੀ ਸ਼ਖਸੀਅਤ ਨੂੰ ਸੰਘ ਬ੍ਰਿਗੇਡ ਅੱਜ ਕੱਲ੍ਹ ਬਹੁਤ ਵਧਾ-ਚੜ੍ਹਾ ਕੇ ਪੇਸ਼ ਕਰਦੀ ਹੈ, ਵੱਲੋਂ ਉਦੋਂ ਦਿਖਾਈ 'ਸੁਸਤੀ' ਕਾਰਨ ਅੱਧਾ ਕਸ਼ਮੀਰ ਪਾਕਿਸਤਾਨ ਕੋਲ ਚਲਾ ਗਿਆ। -ਸੰਪਾਦਕ*

ਮੋਹਨਦਾਸ ਕਰਮਚੰਦ ਗਾਂਧੀ ਨੇ 5 ਅਤੇ 6 ਅਗਸਤ 1947 ਨੂੰ ਕਸ਼ਮੀਰ ਦਾ ਦੌਰਾ ਕੀਤਾ। ਉਹ ਇਸ ਗੜਬੜਜ਼ਦਾ ਸੂਬੇ ਵਿਚ ਬਹੁਤ ਪਹਿਲਾਂ ਜਾਣਾ ਚਾਹੁੰਦੇ ਸਨ ਪਰ ਵਾਇਸਰਾਏ ਮਾਊਂਟਬੈਟਨ ਇਸ ਦੇ ਖਿਲਾਫ ਸਨ। ਹੈਰਾਨੀ ਵਾਲੀ ਗੱਲ ਹੈ ਕਿ ਸਰਦਾਰ ਵੱਲਭ ਭਾਈ ਪਟੇਲ ਵੀ ਅਜਿਹਾ ਨਹੀਂ ਸਨ ਚਾਹੁੰਦੇ। ਸਾਲ 1946 ਅਤੇ 1947 ਕਾਫੀ ਗੜਬੜ ਵਾਲੇ ਸਨ। ਸ਼ੇਖ ਅਬਦੁੱਲਾ (ਨੈਸ਼ਨਲ ਕਾਨਫਰੰਸ) ਨੂੰ ਮਹਾਰਾਜਾ ਹਰੀ ਸਿੰਘ ਖਿਲਾਫ 'ਕਸ਼ਮੀਰ ਛੱਡੋ' ਅੰਦੋਲਨ ਕਾਰਨ ਜੇਲ੍ਹ ਵਿਚ ਡੱਕ ਦਿੱਤਾ ਗਿਆ ਸੀ। ਪੱਤਰਕਾਰ ਬਲਰਾਜ ਪੁਰੀ ਨੇ 1993 ਵਿਚ ਕਿਹਾ ਸੀ ਕਿ 'ਆਲ ਜੰਮੂ ਐਂਡ ਕਸ਼ਮੀਰ ਰਾਜ ਹਿੰਦੂ ਸਭਾ' (ਸੂਬੇ ਵਿਚ ਮੌਜੂਦਾ ਭਾਰਤੀ



ਵਪਾਲਾ ਬਾਲਾਚੰਦਰਨ

ਜਨਤਾ ਪਾਰਟੀ ਦਾ ਪੁਰਾਣਾ ਰੂਪ) ਮਹਾਰਾਜਾ ਦੀ 'ਆਜ਼ਾਦੀ' ਨੀਤੀ ਦੀ ਹਮਾਇਤੀ ਸੀ। ਬਲਰਾਜ ਪੁਰੀ ਅਤੇ ਮੁਲਕ ਰਾਜ ਸਰਾਫ (ਸੰਪਾਦਕ 'ਰਣਬੀਰ' - ਜਿਸ ਉਤੇ 1947 ਵਿਚ ਪਾਬੰਦੀ ਲਾ ਦਿੱਤੀ ਗਈ) ਵਰਗੇ ਲੋਕ ਜਿਹੜੇ 'ਧਰਮ ਨਿਰਪੱਖ ਭਾਰਤ' ਨਾਲ ਰਲੇਵੇਂ ਦੀ ਵਕਾਲਤ ਕਰ ਰਹੇ ਸਨ, ਉਨ੍ਹਾਂ ਨੂੰ 'ਹਿੰਦੂ-ਵਿਰੋਧੀ ਗ਼ੱਦਾਰ' ਆਖ ਕੇ ਭੰਡਿਆ ਜਾ ਰਿਹਾ ਸੀ।

ਵਾਇਸਰਾਏ ਮਾਊਂਟਬੈਟਨ ਨੇ ਤਤਕਾਲੀ ਬਰਤਾਨਵੀ ਪ੍ਰਧਾਨ ਮੰਤਰੀ ਕਲੀਮੈਂਟ ਐਟਲੀ ਨੂੰ ਲਿਖੇ ਪੱਤਰ 'ਚ ਬੇਬਾਕੀ ਨਾਲ ਵੇਰਵਾ ਦਿੱਤਾ ਸੀ, ਜਿਹੜਾ 1948 ਵਿਚ 'ਆਖਰੀ ਵਾਇਸਰਾਇਲਟੀ 'ਤੇ ਰਿਪੋਰਟ - 22 ਮਾਰਚ-15 ਅਗਸਤ 1947' ਵਜੋਂ ਛਪਿਆ। ਮਾਊਂਟਬੈਟਨ ਨਹੀਂ ਸਨ ਚਾਹੁੰਦੇ ਕਿ ਨਹਿਰੂ ਨੂੰ ਰਿਆਸਤੀ ਰਾਜਿਆਂ ਨਾਲ ਗੱਲਬਾਤ ਕਰਨ ਲਈ ਕਾਇਮ ਕੀਤੇ ਗਏ ਰਾਜ ਵਿਭਾਗ (ਸਟੇਟਸ ਡਿਪਾਰਟਮੈਂਟ) ਦਾ ਮੁਖੀ ਬਣਾਇਆ ਜਾਵੇ, ਕਿਉਂਕਿ ਨਹਿਰੂ ਨੇ ਉਨ੍ਹਾਂ ਨੂੰ 19 ਅਪਰੈਲ ਨੂੰ ਸੰਵਿਧਾਨ ਸਭਾ ਵਿਚ ਸ਼ਾਮਲ ਹੋਣ ਲਈ 'ਅਲਟੀਮੇਟਮ' ਦਿੱਤਾ ਸੀ। ਉਹ ਖੁਸ਼ ਸਨ ਕਿ ਇਸ ਵਿਭਾਗ ਦੀ ਜ਼ਿੰਮੇਵਾਰੀ ਆਖਰਕਾਰ ਸਰਦਾਰ ਪਟੇਲ ਨੂੰ ਦੇ ਦਿੱਤੀ ਗਈ ਹੈ ਅਤੇ ਉਹ 15 ਅਗਸਤ 1947 ਤੋਂ ਪਹਿਲਾਂ ਵੱਧ ਤੋਂ ਵੱਧ ਸੰਭਵ ਰਿਆਸਤਾਂ ਨੂੰ ਭਾਰਤ ਨਾਲ ਮਿਲਾਉਣ ਵਿਚ ਸਫਲ ਰਹੇ।

ਮਾਊਂਟਬੈਟਨ ਨੇ ਸਮੱਸਿਆਵਾਂ ਵਾਲੀਆਂ ਕੁਝ ਰਿਆਸਤਾਂ ਜਿਵੇਂ ਬੀਕਾਨੇਰ, ਇੰਦੌਰ, ਜੋਧਪੁਰ ਅਤੇ ਭੋਪਾਲ ਆਦਿ ਨੂੰ ਮਨਾਉਣ ਲਈ ਆਪਣਾ ਨਿੱਜੀ ਦਖਲ ਵੀ ਦਿੱਤਾ।

ਕਿਤਾਬ ਦਾ ਸੰਪਾਦਨ ਕਰਨ ਵਾਲੇ ਲਿਓਨਲ ਕਾਰਟਰ ਦਾ ਕਹਿਣਾ ਹੈ ਕਿ ਵਾਇਸਰਾਏ ਨੇ ਤਾਂ ਆਪਣੇ ਰਸੂਖ ਦੀ ਵਰਤੋਂ ਕਰਦਿਆਂ ਆਪਣੇ ਦੋਸਤ ਅਤੇ ਬੀਕਾਨੇਰ ਦੇ ਮਹਾਰਾਜੇ ਦੇ ਫਾਇਦੇ ਲਈ (ਭਾਰਤ ਅਤੇ ਪਾਕਿਸਤਾਨ ਨੂੰ ਵੰਡਦੀ) ਰੈੱਡਕਲਿਫ ਸਰਹੱਦ ਸਬੰਧੀ ਐਵਾਰਡ ਵਿਚ ਤਬਦੀਲੀ ਕਰਵਾ ਕੇ ਪੰਜਾਬ ਦੀਆਂ ਤਿੰਨ ਤਹਿਸੀਲਾਂ ਨੂੰ ਭਾਰਤ ਵਿਚ ਸ਼ਾਮਲ ਕਰਵਾਇਆ। ਇਸ ਦਾ ਕਾਰਨ ਇਹ ਸੀ ਕਿ ਬੀਕਾਨੇਰ ਰਿਆਸਤ ਨੂੰ ਇਨ੍ਹਾਂ ਤਹਿਸੀਲਾਂ ਵਿਚ ਸਥਿਤ ਹੈੱਡਵਰਕਸਾਂ ਤੋਂ ਗੰਗ ਨਹਿਰ ਰਾਹੀਂ ਪਾਣੀ ਮਿਲ ਰਿਹਾ ਸੀ। ਦੂਜੇ ਪਾਸੇ ਕਸ਼ਮੀਰ ਦੇ ਭਾਰਤ ਵਿਚ ਰਲੇਵੇਂ ਲਈ ਨਾ ਮਾਊਂਟਬੈਟਨ ਅਤੇ ਨਾ ਹੀ ਪਟੇਲ ਨੇ ਕੋਈ ਕਾਹਲੀ ਦਿਖਾਈ, ਜਦੋਂਕਿ ਇਸ ਦੀ ਕੌਮਾਂਤਰੀ ਸਰਹੱਦ ਉਤੇ ਹੋਣ ਕਾਰਨ ਰਣਨੀਤਕ ਪੱਖੋਂ ਅਹਿਮੀਅਤ ਸੀ।

ਗਾਂਧੀ ਜੀ ਜੂਨ ਵਿਚ ਇਸ ਲਈ ਮਾਊਂਟਬੈਟਨ ਨੂੰ ਮਿਲੇ ਕਿ ਜਾਂ ਤਾਂ ਉਹ ਨਹਿਰੂ ਦੀ ਥਾਂ ਖੁਦ ਕਸ਼ਮੀਰ ਜਾਣਾ ਚਾਹੁੰਦੇ ਸਨ, ਜਾਂ ਆਪਣੇ ਦੌਰੇ ਰਾਹੀਂ ਜਾਂ 'ਪੰਡਿਤ ਨਹਿਰੂ ਲਈ ਰਾਹ ਤਿਆਰ ਕਰਨਾ' ਚਾਹੁੰਦੇ ਸਨ। ਮਾਊਂਟਬੈਟਨ ਨੇ ਇਹ ਆਖਦਿਆਂ ਉਨ੍ਹਾਂ ਨੂੰ ਟਾਲ ਦਿੱਤਾ ਕਿ ਪਹਿਲਾਂ ਉਹ ਮਹਾਰਾਜਾ ਹਰੀ ਸਿੰਘ ਨੂੰ ਮਿਲਣ ਉਥੇ ਜਾਣਗੇ, ਜੋ ਉਨ੍ਹਾਂ ਦਾ 'ਪੁਰਾਣਾ ਜਾਣੂ' ਸੀ। ਵਾਇਸਰਾਏ ਨੇ 18 ਤੋਂ 23 ਜੂਨ ਤੱਕ ਕਸ਼ਮੀਰ ਦਾ ਦੌਰਾ ਕੀਤਾ। ਮਾਊਂਟਬੈਟਨ ਨੇ ਹਰੀ ਸਿੰਘ ਨੂੰ ਆਜ਼ਾਦੀ ਦਾ ਐਲਾਨ ਨਾ ਕਰਨ ਦੀ ਸਲਾਹ ਦਿੱਤੀ। ਉਨ੍ਹਾਂ ਨੇ ਮਹਾਰਾਜੇ ਨੂੰ ਸਰਦਾਰ ਪਟੇਲ ਦਾ ਇਹ ਸੁਨੇਹਾ ਵੀ ਦਿੱਤਾ ਕਿ 'ਸਟੇਟਸ ਵਿਭਾਗ ਦਾ ਕਹਿਣਾ ਹੈ ਕਿ ਕਸ਼ਮੀਰ ਜੇ ਪਾਕਿਸਤਾਨ ਕੋਲ ਚਲਾ ਜਾਂਦਾ ਹੈ ਤਾਂ ਭਾਰਤ ਸਰਕਾਰ ਵਲੋਂ ਇਸ ਨੂੰ ਦੋਸਤਾਨਾ ਕਦਮ ਨਹੀਂ ਮੰਨਿਆ ਜਾਵੇਗਾ' ਪਰ ਮਾਊਂਟਬੈਟਨ ਦਾ ਮਿਸ਼ਨ ਨਾਕਾਮ ਰਿਹਾ।

ਗਾਂਧੀ ਜੀ 26 ਜੂਨ ਨੂੰ ਮਾਊਂਟਬੈਟਨ ਨੂੰ ਮਿਲੇ। ਉਸ ਵਕਤ ਉਹ 'ਕਸ਼ਮੀਰ ਸਬੰਧੀ ਬਹੁਤ ਨਿਰਾਸ਼' ਸਨ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ 'ਉਨ੍ਹਾਂ ਜਾਂ ਪੰਡਿਤ ਨਹਿਰੂ ਨੂੰ ਫੌਰੀ ਉਥੇ ਜਾਣਾ' ਚਾਹੀਦਾ ਹੈ। ਪਟੇਲ ਦੀ ਜੀਵਨੀ ਲਿਖਣ ਵਾਲੇ ਰਾਜਮੋਹਨ ਗਾਂਧੀ ਨੇ ਕਿਹਾ ਸੀ ਕਿ "ਗਾਂਧੀ ਜੀ ਨੇ ਬੇਨਤੀ ਕੀਤੀ ਕਿ ਅਬਦੁੱਲਾ ਦੀ ਭਾਰਤ-ਪੱਖੀ ਭਾਵਨਾ ਦੌਰਾਨ ਕਸ਼ਮੀਰ ਦੋ-ਮੁਲਕੀ ਨੀਤੀ ਨੂੰ ਨਾਮਨਜ਼ੂਰ ਕਰ ਦੇਵੇਗਾ।" ਨਾ ਚਾਹੁੰਦਿਆਂ ਵੀ ਮਾਊਂਟਬੈਟਨ ਆਖਰ ਨਰਮ ਪੈ ਗਏ ਤੇ ਉਨ੍ਹਾਂ ਹਰੀ ਸਿੰਘ ਨੂੰ ਆਖਿਆ ਕਿ ਉਹ "ਗਾਂਧੀ ਦੀ ਫੇਰੀ ਨੂੰ ਮਨਜ਼ੂਰ ਕਰ ਲੈਣ, ਜੋ ਪੰਡਿਤ ਨਹਿਰੂ ਦੀ ਫੇਰੀ ਦੇ ਮੁਕਾਬਲੇ ਘੱਟ ਸਮੱਸਿਆ ਖੜ੍ਹੀ ਕਰੇਗੀ।" ਇਸ ਤੋਂ ਬਾਅਦ ਉਨ੍ਹਾਂ 29 ਜੁਲਾਈ ਨੂੰ ਗਾਂਧੀ ਜੀ, ਨਹਿਰੂ ਅਤੇ ਪਟੇਲ ਨਾਲ ਇਕੱਠਿਆਂ ਮੀਟਿੰਗ ਕੀਤੀ, ਤਾਂ ਕਿ ਗਾਂਧੀ ਜੀ ਜਾਂ ਨਹਿਰੂ ਵਿਚੋਂ ਕਿਸ ਇਕ ਦੇ ਕਸ਼ਮੀਰ ਜਾਣ ਬਾਰੇ ਫੈਸਲਾ ਕੀਤਾ ਜਾ ਸਕੇ। ਪਟੇਲ ਨੇ ਕਿਹਾ ਕਿ ਕਿਸੇ ਨੂੰ ਵੀ ਨਹੀਂ ਜਾਣਾ ਚਾਹੀਦਾ, ਪਰ "ਨਾਲ ਹੀ ਕਿਹਾ: ਜੇ ਦੋ ਬੁਰਾਈਆਂ ਵਿਚੋਂ ਚੋਣ ਕਰਨੀ ਹੋਵੇ, ਤਾਂ ਮੈਂ ਸਮਝਦਾ ਹਾਂ ਕਿ ਗਾਂਧੀ ਜੀ ਦੀ ਫੇਰੀ ਘੱਟ ਬੁਰੀ ਹੋਵੇਗੀ।"

ਮਾਊਂਟਬੈਟਨ ਨੇ ਕੋਈ ਸਿਆਸੀ ਭਾਸ਼ਨ ਨਾ ਦੇਣ ਦੀ ਸ਼ਰਤ 'ਤੇ ਗਾਂਧੀ ਜੀ ਨੂੰ ਕਸ਼ਮੀਰ ਜਾਣ ਦੀ ਇਜਾਜ਼ਤ ਦੇ ਦਿੱਤੀ। ਉਨ੍ਹਾਂ ਨਾਲ ਹੀ ਕਿਹਾ, "ਪੰਡਿਤ ਨਹਿਰੂ ਨੂੰ ਬਹੁਤ ਮੁਸ਼ਕਿਲ ਨਾਲ ਇਸ ਫੈਸਲੇ ਨੂੰ ਮੰਨਣ ਲਈ ਰਾਜ਼ੀ ਕਰ ਲਿਆ ਗਿਆ। ਮੈਨੂੰ ਨਿੱਜੀ ਤੌਰ 'ਤੇ ਦੱਸਿਆ ਗਿਆ ਕਿ ਜਦੋਂ ਸਰਦਾਰ ਪਟੇਲ ਨੇ ਸਾਡੀ ਮੀਟਿੰਗ ਤੋਂ ਪਹਿਲੀ ਰਾਤ ਉਨ੍ਹਾਂ ਨਾਲ ਗੱਲ ਕੀਤੀ ਤਾਂ ਪੰਡਿਤ ਨਹਿਰੂ ਰੋ ਪਏ, ਕਿਉਂਕਿ ਉਨ੍ਹਾਂ ਦਾ ਕਹਿਣਾ ਸੀ ਕਿ ਉਨ੍ਹਾਂ ਨੂੰ ਕਿਸੇ ਵੀ ਹੋਰ ਚੀਜ਼ ਨਾਲੋਂ ਕਸ਼ਮੀਰ ਵੱਧ ਪਿਆਰਾ ਹੈ।"

ਗਾਂਧੀ ਜੀ ਦੀਆਂ ਗੁਪਤ ਟਿੱਪਣੀਆਂ (5 ਅਤੇ 6 ਅਗਸਤ 1947 - 'ਕੁਲੈਕਟਿਡ ਵਰਕਸ') ਅਤੇ ਆਪਣੇ ਨਾਲ ਪ੍ਰਾਰਥਨਾ ਸਭਾ ਲਈ ਬੇਗਮ ਅਬਦੁੱਲਾ ਨੂੰ ਲੈ ਜਾਣ ਦਾ ਉਨ੍ਹਾਂ ਦਾ ਸੰਕੇਤਕ ਢੰਗ-ਤਰੀਕਾ ਉਨ੍ਹਾਂ ਦੇ ਤੇਜ਼ ਕਾਨੂੰਨੀ ਦਿਮਾਗ ਅਤੇ "ਚਾਣਕਿਆ ਨੀਤੀ" ਨੂੰ ਜ਼ਾਹਰ ਕਰਦਾ ਹੈ। ਮਾਊਂਟਬੈਟਨ ਦੀ ਪਾਬੰਦੀ ਕਾਰਨ ਉਹ ਖੁੱਲ੍ਹੇਆਮ ਨਹੀਂ ਸਨ ਲਿਖ ਸਕਦੇ। ਉਨ੍ਹਾਂ ਕਿਹਾ ਕਿ ਉਨ੍ਹਾਂ ਅਜਿਹੀਆਂ ਤਿੰਨ ਪ੍ਰਾਰਥਨਾ ਸਭਾਵਾਂ ਨੂੰ ਸੰਬੋਧਨ ਕੀਤਾ, ਜਿਨ੍ਹਾਂ ਵਿਚ ਹਜ਼ਾਰਾਂ ਲੋਕਾਂ ਨੇ ਸ਼ਿਰਕਤ ਕੀਤੀ ਅਤੇ ਇਨ੍ਹਾਂ ਨੇ ਸੂਬੇ ਵਿਚ ਫਿਰਕੂ ਸਦਭਾਵਨਾ ਨੂੰ ਉਤਸ਼ਾਹਿਤ ਕੀਤਾ। ਉਨ੍ਹਾਂ ਕਿਹਾ, "ਉਨ੍ਹਾਂ ਦੀ ਇਕ ਹੀ ਭਾਸ਼ਾ ਸੀ, ਇਕ ਹੀ ਸੱਭਿਆਚਾਰ ਸੀ ਅਤੇ ਜਿਥੋਂ ਤੱਕ ਉਹ ਦੇਖ ਸਕਦੇ ਸਨ, ਉਹ ਇਕਮੁੱਠ ਲੋਕ ਵੀ ਸਨ।" ਉਹ ਮਹਾਰਾਜਾ ਅਤੇ ਉਨ੍ਹਾਂ ਦੇ ਪਰਿਵਾਰ ਨੂੰ ਮਿਲਣ ਵਿਚ ਵੀ ਕਾਮਯਾਬ ਰਹੇ।

ਉਨ੍ਹਾਂ ਕਿਹਾ ਕਿ 1846 ਵਾਲੀ ਅੰਮ੍ਰਿਤਸਰ ਸੰਧੀ ਅੰਗਰੇਜ਼ਾਂ ਅਤੇ ਗੁਲਾਬ ਸਿੰਘ ਵਿਚਕਾਰ 'ਵਿਕਰੀ ਪੱਟਾ (ਸੇਲ ਡੀਡ) ਸੀ ਜਿਹੜੀ 15 ਅਗਸਤ ਨੂੰ ਖਤਮ ਹੋ ਜਾਣੀ ਸੀ। ਉਨ੍ਹਾਂ ਦਾ ਖਿਆਲ ਸੀ ਕਿ 15 ਅਗਸਤ 1947 ਤੋਂ ਬਾਅਦ ਕਸ਼ਮੀਰੀ ਲੋਕਾਂ ਦੀ ਸਰਦਾਰੀ ਸ਼ੁਰੂ ਹੋ ਜਾਵੇਗੀ। ਉਹ "ਇਹ ਦੱਸਦਿਆਂ ਖੁਸ਼ ਸਨ ਕਿ ਮਹਾਰਾਜਾ ਸਾਹਿਬ ਅਤੇ ਮਹਾਰਾਣੀ ਸਾਹਿਬਾ ਨੇ ਇਸ ਤੱਥ ਨੂੰ ਖੁਸ਼ੀ ਖੁਸ਼ੀ ਸਵੀਕਾਰ ਕਰ ਲਿਆ ਹੈ।" ਉਨ੍ਹਾਂ 6 ਅਗਸਤ 1947 ਨੂੰ ਪਟੇਲ ਨੂੰ ਖਬਰ ਕਰ ਦਿੱਤੀ ਕਿ ਉਨ੍ਹਾਂ ਨਹਿਰੂ ਨੂੰ ਨੋਟ ਭੇਜ ਦਿੱਤਾ ਹੈ ਜੋ ਉਹ (ਨਹਿਰੂ) ਉਨ੍ਹਾਂ (ਪਟੇਲ) ਨੂੰ ਦਿਖਾ ਦੇਣਗੇ। "ਮੈਂ ਸੋਚਦਾ ਹਾਂ ਕਿ ਤੁਹਾਨੂੰ ਇਸ ਮਸਲੇ 'ਤੇ ਕੁਝ ਜਲਦੀ ਕਰਨਾ ਚਾਹੀਦਾ ਹੈ। ਮੇਰੀ ਨਜ਼ਰ ਵਿਚ ਕਸ਼ਮੀਰ ਦੇ ਹਾਲਾਤ ਸੰਭਾਲੇ ਜਾ ਸਕਦੇ ਹਨ"। ਉਹ ਸਰਦਾਰ ਪਟੇਲ ਨੂੰ ਸੁਝਾਅ ਦੇ ਰਹੇ ਸਨ ਕਿ ਸ਼ੇਖ ਅਬਦੁੱਲਾ ਰਾਹੀਂ ਕਸ਼ਮੀਰ ਦੇ ਰਲੇਵੇਂ ਨਾਲ ਕਿਵੇਂ ਨਜਿੱਠਣਾ ਹੈ।

ਕਾਨੂੰਨੀ ਤੌਰ 'ਤੇ ਗਾਂਧੀ ਜੀ ਐਨ ਸਹੀ ਸਨ। ਭਾਰਤ ਆਜ਼ਾਦੀ ਐਕਟ-1947 ਦੀ ਧਾਰਾ 7(1)(ਬੀ) ਅਨੁਸਾਰ, ਇੰਗਲੈਂਡ ਅਤੇ ਭਾਰਤੀ ਸ਼ਾਸਕਾਂ ਵਿਚਕਾਰ ਸਾਰੀਆਂ ਸੰਧੀਆਂ ਅਤੇ ਸਮਝੌਤੇ 15 ਅਗਸਤ ਨੂੰ ਖਤਮ ਹੋ ਜਾਣਗੇ। ਇਹ ਗਾਂਧੀ ਜੀ ਦਾ ਸਰਦਾਰ ਪਟੇਲ ਨੂੰ "ਚਾਣਕਿਆ ਨੀਤੀ" ਇਸ਼ਾਰਾ ਸੀ ਕਿ ਹਰੀ ਸਿੰਘ ਉਤੇ ਭਾਰਤ ਨਾਲ ਰਲੇਵੇਂ ਲਈ ਦਬਾਅ ਬਣਾਉਣ ਲਈ ਕਸ਼ਮੀਰੀ ਲੋਕਾਂ ਦੇ ਅੰਦੋਲਨ ਨੂੰ ਮਘਾਉਣ ਲਈ ਉਹ ਕੁਝ ਜਲਦੀ ਕਰਨ, ਪਰ ਪਟੇਲ ਦੀ "ਸੁਸਤੀ" (ਇਹ ਸ਼ਬਦ ਰਾਜਮੋਹਨ ਗਾਂਧੀ ਨੇ ਸਰਦਾਰ ਪਟੇਲ ਲਈ ਵਰਤਿਆ ਹੈ) ਜਾਰੀ ਰਹੀ।

ਪਟੇਲ ਨੇ ਇਕ ਹੋਰ ਮੌਕਾ ਖੁੰਝਾਇਆ। ਦੁਰਗਾ ਦਾਸ ਮੁਤਾਬਿਕ, ਨਹਿਰੂ ਨੇ 27 ਸਤੰਬਰ 1947 ਨੂੰ ਪਟੇਲ ਨੂੰ ਤਿੰਨ ਸਫਿਆਂ ਦਾ ਖਤ ਲਿਖਿਆ ਜਿਸ ਵਿਚ ਕਸ਼ਮੀਰ ਦੇ ਖਤਰਨਾਕ ਹੋ ਰਹੇ ਹਾਲਾਤ ਬਾਬਤ ਖੁਲਾਸਾ ਕੀਤਾ ਗਿਆ ਸੀ: "ਮੈਂ ਸਮਝਦਾ ਹਾਂ ਕਿ ਇਸ ਵੇਲੇ ਪਾਕਿਸਤਾਨ ਦੀ ਰਣਨੀਤੀ ਕਸ਼ਮੀਰ ਵਿਚ ਘੁਸਪੈਠ ਕਰਨ ਅਤੇ ਕੋਈ ਵੱਡੀ ਕਾਰਵਾਈ ਕਰਨ ਦੀ ਹੈ। ਆਸ ਕਰਦਾ ਹਾਂ ਕਿ ਤੁਸੀਂ ਕੋਈ ਕਾਰਵਾਈ ਕਰਨ ਦੇ ਸਮਰੱਥ ਹੋਵੋਗੇ।" ਉਨ੍ਹਾਂ ਨੈਸ਼ਨਲ ਕਾਨਫਰੰਸ ਦੀ ਇਮਦਾਦ ਲੈਣ ਦਾ ਸੁਝਾਅ ਦਿੱਤਾ, ਪਰ 22 ਅਕਤੂਬਰ 1947 ਨੂੰ ਹੱਲਾ ਬੋਲ ਦਿੱਤਾ ਗਿਆ। ਬਲਰਾਜ ਪੁਰੀ ਅਨੁਸਾਰ, ਇਹ ਨੈਸ਼ਨਲ ਕਾਨਫਰੰਸ ਦਾ ਕਾਡਰ ਹੀ ਸੀ ਜਿਸ ਨੇ ਉਸ ਸਾਲ ਅਕਤੂਬਰ ਵਿਚ ਭਾਰਤੀ ਫੌਜ ਦੀ ਵੱਡੇ ਪੱਧਰ 'ਤੇ ਇਮਦਾਦ ਕੀਤੀ। ਉਨ੍ਹਾਂ ਟਰੱਕ ਅਤੇ ਮਾਨਵੀ ਸ਼ਕਤੀ ਮੁਹੱਈਆ ਕਰਵਾਈ ਜਿਸ ਦਾ ਸਿੱਟਾ ਸ਼ਾਨਦਾਰ ਕਾਮਯਾਬੀ ਦੇ ਰੂਪ ਵਿਚ ਨਿਕਲਿਆ।

ਇਸ ਲਈ ਉਸ ਵਕਤ ਹੈਰਾਨੀ ਹੁੰਦੀ ਹੈ ਜਦੋਂ ਸਾਡੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ 7 ਫਰਵਰੀ 2018 ਨੂੰ ਸੰਸਦ ਨੂੰ ਇਹ ਦੱਸਦੇ ਹਨ: "ਜੇ ਮੁਲਕ ਦੇ ਪ੍ਰਧਾਨ ਮੰਤਰੀ ਸਰਦਾਰ ਵੱਲਭ ਭਾਈ ਪਟੇਲ ਹੁੰਦੇ, ਤਾਂ ਮੇਰੇ ਕਸ਼ਮੀਰ ਦਾ ਇਹ ਹਿੱਸਾ ਅੱਜ ਪਾਕਿਸਤਾਨ ਕੋਲ ਨਾ ਹੁੰਦਾ।" ਇਸ ਦੇ ਐਨ ਉਲਟ, ਜੇ ਪਟੇਲ ਜਿਨ੍ਹਾਂ ਕੋਲ ਮਾਊਂਟਬੈਟਨ ਦੀ ਅਧੀਨਗੀ ਵਾਲੀਆਂ ਸਾਰੀਆਂ ਸ਼ਾਹੀ ਰਿਆਸਤਾਂ ਦਾ ਮੁਕੰਮਲ ਚਾਰਜ ਸੀ, ਗਾਂਧੀ ਜੀ ਦੀ ਸਲਾਹ ਮੰਨ ਲੈਂਦੇ ਤਾਂ ਪੂਰੇ ਦਾ ਪੂਰਾ ਕਸ਼ਮੀਰ ਅੱਜ ਸਾਡੇ ਕੋਲ ਹੁੰਦਾ।

# ਬੁੱਧੀਜੀਵੀਆਂ ਬਾਰੇ ਸੁਪਰੀਮ ਕੋਰਟ ਦਾ ਫੈਸਲਾ ਅਤੇ ਸੱਤਾਧਾਰੀ

**ਬੂਟਾ ਸਿੰਘ**
ਫੋਨ: 91-94634-74342

ਆਖਰਕਾਰ ਇਕ ਮਹੀਨੇ ਬਾਅਦ 29 ਸਤੰਬਰ ਨੂੰ ਭਾਰਤ ਦੀ ਸੁਪਰੀਮ ਕੋਰਟ ਦੇ ਬੈਂਚ ਵਲੋਂ ਘਰਾਂ ਵਿਚ ਨਜ਼ਰਬੰਦ ਪੰਜ ਸ਼ਖਸੀਅਤਾਂ ਗੌਤਮ ਨਵਲੱਖਾ, ਐਡਵੋਕੇਟ ਸੁਧਾ ਭਾਰਦਵਾਜ, ਪ੍ਰੋਫੈਸਰ ਵਰਵਾਰਾ ਰਾਓ, ਐਡਵੋਕੇਟ ਅਰੁਣ ਫਰੇਰਾ ਅਤੇ ਪ੍ਰੋਫੈਸਰ ਵਰਨੋਨ ਗੋਂਜ਼ਾਲਵਜ਼ ਦੀ ਗ੍ਰਿਫਤਾਰੀ ਦੇ ਮਾਮਲੇ ਵਿਚ ਜੋ ਪਾਟਵਾਂ ਫੈਸਲਾ ਸੁਣਾਇਆ ਹੈ, ਉਹ ਗੰਭੀਰ ਪੜਚੋਲ ਦੀ ਮੰਗ ਕਰਦਾ ਹੈ। ਮਹਾਂਰਾਸ਼ਟਰ ਦੇ ਮੁੱਖ ਮੰਤਰੀ ਦਵੇਂਦਰ ਫੜਨਵੀਸ ਅਤੇ ਭਾਜਪਾ ਦੇ ਪ੍ਰਧਾਨ ਅਮਿਤ ਸ਼ਾਹ ਵੱਲੋਂ ਫੈਸਲੇ ਉਪਰ ਖੁਸ਼ੀ ਜ਼ਾਹਰ ਕਰਨਾ ਸੁਭਾਵਿਕ ਹੈ, ਕਿਉਂਕਿ ਸੁਪਰੀਮ ਕੋਰਟ ਨੇ ਦਖਲ ਦੇਣ ਤੋਂ ਨਾਂਹ ਕਰਕੇ ਮਹਾਂਰਾਸ਼ਟਰ ਪੁਲਿਸ ਦੇ ਹੱਥ ਮਜ਼ਬੂਤ ਕਰ ਦਿੱਤੇ ਜੋ ਬੇਕਸੂਰਾਂ ਨੂੰ ਜੇਲ੍ਹਾਂ ਵਿਚ ਡੱਕ ਕੇ ਮਨੁੱਖੀ ਹੱਕਾਂ ਦਾ ਘੋਰ ਘਾਣ ਕਰਨ ਅਤੇ ਮਨਮਾਨੀਆਂ ਲਈ ਨਹਾਇਤ ਬਦਨਾਮ ਹੈ ਅਤੇ ਜਿਸ ਦੇ ਜਾਇੰਟ ਕਮਿਸ਼ਨਰ ਤੇ ਐਡੀਸ਼ਨਲ ਡਾਇਰੈਕਟਰ ਜਨਰਲ ਪੱਧਰ ਦੇ ਉਚ ਅਧਿਕਾਰੀਆਂ ਨੂੰ ਮੀਡੀਆ ਅਦਾਲਤ ਲਾ ਕੇ ਉਘੀਆਂ ਸ਼ਖਸੀਅਤਾਂ ਦੀ ਕਿਰਦਾਰਕੁਸ਼ੀ ਕਰਨ ਤੋਂ ਵੀ ਗੁਰੇਜ਼ ਨਹੀਂ।

ਦੂਜੇ ਪਾਸੇ, ਉਨ੍ਹਾਂ ਹਿੱਸਿਆਂ ਨੂੰ ਇਸ ਫੈਸਲੇ ਨਾਲ ਮਾਯੂਸੀ ਹੋਈ ਹੈ ਜਿਨ੍ਹਾਂ ਨੂੰ ਉਮੀਦ ਸੀ ਕਿ ਸਰਵਉਚ ਅਦਾਲਤ ਜਾਅਲੀ ਸਬੂਤਾਂ ਨੂੰ ਸਵੀਕਾਰ ਨਹੀਂ ਕਰੇਗੀ ਅਤੇ ਮਾਮਲੇ ਨੂੰ ਖਾਰਜ ਕਰ ਦੇਵੇਗੀ; ਲੇਕਿਨ ਪੰਜ ਪਟੀਸ਼ਨ ਕਰਤਾ ਸ਼ਖਸੀਅਤਾਂ ਅਨੁਸਾਰ, ਸੁਪਰੀਮ ਕੋਰਟ ਦਾ ਫੈਸਲਾ ਸਵਾਗਤਯੋਗ ਹੈ, ਕਿਉਂਕਿ ਉਹ ਇਸ ਪਾਸੇ ਨਿਆਂ ਪ੍ਰਣਾਲੀ ਦਾ ਧਿਆਨ ਖਿੱਚਣ ਵਿਚ ਕਾਮਯਾਬ ਰਹੇ ਕਿ ਸਟੇਟ ਦੀਆਂ ਤਾਕਤਾਂ ਯੂ.ਏ.ਪੀ.ਏ. ਵਰਗੇ ਜਾਬਰ ਕਾਨੂੰਨਾਂ ਦੀ ਕਿੰਨੀ ਘੋਰ ਦੁਰਵਰਤੋਂ ਕਰ ਰਹੀਆਂ ਹਨ; ਕਿ ਹਾਲ ਦੀ ਘੜੀ ਜਮਹੂਰੀ ਹੱਕਾਂ ਦੇ ਕਾਰਕੁਨਾਂ ਦੀ ਆਜ਼ਾਦੀ ਅਤੇ ਮਾਣ-ਸਨਮਾਨ ਨੂੰ ਖਤਰਾ ਟਲ ਗਿਆ ਅਤੇ ਘੱਟ-ਸੰਮਤੀ ਫੈਸਲੇ ਨੇ ਉਨ੍ਹਾਂ ਵੱਲੋਂ ਲਏ ਸਟੈਂਡ ਦੀ ਪੁਸ਼ਟੀ ਕਰ ਦਿੱਤੀ ਹੈ। ਉਨ੍ਹਾਂ ਨੂੰ ਇਹ ਵੀ ਤਸੱਲੀ ਹੈ ਕਿ ਪੂਰਾ ਮੁਲਕ ਇਕ ਮਹੀਨੇ ਤੋਂ ਇਸ ਮਾਮਲੇ ਨੂੰ ਸੁਣ ਰਿਹਾ ਸੀ।

ਇਸ ਮਾਮਲੇ ਨਾਲ ਇਹ ਸਪਸ਼ਟ ਹੋ ਗਿਆ ਕਿ ਯੂ.ਏ.ਪੀ.ਏ. ਵਰਗੇ ਕਾਨੂੰਨਾਂ ਦਾ ਗ਼ਲਤ ਇਸਤੇਮਾਲ ਕੋਈ ਵਿਰਲਾ-ਟਾਵਾਂ ਮਾਮਲਾ ਨਹੀਂ। ਪਟੀਸ਼ਨ ਕਰਤਾਵਾਂ ਨੇ ਆਪਣੇ ਸਾਂਝੇ ਬਿਆਨ ਵਿਚ ਦੋ ਤਰ੍ਹਾਂ ਦੀ ਦਹਿਸ਼ਤਗਰਦੀ ਦੀ ਗੱਲ ਕਰਦਿਆਂ ਕਿਹਾ ਕਿ "ਸਟੇਟ ਦੇ ਕਾਰਿੰਦਿਆਂ ਦੀਆਂ ਗ਼ੈਰਕਾਨੂੰਨੀ ਅਤੇ ਨਜਾਇਜ਼ ਕਾਰਵਾਈਆਂ" ਦੂਜੀ ਕਿਸਮ ਦੀ ਦਹਿਸ਼ਤਗਰਦੀ ਹੈ ਜੋ "ਹਿੰਸਾ ਨੂੰ ਅੰਜਾਮ ਦੇਣ ਵਾਲੇ ਅਸਲ ਦੋਸ਼ੀਆਂ ਦਾ ਪਿੱਛਾ ਕਰਨ ਦੀ ਬਜਾਏ ਆਪਣੀਆਂ ਤਾਕਤਾਂ ਦਾ ਇਸਤੇਮਾਲ ਉਨ੍ਹਾਂ ਨੂੰ ਸਤਾਉਣ ਲਈ ਕਰਦੀਆਂ ਹਨ ਜਿਨ੍ਹਾਂ ਨੂੰ ਉਨ੍ਹਾਂ ਦੇ ਮੌਜੂਦਾ ਮਾਲਕਾਂ ਦੀ ਸਿਆਸਤ ਮਨਜ਼ੂਰ ਨਹੀਂ।" ਇਹ ਮਹੱਤਵਪੂਰਨ ਹੈ ਕਿ ਇਨ੍ਹਾਂ ਸਿਰਮੌਰ ਸ਼ਖਸੀਅਤਾਂ ਨੇ ਰਾਜਕੀ ਦਹਿਸ਼ਤਗਰਦੀ ਦਾ ਗੰਭੀਰ ਨੋਟਿਸ ਲਿਆ ਹੈ।

ਨਿਸ਼ਚੇ ਹੀ ਇਸ ਪੱਖ ਤੋਂ ਫੈਸਲਾ ਮਹੱਤਵਪੂਰਨ ਹੈ, ਨਹੀਂ ਤਾਂ ਹੁਣ ਤਕ ਇਨ੍ਹਾਂ ਪੰਜਾਂ ਨੇ ਵੀ ਪਹਿਲਿਆਂ ਪੰਜ ਸ਼ਖਸੀਅਤਾਂ ਵਾਂਗ ਮਹਾਂਰਾਸ਼ਟਰ ਦੀਆਂ ਜੇਲ੍ਹਾਂ ਵਿਚ ਸੜ ਰਹੇ ਹੋਣਾ ਸੀ। ਯੂ.ਏ.ਪੀ.ਏ. ਵਰਗੇ ਬੇਮਿਸਾਲ ਜਾਬਰ ਕਾਨੂੰਨਾਂ ਨਾਲ ਲੈਸ ਭਾਰਤੀ ਪੁਲਿਸ ਦੀਆਂ ਮਨਮਾਨੀਆਂ ਦੇ ਮੱਦੇਨਜ਼ਰ ਬੁਨਿਆਦੀ ਸਵਾਲ ਇਹ ਹੈ: ਕੀ ਇਹ ਫੈਸਲਾ ਪੁਲਿਸ ਦੀਆਂ ਮਨਮਾਨੀਆਂ ਉਪਰ ਰੋਕ ਲਾਉਂਦਾ ਹੈ ਜਾਂ ਉਨ੍ਹਾਂ ਨੂੰ ਵਾਜਬੀਅਤ ਮੁਹੱਈਆ ਕਰਦਾ ਹੈ?

ਇਨ੍ਹਾਂ ਲੋਕ ਪੱਖੀ ਬੁੱਧੀਜੀਵੀਆਂ ਨੂੰ ਪੁਣੇ ਪੁਲਿਸ ਵੱਲੋਂ 28 ਅਗਸਤ ਨੂੰ ਇਕੋ ਵਕਤ ਜੰਗੀ ਪੈਮਾਨੇ 'ਤੇ ਉਨ੍ਹਾਂ ਦੇ ਘਰਾਂ ਉਪਰ ਛਾਪੇ ਮਾਰ ਕੇ ਗ੍ਰਿਫਤਾਰ ਕੀਤਾ ਗਿਆ ਸੀ। ਉਨ੍ਹਾਂ ਨੂੰ ਜੂਨ ਵਿਚ ਗ੍ਰਿਫਤਾਰ ਕੀਤੀਆਂ ਪੰਜ ਸ਼ਖਸੀਅਤਾਂ ਪ੍ਰੋਫੈਸਰ ਸ਼ੋਮਾ ਸੇਨ, ਐਡਵੋਕੇਟ ਸੁਰਿੰਦਰ ਗਾਡਲਿੰਗ, ਦਲਿਤ ਚਿੰਤਕ ਸੁਧੀਰ ਧਾਵਲੇ, ਕਾਰਕੁਨ ਮਹੇਸ਼ ਰਾਵਤ ਅਤੇ ਰੋਨਾ ਵਿਲਸਨ ਦੇ ਮਾਮਲੇ ਨਾਲ ਜੋੜਿਆ ਗਿਆ। ਪਹਿਲਾਂ ਉਨ੍ਹਾਂ ਬਾਰੇ ਕਿਹਾ ਗਿਆ ਕਿ ਉਹ ਭੀਮਾ-ਕੋਰੇਗਾਓਂ ਵਿਖੇ ਹਿੰਸਾ ਭੜਕਾਉਣ ਲਈ ਜ਼ਿੰਮੇਵਾਰ ਹਨ। ਬਾਅਦ ਵਿਚ ਪੁਲਿਸ ਨੇ ਕਹਾਣੀ ਬਦਲ ਕੇ ਇਹ ਕਹਿਣਾ ਸ਼ੁਰੂ ਕਰ ਦਿੱਤਾ ਕਿ ਉਹ "ਸ਼ਹਿਰੀ ਨਕਸਲੀ" ਹਨ ਅਤੇ ਰੋਨਾ ਵਿਲਸਨ ਦੇ ਲੈਪਟਾਪ ਵਿਚੋਂ ਕਥਿਤ ਤੌਰ 'ਤੇ ਬਰਾਮਦ ਹੋਈਆਂ ਚਿੱਠੀਆਂ ਦੱਸਦੀਆਂ ਹਨ ਕਿ ਇਹ "ਸ਼ਹਿਰੀ ਨਕਸਲੀ" ਪ੍ਰਧਾਨ ਮੰਤਰੀ ਦੀ ਹੱਤਿਆ ਦੀ ਸਾਜ਼ਿਸ਼ ਰਚ ਰਹੇ ਸਨ।

ਸੰਗੀਨ ਜੁਰਮਾਂ ਤਹਿਤ ਜਮਹੂਰੀ ਕਾਰਕੁਨਾਂ ਦੀਆਂ ਧੜਾਧੜ ਗ੍ਰਿਫਤਾਰੀਆਂ ਨਾਲ ਬੌਧਿਕ ਹਲਕਿਆਂ ਵਿਚ ਹਾਹਾਕਾਰ ਮੱਚਣੀ ਸੁਭਾਵਿਕ ਸੀ। ਮੁਲਕ ਦੀਆਂ ਉਘੀਆਂ ਸ਼ਖਸੀਅਤਾਂ ਇਤਿਹਾਸਕਾਰ ਰੋਮਿਲਾ ਥਾਪਰ, ਅਰਥ ਸ਼ਾਸਤਰੀ ਪ੍ਰਭਾਤ ਪਟਨਾਇਕ ਤੇ ਦੇਵਕੀ ਜੈਨ, ਸਮਾਜ ਵਿਗਿਆਨੀ ਪ੍ਰੋਫੈਸਰ ਸਤੀਸ਼ ਦੇਸ਼ਪਾਂਡੇ ਤੇ ਮਨੁੱਖੀ ਅਧਿਕਾਰਾਂ ਦੀ ਸੀਨੀਅਰ ਐਡਵੋਕੇਟ ਮਾਜਾ ਦਾਰੂਵਾਲਾ ਨੇ ਫੌਰੀ ਤੌਰ 'ਤੇ ਉਦਮ ਕਰਕੇ ਗ੍ਰਿਫਤਾਰੀਆਂ ਦੇ ਖਿਲਾਫ ਸੁਪਰੀਮ ਕੋਰਟ ਵਿਚ ਪਟੀਸ਼ਨ ਦਾਇਰ ਕਰਕੇ ਦਖਲ ਦੀ ਮੰਗ ਕੀਤੀ। ਸੁਪਰੀਮ ਕੋਰਟ ਨੇ ਮਹਾਂਰਾਸ਼ਟਰ ਪੁਲਿਸ ਦੇ ਟਰਾਂਜ਼ਿਟ ਰਿਮਾਂਡ ਉਪਰ ਆਰਜ਼ੀ ਰੋਕ ਲਾਉਂਦਿਆਂ ਆਦੇਸ਼ ਦਿੱਤਾ ਕਿ ਜਦੋਂ ਤਕ ਇਸ ਪਟੀਸ਼ਨ ਦੀ ਸੁਣਵਾਈ ਮੁਕੰਮਲ ਨਹੀਂ ਹੁੰਦੀ, ਪੁਲਿਸ ਇਨ੍ਹਾਂ ਸ਼ਖਸੀਅਤਾਂ ਨੂੰ ਟਰਾਂਜ਼ਿਟ ਰਿਮਾਂਡ ਉਪਰ ਪੁਣੇ ਨਹੀਂ ਲਿਜਾ ਸਕਦੀ। ਪਟੀਸ਼ਨ ਦੇ ਨਿਬੇੜੇ ਤਕ ਉਨ੍ਹਾਂ ਨੂੰ ਪੁਲਿਸ ਦੇ ਪਹਿਰੇ ਹੇਠ ਘਰਾਂ ਵਿਚ ਬੰਦ ਰੱਖਿਆ ਜਾਵੇਗਾ। ਇਸ ਦਖਲ ਨਾਲ ਪੁਲਿਸ ਦੀ ਇਨ੍ਹਾਂ ਸ਼ਖਸੀਅਤਾਂ ਨੂੰ ਪਾਬੰਦੀਸ਼ੁਦਾ ਸੀ.ਪੀ.ਆਈ.(ਮਾਓਵਾਦੀ) ਨਾਲ ਸਬੰਧਤ ਹੋਣ ਦੇ ਇਲਜ਼ਾਮ ਤਹਿਤ ਜਾਬਰ ਕਾਨੂੰਨ ਯੂ.ਏ.ਪੀ.ਏ. ਲਗਾਕੇ ਫਟਾਫਟ ਅਣਮਿੱਥੇ ਸਮੇਂ ਲਈ ਜੇਲ੍ਹ ਵਿਚ ਡੱਕਣ ਦੀ ਸਾਜ਼ਿਸ਼ ਨਾਕਾਮ ਹੋ ਗਈ। ਸੱਤਾ ਦੇ ਦਲਾਲ ਸਰਕਾਰੀ ਵਕੀਲਾਂ ਨੂੰ ਪੂਰੀ ਤਾਕਤ ਸਰਵਉਚ ਅਦਾਲਤ ਨੂੰ ਪੁਲਿਸ ਦੀ ਮਨਘੜਤ ਕਹਾਣੀ ਬਾਰੇ ਕਾਇਲ ਕਰਨ ਉਪਰ ਲਗਾਉਣੀ ਪੈ ਗਈ।

ਹਾਲੀਆ ਫੈਸਲੇ ਤੋਂ ਜ਼ਾਹਰ ਹੈ ਕਿ ਪੁਣੇ ਪੁਲਿਸ ਵਲੋਂ ਰਾਜਸੀ ਇਸ਼ਾਰੇ 'ਤੇ ਘੜਿਆ ਬੇਬੁਨਿਆਦ ਪੁਲੰਦਾ ਬੈਂਚ ਨੂੰ ਧੁਰ ਅੰਦਰੋਂ ਕਾਇਲ ਨਹੀਂ ਕਰ ਸਕਿਆ; ਭਾਵੇਂ ਬਹੁਸੰਮਤੀ ਫੈਸਲੇ ਨੇ ਪੁਲਿਸ ਵਲੋਂ ਪੇਸ਼ ਕਹਾਣੀ ਨੂੰ ਮੰਨ ਲਿਆ ਲੇਕਿਨ ਘੱਟਗਿਣਤੀ ਦੇ ਅਸਹਿਮਤੀ ਵਾਲੇ ਫੈਸਲੇ ਅਤੇ ਸਖਤ ਟਿੱਪਣੀਆਂ ਤੋਂ ਜ਼ਾਹਿਰ ਹੈ ਕਿ ਬਹੁਸੰਮਤੀ ਨੇ ਪਟੀਸ਼ਨ ਦਾ ਫੈਸਲਾ ਤੱਥਾਂ ਨੂੰ ਦਰਕਿਨਾਰ ਕਰਕੇ ਅਤੇ ਪੁਲਿਸ ਦੀ ਕਾਰਗੁਜ਼ਾਰੀ ਬਾਰੇ ਅੱਖਾਂ ਮੀਟ ਕੇ ਲਿਆ। ਸੁਣਵਾਈ ਦੌਰਾਨ ਪੁਣੇ ਪੁਲਿਸ ਨੇ ਮੋਦੀ ਦੀ ਹੱਤਿਆ ਦੀ ਸਾਜ਼ਿਸ਼ ਦਾ ਸਨਸਨੀਖੇਜ਼ ਇਲਜ਼ਾਮ ਚੁਪਚੁਪੀਤੇ ਹੀ ਠੰਡੇ ਬਸਤੇ ਵਿਚ ਪਾ ਲਿਆ। ਬਹੁਗਿਣਤੀ ਬੈਂਚ ਨੇ ਉਨ੍ਹਾਂ ਪੁਲਿਸ ਅਧਿਕਾਰੀਆਂ ਦੀ ਸਖਤੀ ਨਾਲ ਜਵਾਬਤਲਬੀ ਕਰਨ ਦੀ ਕੋਈ ਜ਼ਰੂਰਤ ਮਹਿਸੂਸ ਨਹੀਂ ਕੀਤੀ ਜਿਨ੍ਹਾਂ ਨੇ ਮਕਬੂਲ ਸ਼ਖਸੀਅਤਾਂ ਨੂੰ ਪ੍ਰਧਾਨ ਮੰਤਰੀ ਦੀ ਹੱਤਿਆ ਦੇ ਸਾਜ਼ਿਸ਼ਘਾੜੇ ਬਣਾ ਕੇ ਮੀਡੀਆ ਵਿਚ ਪੇਸ਼ ਕੀਤਾ ਅਤੇ ਜਾਂਚ ਦੀ ਬਜਾਏ ਮੀਡੀਆ ਟਰਾਇਲ ਜ਼ਰੀਏ ਉਨ੍ਹਾਂ ਦਾ ਅਕਸ ਵਿਗਾੜਿਆ। ਬਹੁਸੰਮਤੀ ਦੀ ਇਸ ਟਿੱਪਣੀ ਵਿਚ ਡੂੰਘੇ ਅਰਥ ਸਮੋਏ ਹੋਏ ਹਨ ਕਿ "ਮੌਜੂਦਾ ਪੜਾਅ 'ਤੇ ਸਮੱਗਰੀ (ਕਥਿਤ ਸਬੂਤਾਂ) ਦੀ ਸਮਰੱਥਾ ਜਾਂ ਇਸ ਦੇ ਲੋੜੀਂਦੀ ਹੋਣ ਦਾ ਮੁਲੰਕਣ ਨਹੀਂ ਕੀਤਾ ਜਾ ਸਕਦਾ, ਨਾ ਹੀ ਇਹ ਜਾਂਚ ਕਰਨਾ ਸੰਭਵ ਹੈ



ਕਿ ਇਹ ਸੱਚੀ ਹੈ ਜਾਂ ਮਨਘੜਤ, ਕਿਉਂਕਿ ਇਹ ਧਿਰਾਂ ਪ੍ਰਤੀ ਪੱਖਪਾਤ ਦਾ ਕਾਰਨ ਬਣੇਗਾ। ਜੇ ਉਨ੍ਹਾਂ ਦੇ ਖਿਲਾਫ ਕੋਈ ਸਬੂਤ ਨਹੀਂ ਤਾਂ ਉਚਿਤ ਪੜਾਅ ਉਪਰ ਮੁਲਜ਼ਮ ਇਸ ਨੂੰ ਖਾਰਜ ਕੀਤੇ ਜਾਣ ਦੀ ਚੋਣ ਕਰ ਸਕਦੇ ਹਨ।" ਇਹੀ ਤਾਂ ਰਾਜਸੀ ਬੌਸਾਂ ਦੇ ਇਸ਼ਾਰੇ 'ਤੇ ਪੁਲਿਸ ਦਾ ਮਨੋਰਥ ਹੈ ਕਿ ਮੁਲਜ਼ਮ ਖੁਦ ਨੂੰ ਬੇਕਸੂਰ ਸਾਬਤ ਕਰਨ ਲਈ ਕਈ ਕਈ ਸਾਲ ਜੇਲ੍ਹਾਂ ਵਿਚ ਸੜਦੇ ਰਹਿਣ। ਇਸ ਤੋਂ ਸੁਪਰੀਮ ਕੋਰਟ ਦੇ ਉਨ੍ਹਾਂ ਜੱਜਾਂ ਦਾ ਅਸਲ ਚਿਹਰਾ ਬੇਨਕਾਬ ਹੋ ਜਾਂਦਾ ਹੈ ਜੋ ਭਾਰਤ ਦੇ ਤਾਨਾਸ਼ਾਹ ਸਟੇਟ ਦੇ ਪ੍ਰੈਸ਼ਰ ਕੁੱਕਰ ਨੂੰ ਫਟ ਜਾਣ ਤੋਂ ਬਚਾਉਣ ਲਈ "ਜਮਹੂਰੀਅਤ ਲਈ ਸੇਫਟੀਵਾਲਵ ਜ਼ਰੂਰੀ" ਹੋਣ ਦੀਆਂ ਨਸੀਹਤਾਂ ਦਿੰਦੇ ਹਨ ਅਤੇ ਨੰਗੀ ਧੱਕੇਸ਼ਾਹੀ ਦੇ ਮਾਮਲਿਆਂ ਵਿਚ ਅੱਖਾਂ ਮੀਟ ਕੇ ਫੈਸਲੇ ਸੁਣਾਉਂਦੇ ਹਨ।

ਭਾਰਤ ਦੇ ਚੀਫ ਜਸਟਿਸ (ਹੁਣ ਸਾਬਕਾ) ਦੀਪਕ ਮਿਸ਼ਰਾ ਦੀ ਮੋਦੀ ਸਰਕਾਰ ਨਾਲ ਨੇੜਤਾ ਜੱਗ ਜ਼ਾਹਿਰ ਹੈ। ਉਸ ਉਪਰ ਬੈਂਚ ਬਣਾਉਣ ਵੇਲੇ ਮਨਮਾਨੀਆਂ ਕਰਨ ਅਤੇ ਚੋਣਵੇਂ ਮਾਮਲੇ ਆਪਣੀ ਪਸੰਦ ਦੇ ਬੈਂਚਾਂ ਦੇ ਹਵਾਲੇ ਕਰਨ ਦੇ ਇਲਜ਼ਾਮ ਸੁਪਰੀਮ ਕੋਰਟ ਦੇ ਸੀਨੀਅਰ ਜੱਜਾਂ ਵਲੋਂ ਹੀ ਲਗਾਏ ਜਾ ਚੁੱਕੇ ਹਨ। ਇਹ ਹੈਰਾਨੀ ਦੀ ਗੱਲ ਨਹੀਂ, ਜੇ ਜਸਟਿਸ ਦੀਪਕ ਮਿਸ਼ਰਾ ਨੇ ਇਹ ਮਾਮਲਾ ਸੁਣਵਾਈ ਲਈ ਆਪਣੇ ਹੱਥ ਵਿਚ ਰੱਖ ਕੇ ਮਹਾਂਰਾਸ਼ਟਰ ਪੁਲਿਸ ਦੀ ਨਹਾਇਤ ਘਿਣਾਉਣੀ ਭੂਮਿਕਾ ਨੂੰ ਵਾਜਬੀਅਤ ਮੁਹੱਈਆ ਕੀਤੀ ਅਤੇ ਪੁਲਿਸ ਵੱਲੋਂ ਘੜੀ ਗਈ ਕਹਾਣੀ ਉਪਰ ਸਰਵਉਚ ਅਦਾਲਤ ਦੀ ਮੋਹਰ ਲਗਾ ਕੇ ਇਸ ਨਾਜ਼ੁਕ ਘੜੀ ਸੰਘ ਬ੍ਰਿਗੇਡ ਨੂੰ ਅਗਲੇਰੀ ਬਦਨਾਮੀ ਤੋਂ ਬਚਾ ਲਿਆ। ਇਹ ਹੈਰਾਨੀ ਨਹੀਂ ਹੋਵੇਗੀ, ਜੇ 30 ਸਤੰਬਰ ਨੂੰ ਸੇਵਾਮੁਕਤ ਹੋਣ ਤੋਂ ਬਾਅਦ ਜਸਟਿਸ ਮਿਸ਼ਰਾ ਨੂੰ ਸੰਘ ਬ੍ਰਿਗੇਡ ਵੱਲੋਂ ਕਿਸੇ ਵੱਡੀ ਬਖਸ਼ਿਸ਼ ਨਾਲ ਨਿਵਾਜਿਆ ਜਾਂਦਾ ਹੈ। ਮੱਕਾ ਮਸਜਿਦ ਬੰਬ ਧਮਾਕਿਆਂ ਲਈ ਜ਼ਿੰਮੇਵਾਰ ਹਿੰਦੂਤਵ ਦਹਿਸ਼ਤੀ ਸਰਗਨੇ ਸਵਾਮੀ ਅਸੀਮਾਨੰਦ ਅਤੇ ਚਾਰ ਹੋਰਨਾਂ ਨੂੰ ਬਰੀ ਕਰਨ ਵਾਲੇ ਕੌਮੀ ਜਾਂਚ ਏਜੰਸੀ ਦੇ ਵਿਸ਼ੇਸ਼ ਜੱਜ ਕੇ. ਰਾਵਿੰਦਰ ਰੈਡੀ ਨੂੰ ਚੋਣਾਂ ਵਿਚ ਭਾਜਪਾ ਦਾ ਉਮੀਦਵਾਰ ਬਣਾਏ ਜਾਣ ਦੀ ਪੇਸ਼ਕਸ਼ ਕਰਨ ਦੀਆਂ ਖਬਰਾਂ ਆ ਰਹੀਆਂ ਹਨ।

ਬਹੁਸੰਮਤੀ (ਚੀਫ ਜਸਟਿਸ ਦੀਪਕ ਮਿਸ਼ਰਾ ਅਤੇ ਜਸਟਿਸ ਏ.ਐਮ. ਖਾਨਵਿਲਕਰ) ਨੇ ਆਪਣੇ ਫੈਸਲੇ ਵਿਚ ਪੰਜ ਬੁੱਧੀਜੀਵੀਆਂ ਨੂੰ ਸਿਰਫ ਇੰਨੀ ਕੁ ਰਾਹਤ ਦਿੱਤੀ ਹੈ ਕਿ ਉਹ ਪੁਲਿਸ ਹਿਰਾਸਤ ਦੀ ਬਜਾਏ ਪੁਲਿਸ ਦੀ ਨਿਗਰਾਨੀ ਹੇਠ ਚਾਲੀ ਦਿਨ ਹੋਰ ਨਜ਼ਰਬੰਦ ਰਹਿਣਗੇ ਅਤੇ ਇਸ ਦੌਰਾਨ ਉਹ ਪੁਲਿਸ ਵੱਲੋਂ ਦਰਜ ਮਾਮਲੇ ਤੋਂ ਰਾਹਤ ਲੈਣ ਲਈ ਹੇਠਲੀ ਅਦਾਲਤ ਵਿਚ ਕਾਨੂੰਨੀ ਚਾਰਾਜੋਈ ਕਰ ਸਕਦੇ ਹਨ। ਪਹਿਲੀ ਅਕਤੂਬਰ ਨੂੰ ਦਿੱਲੀ ਹਾਈ ਕੋਰਟ ਵਲੋਂ ਗੌਤਮ ਨਵਲੱਖਾ ਨੂੰ ਗ੍ਰਿਫਤਾਰ ਕੀਤੇ ਜਾਣ ਦੇ ਤਰੀਕੇ ਨੂੰ ਗ਼ਲਤ ਕਰਾਰ ਦੇ ਕੇ ਉਸ ਦੀ ਘਰ ਵਿਚ ਨਜ਼ਰਬੰਦੀ ਖਤਮ ਕਰ ਦਿੱਤੀ ਗਈ ਹੈ।

ਅਸਲ ਵਿਚ, ਇਹ ਸੀਨੀਅਰ ਜਸਟਿਸ ਬੜੀ ਚੰਗੀ ਤਰ੍ਹਾਂ ਜਾਣਦੇ ਹਨ ਕਿ ਪੁਲਿਸ ਵਲੋਂ ਯੂ.ਏ.ਪੀ.ਏ. ਲਗਾਉਣ ਦੀ ਮਨਸ਼ਾ ਨਾਲ ਹੀ ਇਨ੍ਹਾਂ ਨੂੰ ਪਾਬੰਦੀਸ਼ੁਦਾ ਜਥੇਬੰਦੀ ਦੇ ਮੈਂਬਰ ਦੱਸਿਆ ਗਿਆ ਹੈ ਅਤੇ ਹੇਠਲੀ ਅਦਾਲਤ ਇਨ੍ਹਾਂ ਨੂੰ ਜ਼ਮਾਨਤ ਨਹੀਂ ਦੇਵੇਗੀ ਜੋ ਪੂਰੀ ਤਰ੍ਹਾਂ ਪੁਲਿਸ ਦੀ ਸਹਿਮਤੀ ਨਾਲ ਹੀ ਸੰਭਵ ਹੈ। ਅਰੁਣ ਫਰੇਰਾ ਅਤੇ ਵਰਨੋਨ ਗੋਂਜ਼ਾਲਵਜ਼ (ਇਸੇ ਤਰ੍ਹਾਂ ਦਲਿਤ ਚਿੰਤਕ ਸੁਧੀਰ ਧਾਵਲੇ) ਪਹਿਲਾਂ ਵੀ ਐਸੇ ਫਰਜ਼ੀ ਇਲਜ਼ਾਮਾਂ ਤਹਿਤ ਖੁਦ ਨੂੰ ਬੇਕਸੂਰ ਸਾਬਤ ਕਰਦਿਆਂ ਕ੍ਰਮਵਾਰ ਸਾਢੇ ਚਾਰ ਅਤੇ ਪੰਜ ਸਾਲ ਤਕ ਜੇਲ੍ਹਾਂ ਵਿਚ ਸੜ ਚੁੱਕੇ ਹਨ। ਬੈਂਚ ਵਲੋਂ ਝੂਠੀ ਐਫ.ਆਈ.ਆਰ. ਖਾਰਜ ਕਰਨ ਤੋਂ ਇਨਕਾਰ ਕਰ ਦਿੱਤਾ ਗਿਆ ਅਤੇ ਵਿਸ਼ੇਸ਼ ਜਾਂਚ ਦੀ ਮੰਗ ਇਹ ਤਕਨੀਕੀ ਦਲੀਲ ਦੇ ਕੇ ਰੱਦ ਕਰ ਦਿੱਤੀ ਕਿ ਮੁਲਜ਼ਿਮਾਂ ਨੂੰ ਇਹ ਹੱਕ ਨਹੀਂ ਕਿ ਉਨ੍ਹਾਂ ਉਪਰ ਇਲਜ਼ਾਮਾਂ ਦੀ ਜਾਂਚ ਕਿਹੜੀ ਏਜੰਸੀ ਕਰੇ। ਬੈਂਚ ਦੀ ਬਹੁਗਿਣਤੀ ਦਾ ਮੱਤ ਸੀ ਕਿ ਇਹ ਅਸਹਿਮਤ ਆਵਾਜ਼ਾਂ ਨੂੰ ਦਬਾਉਣ ਦਾ ਮਾਮਲਾ ਨਹੀਂ ਜਿਵੇਂ ਪਟੀਸ਼ਨ ਕਹਿੰਦੀ ਹੈ। ਇਨ੍ਹਾਂ ਬੁੱਧੀਜੀਵੀਆਂ ਦੇ ਪਾਬੰਦੀਸ਼ੁਦਾ ਮਾਓਵਾਦੀ ਪਾਰਟੀ ਦੇ ਮੈਂਬਰਾਂ ਨਾਲ ਸਬੰਧ ਹਨ। ਮਹਾਂਰਾਸ਼ਟਰ ਪੁਲਿਸ ਨੇ ਮੰਦਭਾਵਨਾ ਨਾਲ ਕੇਸ ਦਰਜ ਨਹੀਂ ਕੀਤਾ। ਪੁਲਿਸ ਦੀ ਕਾਰਗੁਜ਼ਾਰੀ ਪੱਖਪਾਤ ਰਹਿਤ ਅਤੇ ਤਸੱਲੀਬਖਸ਼ ਹੈ, ਸਿਟ (ਵਿਸ਼ੇਸ਼ ਜਾਂਚ ਟੀਮ) ਬਣਾਉਣ ਦੀ ਕੋਈ ਲੋੜ ਨਹੀਂ।

ਇਸ ਮਾਮਲੇ ਵਿਚ ਜਸਟਿਸ ਚੰਦਰਚੂੜ ਦੀ ਰਾਇ ਚਾਹੇ ਘੱਟਸੰਮਤੀ ਸੀ ਲੇਕਿਨ ਉਨ੍ਹਾਂ ਦੀਆਂ ਟਿੱਪਣੀਆਂ ਮਾਮਲੇ ਨੂੰ ਸੰਜੀਦਗੀ ਨਾਲ ਲੈ ਕੇ ਕੀਤੀਆਂ ਗਈਆਂ। ਉਨ੍ਹਾਂ ਦੀ ਰਾਇ ਸੀ ਕਿ ਗ੍ਰਿਫਤਾਰੀਆਂ ਬੇਬੁਨਿਆਦ ਹਨ। ਮਹਾਂਰਾਸ਼ਟਰ ਪੁਲਿਸ ਦੀ ਭੂਮਿਕਾ ਪੱਖਪਾਤੀ ਹੈ ਅਤੇ ਇਸ ਉਪਰ ਭਰੋਸਾ ਨਹੀਂ ਕੀਤਾ ਜਾ ਸਕਦਾ। ਪੁਲਿਸ ਅਧਿਕਾਰੀਆਂ ਵੱਲੋਂ ਜਿਸ ਤਰੀਕੇ ਨਾਲ ਕਥਿਤ ਚਿੱਠੀਆਂ ਅਤੇ ਦਸਤਾਵੇਜ਼ ਮੀਡੀਆ ਵਿਚ ਜਨਤਕ ਕੀਤੀਆਂ ਗਈਆਂ, ਉਹ ਮਹਾਂਰਾਸ਼ਟਰ ਪੁਲਿਸ ਦੀ ਕਾਰਗੁਜ਼ਾਰੀ ਨੂੰ ਸ਼ੱਕੀ ਬਣਾਉਂਦੇ ਹਨ ਅਤੇ ਇਸੇ ਕਰਕੇ ਇਹ ਮਾਮਲਾ ਸੁਪਰੀਮ ਕੋਰਟ ਵੱਲੋਂ ਵਿਸ਼ੇਸ਼ ਜਾਂਚ ਟੀਮ ਬਣਾ ਕੇ ਆਪਣੀ ਨਿਗਰਾਨੀ ਹੇਠ ਜਾਂਚ ਕਰਾਉਣ ਦੇ ਯੋਗ ਹੈ। ਪੰਜ ਮੁਲਜ਼ਮਾਂ ਦੀ ਗ੍ਰਿਫਤਾਰੀ ਸਟੇਟ ਵਲੋਂ ਉਨ੍ਹਾਂ ਦੀ ਆਵਾਜ਼ ਨੂੰ ਦਬਾਉਣ ਦਾ ਯਤਨ ਹੈ ਅਤੇ ਪੁਲਿਸ ਅਧਿਕਾਰੀਆਂ ਵਲੋਂ ਮੀਡੀਆ ਵਿਚ ਜਾ ਕੇ ਉਨ੍ਹਾਂ ਦੇ ਖਿਲਾਫ ਰਾਇ ਬਣਾਉਣ ਦਾ ਯਤਨ ਕੀਤਾ ਗਿਆ ਹੈ।

ਘੱਟਸੰਮਤੀ ਦੀ ਇਹ ਟਿੱਪਣੀ ਮਹੱਤਵਪੂਰਨ ਹੈ ਕਿ "ਅਦਾਲਤ ਨੂੰ ਉਨ੍ਹਾਂ ਦੀ ਆਜ਼ਾਦੀ ਯਕੀਨੀ ਬਣਾਉਣ ਲਈ ਚੁਕੰਨੇ ਰਹਿਣਾ ਹੋਵੇਗਾ ਜੋ ਐਸੇ ਕਾਜ ਹੱਥ ਲੈਂਦੇ ਹਨ ਜੋ ਸੱਤਾਧਾਰੀਆਂ ਨੂੰ ਪਸੰਦ ਨਹੀਂ।" ਇਸ ਤੋਂ ਜ਼ਾਹਿਰ ਹੈ ਕਿ ਇਸ ਪ੍ਰਬੰਧ ਹੇਠ ਸਵਾਲ ਉਠਾਉਣ ਅਤੇ ਲੋਕ ਹਿਤਾਂ ਲਈ ਕੰਮ ਕਰਨ ਵਾਲਿਆਂ ਨੂੰ ਕਿਸ ਤਰ੍ਹਾਂ ਦੇ ਖਤਰੇ ਦਰਪੇਸ਼ ਹਨ ਇਸ ਦਾ ਅਹਿਸਾਸ ਨਿਆਂ ਪਾਲਿਕਾ ਵਿਚਲੇ ਸੰਵੇਦਨਸ਼ੀਲ ਜੱਜਾਂ ਨੂੰ ਵੀ ਹੈ।

ਸੁਪਰੀਮ ਕੋਰਟ ਦੇ ਇਸ ਫੈਸਲੇ ਨੇ ਭਾਰਤੀ ਅਦਾਲਤੀ ਪ੍ਰਬੰਧ ਦੇ ਨਿਆਂ ਦਾ ਟੀਰ ਇਕ ਵਾਰ ਫਿਰ ਸਪਸ਼ਟ ਕਰ ਦਿੱਤਾ ਹੈ। ਇਹ ਫੈਸਲਾ ਝੂਠੇ ਕੇਸ ਬਣਾਉਣ ਲਈ ਬਦਨਾਮ ਭਾਰਤੀ ਪੁਲਿਸ ਨੂੰ ਕਲੀਨ ਚਿੱਟ ਹੈ ਅਤੇ ਲੋਕ ਹਿੱਤਾਂ ਦੀ ਗੱਲ ਕਰਨ ਵਾਲੇ ਬੁੱਧੀਜੀਵੀਆਂ ਨੂੰ ਅਨਿਸ਼ਚਿਤ ਸਮੇਂ ਲਈ ਲਟਕੇ ਰਹਿਣ ਵਾਲੇ ਮੁਕੱਦਮੇ ਦੇ ਰੂਪ ਵਿਚ ਸਜ਼ਾ ਦੇਣ ਦਾ ਸੋਚਿਆ-ਸਮਝਿਆ ਤਰੀਕਾ ਹੈ। ਇਕ ਤੱਥ ਹੋਰ: ਸੁਪਰੀਮ ਕੋਰਟ ਦੀ ਵੈਬਸਾਈਟ ਅਨੁਸਾਰ 27 ਸਤੰਬਰ ਸ਼ਾਮ ਤਕ ਸਿਰਫ ਜਸਟਿਸ ਚੰਦਰਚੂੜ ਨੇ ਹੀ ਫੈਸਲਾ ਲਿਖ ਕੇ 28 ਨੂੰ ਸੁਣਾਉਣਾ ਸੀ। ਅਗਲੇ ਦਿਨ ਸਵੇਰੇ ਵੈਬਸਾਈਟ ਉਪਰ ਅਚਾਨਕ ਦੋ ਵੱਖ-ਵੱਖ ਫੈਸਲੇ ਸੁਣਾਏ ਜਾਣ ਦੀ ਜਾਣਕਾਰੀ ਸਾਂਝੀ ਕੀਤੀ ਗਈ। ਇਕ ਬਹੁਸੰਮਤੀ ਫੈਸਲਾ ਅਤੇ ਇਕ ਜਸਟਿਸ ਚੰਦਰਚੂੜ ਦਾ ਵਿਰੋਧੀ ਪੱਖ ਵਾਲਾ। ਇਹ ਰੱਦੋਬਦਲ ਸਵਾਲਾਂ ਦੇ ਘੇਰੇ ਵਿਚ ਹੈ।

ਇਸ ਫੈਸਲੇ ਦੀਆਂ ਗੰਭੀਰ ਅਰਥ-ਸੰਭਾਵਨਾਵਾਂ ਬਾਬਤ ਜਮਹੂਰੀਅਤ ਪਸੰਦ ਤਾਕਤਾਂ ਨੂੰ ਪੂਰਾ ਸੁਚੇਤ ਹੋਣਾ ਚਾਹੀਦਾ ਹੈ ਅਤੇ ਗ੍ਰਿਫਤਾਰ ਬੁੱਧੀਜੀਵੀਆਂ ਦੀ ਰਿਹਾਈ ਦੇ ਨਾਲ-ਨਾਲ ਯੂ.ਏ.ਪੀ.ਏ. ਨੂੰ ਵਾਪਸ ਕਰਵਾਉਣ ਲਈ ਇਕਜੁੱਟ ਹੋ ਕੇ ਜ਼ੋਰਦਾਰ ਆਵਾਜ਼ ਉਠਾਉਣੀ ਚਾਹੀਦੀ ਹੈ। ਮਨੁੱਖੀ ਹੱਕਾਂ ਦੇ ਘਾਣ, ਨਾਬਰਾਬਰੀ ਅਤੇ ਨੰਗੇ ਅਨਿਆਂ ਉਪਰ ਟਿਕੇ ਇਸ ਆਦਮਖੋਰ ਪ੍ਰਬੰਧ ਵਿਚ ਵਿਆਪਕ ਲੋਕਰਾਇ ਦਾ ਦਬਾਓ ਹੀ ਜਮਹੂਰੀ ਹੱਕਾਂ ਦੀ ਰਾਖੀ ਦੀ ਜ਼ਾਮਨੀ ਬਣ ਸਕਦਾ ਹੈ।

# ਪਰਾਲੀ ਬਾਰੇ ਕੋਈ ਵੀ ਧਿਰ ਸੰਜੀਦਾ ਨਹੀਂ

**ਕੁਲਜੀਤ ਬੈਂਸ**

ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਪ੍ਰਧਾਨ ਮੰਤਰੀ ਨੂੰ ਚਿੱਠੀ ਲਿਖੀ ਹੈ ਜਿਸ ਵਿਚ ਪਰਾਲੀ ਨਾ ਸਾੜਨ ਵਾਲੇ ਕਿਸਾਨ ਨੂੰ ਝੋਨੇ ਲਈ 100 ਰੁਪਏ ਫੀ ਕੁਇੰਟਲ ਵਾਧੇ ਵਾਲੀ ਸਕੀਮ ਦਾ ਸੁਝਾਅ ਦਿੱਤਾ ਗਿਆ। ਇਹ ਅਸਲ ਵਿਚ ਇਕ ਤਰ੍ਹਾਂ ਨਾਲ ਦਿੱਲੀ ਨੂੰ ਚਿਤਾਵਨੀ ਸੀ ਕਿ ਹਰ ਸੰਭਵ ਕੋਸ਼ਿਸ਼ ਦੇ ਬਾਵਜੂਦ ਐਤਕੀਂ ਜ਼ਿਆਦਾ ਪਰਾਲੀ ਸਾੜਨ ਦਾ ਖ਼ਦਸ਼ਾ ਹੈ। ਮੁੱਖ ਮੰਤਰੀ ਦਾ ਕਹਿਣਾ ਠੀਕ ਹੈ ਅਤੇ ਇਸ ਦੇ ਕੁਝ ਵਿਹਾਰਕ ਕਾਰਨ ਹਨ। ਇਨ੍ਹਾਂ ਵਿਚ ਕੇਂਦਰ ਅਤੇ ਸੂਬੇ ਵਲੋਂ ਦਿਖਾਈ ਗ਼ੈਰ ਸੰਜੀਦਗੀ ਵੀ ਸ਼ਾਮਿਲ ਹੈ।

ਪਰਾਲੀ ਸਾੜਨ ਖਿਲਾਫ ਕੀਤੀਆਂ ਕੋਸ਼ਿਸ਼ਾਂ ਦੇ ਸੀਮਤ ਅਸਰਾਂ ਦੇ ਕਾਰਨ ਸਪਸ਼ਟ ਹਨ। ਸਭ ਤੋਂ ਵੱਡਾ ਕਾਰਨ ਤਾਂ ਇਹੀ ਹੈ ਕਿ ਇਹ ਕੋਸ਼ਿਸ਼ਾਂ ਨਾਕਾਫੀ ਹਨ। ਵਿਹਾਰਕ ਹੱਲ ਹੁਣ ਕਿਤੇ ਆ ਕੇ ਸਾਹਮਣੇ ਆਉਣੇ ਆਰੰਭ ਹੋਏ ਹਨ। ਪਰਾਲੀ ਨਾਲ ਨਜਿੱਠਣ ਲਈ ਮਸ਼ੀਨਾਂ ਦੀ ਗਿਣਤੀ ਥੋੜ੍ਹੀ ਹੈ। ਨਾਲੇ ਕਿਸਾਨਾਂ ਨੂੰ ਇਨ੍ਹਾਂ ਨੂੰ ਵਰਤਣ ਦੀ ਆਦਤ ਅਜੇ ਪੈਣੀ ਹੈ। ਇਸ ਮਾਮਲੇ 'ਚ ਵੱਡਾ ਪੱਖ ਪੈਸੇ-ਧੇਲੇ ਦਾ ਵੀ ਹੈ। ਮੁੱਖ ਨੁਕਤਾ ਇਹ ਵੀ ਹੈ ਕਿ ਸਭ ਮੁੱਖ ਕਿਸਾਨ ਯੂਨੀਅਨਾਂ ਪਰਾਲੀ ਸਾੜਨ ਵਾਲੇ ਕਿਸਾਨਾਂ ਦੇ ਹੱਕ 'ਚ ਖੜ੍ਹੀਆਂ ਹਨ।

ਹੁਣ ਵੱਡਾ ਸਵਾਲ ਇਹ ਹੈ ਕਿ ਇੰਨੇ ਸਾਲ ਧੁਆਂਖ ਅਤੇ ਪ੍ਰਦੂਸ਼ਣ ਦੀ ਮਾਰ ਸਹਿਣ ਤੋਂ ਬਾਅਦ ਹੀ ਇਸ ਸਮੱਸਿਆ ਬਾਰੇ ਸਵਾਲਾਂ ਦੀ ਸ਼ੁਰੂਆਤ ਕਿਉਂ ਹੋ ਸਕੀ ਹੈ? ਕਿਉਂਕਿ ਨਾ ਕੇਂਦਰ ਅਤੇ ਨਾ ਹੀ ਸੂਬਾ ਸਰਕਾਰ ਨੇ ਪ੍ਰਦੂਸ਼ਣ ਜਾਂ ਕਿਸਾਨਾਂ ਦੇ ਮਸਲੇ ਨੂੰ ਕਦੀ ਸੰਜੀਦਗੀ ਨਾਲ ਲਿਆ ਹੈ।

ਉਤਰੀ ਭਾਰਤ ਵਿਚ ਝੋਨੇ ਦੀ ਕਾਸ਼ਤ ਵਾਲੇ ਇਲਾਕਿਆਂ ਵਿਚ ਪਰਾਲੀ ਸਾੜਨ ਦਾ ਕੰਮ ਉਦੋਂ ਤੋਂ ਹੀ ਚੱਲ ਰਿਹਾ ਹੈ ਜਦੋਂ ਝੋਨੇ ਦੀ ਲੁਆਈ ਸ਼ੁਰੂ ਹੋਈ ਸੀ ਪਰ ਕਿਸੇ ਨੇ ਕੋਈ ਪਰਵਾਹ ਨਹੀਂ ਕੀਤੀ। ਇਹ ਮਸਲਾ ਮੁੱਖ ਰੂਪ ਵਿਚ ਉਦੋਂ ਉਭਰਿਆ ਜਦੋਂ ਦਿੱਲੀ ਵਿਚ ਪ੍ਰਦੂਸ਼ਣ ਸੀਮਾ ਪਾਰ ਕਰ ਗਿਆ ਅਤੇ ਪਰਾਲੀ ਦੇ ਧੂੰਏਂ ਨਾਲ ਦਿੱਲੀ ਵਾਸੀਆਂ ਦਾ ਸਾਹ ਘੁਟਣਾ ਸ਼ੁਰੂ ਹੋਇਆ।

ਅਗਲਾ ਮਸਲਾ ਖੇਤੀ ਦਾ ਹੈ। ਕੇਂਦਰ ਸਰਕਾਰ ਇਹ ਸਵੀਕਾਰ ਕਰਨੋਂ ਨਾਂਹ ਕਰ ਰਹੀ ਹੈ ਕਿ ਪਰਾਲੀ ਸਾੜਨ ਅਤੇ ਪੰਜਾਬ ਦੀ ਖੇਤੀ ਦੇ ਹੋਰ ਅਹਿਮ ਮੁੱਦਿਆਂ ਦਾ ਹੱਲ ਅੰਤਿਮ ਰੂਪ ਵਿਚ ਝੋਨੇ ਨਾਲ ਜੁੜਿਆ ਹੋਇਆ ਹੈ। ਪੰਜਾਬ 'ਚ ਝੋਨੇ ਦੀ ਸ਼ੁਰੂਆਤ ਮੁਲਕ ਦੇ ਵਿਕਾਸ ਦੇ ਉਸ ਦੌਰ ਵਿਚ ਹੋਈ ਸੀ ਜਦੋਂ ਅਨਾਜ ਦੀ ਸਵੈ-ਨਿਰਭਰਤਾ ਵੱਡਾ ਮਸਲਾ ਸੀ। ਉਸ ਵਕਤ ਧਰਤੀ ਹੇਠਲੇ ਪਾਣੀ ਦੀ ਸਮੱਸਿਆ ਬਾਰੇ ਸੋਚਿਆ ਹੀ ਨਹੀਂ ਸੀ ਗਿਆ। ਹੁਣ ਇਹੀ ਝੋਨਾ ਪੰਜਾਬ ਲਈ ਵਬਾ ਬਣ ਗਿਆ ਹੈ। ਬਦਲਵੀਂ ਖੇਤੀ ਬਾਰੇ ਗੱਲ ਹੁਣ ਕਿਤੇ ਜਾ ਕੇ ਸ਼ੁਰੂ ਹੋਈ ਹੈ। ਮਾਹਿਰਾਂ ਵੱਲੋਂ ਆਪਣੀਆਂ ਰਾਵਾਂ ਦੇਣ ਦੇ ਬਾਵਜੂਦ ਕੇਂਦਰ ਸਰਕਾਰ ਨੇ ਪੰਜਾਬ ਨੂੰ ਇਸ ਮਾਡਲ ਦਾ ਤੋੜ ਮੁਹੱਈਆ ਕਰਵਾਉਣ ਲਈ ਕੁਝ ਵੀ ਨਹੀਂ ਕੀਤਾ ਹੈ। ਹੁਣ ਸ਼ਾਇਦ ਕੇਂਦਰ ਨੂੰ 'ਅੰਨ ਦੇ ਕਟੋਰੇ' ਵਾਲੇ ਇਸ ਖਿੱਤੇ ਦੀ ਓਨੀ ਜ਼ਰੂਰਤ ਨਹੀਂ ਰਹੀ ਹੈ, ਮੁਲਕ ਦੇ ਹੋਰ ਹਿੱਸਿਆਂ ਵਿਚ ਹੁਣ ਖੇਤੀ ਵਿਕਸਿਤ ਜੁ ਹੋ ਗਈ ਹੈ! ਇਸ ਲਈ ਪੰਜਾਬ ਨੂੰ ਬੜੇ ਆਰਾਮ ਨਾਲ ਸੁਣਾ ਦਿੱਤਾ ਗਿਆ ਹੈ ਕਿ ਇਹ ਸੂਬੇ ਦਾ ਮਸਲਾ ਹੈ।

ਦੂਜੇ ਬੰਨੇ, ਪੰਜਾਬ ਦੀਆਂ ਸਾਰੀਆਂ ਪਾਰਟੀਆਂ ਦੀ ਲੀਡਰਸ਼ਿਪ ਨੂੰ ਆਪਣੇ ਹੋਰ ਸੰਕਟਾਂ ਤੋਂ ਹੀ ਸਾਹ ਨਹੀਂ ਆਉਂਦਾ। ਇਨ੍ਹਾਂ ਨੂੰ ਭ੍ਰਿਸ਼ਟਾਚਾਰ ਦੇ ਦੋਸ਼ਾਂ ਅਤੇ ਪਾਰਟੀਆਂ ਅੰਦਰ ਉਠ ਰਹੀਆਂ ਬਗ਼ਾਵਤਾਂ ਨਾਲ ਨਜਿੱਠਣਾ ਪੈ ਰਿਹਾ ਹੈ, ਜਾਂ ਇਨ੍ਹਾਂ ਨੂੰ ਲੋਕਾਂ ਦਾ ਧਿਆਨ ਅਸਲ ਮਸਲਿਆਂ ਤੋਂ ਲਾਂਭੇ ਕਰਨ ਲਈ ਧਾਰਮਿਕ ਝੇੜੇ ਉਭਾਰਨ ਤੋਂ ਹੀ ਵਿਹਲ ਨਹੀਂ ਮਿਲਦੀ। ਕਿਸਾਨਾਂ ਦੇ ਮਸਲਿਆਂ ਬਾਰੇ ਗ਼ੈਰ ਸੰਜੀਦਗੀ ਤਾਂ ਇਸ ਤੱਥ ਤੋਂ ਹੀ ਜ਼ਾਹਿਰ ਹੋ ਜਾਂਦੀ ਹੈ ਕਿ ਪੰਜਾਬ ਕੋਲ ਤਾਂ ਖੇਤੀ ਵਿਭਾਗ ਦਾ ਵੱਖਰਾ ਮੰਤਰੀ ਵੀ ਨਹੀਂ ਹੈ। ਇਹ ਵਿਭਾਗ ਮੁੱਖ ਮੰਤਰੀ ਨੇ ਆਪਣੇ ਕੋਲ ਰੱਖਿਆ ਹੋਇਆ ਹੈ।... ਤੇ ਅਸੀਂ ਪੰਜਾਬ ਨੂੰ ਖੇਤੀ ਵਾਲਾ ਸੂਬਾ ਆਖਦੇ ਹਾਂ! ਸਰਕਾਰ ਨੂੰ ਲੱਗਦਾ ਹੈ ਕਿ ਵਧੇਰੇ ਭਾਅ ਦੀ ਮੰਗ ਕਰਕੇ ਇਸ ਨੇ ਆਪਣਾ ਫਰਜ਼ ਨਿਭਾ ਦਿੱਤਾ ਹੈ। ਉਂਜ, ਉਹ ਵਕਤ ਹੁਣ ਬਹੁਤਾ ਦੂਰ ਨਹੀਂ ਜਦੋਂ ਪਾਣੀ ਦੀ ਥੁੜ੍ਹ ਦਾ ਮਸਲਾ ਪਰਾਲੀ ਸਾੜਨ ਦੇ ਮਸਲੇ ਵਾਲਾ ਰੂਪ ਅਖ਼ਤਿਆਰ ਕਰ ਜਾਵੇਗਾ। ਵਕਤ ਭੱਜਿਆ ਜਾ ਰਿਹਾ ਹੈ।

# ਰਾਫੇਲ ਡੀਲ: ਮੋਦੀ ਸਰਕਾਰ ਦੀ ਨੀਅਤ 'ਤੇ ਸਵਾਲ

ਅਜੋਕੇ ਦੌਰ 'ਚ ਜੋ ਦੇਸ਼ ਟੈਕਨਾਲੋਜੀ ਦੇ ਖੇਤਰ 'ਚ ਅੱਗੇ ਹਨ, ਉਹੋ ਸੰਸਾਰ ਦੇ ਦੂਜੇ ਦੇਸ਼ਾਂ ਦੀ ਸਿੱਧੇ ਜਾਂ ਅਸਿੱਧੇ ਰੂਪ ਵਿਚ ਅਗਵਾਈ ਕਰਦੇ ਹਨ। ਦੁਨੀਆਂ ਦਾ ਹਰ ਦੇਸ਼ ਹੀ ਇਹ ਚਾਹੁੰਦਾ ਹੈ ਕਿ ਉਸ ਦੀ ਸੈਨਿਕ ਸ਼ਕਤੀ ਇਸ ਕਦਰ ਪੁਖਤਾ ਹੋਵੇ ਕਿ ਕੋਈ ਵੀ ਦੁਸ਼ਮਣ ਉਸ ਦੀ ਸੀਮਾਂ ਵੱਲ ਮਾੜੀ ਨਜ਼ਰ ਨਾਲ ਨਾ ਵੇਖ ਸਕੇ। ਵਿਸ਼ੇਸ਼ ਕਰ ਜਿਨ੍ਹਾਂ ਗੁਆਂਢੀ ਦੇਸ਼ਾਂ ਵਿਚਾਲੇ ਸਰਹੱਦੀ ਖੇਤਰ

ਮੁਹੰਮਦ ਅੱਬਾਸ ਧਾਲੀਵਾਲ
ਫੋਨ: 91-98552-59650

ਨੂੰ ਲੈ ਕੇ ਤਣਾਓਪੂਰਨ ਹਾਲਾਤ ਬਣੇ ਰਹਿੰਦੇ ਹਨ, ਉਨ੍ਹਾਂ ਨੂੰ ਸਰਹੱਦਾਂ ਦੀ ਰਾਖੀ ਲਈ ਵਿਸ਼ੇਸ਼ ਉਪਰਾਲੇ ਕਰਨੇ ਪੈਂਦੇ ਹਨ। ਸੈਨਿਕ ਸ਼ਕਤੀ ਵਧਾਉਣ ਦਾ ਦੂਜਾ ਉਦੇਸ਼ ਗੁਆਂਢੀ ਦੇਸ਼ਾਂ 'ਤੇ ਦਬਦਬਾ ਕਾਇਮ ਰੱਖਣਾ ਹੁੰਦਾ ਹੈ, ਜਿਸ ਕਾਰਨ ਨਾ ਚਾਹੁੰਦਿਆਂ ਵੀ ਵਿਕਸਿਤ ਦੇਸ਼ਾਂ ਤੋਂ ਨਵੀਂ ਟੈਕਨਾਲੋਜੀ ਵਾਲੇ ਹਥਿਆਰ ਖਰੀਦਣਾ ਵਿਕਾਸਸ਼ੀਲ ਦੇਸ਼ਾਂ ਦੀ ਮਜਬੂਰੀ ਬਣ ਜਾਂਦੀ ਹੈ।

ਇਸੇ ਸੰਦਰਭ 'ਚ ਸੁਰੱਖਿਆ ਪ੍ਰਣਾਲੀ ਮਜ਼ਬੂਤ ਕਰਨ ਲਈ ਦੇਸ਼ਾਂ ਦਰਮਿਆਨ ਹਥਿਆਰਾਂ ਦੇ ਦਰਾਮਦ-ਬਰਾਮਦ ਲਈ ਸਮਝੌਤੇ ਅਮਲ ਵਿਚ ਆਉਂਦੇ ਰਹਿੰਦੇ ਹਨ। ਵਿਕਾਸਸ਼ੀਲ ਦੇਸ਼ਾਂ ਦੀ ਸ਼੍ਰੇਣੀ ਵਿਚ ਭਾਰਤ ਵੀ ਇੱਕ ਅਜਿਹਾ ਹੀ ਦੇਸ਼ ਹੈ, ਜਿਸ ਨੂੰ ਸਰਹੱਦਾਂ ਦੀ ਰਾਖੀ ਯਕੀਨੀ ਬਣਾਉਣ ਅਤੇ ਫੌਜ ਅਪਡੇਟ ਤੇ ਮਜ਼ਬੂਤ ਬਣਾਉਣ ਲਈ ਨਵੀਂ ਟੈਕਨਾਲੋਜੀ ਵਾਲੇ ਹਥਿਆਰਾਂ ਨਾਲ ਲੈਸ ਕਰਨ ਦੀ ਜ਼ਰੂਰਤ ਪੇਸ਼ ਆਉਂਦੀ ਹੈ। ਜਿਸ ਦੇ ਚਲਦਿਆਂ ਵੱਖ ਵੱਖ ਸਰਕਾਰਾਂ ਨਵੀਂ ਟੈਕਨਾਲੋਜੀ ਵਾਲੇ ਹਥਿਆਰਾਂ ਦੀ ਖਰੀਦਦਾਰੀ ਲਈ ਸਮੇਂ ਸਮੇਂ ਸਮਝੌਤੇ ਕਰਦੀਆਂ ਰਹਿੰਦੀਆਂ ਹਨ। ਜੰਗ ਸਬੰਧੀ ਤਮਾਮ ਸਾਜ਼-ਸਾਮਾਨ ਦੀ ਖਰੀਦਦਾਰੀ ਕਰਦੇ ਸਮੇਂ ਉਨ੍ਹਾਂ ਦੀ ਕੁਆਲਿਟੀ ਨਾਲ ਕਿਸੇ ਵੀ ਤਰ੍ਹਾਂ ਦਾ ਸਮਝੌਤਾ ਨਹੀਂ ਕੀਤਾ ਜਾਂਦਾ। ਜੇ ਕਿਤੇ ਕੋਈ ਅਜਿਹਾ ਕਰਦਾ ਵੀ ਹੈ ਤਾਂ ਉਹ ਦੇਸ਼ ਦੀ ਸੁਰੱਖਿਆ ਨਾਲ ਖਿਲਵਾੜ ਕਰਨ ਦੇ ਬਰਾਬਰ ਹੈ।

ਦੇਸ਼ ਦੀ ਸੁਰੱਖਿਆ ਲਈ ਹਥਿਆਰ, ਜੰਗੀ ਜਹਾਜ਼ ਆਦਿ ਸਾਜ਼ੋ-ਸਾਮਾਨ ਦੀ ਸਾਰੀ ਖਰੀਦਦਾਰੀ ਜਾਣਕਾਰੀ ਅਤੇ ਮਾਹਿਰਾਨਾ ਸਲਾਹੀਅਤ ਰੱਖਣ ਵਾਲੀਆਂ ਕੰਪਨੀਆਂ ਰਾਹੀਂ ਹੀ ਕੀਤੀ ਜਾਣੀ ਚਾਹੀਦੀ ਹੈ। ਜੇ ਉਕਤ ਸਾਜ਼ੋ-ਸਾਮਾਨ ਦੀ ਖਰੀਦਦਾਰੀ ਕਰਦੇ ਸਮੇਂ ਨਿਪੁੰਨ ਤੇ ਮਾਹਿਰ ਸੰਸਥਾਵਾਂ ਨੂੰ ਅੱਖੋਂ ਪਰੋਖੇ ਕੀਤਾ ਜਾਂਦਾ ਹੈ ਤਾਂ ਸਮਝੋ ਅਸੀਂ ਆਪਣੇ ਜਵਾਨਾਂ ਨਾਲ ਵਿਸ਼ਵਾਸਘਾਤ ਕਰ ਰਹੇ ਹਾਂ ਜਾਂ ਫਿਰ ਇੰਜ ਸਮਝੋ, ਜਾਣੇ-ਅਣਜਾਣੇ ਦੇਸ਼ ਦੀ ਸੁਰੱਖਿਆ ਪ੍ਰਣਾਲੀ ਨਾਲ ਖਿਲਵਾੜ ਕਰ ਰਹੇ ਹਾਂ।

ਇਹ ਭਾਰਤ ਦਾ ਦੁਖਾਂਤ ਹੈ ਕਿ ਜਦੋਂ ਵੀ ਦੇਸ਼ ਦੀ ਸੁਰੱਖਿਆ ਲਈ ਹਥਿਆਰ ਖਰੀਦਣ ਆਦਿ ਦਾ ਸਮਝੌਤਾ ਹੁੰਦਾ ਹੈ ਤਾਂ ਉਹ ਲਾਜ਼ਮੀ ਵਿਵਾਦਾਂ 'ਚ ਘਿਰ ਜਾਂਦਾ ਹੈ। ਇਸ ਸੱਚਾਈ ਤੋਂ ਵੀ ਮੁਨਕਰਿਆ ਨਹੀਂ ਜਾ ਸਕਦਾ ਕਿ ਧੂੰਆਂ ਉਥੋਂ ਹੀ ਨਿਕਲਦਾ ਹੈ, ਜਿਥੇ ਅੱਗ ਦੀ ਕੋਈ ਚੰਗਿਆੜੀ ਮੌਜੂਦ ਹੋਵੇ। ਸ਼ਾਇਰ ਗਾਲਿਬ ਅਨੁਸਾਰ:

ਬੇ-ਖੁਦੀ ਬੇ-ਸਬਬ ਨਹੀਂ ਗਾਲਿਬ
ਕੁਛ ਤੋ ਹੈ ਜਿਸ ਕੀ ਪਰਦਾਦਾਰੀ ਹੈ।



ਕੋਈ ਤਿੰਨ ਦਹਾਕੇ ਪਹਿਲਾਂ ਬੋਫੋਰਜ਼ ਤੋਪਾਂ ਦੀ ਦਲਾਲੀ ਦਾ ਮਾਮਲਾ ਸੁਰਖੀਆਂ ਵਿਚ ਆਇਆ ਸੀ, ਪਿਛੋਂ ਤਾਬੂਤ ਘੋਟਾਲਾ ਸਾਹਮਣੇ ਆਇਆ। ਉਨ੍ਹਾਂ ਮਾਮਲਿਆਂ ਨੂੰ ਸਮੇਂ ਦੀਆਂ ਵਿਰੋਧੀ ਪਾਰਟੀਆਂ ਨੇ ਖੂਬ ਉਛਾਲਿਆ ਤੇ ਲਾਹਾ ਲੈਂਦਿਆਂ ਮੌਕੇ ਦੀਆਂ ਸਰਕਾਰਾਂ ਨੂੰ ਸੱਤਾ ਦੀ ਕੁਰਸੀ ਤੋਂ ਨਾ ਸਿਰਫ ਲਾਹਿਆ ਸਗੋਂ ਸੱਤਾ ਦੀ ਵਾਗਡੋਰ ਖੁਦ ਸੰਭਾਲਣ ਵਿਚ ਵੀ ਕਾਮਯਾਬ ਹੋਈਆਂ। ਅਫਸੋਸ! ਉਕਤ ਗੰਭੀਰ ਮਾਮਲਿਆਂ ਦੀਆਂ ਦਹਾਕਿਆਂ ਤੱਕ ਜਾਂਚ-ਪੜਤਾਲਾਂ ਚੱਲੀਆਂ ਪਰ ਕਿਸੇ ਇੱਕ ਵਿਅਕਤੀ ਨੂੰ ਵੀ ਸਜ਼ਾ ਨਾ ਹੋ ਸਕੀ।

ਹੁਣ ਰਾਫੇਲ ਡੀਲ ਘੁਟਾਲੇ ਨੇ ਸਿਆਸੀ ਗਲਿਆਰਿਆਂ 'ਚ ਤੂਫਾਨ ਖੜ੍ਹਾ ਕੀਤਾ ਪਿਆ ਹੈ। ਹਾਲਾਤ ਇਹ ਹਨ ਕਿ ਜੋ ਮੋਦੀ ਸਰਕਾਰ ਹੁਣ ਤੱਕ ਯੂ. ਪੀ. ਏ. ਸਰਕਾਰ ਨੂੰ ਭ੍ਰਿਸ਼ਟਾਚਾਰੀ ਕਹਿੰਦੀ ਨਹੀਂ ਸੀ ਥੱਕਦੀ, ਅੱਜ ਰਾਫੇਲ ਹਵਾਈ ਜਹਾਜ਼ਾਂ ਦੀ ਡੀਲ ਦੇ ਚਲਦਿਆਂ ਉਸੇ ਮੋਦੀ ਸਰਕਾਰ ਦੀ ਤੋਏ ਤੋਏ ਹੋਈ ਪਈ ਹੈ। ਹੁਣ ਤੱਕ ਆਪਣੇ ਵਿਰੋਧੀਆਂ 'ਤੇ ਹਮਲਾਵਰ ਤੇਵਰ ਰੱਖਣ ਵਾਲੀ ਮੋਦੀ ਸਰਕਾਰ ਰਾਫੇਲ ਡੀਲ ਮਾਮਲੇ 'ਤੇ ਵਿਰੋਧੀ ਧਿਰ ਦੇ ਲਗਾਤਾਰ ਹੁੰਦੇ ਹਮਲਿਆਂ ਕਾਰਨ ਸ਼ਾਇਦ ਪਹਿਲੀ ਵਾਰ ਇੱਕ ਤਰ੍ਹਾਂ ਰੱਖਿਆਤਮਕ ਸਥਿਤੀ ਵਿਚ ਖੜ੍ਹੀ ਵਿਖਾਈ ਦਿੰਦੀ ਹੈ।

ਜ਼ਿਕਰਯੋਗ ਹੈ ਕਿ ਸਾਲ 2010 ਵਿਚ ਯੂ. ਪੀ. ਏ. ਸਰਕਾਰ ਨੇ ਫਰਾਂਸ ਤੋਂ ਰਾਫੇਲ ਲੜਾਕੂ ਹਵਾਈ ਜਹਾਜ਼ ਖਰੀਦਣ ਦੀ ਪ੍ਰਕ੍ਰਿਆ ਸ਼ੁਰੂ ਕੀਤੀ ਸੀ। ਇਸ ਪਿਛੋਂ 2012 ਤੋਂ 2015 ਤੱਕ ਦੋਹਾਂ ਦੇਸ਼ਾਂ ਵਿਚਾਲੇ ਇਸ ਡੀਲ ਨੂੰ ਲੈ ਕੇ ਗੱਲਬਾਤ ਚੱਲਦੀ ਰਹੀ। ਇਸੇ ਦੌਰਾਨ 2014 ਵਿਚ ਬਣੀ ਮੋਦੀ ਸਰਕਾਰ ਨੇ ਸਤੰਬਰ 2016 ਵਿਚ ਫਰਾਂਸ ਨਾਲ 36 ਰਾਫੇਲ ਲੜਾਕੂ ਹਵਾਈ ਜਹਾਜ਼ਾਂ ਲਈ ਕਰੀਬ 58 ਹਜ਼ਾਰ ਕਰੋੜ ਰੁਪਏ ਦੇ ਸੌਦੇ 'ਤੇ ਦਸਤਖਤ ਕੀਤੇ। ਜਦੋਂ ਉਕਤ ਡੀਲ ਦੇ ਸੰਦਰਭ 'ਚ ਦੋਹਾਂ ਸਰਕਾਰ ਵਲੋਂ ਦਸਤਖਤ ਕੀਤੇ ਗਏ ਤਾਂ ਕਾਂਗਰਸ ਪਾਰਟੀ ਨੇ ਮੋਦੀ ਸਰਕਾਰ 'ਤੇ ਗੈਰ ਤਜ਼ਰਬੇਕਾਰ ਕੰਪਨੀ ਰਿਲਾਇੰਸ ਡਿਫੈਂਸ ਨੂੰ ਡੀਲ ਵਿਚ ਹਿੱਸੇਦਾਰ ਬਣਾਉਣ ਪਿਛੇ ਅਹਿਮ ਭੂਮਿਕਾ ਨਿਭਾਉਣ ਦਾ ਦੋਸ਼ ਲਾਇਆ ਸੀ। ਕਾਂਗਰਸ ਨੇ ਇਹ ਵੀ ਖੁਲਾਸਾ ਕੀਤਾ ਸੀ ਕਿ ਯੂ. ਪੀ. ਏ. ਸਰਕਾਰ ਦੇ ਕਾਰਜਕਾਲ ਸਮੇਂ ਇੱਕ ਰਾਫੇਲ ਦੀ ਕੀਮਤ 526 ਕਰੋੜ ਰੁਪਏ ਸੀ ਪਰ ਮੁੜ ਭਾਜਪਾ ਸਰਕਾਰ ਵੇਲੇ ਇੱਕ ਰਫੇਲ ਦੀ ਕੀਮਤ 1670 ਕਰੋੜ ਰੁਪਏ ਕਿਵੇਂ ਹੋ ਗਈ? ਯਕੀਨਨ ਉਕਤ ਦੋਸ਼ ਕਾਫੀ ਗੰਭੀਰ ਸਨ, ਜਿਨ੍ਹਾਂ ਦਾ ਉਸ ਸਮੇਂ ਸਰਕਾਰੀ ਹਲਕਿਆਂ ਵਲੋਂ ਕੋਈ ਤਸੱਲੀਬਖਸ਼ ਜਵਾਬ ਨਹੀਂ ਸੀ ਦਿੱਤਾ ਗਿਆ।

ਜ਼ਿਕਰਯੋਗ ਹੈ ਕਿ ਇਸ ਗੰਭੀਰ ਮਾਮਲੇ ਨੂੰ ਅਵਿਸ਼ਵਾਸ ਪ੍ਰਸਤਾਵ ਮਤੇ ਤੇ ਬਹਿਸ ਦੌਰਾਨ ਲੋਕ ਸਭਾ ਵਿਚ ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਨੇ ਇੱਕ ਵਾਰ ਫਿਰ ਉਠਾਇਆ ਸੀ ਪਰ ਉਸ ਸਮੇਂ ਇਹ ਸਾਰਾ ਮਾਮਲਾ ਰਾਹੁਲ ਗਾਂਧੀ ਵਲੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਪਾਈ ਜੱਫੀ ਦੀ ਭੇਟ ਚੜ੍ਹ ਗਿਆ ਜਾਂ ਇੰਜ ਕਹਿ ਲਵੋ ਕਿ ਮੀਡੀਆ ਨੇ ਜਾਣ-ਬੁੱਝ ਕੇ ਰਾਹੁਲ ਦੀ ਜੱਫੀ ਨੂੰ ਮੁੱਦਾ ਬਣਾ ਕੇ ਇਸ ਗੰਭੀਰ ਮੁੱਦੇ ਨੂੰ ਦਬਾਉਣ ਦੀ ਇੱਕ ਸਫਲ ਕੋਸ਼ਿਸ਼ ਕੀਤੀ ਸੀ।

ਦੇਸ਼ ਦੀਆਂ ਸਿਆਸੀ ਪਾਰਟੀਆਂ ਦੀ ਇਹ ਧਾਰਨਾ ਬਣ ਚੁਕੀ ਹੈ ਕਿ ਕਿਸੇ ਗੰਭੀਰ ਮੁੱਦੇ ਨੂੰ ਦਬਾਉਣ ਲਈ ਕੋਈ ਦੂਜਾ ਮਸਲਾ ਖੜ੍ਹਾ ਕਰ ਦਿੱਤਾ ਜਾਂਦਾ ਹੈ ਤਾਂ ਕਿ ਅਸਲ ਮੁੱਦੇ ਤੋਂ ਲੋਕਾਂ ਦਾ ਧਿਆਨ ਭਟਕਾਇਆ ਜਾ ਸਕੇ। ਅਸਲ ਮੁੱਦੇ ਤੋਂ ਜਨਤਾ ਨੂੰ ਗੁੰਮਰਾਹ ਕਰਨ ਲਈ ਕਿਸੇ ਇੱਕ ਵਿਸ਼ੇਸ਼ ਧਰਮ ਦੇ ਲੋਕਾਂ ਖਿਲਾਫ ਕੋਈ ਫਰਜ਼ੀ ਬਿਆਨ ਦਾਗ ਦਿੱਤਾ ਜਾਂਦਾ ਹੈ ਤੇ ਨਤੀਜੇ ਵਜੋਂ ਦੇਸ਼ ਦੇ ਲੋਕ ਉਸੇ ਬਿਆਨ ਦੇ ਹੱਕ ਤੇ ਵਿਰੋਧ ਵਿਚ ਆਪਣੇ ਸਪਸ਼ਟੀਕਰਨ ਦੇਣ 'ਚ ਹੀ ਉਲਝ ਕੇ ਰਹਿ ਜਾਂਦੇ ਹਨ। ਸੌੜੀ ਰਾਜਨੀਤਕ ਸੋਚ ਰੱਖਣ ਵਾਲੇ ਅਖੌਤੀ ਆਗੂ ਆਪਣੀ ਖੇਡ ਖੇਡ ਜਾਂਦੇ ਹਨ। ਵਧੇਰੇ ਲੋਕ ਆਪਣੀਆਂ ਰੋਜ਼ਮਰ੍ਹਾ ਦੀਆਂ ਲੋੜਾਂ ਦੀ ਪੂਰਤੀ ਲਈ ਇਸ ਕਦਰ ਲੀਨ ਹਨ ਕਿ ਉਨ੍ਹਾਂ ਪਾਸ ਦੇਸ਼ ਨੂੰ ਦਰਪੇਸ਼ ਗੰਭੀਰ ਮਾਮਲਿਆਂ 'ਤੇ ਸੋਚਣ ਦਾ ਵਕਤ ਹੀ ਨਹੀਂ ਹੈ।

ਫਰਾਂਸ ਦੇ ਸਾਬਕਾ ਰਾਸ਼ਟਰਪਤੀ ਫਰਾਂਸਵਾ ਔਲਾਂਦ ਦੇ ਫਰਾਂਸ ਦੇ ਇੱਕ ਮੈਗਜ਼ੀਨ 'ਮੀਡੀਆ ਪਾਰਟ' ਨੂੰ ਦਿੱਤੇ ਇੰਟਰਵਿਊ ਦੌਰਾਨ ਰਾਫੇਲ ਡੀਲ ਉਤੇ ਦਿੱਤੇ ਇਕ ਵਿਵਾਦਤ ਬਿਆਨ ਨੇ ਭਾਰਤੀ ਰਾਜਨੀਤੀ ਵਿਚ ਭੂਚਾਲ ਲਿਆ ਦਿੱਤਾ ਹੈ। ਔਲਾਂਦ ਨੇ ਰਾਫੇਲ ਡੀਲ ਮਾਮਲੇ ਵਿਚ ਖੁਲਾਸਾ ਕਰਦਿਆਂ ਕਿਹਾ ਕਿ ਇਸ ਸੌਦੇ ਵਿਚ ਲੋਕਲ ਪਾਰਟਨਰ ਦੀ ਚੋਣ ਦਾ ਪ੍ਰਸਤਾਵ ਭਾਰਤ ਸਰਕਾਰ ਵੱਲੋਂ ਦਿੱਤਾ ਗਿਆ ਸੀ। ਇੰਟਰਵਿਊ ਦੌਰਾਨ ਔਲਾਂਦ ਤੋਂ ਜਦੋਂ ਪੁੱਛਿਆ ਗਿਆ ਕਿ ਰਾਫੇਲ ਲੜਾਕੂ ਜਹਾਜ਼ਾਂ ਦੇ ਸੌਦੇ ਵਿਚ ਅਨਿਲ ਅੰਬਾਨੀ ਦੀ ਰਿਲਾਇੰਸ ਕੰਪਨੀ ਨੂੰ ਭਾਈਵਾਲ ਕਿਸ ਨੇ ਬਣਾਇਆ ਸੀ? ਔਲਾਂਦ ਦਾ ਜਵਾਬ ਸੀ, "ਰਿਲਾਇੰਸ ਦੇ ਨਾਂ ਦਾ ਪ੍ਰਸਤਾਵ ਭਾਰਤ ਸਰਕਾਰ ਦਾ ਸੀ ਅਤੇ ਉਸ ਕੋਲ ਉਸ ਕੰਪਨੀ ਦਾ ਨਾਂ ਸ਼ਾਮਲ ਕਰਨ ਤੋਂ ਇਲਾਵਾ ਹੋਰ ਕੋਈ ਚਾਰਾ ਨਹੀਂ ਸੀ।"

ਖਬਰ ਏਜੰਸੀ ਪੀ. ਟੀ. ਆਈ. ਅਨੁਸਾਰ ਕਾਂਗਰਸ ਨੇ ਦੋਸ਼ ਲਾਇਆ ਕਿ ਭਾਰਤ ਸਰਕਾਰ ਨੇ ਦੇਸ਼ ਦੀ ਇੱਕੋ-ਇੱਕ ਹਵਾਈ ਜਹਾਜ਼ ਬਣਾਉਣ ਵਾਲੀ ਕੰਪਨੀ ਹਿੰਦੁਸਤਾਨ ਐਰੋਨੋਟਿਕਸ ਲਿਮੀਟਿਡ ਨੂੰ ਨਜ਼ਰਅੰਦਾਜ਼ ਕਰਕੇ ਰਿਲਾਇੰਸ ਡਿਫੈਂਸ ਨੂੰ ਡੀਲ ਪੂਰੀ ਕਰਨ ਵਿਚ ਹਿੱਸੇਦਾਰ ਬਣਾਇਆ, ਜਦਕਿ ਰਿਲਾਇੰਸ ਡਿਫੈਂਸ ਨੂੰ ਐਰੋਸਪੇਸ ਸੈਕਟਰ ਦਾ ਕੋਈ ਵੀ ਤਜਰਬਾ ਨਹੀਂ ਹੈ। ਜੇ ਅਜਿਹਾ ਹੋਇਆ ਹੈ ਤਾਂ ਯਕੀਨਨ ਇਹ ਇੱਕ ਗੰਭੀਰ ਮੁੱਦਾ ਹੈ ਜਿਸ ਦਾ ਸਿੱਧਾ ਸਬੰਧ ਦੇਸ਼ ਦੀ ਸੁਰੱਖਿਆ ਵਿਵਸਥਾ ਨਾਲ ਹੈ।

ਉਧਰ ਪ੍ਰਸਿੱਧ ਐਂਕਰ ਤੇ ਪੱਤਰਕਾਰ ਰਵੀਸ਼ ਕੁਮਾਰ ਨੇ ਆਪਣੇ ਬਲਾਗ ਵਿਚ ਲਿਖਿਆ ਹੈ ਕਿ ਪ੍ਰਧਾਨ ਮੰਤਰੀ ਦੇ ਸਫਰ ਦੌਰਾਨ ਐਨ. ਡੀ. ਟੀ. ਵੀ. ਦੇ ਪੈਰਿਸ ਸਥਿਤ ਇਕ ਪੱਤਰਕਾਰ ਨੇ ਭਾਰਤ ਸਰਕਾਰ ਪਾਸੋਂ ਉਨ੍ਹਾਂ ਸਨਅਤਕਾਰਾਂ ਦੀ ਸੂਚੀ ਮੰਗੀ ਸੀ ਜੋ ਇੱਕ ਈਵੈਂਟ ਵਿਚ ਬੋਲਣ ਵਾਲੇ ਸਨ ਪਰ ਹਕੂਮਤ ਨੇ ਲਿਸਟ ਦੇਣ ਵਿਚ ਆਨਾ-ਕਾਨੀ ਕੀਤੀ। ਜਦੋਂ ਮਿਲੀ ਤਾਂ ਉਸ ਵਿਚੋਂ ਗੌਤਮ ਅਡਾਨੀ ਦਾ ਨਾਂ ਗਾਇਬ ਸੀ ਅਤੇ ਅਨਿਲ ਅੰਬਾਨੀ ਦਾ ਨਾਂ ਹੇਠਲੀ ਲਾਈਨ ਵਿਚ ਸੀ। ਨੂਪੁਰ ਤਿਵਾੜੀ ਨੂੰ ਫਰਾਂਸ ਸਰਕਾਰ ਤੋਂ ਜੋ ਲਿਸਟ ਮਿਲੀ, ਉਸ ਵਿਚ ਅਨਿਲ ਅੰਬਾਨੀ ਅਤੇ ਗੌਤਮ ਅਡਾਨੀ ਦਾ ਨਾਂ ਸਭ ਤੋਂ ਉਤਲੀ ਲਾਈਨ ਵਿਚ ਸੀ।

ਇਸ ਸਾਰੇ ਘਟਨਾਕ੍ਰਮ ਬਾਰੇ ਸੀਨੀਅਰ ਪੱਤਰਕਾਰ ਰਾਧਿਕਾ ਰਾਮਾਸ਼ੇਸ਼ਨ ਦਾ ਕਹਿਣਾ ਹੈ, "ਅਜੇ ਤੱਕ ਮੋਦੀ ਸਰਕਾਰ ਦੀ ਇਹ ਖਾਸੀਅਤ ਰਹੀ ਸੀ ਕਿ ਉਨ੍ਹਾਂ ਦੇ ਕਾਰਜਕਾਲ 'ਤੇ ਕਿਸੇ ਤਰ੍ਹਾਂ ਦੇ ਭ੍ਰਿਸ਼ਟਾਚਾਰ ਦੇ ਦੋਸ਼ ਨਹੀਂ ਸਨ ਲੱਗੇ, ਪਰ ਹੁਣ ਕਾਂਗਰਸ ਪਾਰਟੀ ਦੇ ਹੱਥ ਰਾਫੇਲ ਸੌਦੇ ਵਰਗਾ ਮੁੱਦਾ ਲੱਗ ਗਿਆ ਹੈ।"

ਇੱਕ ਉਰਦੂ ਕਵੀ ਨੇ ਖੂਬ ਕਿਹਾ ਹੈ:

ਦਾਮਨ ਅਗਰ ਹੈ ਸਾਫ
ਤੋ ਇਤਨਾ ਅਹਿਤਿਆਤ ਰੱਖ।
ਇਸ ਸੇ ਜ਼ਰਾ ਸਾ ਦਾਗ
ਛੁਪਾਇਆ ਨਾ ਜਾਏਗਾ।

ਰੱਖਿਆ ਮਾਮਲਿਆਂ ਦੇ ਮਾਹਰ ਅਤੇ ਪਾਲਿਸੀ ਸਟੱਡੀਜ਼ ਦੇ ਡਾਇਰੈਕਟਰ ਉਦੈ ਭਾਸਕਰ ਕਹਿੰਦੇ ਹਨ, "ਸਿਆਸਤ 'ਚ ਧਾਰਨਾਵਾਂ ਦੀ ਖੇਡ ਚਲਦੀ ਹੈ, ਪਿਛਲੇ ਲੰਬੇ ਸਮੇਂ ਤੋਂ ਰਾਫੇਲ ਸੌਦੇ 'ਤੇ ਲਗਾਤਾਰ ਸਵਾਲ ਉਠ ਰਹੇ ਹਨ। ਹੁਣ ਖੁਦ ਫਰਾਂਸ ਦੇ ਸਾਬਕਾ ਰਾਸ਼ਟਰਪਤੀ ਦਾ ਇਹ ਬਿਆਨ ਆਇਆ ਹੈ। ਇਹ ਧਾਰਨਾਵਾਂ ਮੋਦੀ ਸਰਕਾਰ ਲਈ ਮੁਸ਼ਕਿਲਾਂ ਖੜ੍ਹੀਆਂ ਕਰ ਰਹੀਆਂ ਹਨ। ਭਾਵੇਂ ਅੱਗੇ ਚੱਲ ਕੇ ਸੱਚ ਜੋ ਵੀ ਨਿਕਲੇ ਪਰ ਇਸ ਪੂਰੇ ਮਾਮਲੇ ਨੇ ਮੋਦੀ ਸਰਕਾਰ ਪ੍ਰਤੀ ਇੱਕ ਤਰ੍ਹਾਂ ਦੀ ਧਾਰਨਾ ਤਾਂ ਬਣਾ ਹੀ ਦਿੱਤੀ ਹੈ।"

# ਔਰਤਾਂ ਨਾਲ ਵਧ ਰਹੇ ਅਪਰਾਧ: ਸਰਕਾਰ ਤੇ ਸਮਾਜ ਦਾ ਰੋਲ

ਹਰਿਆਣਾ ਦੇ ਰੇਵਾੜੀ ਜ਼ਿਲੇ ਦੇ ਪਿੰਡ ਨਵਾਂਗਾਓ ਦੀ 19 ਸਾਲ ਦੀ ਲੜਕੀ ਨਾਲ ਹੋਏ ਸਮੂਹਿਕ ਬਲਾਤਕਾਰ ਨੇ ਦੇਸ਼ ਵਿਚ ਔਰਤਾਂ ਦੀ ਸੁਰੱਖਿਆ ਉਤੇ ਇੱਕ ਵਾਰ ਫਿਰ ਪ੍ਰਸ਼ਨ ਚਿੰਨ੍ਹ ਲਾ ਦਿੱਤਾ ਹੈ। ਇਹ ਲੜਕੀ ਰਾਜ ਵਿਚ ਸੀ. ਬੀ. ਐਸ. ਈ. ਦੀ ਪ੍ਰੀਖਿਆ ਵਿਚ ਅੱਵਲ ਆਈ ਸੀ ਅਤੇ ਇਸ ਦਾ ਰਾਸ਼ਟਰਪਤੀ ਨੇ ਸਨਮਾਨ ਵੀ ਕੀਤਾ ਸੀ। ਇਸ ਸਾਲ 12 ਸਤੰਬਰ ਨੂੰ ਜਦੋਂ ਇਹ ਲੜਕੀ ਕੋਚਿੰਗ ਕਲਾਸ ਲਾਉਣ ਲਈ ਕਨੀਨਾ ਬੱਸ ਸਟੈਂਡ ਉਤੇ ਬੱਸ ਲੈਣ ਲਈ ਖੜ੍ਹੀ ਸੀ ਤਾਂ ਉਸ ਦੇ ਪਿੰਡ ਦੇ ਦੋ ਲੜਕਿਆਂ-ਪੰਕਜ ਅਤੇ ਮਨੀਸ਼ ਨੇ

ਡਾ. ਗੁਰਿੰਦਰ ਕੌਰ*
ਫੋਨ: 424-362-8759

ਉਸ ਨੂੰ ਕੋਈ ਨਸ਼ੀਲੀ ਚੀਜ਼ ਪਿਲਾ ਕੇ ਅਗਵਾ ਕਰ ਲਿਆ ਸੀ। ਉਸ ਪਿਛੋਂ ਉਹ ਉਸ ਨੂੰ ਬੇਹੋਸ਼ੀ ਦੀ ਹਾਲਤ ਵਿਚ ਕਿਸੇ ਟਿਊਬਵੈਲ ਦੇ ਕੋਠੇ ਵਿਚ ਲੈ ਗਏ, ਪੁਲਿਸ ਅਨੁਸਾਰ ਜਿਥੇ 12 ਜਣਿਆਂ ਨੇ ਉਸ ਨਾਲ ਬਲਾਤਕਾਰ ਕੀਤਾ। ਇਸ ਘਿਨੌਣੀ ਵਾਰਦਾਤ ਪਿਛੋਂ ਦੋਸ਼ੀਆਂ ਨੇ ਲੜਕੀ ਨੂੰ ਬੇਹੋਸ਼ੀ ਦੀ ਹਾਲਤ ਵਿਚ ਫਿਰ ਉਸੇ ਬੱਸ ਸਟੈਂਡ ਉਤੇ ਸੁੱਟ ਦਿੱਤਾ, ਜਿਥੋਂ ਉਸ ਨੂੰ ਅਗਵਾ ਕੀਤਾ ਸੀ।

ਬੇਸ਼ਰਮੀ ਅਤੇ ਗੁੰਡਾਗਰਦੀ ਦੀ ਹੱਦ ਤਾਂ ਉਦੋਂ ਹੋ ਗਈ, ਜਦੋਂ ਇਨ੍ਹਾਂ ਵਿਚੋਂ ਇੱਕ ਲੜਕੇ (ਮਨੀਸ਼) ਨੇ ਲੜਕੀ ਦੇ ਪਿਤਾ ਨੂੰ ਫੋਨ ਕਰ ਕੇ ਦੱਸਿਆ ਕਿ ਤੁਹਾਡੀ ਲੜਕੀ ਨੀਮ ਬੇਹੋਸ਼ੀ ਦੀ ਹਾਲਤ ਵਿਚ ਕਨੀਨਾ ਬੱਸ ਅੱਡੇ ਉਤੇ ਪਈ ਹੈ, ਉਸ ਨੂੰ ਚੁੱਕ ਕੇ ਲੈ ਜਾਓ। ਪੁਲਿਸ ਨੇ ਇਸ ਵਾਰਦਾਤ ਦੇ ਪੰਜ ਦੋਸ਼ੀਆਂ ਨਿਸ਼ੂ, ਪੰਕਜ, ਮਨੀਸ਼, ਟਿਊਬਵੈਲ ਮਾਲਕ ਦੀਨਦਿਆਲ ਅਤੇ ਆਰ. ਐਮ. ਪੀ. ਸੰਜੀਵ ਕੁਮਾਰ ਨੂੰ ਗ੍ਰਿਫਤਾਰ ਕਰ ਲਿਆ ਹੈ।

ਇਸ ਘਿਨੌਣੀ ਵਾਰਦਾਤ ਨੇ ਸਰਕਾਰ ਦੇ ਵਾਅਦਿਆਂ ਅਤੇ ਨਾਅਰਿਆਂ ਦੀਆਂ ਧੱਜੀਆਂ ਤਾਂ ਉਡਾਈਆਂ ਹੀ ਹਨ, ਪੁਲਿਸ ਦੀ ਕਾਰਗੁਜ਼ਾਰੀ, ਸਮਾਜਕ ਤਾਣੇ-ਬਾਣੇ ਅਤੇ ਰਿਸ਼ਤੇ-ਨਾਤਿਆਂ, ਸਭ ਦੀ ਕਾਰਗੁਜ਼ਾਰੀ ਦੀ ਪੋਲ ਖੋਲ੍ਹ ਦਿੱਤੀ ਹੈ। ਘਟਨਾ ਦਾ ਸਭ ਤੋਂ ਪਹਿਲਾਂ ਪ੍ਰੇਸ਼ਾਨ ਕਰਨ ਵਾਲਾ ਪਹਿਲੂ ਤਾਂ ਇਹ ਹੈ ਕਿ ਐਫ. ਆਈ. ਆਰ. ਲਿਖਾਉਣ ਲਈ ਪੀੜਤ ਅਤੇ ਉਸ ਦੇ ਮਾਪਿਆਂ ਨੂੰ ਕਈ ਘੰਟੇ ਖੱਜਲਖੁਆਰ ਹੋਣਾ ਪਿਆ ਕਿਉਂਕਿ ਪਹਿਲਾਂ ਪੁਲਿਸ ਅਧਿਕਾਰ ਖੇਤਰ ਦਾ ਹਵਾਲਾ ਦੇ ਕੇ ਰਿਪੋਰਟ ਲਿਖਣ ਤੋਂ ਨਾਂਹ ਕਰਦੀ ਰਹੀ। ਪਿਛੋਂ ਲੋਕਾਂ ਦੇ ਵਿਰੋਧ ਅਤੇ ਸਿਆਸੀ ਵਿਰੋਧੀਆਂ ਦੇ ਦਬਾਅ ਪਾਉਣ ਤੋਂ ਸਰਕਾਰ ਹਰਕਤ ਵਿਚ ਆਈ ਅਤੇ ਕੇਸ ਰਜਿਸਟਰ ਹੋਇਆ। ਸਵਾਲ ਹੈ ਕਿ ਕੇਸ ਰਜਿਸਟਰ ਕਰਨ ਤੋਂ ਲੈ ਕੇ ਦੋਸ਼ੀਆਂ ਨੂੰ ਸਜ਼ਾ ਦਿਵਾਉਣ ਲਈ ਹਰ ਵਾਰ ਸਰਕਾਰ ਲੋਕਾਂ ਨੂੰ ਸੜਕਾਂ ਉਤੇ ਉਤਰਨ ਲਈ ਕਿਉਂ ਮਜਬੂਰ ਕਰਦੀ ਹੈ?

ਹਰਿਆਣਾ ਦੇਸ਼ ਦਾ ਉਹ ਰਾਜ ਹੈ, ਜਿਥੇ 'ਬੇਟੀ ਬਚਾਓ, ਬੇਟੀ ਪੜ੍ਹਾਓ' ਨਾਅਰੇ ਦੀ ਸ਼ੁਰੂਆਤ ਹੋਈ ਸੀ। ਇਸ ਕੇਸ ਵਿਚ ਮਾਪਿਆਂ ਨੇ ਬੇਟੀ ਬਚਾਈ ਵੀ, ਸ਼ਿੱਦਤ ਨਾਲ ਪੜ੍ਹਾ ਵੀ ਰਹੇ ਸਨ ਅਤੇ ਬੇਟੀ ਪੜ੍ਹ ਵੀ ਰਹੀ ਸੀ, ਪਰ ਸਰਕਾਰ ਉਸ ਨੂੰ ਸੁਰੱਖਿਅਤ ਮਾਹੌਲ ਨਹੀਂ ਦੇ ਸਕੀ। ਇਸੇ ਲਈ ਲੜਕੀ ਦੇ ਮਾਂ-ਬਾਪ ਨੇ ਸਾਫ ਸ਼ਬਦਾਂ ਵਿਚ ਕਿਹਾ ਕਿ ਮਾਂ-ਬਾਪ ਬੇਟੀਆਂ ਨੂੰ ਬਚਾਉਂਦੇ ਅਤੇ ਪੜ੍ਹਾਉਂਦੇ ਇਸ ਲਈ ਨਹੀਂ ਕਿ ਬਾਅਦ ਵਿਚ ਉਨ੍ਹਾਂ ਦਾ ਸਰੀਰਕ ਸ਼ੋਸ਼ਣ ਹੋਵੇ। ਉਨ੍ਹਾਂ ਨੇ ਇਹ ਵੀ ਕਿਹਾ ਕਿ ਸਾਨੂੰ ਮੁਆਵਜ਼ਾ ਨਹੀਂ, ਇਨਸਾਫ ਚਾਹੀਦਾ ਹੈ-ਸਿਰਫ ਤੇ ਸਿਰਫ ਦੋਸ਼ੀਆਂ ਨੂੰ ਸਜ਼ਾ, ਉਹ ਵੀ ਮੌਤ ਦੀ ਅਤੇ ਬਿਨਾ ਦੇਰੀ ਤੋਂ।

ਇਸ ਕੇਸ ਵਿਚ ਇਨਸਾਨੀਅਤ ਅਤੇ ਰਿਸ਼ਤਿਆਂ ਦੀ ਇੰਤਹਾ ਦੇਖੋ! ਤਿੰਨੇ ਮੁੱਖ ਦੋਸ਼ੀ-ਨਿਸ਼ੂ, ਪੰਕਜ ਅਤੇ ਮਨੀਸ਼ ਪੀੜਤ ਲੜਕੀ ਦੇ ਪਿੰਡ ਦੇ ਹਨ, ਜਿਸ ਕਾਰਨ ਉਨ੍ਹਾਂ ਦਾ ਲੜਕੀ ਨਾਲ ਭਾਈ, ਭਤੀਜਾ, ਚਾਚਾ ਆਦਿ ਵਰਗਾ ਕੋਈ ਨਾ ਕੋਈ ਰਿਸ਼ਤਾ ਤਾਂ ਹੋਣਾ ਹੀ ਹੈ, ਪਰ ਦੋਸ਼ੀਆਂ ਨੇ ਸਾਰੇ ਰਿਸ਼ਤਿਆਂ ਨੂੰ ਤਾਰ ਤਾਰ ਕਰ ਦਿੱਤਾ। ਪੰਕਜ ਨਾਂ ਦੇ ਲੜਕੇ ਦੀ ਲੜਕੀ ਦੇ ਪਿਤਾ ਨੇ ਪਹਿਲਾਂ ਕਬੱਡੀ ਕੋਚਿੰਗ ਵਿਚ, ਫਿਰ ਫੌਜ ਵਿਚ ਭਰਤੀ ਹੋਣ ਲਈ ਕਾਫੀ ਮਦਦ ਕੀਤੀ ਸੀ, ਪਰ ਇਸ ਲੜਕੇ ਉਤੇ ਵਹਿਸ਼ੀਅਤ ਇੰਨੀ ਭਾਰੂ ਹੋ ਗਈ ਕਿ ਉਸ ਦੀ ਜ਼ਮੀਰ ਹੀ ਮਰ ਗਈ।

ਜਦੋਂ ਵੀ ਕੋਈ ਅਜਿਹਾ ਕੇਸ ਆਉਂਦਾ ਹੈ, ਜਿਥੇ ਦੋਸ਼ੀਆਂ ਨੂੰ ਫਾਂਸੀ ਦੀ ਸਜ਼ਾ ਹੁੰਦੀ ਹੋਵੇ, ਖਾਸ ਕਰ ਬਲਾਤਕਾਰ ਦੇ ਦੋਸ਼ੀਆਂ ਨੂੰ, ਤਾਂ ਕੁਝ ਲੋਕ ਮਨੁੱਖੀ ਹੱਕਾਂ ਦੀ ਆੜ ਲੈ ਕੇ ਇਨ੍ਹਾਂ ਦੋਸ਼ੀਆਂ ਦੀ ਹਮਾਇਤ ਵਿਚ ਖੜ੍ਹੇ ਹੋ ਜਾਂਦੇ ਹਨ ਅਤੇ ਕਹਿੰਦੇ ਹਨ ਕਿ ਇਨ੍ਹਾਂ ਨੂੰ ਸੁਧਰਨ ਦਾ ਮੌਕਾ ਮਿਲਣਾ ਚਾਹੀਦਾ ਹੈ। ਇਸ ਕੇਸ ਵਿਚ ਦੋਸ਼ੀਆਂ ਨੇ ਆਪ ਪੁਲਿਸ ਕੋਲ ਮੰਨਿਆ ਹੈ ਕਿ ਉਹ ਇਸ ਤੋਂ ਪਹਿਲਾਂ ਵੀ ਚਾਰ ਵਾਰ ਅਜਿਹੀਆਂ ਵਾਰਦਾਤਾਂ ਇਸੇ ਥਾਂ ਉਤੇ ਕਰ ਚੁਕੇ ਹਨ, ਪਰ ਪਹਿਲਾਂ ਕਿਸੇ ਨੇ ਰਿਪੋਰਟ ਹੀ ਨਹੀਂ ਲਿਖਾਈ ਸੀ। ਦੋਸ਼ੀਆਂ ਨੇ ਪਹਿਲਾਂ ਲੜਕੀ ਅਤੇ ਉਸ ਦੇ ਪਿਤਾ ਨੂੰ ਧਮਕਾਇਆ ਕਿ ਪੁਲਿਸ ਰਿਪੋਰਟ ਨਾ ਲਿਖਾਉਣ ਅਤੇ ਫਿਰ ਹਸਪਤਾਲ ਕਰਮਚਾਰੀਆਂ ਨੂੰ ਬਲਾਤਕਾਰ ਦੇ ਸਬੂਤਾਂ ਦੀ ਰਿਪੋਰਟ ਨਾ ਦੇਣ ਲਈ ਵੀ ਧਮਕਾਇਆ ਸੀ। ਸ਼ਾਇਦ ਪੁਲਿਸ ਵੀ ਪਹਿਲਾਂ ਇਸੇ ਲਈ ਐਫ. ਆਈ. ਆਰ. ਲਿਖਣ ਲਈ ਆਨਾ-ਕਾਨੀ ਕਰ ਰਹੀ ਸੀ ਕਿ ਉਨ੍ਹਾਂ ਨਾਲ ਦੋਸ਼ੀਆਂ ਨੇ ਕੋਈ ਗੰਢ-ਤੁਪ ਕੀਤੀ ਹੋਏ।

ਪਿੰਡ ਵਾਲਿਆਂ ਨੇ ਵੀ ਮੰਨਿਆ ਹੈ ਕਿ ਨਿਸ਼ੂ ਅਤੇ ਉਸ ਦੇ ਸਾਥੀਆਂ ਨੇ ਇਸ ਵਾਰਦਾਤ ਤੋਂ ਪਹਿਲਾਂ ਪਿੰਡ ਦੀਆਂ ਲੜਕੀਆਂ ਨਾਲ ਇਹੋ ਕੁਝ ਕੀਤਾ ਸੀ, ਪਰ ਪਿੰਡ ਵਾਲਿਆਂ ਨੇ ਬਦਨਾਮੀ ਦੇ ਡਰੋਂ ਪੰਚਾਇਤੀ ਪੱਧਰ 'ਤੇ ਮਾਮਲੇ ਨੂੰ ਦਬਾ ਦਿੱਤਾ ਸੀ ਕਿਉਂਕਿ ਉਨ੍ਹਾਂ ਨੂੰ ਡਰ ਸੀ ਕਿ ਜੇ ਗੱਲ ਪੁਲਿਸ ਤੱਕ ਚਲੀ ਗਈ ਤਾਂ ਉਨ੍ਹਾਂ ਦੀਆਂ ਲੜਕੀਆਂ ਦਾ ਵਿਆਹ ਨਹੀਂ ਹੋਵੇਗਾ। ਇੱਕ ਪੀੜਤ ਲੜਕੀ ਨੇ ਬਲਾਤਕਾਰ ਹੋਣ ਤੋਂ ਦੋ ਦਿਨ ਬਾਅਦ ਹੀ ਖੁਦਕੁਸ਼ੀ ਕਰ ਲਈ ਸੀ ਅਤੇ ਇੱਕ ਲੜਕੀ, ਜੋ ਹਾਲੇ ਸਕੂਲ ਵਿਚ ਪੜ੍ਹਦੀ ਹੈ, ਨੂੰ ਸਕੂਲ 'ਚੋਂ ਅਗਵਾ ਕਰਕੇ ਇਸ ਕੇਸ ਤੋਂ ਸਿਰਫ ਇੱਕ ਹਫਤਾ ਪਹਿਲਾਂ ਉਸ ਨਾਲ ਬਲਾਤਕਾਰ ਕੀਤਾ ਸੀ, ਪਰ ਪੁਲਿਸ ਨੇ ਕੇਸ ਦਰਜ ਨਾ ਕੀਤਾ ਕਿਉਂਕਿ ਇੱਕ ਤਾਂ ਉਹ ਅਨਾਥ ਸੀ ਅਤੇ ਦੂਜਾ ਦਲਿਤ ਜਾਤੀ ਨਾਲ ਸਬੰਧ ਰਖਦੀ ਸੀ। ਜੇ ਪਿੰਡ ਵਾਲੇ ਪਹਿਲੀ ਵਾਰਦਾਤ ਪਿਛੋਂ ਹੀ ਕੇਸ ਦਰਜ ਕਰਵਾ ਦਿੰਦੇ ਤਾਂ ਬਾਕੀ ਦੀਆਂ ਲੜਕੀਆਂ ਦੀ ਜ਼ਿੰਦਗੀ ਬਰਬਾਦ ਨਾ ਹੁੰਦੀ। ਜ਼ਿਆਦਾਤਰ ਜੁਰਮ ਕਰਨ ਵਾਲਿਆਂ ਦੀ ਪ੍ਰਵਿਰਤੀ ਹੁੰਦੀ ਹੈ ਕਿ ਜੇ ਉਨ੍ਹਾਂ ਨੂੰ ਜੁਰਮ ਦੀ ਸਜ਼ਾ ਨਾ ਮਿਲੇ ਤਾਂ ਉਨ੍ਹਾਂ ਦਾ ਹੌਸਲਾ ਵਧ ਜਾਂਦਾ ਹੈ ਤੇ ਉਹ ਵਾਰ ਵਾਰ ਉਹੀ ਜੁਰਮ ਕਰਦੇ ਹਨ।

ਹਰਿਆਣਾ ਵਿਚ ਇਸ ਸਾਲ ਅਸੈਂਬਲੀ ਵਿਚ ਪੇਸ਼ ਕੀਤੇ ਗਏ ਅੰਕੜਿਆਂ ਵਿਚ ਦੱਸਿਆ ਗਿਆ ਹੈ ਕਿ ਸਾਲ 2014-2015 ਤੋਂ 2017-2018 ਤੱਕ ਔਰਤਾਂ ਨਾਲ ਹੋਣ ਵਾਲੇ ਜੁਰਮਾਂ ਵਿਚ ਕੁੱਲ 27 ਫੀਸਦ ਵਾਧਾ ਦਰਜ ਕੀਤਾ ਗਿਆ ਹੈ, ਜੋ ਹਰਿਆਣੇ ਵਿਚ ਔਰਤਾਂ ਦੀ ਸੁਰੱਖਿਆ ਉਤੇ ਸਾਫ ਤੌਰ 'ਤੇ ਪ੍ਰਸ਼ਨ ਚਿੰਨ੍ਹ ਲਾਉਂਦਾ ਹੈ। ਇਕੱਲੇ ਇਸੇ ਪਿੰਡ 'ਚੋਂ ਪੰਜ ਕੇਸਾਂ ਵਿਚ ਸਿਰਫ ਇੱਕ ਕੇਸ ਹੀ ਦਰਜ ਹੋਇਆ ਹੈ। ਰਾਜ ਵਿਚ ਔਰਤਾਂ ਦੀ ਅਸੁਰੱਖਿਅਤ ਸਥਿਤੀ ਦੇ ਕਾਰਨ ਹੀ ਸ਼ਾਇਦ ਹਰਿਆਣਾ ਵਿਚ ਸਾਲ 2011 ਦੇ ਅੰਕੜਿਆਂ ਅਨੁਸਾਰ ਔਰਤਾਂ ਅਤੇ ਲੜਕੀਆਂ ਦੀ ਗਿਣਤੀ ਪ੍ਰਤੀ ਹਜ਼ਾਰ ਮਰਦਾਂ ਤੇ ਲੜਕਿਆਂ ਦੇ ਮੁਕਾਬਲੇ ਦੇਸ਼ ਦੇ ਸਾਰੇ ਰਾਜਾਂ ਨਾਲੋਂ ਘੱਟ ਸੀ।

ਪਿੰਡ ਦੇ ਲੋਕਾਂ ਦਾ ਫਰਜ਼ ਬਣਦਾ ਹੈ ਕਿ ਜੁਰਮ ਨੂੰ ਦਬਾਉਣ ਦੀ ਥਾਂ ਪੀੜਤ ਲੜਕੀ ਤੇ ਉਸ ਦੇ ਪਰਿਵਾਰ ਦੀ ਮਦਦ ਅਤੇ ਦੋਸ਼ੀਆਂ ਨੂੰ ਫੜ੍ਹਾਉਣ ਵਿਚ ਕਾਨੂੰਨ ਤੇ ਪੁਲਿਸ ਦੀ ਮਦਦ ਕਰਨਾ। ਹੁਣ ਸਮਾਜ, ਪੁਲਿਸ ਅਤੇ ਸਰਕਾਰ ਤੋਂ ਬਾਅਦ ਜੇ ਅਸੀਂ ਪੀੜਤ ਲੜਕੀ ਦੇ ਵਰਤਮਾਨ ਅਤੇ ਭਵਿੱਖ ਉਤੇ ਨਜ਼ਰ ਮਾਰੀਏ ਤਾਂ ਸਭ ਕੁਝ ਧੁੰਦਲਾ ਨਜ਼ਰ ਆਉਂਦਾ ਹੈ। ਉਹ ਲੜਕੀ, ਜੋ ਇੰਨੀ ਲਾਇਕ ਅਤੇ ਮਿਹਨਤੀ ਸੀ ਕਿ ਰਾਜ ਭਰ ਵਿਚੋਂ ਬੋਰਡ ਪ੍ਰੀਖਿਆ ਵਿਚ ਅੱਵਲ ਆਈ ਸੀ, ਅੱਜ ਡਾਵਾਂਡੋਲ ਟੁੱਟੀ ਹੋਈ ਸਰੀਰਕ ਅਤੇ ਮਾਨਸਿਕ ਅਵਸਥਾ ਵਿਚ ਪੁਲਿਸ ਥਾਣੇ ਵਿਚ ਹੁਣ ਤੱਕ ਵੀ ਰੁਲਦੀ ਫਿਰਦੀ ਹੈ। ਕੀ ਅਜਿਹੀ ਮਾਨਸਿਕ ਅਵਸਥਾ ਵਿਚ ਇਹ ਲੜਕੀ ਪਹਿਲਾਂ ਵਾਂਗ ਪੜ੍ਹ ਸਕੇਗੀ ਅਤੇ ਜੋ ਸੁਪਨਾ ਜਾਂ ਟੀਚਾ ਉਸ ਨੇ ਆਪਣੇ ਭਵਿੱਖ ਲਈ ਸਿਰਜਿਆ ਸੀ, ਕੀ ਉਸ ਨੂੰ ਕਦੇ ਪੂਰਾ ਕਰ ਸਕੇਗੀ?

*ਪ੍ਰੋਫੈਸਰ ਜਿਓਗਰਾਫੀ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ।

# ਪਿਉ-ਪੁੱਤ ਦੇ ਸੁਪਨਿਆਂ ਦੀ ਕਹਾਣੀ 'ਸੰਨ ਆਫ ਮਨਜੀਤ ਸਿੰਘ'

ਮਨੋਰੰਜਨ ਦੇ ਦੌਰ ਵਿਚ ਆਮ ਆਦਮੀ ਦੀ ਜ਼ਿੰਦਗੀ ਨਾਲ ਜੁੜੀਆਂ ਕਹਾਣੀਆਂ 'ਤੇ ਫਿਲਮਾਂ ਬਣਨਾ ਇੱਕ ਚੰਗਾ ਕਦਮ ਹੈ। ਛੋਟੇ ਪਰਦੇ 'ਤੇ ਵੱਡੀ ਪਛਾਣ ਰੱਖਣ ਵਾਲਾ




ਕਾਮੇਡੀ ਅਦਾਕਾਰ ਕਪਿਲ ਸ਼ਰਮਾ ਆਪਣੀ ਨਵੀਂ ਪੰਜਾਬੀ ਫਿਲਮ 'ਸੰਨ ਆਫ ਮਨਜੀਤ ਸਿੰਘ' ਲੈ ਕੇ ਆ ਰਿਹਾ ਹੈ, ਜੋ ਪਿਤਾ-ਪੁੱਤਰ ਦੇ ਸੁਪਨਿਆਂ 'ਤੇ ਆਧਾਰਤ ਹੈ।

ਕੇ-9 ਅਤੇ ਸੈਵਨ ਕਲਰਸ ਮੋਸ਼ਨ ਪਿਕਚਰਜ਼ ਦੇ ਬੈਨਰ ਹੇਠ ਗੁਰਪ੍ਰੀਤ ਘੁੱਗੀ ਦੀ ਪੇਸ਼ਕਸ਼ 12 ਅਕਤੂਬਰ ਨੂੰ ਰਿਲੀਜ਼ ਹੋਣ ਵਾਲੀ ਇਹ ਫਿਲਮ ਇੱਕ ਮੱਧ-ਵਰਗੀ ਪਰਿਵਾਰ ਦੀ ਭਾਵਨਾਵਾਂ, ਸੁਪਨਿਆਂ ਆਧਾਰਤ ਇੱਕ ਸਮਾਜਕ ਕਹਾਣੀ ਹੈ। ਹਰ ਮਾਂ-ਬਾਪ ਚਾਹੁੰਦਾ ਹੈ ਕਿ ਉਸ ਦੀ ਸੰਤਾਨ ਪੜ੍ਹ-ਲਿਖ ਕੇ ਵੱਡਾ ਮੁਕਾਮ ਹਾਸਲ। ਇਸ ਫਿਲਮ ਦਾ ਨਾਇਕ ਮਨਜੀਤ ਸਿੰਘ (ਗੁਰਪ੍ਰੀਤ ਘੁੱਗੀ) ਵੀ ਆਪਣੇ ਬੇਟੇ ਨੂੰ ਪੜ੍ਹਾ-ਲਿਖਾ ਕੇ ਵੱਡਾ ਅਫਸਰ ਬਣਿਆ ਵੇਖਣ ਲਈ ਦਿਨ ਰਾਤ ਮਿਹਨਤ ਕਰਦਾ ਹੈ, ਉਧਾਰ ਪੈਸੇ ਲੈ ਕੇ ਸਕੂਲ ਦੀਆਂ ਮੋਟੀਆਂ ਫੀਸਾਂ ਭਰਦਾ ਹੈ ਪਰ ਬੇਟਾ ਜੈਵੀਰ (ਦਮਨਪ੍ਰੀਤ) ਧੋਨੀ-ਭੱਜੀ ਵਾਂਗ ਇੱਕ ਵੱਡਾ ਕ੍ਰਿਕਟਰ ਬਣਨ ਦਾ ਸੁਪਨਾ ਦੇਖਦਾ ਹੈ, ਜਿਸ ਬਾਰੇ ਪਤਾ ਲੱਗਣ 'ਤੇ ਉਸ ਦਾ ਪਿਤਾ ਸਖਤ ਨਾਰਾਜ਼ ਹੁੰਦਾ ਹੈ। ਅਖੀਰ ਵਿਚ ਕਿਸ ਦੇ ਸੁਪਨੇ ਸੱਚ ਹੁੰਦੇ ਹਨ, ਇਹ ਇੱਕ ਦਿਲਚਸਪ ਕਹਾਣੀ ਹੈ, ਜੋ ਪਰਦੇ 'ਤੇ ਹੀ ਨਜ਼ਰ ਆਵੇਗੀ।



*ਕਪਿਲ ਸ਼ਰਮਾ*

ਨਿਰਮਾਤਾ ਕਪਿਲ ਸ਼ਰਮਾ ਤੇ ਸੁਮੀਤ ਸਿੰਘ ਦੀ ਇਸ ਫਿਲਮ ਵਿਚ ਗੁਰਪ੍ਰੀਤ ਘੁੱਗੀ, ਜਪੁਜੀ ਖਹਿਰਾ, ਦਮਨਪ੍ਰੀਤ ਸਿੰਘ, ਤਾਨੀਆ, ਕਰਮਜੀਤ ਅਨਮੋਲ, ਮਲਕੀਤ ਰੌਣੀ, ਬੀ. ਐਨ. ਸ਼ਰਮਾ, ਦੀਪ ਮਨਦੀਪ, ਹਾਰਬੀ ਸੰਘਾ ਆਦਿ ਕਲਾਕਾਰਾਂ ਨੇ ਅਹਿਮ ਕਿਰਦਾਰ ਨਿਭਾਏ ਹਨ। ਫਿਲਮ ਦਾ ਸਕਰੀਨ ਪਲੇਅ ਧੀਰਜ ਰਤਨ ਤੇ ਡਾਇਲਾਗ ਸੁਰਮੀਤ ਮਾਵੀ ਨੇ ਲਿਖੇ ਹਨ। ਨਿਰਦੇਸ਼ਨ ਵਿਕਰਮ ਗਰੋਵਰ ਨੇ ਦਿੱਤਾ ਹੈ। ਸੰਗੀਤ ਵਿਲਸਨ, ਦਰਸ਼ਨ ਉਮੰਗ ਤੇ ਹੈਰੀ ਅਨੰਦ ਨੇ ਤਿਆਰ ਕੀਤਾ ਹੈ, ਜੋ ਸਾਗਾ ਮਿਊਜ਼ਿਕ ਵਲੋਂ ਰਿਲੀਜ਼ ਹੋਵੇਗਾ।

**-ਸੁਰਜੀਤ ਜੱਸਲ**
**ਫੋਨ: 91-98146-07737**

# ਏਸ਼ੀਆਈ ਪਾਵਰਲਿਫਟਿੰਗ ਚੈਂਪੀਅਨਸ਼ਿਪ 'ਚ ਅਜੈ ਗੋਗਨਾ ਨੇ ਕਾਂਸੀ ਦਾ ਮੈਡਲ ਜਿੱਤਿਆ

**ਕਪੂਰਥਲਾ (ਬਿਊਰੋ):** ਦੁਬਈ ਵਿਚ 18 ਤੋਂ 24 ਸਤੰਬਰ ਤੱਕ ਕਰਵਾਈ ਗਈ ਏਸ਼ੀਆਈ ਬੈਂਚ ਪ੍ਰੈੱਸ ਤੇ ਪਾਵਰਲਿਫਟਿੰਗ ਚੈਂਪੀਅਨਸ਼ਿਪ 'ਚ ਭੁਲੱਥ ਦੇ ਅਜੈ ਗੋਗਨਾ ਨੇ ਕਾਂਸੀ ਦਾ ਮੈਡਲ ਜਿੱਤਿਆ। ਜ਼ਿਕਰਯੋਗ ਹੈ ਕਿ ਅਜੈ ਗੋਗਨਾ ਪਰਵਾਸੀ ਪੱਤਰਕਾਰ ਰਾਜ ਗੋਗਨਾ ਦਾ ਪੁੱਤਰ ਹੈ।

ਇਸ ਮੁਕਾਬਲੇ ਵਿਚ ਭਾਰਤ ਸਮੇਤ 22 ਦੇਸ਼ਾਂ ਦੇ ਪਾਵਰਲਿਫਟਰਾਂ ਨੇ ਹਿੱਸਾ ਲਿਆ। ਅਜੈ ਗੋਗਨਾ ਨੇ 120 ਕਿਲੋ ਪਲੱਸ ਵਰਗ ਦੇ ਭਾਰ 'ਚ ਤੀਜਾ ਸਥਾਨ ਪ੍ਰਾਪਤ ਕਰ ਕੇ ਕਾਂਸੀ ਦਾ ਮੈਡਲ ਹਾਸਿਲ ਕੀਤਾ ਹੈ। ਆਪਣੇ ਪਿੰਡ ਭੁਲੱਥ ਪੁੱਜਣ 'ਤੇ ਅਜੈ ਗੋਗਨਾ ਦਾ ਪਿੰਡ ਵਾਸੀਆਂ ਨੇ ਨਿੱਘਾ ਸਵਾਗਤ ਕੀਤਾ।



ਅਜੈ ਗੋਗਨਾ ਦੀ ਜਿੱਤ 'ਤੇ ਪੰਜਾਬ ਪਾਵਰਲਿਫਟਿੰਗ ਐਸੋਸੀਏਸ਼ਨ ਦੇ ਪ੍ਰਧਾਨ ਦਵਿੰਦਰ ਸਿੰਘ ਮੱਲ੍ਹੀ, ਜਨਰਲ ਸਕੱਤਰ ਹਰਕੀਰਤ ਸਿੰਘ ਲਵਲੀ ਅਤੇ ਜੁਆਇੰਟ ਸੈਕਟਰੀ ਸੁਸ਼ੀਲ ਕੁਮਾਰ ਕਵਾਤੜਾ ਨੇ ਖੁਸ਼ੀ ਜ਼ਾਹਰ ਕਰਦਿਆਂ ਕਿਹਾ ਕਿ ਜਿੱਥੇ ਗੋਗਨਾ ਨੇ ਆਪਣੇ ਸੂਬੇ ਪੰਜਾਬ ਅਤੇ ਪਿੰਡ ਭੁਲੱਥ ਦਾ ਨਾਂ ਉਚਾ ਕੀਤਾ ਹੈ, ਉਥੇ ਪੰਜਾਬ ਪਾਵਰਲਿਫਟਿੰਗ ਐਸੋਸੀਏਸ਼ਨ ਦਾ ਮਾਣ ਵੀ ਵਧਾਇਆ ਹੈ।

ਜ਼ਿਕਰਯੋਗ ਹੈ ਕਿ ਅਜੈ ਗੋਗਨਾ ਪਾਵਰਲਿਫਟਿੰਗ 'ਚ ਨੈਸ਼ਨਲ ਪੱਧਰ ਉਤੇ ਇਨਾਮ ਹਾਸਲ ਕਰ ਚੁਕਾ ਹੈ। ਉਸ ਨੂੰ ਕਈ ਸਪੋਰਟਸ ਕਲੱਬਾਂ ਤੇ ਸੰਸਥਾਵਾਂ ਵਲੋਂ ਵੀ ਸਨਮਾਨਤ ਕੀਤਾ ਜਾ ਚੁਕਾ ਹੈ।

# ਹਾਈ ਕੋਰਟ ਦਾ ਸਵਾਲ, ਦੋਪਹੀਆ ਸਵਾਰ ਸਿੱਖ ਬੀਬੀਆਂ ਦੀ ਕਿਵੇਂ ਹੋਵੇਗੀ ਪਛਾਣ?


**ਚੰਡੀਗੜ੍ਹ:** ਦੋਪਹੀਆ ਵਾਹਨ ਸਵਾਰ ਸਿੱਖ ਬੀਬੀਆਂ ਨੂੰ ਹੈਲਮਟ ਪਹਿਨਣ ਦੀ ਛੋਟ ਖਤਮ ਕਰਨ ਦੀ ਮੰਗ ਨੂੰ ਲੈ ਕੇ ਹਾਈ ਕੋਰਟ ਵਿਚ ਚੱਲ ਰਹੇ ਮਾਮਲੇ ਦੀ ਸੁਣਵਾਈ ਦੌਰਾਨ ਪੰਜਾਬ ਸਰਕਾਰ ਉਸ ਵੇਲੇ ਕਸੂਤੀ ਸਥਿਤੀ ਵਿਚ ਫਸ ਗਈ ਜਦੋਂ ਇਕ ਸੀਨੀਅਰ ਵਕੀਲ ਨੇ ਨੁਕਤਾ ਚੁੱਕਿਆ ਕਿ ਪੰਜਾਬ ਵਿਚ ਦੋਪਹੀਆ ਵਾਹਨ ਸਵਾਰ ਸਾਰੀਆਂ ਬੀਬੀਆਂ ਹੈਲਮਟ ਨਹੀਂ ਪਾਉਂਦੀਆਂ। ਇਸ 'ਤੇ ਹਾਈ ਕੋਰਟ ਨੇ ਪੰਜਾਬ ਸਰਕਾਰ ਨੂੰ ਸਥਿਤੀ ਸਪੱਸ਼ਟ ਕਰਨ ਦੀ ਹਦਾਇਤ ਕੀਤੀ ਹੈ ਕਿ ਆਖਰ ਦੋਪਹੀਆ ਵਾਹਨ ਸਵਾਰ ਆਮ ਬੀਬੀਆਂ ਵਿਚੋਂ ਸਿੱਖ ਬੀਬੀਆਂ ਦੀ ਪਛਾਣ ਕਿਵੇਂ ਕੀਤੀ ਜਾਂਦੀ ਹੈ?

ਇਸ ਮਾਮਲੇ ਵਿਚ ਯੂ.ਟੀ. ਚੰਡੀਗੜ੍ਹ ਨੇ ਹਾਈ ਕੋਰਟ ਦਾ ਧਿਆਨ ਦਿਵਾਇਆ ਕਿ ਚੰਡੀਗੜ੍ਹ 'ਚ ਨਿਯਮਾਂ ਵਿਚ ਸੋਧ ਕਰ ਦਿੱਤੀ ਗਈ ਹੈ ਅਤੇ ਪਗੜੀ ਪਹਿਨ ਕੇ ਦੋਪਹੀਆ ਵਾਹਨ ਚਲਾਉਣ ਵਾਲੀਆਂ ਬੀਬੀਆਂ ਦਾ ਬਿਨ੍ਹਾਂ ਹੈਲਮਟ ਚਲਾਨ ਨਹੀਂ ਕੱਟਿਆ ਜਾਵੇਗਾ। ਇਸ 'ਤੇ ਹਰਿਆਣਾ ਨੇ ਕਿਹਾ ਕਿ ਸੂਬੇ 'ਚ ਪਹਿਲਾਂ ਤੋਂ ਅਜਿਹੀ ਤਜਵੀਜ਼ ਕਾਇਮ ਹੈ ਅਤੇ ਪੰਜਾਬ ਸਰਕਾਰ ਦੇ ਨੁਮਾਇੰਦੇ ਨੇ ਕਿਹਾ ਕਿ ਪੰਜਾਬ ਵਿਚ ਵੀ ਸਖਤੀ ਵਰਤੀ ਜਾਂਦੀ ਹੈ ਪਰ ਇਕ ਸੀਨੀਅਰ ਵਕੀਲ ਨੇ ਉਕਤ ਨੁਕਤਾ ਚੁੱਕ ਲਿਆ ਤੇ ਹਾਈ ਕੋਰਟ ਨੇ ਪੰਜਾਬ ਕੋਲੋਂ ਜਵਾਬ ਮੰਗ ਲਿਆ।

## ਵਿਕਰਮ ਮਿਸਰੀ ਹੋਣਗੇ ਚੀਨ 'ਚ ਭਾਰਤੀ ਰਾਜਦੂਤ

**ਨਵੀਂ ਦਿੱਲੀ:** ਸੀਨੀਅਰ ਡਿਪਲੋਮੈਟ ਵਿਕਰਮ ਮਿਸਰੀ ਨੂੰ ਚੀਨ ਵਿਚ ਭਾਰਤ ਦਾ ਅਗਲਾ ਰਾਜਦੂਤ ਨਿਯੁਕਤ ਕੀਤਾ ਗਿਆ ਹੈ। ਇਹ ਐਲਾਨ ਵਿਦੇਸ਼ ਮੰਤਰਾਲੇ ਨੇ ਕੀਤਾ। ਉਹ ਗੌਤਮ ਬੰਬਾਵਾਲੇ ਦੀ ਥਾਂ ਲੈਣਗੇ। ਸ੍ਰੀ ਮਿਸਰੀ 1989 ਬੈਚ ਦੇ ਇੰਡੀਆ ਫੌਰਨ ਸਰਵਿਸ (ਆਈ.ਐਫ਼.ਐਸ.) ਅਫਸਰ ਹਨ, ਜੋ ਇਸ ਵੇਲੇ ਮਿਆਂਮਾਰ ਵਿਚ ਭਾਰਤ ਦੇ ਰਾਜਦੂਤ ਵਜੋਂ ਸੇਵਾ ਨਿਭਾ ਰਹੇ ਹਨ।


Tanya`s Beauty Salon



*Threading/Waxing
*Facial (Men & Women)
*Anti-Aging Facial-Bleach
*Hair Cut-Color and Style
We Specialize in Bridal & Henna
85-03 Roosevelt Ave.,
Jackson Heights, NY 11373
Ph: 718-205-7832

ਅਮਰ ਕਾਰਪੈਟਸ


ਘਰਾਂ/ਦਫਤਰਾਂ ਅਤੇ ਹਰ ਤਰ੍ਹਾਂ ਦੇ ਮਕਾਨਾਂ ਵਿਚ ਵਧੀਆ ਕੁਆਲਟੀ ਦਾ ਕਾਰਪੈਟ ਸਸਤੇ ਭਾਅ ਪੁਆਉ

ਦੀਵਾਨ ਐਵਨਿਊ, ਸ਼ਿਕਾਗੋ ਵਿਚ ਕਾਰਪੈਟਸ ਦਾ ਇੱਕੋ ਇੱਕ ਸਟੋਰ ਜਿੱਥੋਂ ਤੁਸੀ ਖਰੀਦ ਸਕਦੇ ਹੋ ਬਿਲਕੁਲ ਨਵੇਂ ਡਿਜ਼ਾਈਨ ਦੇ ਰੰਗ ਹਰ ਇਕ ਕਵਾਲਿਟੀ ਵਿਚ, ਕੀਮਤਾਂ ਇਨੀਆਂ ਘੱਟ ਕਿ ਤੁਸੀਂ ਸੋਚ ਵੀ ਨਹੀਂ ਸਕਦੇ! ਆਓ! ਦੇਖੋ ਅਮਰ ਕਾਰਪੈਟਸ ਦਾ ਬੇਹਤਰੀਨ ਚੋਣ ਭਰਪੂਰ ਸ਼ੋਅਰੂਮ



ਅਮਰੀਕ ਸਿੰਘ

ਹਾਰਡਵੁੱਡ ਫਲੋਰ, ਕਿਚਨ ਕੈਬਨਿਟ
ਹਰ ਤਰ੍ਹਾਂ ਦੇ ਫਲੋਰ ਉਪਲਬਧ



ਫਰੀ ਐਸਟੀਮੇਟ, ਆਰਡਰ ਕਰਨ ਦੇ ਅਗਲੇ ਹੀ ਦਿਨ ਕਾਰਪੈਟ ਪਾਵਾਂਗੇ

Same day service in Chicago and suburbs

Amar Carpets Inc
ਵੈਸਟਰਨ ਐਵੇਨਿਊ ਤੋਂ ਅਧਾ ਬਲਾਕ ਵੈਸਟ, 2423 W Devon Ave. Chicago IL 60659
ਕਾਲ ਕਰੋ : ਅਮਰੀਕ ਸਿੰਘ
Ph: 773-508-5253,773-507-8043, Fax: 773-508-5249

LOOKING FOR THE LOWEST FARES ?
BOOK INTERNATIONAL FLIGHTS, HOTELS, CARS
Price From NewYork To Delhi
Starts from - $ 770
For Other Cities Of The World
Please visit : www.univtravel.com
or Call Us @ 1-888-584-0439
Office Opened 24 x 7
UNIVERSAL TRAVEL
email - utravel@univtravel.com

# ਨਿਊ ਯਾਰਕ ਦਾ 7ਵਾਂ ਕਬੱਡੀ ਕੱਪ ਇੰਗਲੈਂਡ ਨੇ ਜਿੱਤਿਆ

**ਨਿਊ ਯਾਰਕ (ਇਕਬਾਲ ਸਿੰਘ ਜੱਬੋਵਾਲੀਆ):** ਖੁਸ਼ਗਵਾਰ ਮੌਸਮ, ਰਿਚਮੰਡ ਹਿੱਲ ਇਲਾਕੇ 'ਚ ਪੈਂਦਾ ਸਮੋਕੀ ਪਾਰਕ ਕੇਸਰੀ ਦੁਪੱਟੇ ਤੇ ਦਸਤਾਰਾਂ ਨਾਲ ਸਜਿਆ ਹੋਇਆ, ਦੂਰੋਂ-ਨੇੜਿਓਂ ਕਬੱਡੀ ਵੇਖਣ ਆਏ ਮੇਲੀਆਂ ਦੀਆਂ ਰੌਣਕਾਂ, ਖੇਡ ਮੈਦਾਨ ਵਿਚ ਵਾਰਮਅੱਪ ਹੋ ਰਹੀਆਂ ਕਬੱਡੀ ਟੀਮਾਂ, ਸਪੀਕਰਾਂ ਤੋਂ ਹੁੰਦੀ ਅਨਾਊਂਸਮੈਂਟ, ਖਾਣ-ਪੀਣ ਦਾ ਖੁੱਲ੍ਹਾ ਪ੍ਰਬੰਧ ਤੇ ਪੈਂਦੀਆਂ ਕਬੱਡੀਆਂ, ਲੱਗਦੇ ਜੱਫਿਆਂ ਦਾ ਅਨੰਦ ਮਾਣਦੇ ਦਰਸ਼ਕ-ਇਹ ਨਜ਼ਾਰਾ ਸੀ, ਲੰਘੀ 23 ਸਤੰਬਰ ਨੂੰ ਪੰਜਾਬੀ ਵਿਰਸਾ ਸਪੋਰਟਸ ਐਸੋਸੀਏਸ਼ਨ ਅਤੇ ਬੇਗੋਵਾਲ ਵੈਲਫੇਅਰ ਇੰਟਰਨੈਸ਼ਨਲ ਸੁਸਾਇਟੀ ਵਲੋਂ ਸਾਂਝੇ ਤੌਰ 'ਤੇ ਕਰਵਾਏ 7ਵੇਂ ਖੇਡ ਮੇਲੇ ਦਾ।




ਮੇਲੇ ਦੀ ਸ਼ੁਰੂਆਤ ਭਾਈ ਰਣਜੀਤ ਸਿੰਘ ਵਲੋਂ ਕਬੱਡੀ ਮੇਲੇ ਦੀ ਚੜ੍ਹਦੀ ਕਲਾ ਅਤੇ ਖਿਡਾਰੀਆਂ ਦੀ ਸੱਟ-ਫੇਟ ਤੋਂ ਬਚਾ ਲਈ ਸੱਚੇ ਪਾਤਸ਼ਾਹ ਦੇ ਚਰਨਾਂ 'ਚ ਅਰਦਾਸ ਨਾਲ ਹੋਈ।

ਲੜਕਿਆਂ ਦੀ ਕਬੱਡੀ ਦਾ ਪਹਿਲਾ ਮੈਚ ਅਮਰੀਕਾ ਤੇ ਭਾਰਤ, ਦੂਜਾ ਇੰਗਲੈਂਡ ਤੇ ਕੈਨੇਡਾ, ਤੀਜਾ ਭਾਰਤ ਤੇ ਕੈਨੇਡਾ ਅਤੇ ਚੌਥਾ ਅਮਰੀਕਾ ਤੇ ਇੰਗਲੈਂਡ ਵਿਚਾਲੇ ਹੋਇਆ। ਪਹਿਲੇ ਸੈਮੀ ਫਾਈਨਲ ਵਿਚ ਭਾਰਤ ਤੇ ਕੈਨੇਡਾ ਦਾ ਸਖਤ ਮੁਕਾਬਲਾ ਹੋਇਆ, ਜਿਸ ਵਿਚੋਂ ਭਾਰਤ ਜੇਤੂ ਰਿਹਾ। ਇੰਗਲੈਂਡ ਤੇ ਅਮਰੀਕਾ ਵਿਚਾਲੇ ਹੋਏ ਦੂਜੇ ਸੈਮੀ ਫੈਾਈਨਲ ਵਿਚ ਇੰਗਲੈਂਡ ਬਾਜ਼ੀ ਮਾਰ ਗਿਆ।

ਭਾਰਤ ਤੇ ਇੰਗਲੈਂਡ ਵਿਚਾਲੇ ਹੋਇਆ ਫਾਈਨਲ ਮੈਚ ਬੜਾ ਫਸਵਾਂ ਸੀ। ਜਿੰਨਾ ਜੋਰ ਖਿਡਾਰੀਆਂ ਦਾ ਲੱਗ ਰਿਹਾ ਸੀ, ਉਨਾਂ ਹੀ ਦਰਸ਼ਕਾਂ ਦਾ ਲੱਗ ਰਿਹਾ ਪ੍ਰਤੀਤ ਹੋ ਰਿਹਾ ਸੀ। ਦਰਸ਼ਕ ਪੱਬਾ ਭਾਰ ਹੋਏ ਖਿਡਾਰੀਆਂ ਦੇ ਦਸਤਪੰਜੇ ਪਏ ਦੇਖਦੇ ਰਹੇ। ਫਾਈਨਲ ਮੈਚ ਵਿਚ 28 ਦੇ ਮੁਕਾਬਲੇ 32 ਅੰਕ ਲੈ ਕੇ ਇੰਗਲੈਂਡ ਦੀ ਟੀਮ ਜੇਤੂ ਕੱਪ ਦੀ ਹੱਕਦਾਰ ਬਣੀ, ਜਦਕਿ ਭਾਰਤ ਦੀ ਟੀਮ ਨੂੰ ਦੂਜੇ ਥਾਂ ਸਬਰ ਕਰਨਾ ਪਿਆ।

ਭਾਰਤ ਦੀ ਟੀਮ ਆਪਣੇ ਸਮੇਂ ਦੇ ਨਾਮੀ ਕਬੱਡੀ ਖਿਡਾਰੀ ਹਰਪ੍ਰੀਤ ਸਿੰਘ ਬਾਬਾ ਲੈ ਕੇ ਆਏ ਸਨ ਜਦਕਿ ਇੰਗਲੈਂਡ ਦੀ ਟੀਮ ਬਹਾਦਰ ਸਿੰਘ ਸ਼ੇਰਗਿੱਲ ਵਲੋਂ ਲਿਆਂਦੀ ਗਈ ਸੀ।

ਇਸ ਦੌਰਾਨ ਲੜਕੀਆਂ ਦਾ ਪਹਿਲਾ ਮੈਚ ਮੈਕਸੀਕੋ ਤੇ ਜਰਮਨੀ, ਦੂਜਾ ਮੈਚ ਅਮਰੀਕਾ ਤੇ ਜਰਮਨੀ ਅਤੇ ਤੀਜਾ ਫਾਈਨਲ ਦਿਲਚਸਪ ਮੈਚ ਮੈਕਸੀਕੋ ਤੇ ਅਮਰੀਕਾ ਵਿਚਾਲੇ ਹੋਇਆ। ਅਮਰੀਕਾ ਦੀਆਂ ਲੜਕੀਆਂ ਨੇ 18 ਦੇ ਮੁਕਾਬਲੇ 19 ਅੰਕ ਪ੍ਰਾਪਤ ਕਰ ਕੇ ਪਹਿਲਾ ਇਨਾਮ ਜਿੱਤਿਆ। ਦਰਸ਼ਕਾਂ ਨੇ ਲੜਕੀਆਂ ਦਾ ਮੈਚ ਬੜੀ ਦਿਲਚਸਪੀ ਨਾਲ ਦੇਖਿਆ। ਲੜਕੀਆਂ ਦੇ ਮੈਚ ਕਬੱਡੀ ਦੇ ਸਾਬਕਾ ਨਾਮੀ ਖਿਡਾਰੀ ਸ਼ਿਵਦੇਵ ਸਿੰਘ ਦੀ ਦੇਖ-ਰੇਖ ਹੇਠ ਹੋਏ।

ਇੰਡੀਅਨ ਨੈਸ਼ਨਲ ਓਵਰਸੀਜ਼ ਕਾਂਗਰਸ ਦੀ ਅਮਰੀਕਾ ਇਕਾਈ ਦੇ ਪ੍ਰਧਾਨ ਮਹਿੰਦਰ ਸਿੰਘ ਗਿਲਜ਼ੀਆਂ ਖੇਡ ਮੇਲੇ ਦੇ ਮੁੱਖ ਮਹਿਮਾਨ ਸਨ। ਕਬੱਡੀ ਦਾ ਪਹਿਲਾ ਇਨਾਮ ਕੁਲਵੰਤ ਸਿੰਘ ਦਿਓਲ (ਚਰਨ ਇਲੈਕਟ੍ਰੀਕਲ) ਅਤੇ ਦੂਜਾ ਇਨਾਮ ਫਾਈਵ-ਬੋਰੋ ਬਿਲਡਿੰਗ ਸਪਲਾਈ ਵਾਲੇ ਸੰਦੀਪ ਸਿੰਘ (ਜੇ. ਪੀ.) ਵਲੋਂ ਦਿੱਤਾ ਗਿਆ। ਸਤਵਿੰਦਰ ਸਿੰਘ ਮੂਲਤਾਨੀ, ਹਰਜੀਤ ਸਿੰਘ ਬੱਬੂ ਨਿਊ ਜਰਸੀ ਤੇ ਜੱਬਰ ਸਿੰਘ ਗਰੇਵਾਲ ਨੇ ਵੀ ਖਿਡਾਰੀਆਂ ਨੂੰ ਮਾਇਆ ਦੇ ਗੱਫੇ ਦਿੱਤੇ। ਬੈਸਟ ਸਟਾਪਰ ਨੂੰ ਇਨਾਮ ਸਰਦੂਲ ਸਿੰਘ ਦਿਓਲ ਅਤੇ ਬੈਸਟ ਰੇਡਰ ਨੂੰ ਸੰਨੀ ਟਰੱਕ ਡਰਾਈਵਿੰਗ ਸਕੂਲ ਵਲੋਂ ਦਿੱਤਾ ਗਿਆ।



ਆਪਣੇ ਸਮੇਂ ਦੇ ਪ੍ਰਸਿੱਧ ਕਬੱਡੀ ਖਿਡਾਰੀ ਤੇ ਸੇਵਾਮੁਕਤ ਐਸ. ਪੀ. ਸ਼ਿਵਦੇਵ ਸਿੰਘ ਨੇ ਟੈਕਨੀਕਲ ਡਾਇਰੈਕਟਰ ਦੀ ਸੇਵਾ ਨਿਭਾਉਂਦਿਆਂ ਸਾਰੇ ਮੈਚ ਵਧੀਆ ਢੰਗ ਨਾਲ ਕਰਵਾਏ। ਰੈਫਰੀ ਦੀ ਸੇਵਾ ਬਿੰਨਾ ਕੈਨੇਡਾ ਤੇ ਬਹਾਦਰ ਸਿੰਘ ਸ਼ੇਰਗਿੱਲ ਇੰਗਲੈਂਡ ਨੇ ਨਿਭਾਈ। ਸਟੇਜ 'ਤੇ ਆਸ਼ਾ ਸ਼ਰਮਾ, ਭਿੰਦਾ ਬੇਗੋਵਾਲ, ਇਕਬਾਲ ਜੱਬੋਵਾਲੀਆ ਤੇ ਨਰਿੰਦਰ ਸ਼ਰਮਾ ਸਰਗਰਮ ਰਹੇ।

ਖੇਡ ਮੇਲੇ ਦੀ ਸਫਲਤਾ ਲਈ ਪੰਜਾਬੀ ਵਿਰਸਾ ਸਪੋਰਟਸ ਕਲੱਬ, ਬੇਗੋਵਾਲ ਵੈਲਫੇਅਰ ਇੰਟਰਨੈਸ਼ਨਲ ਸੁਸਾਇਟੀ, ਸੰਤ ਬਾਬਾ ਪ੍ਰੇਮ ਸਿੰਘ ਜੀ ਸੁਸਾਇਟੀ, ਬਾਬਾ ਬੰਦਾ ਸਿੰਘ ਬਹਾਦਰ ਸੁਸਾਇਟੀ, ਮਿਆਣੀ ਵੈਲਫੇਅਰ ਸੁਸਾਇਟੀ, ਸੱਲ੍ਹਾਂ ਵੈਲਫੇਅਰ ਸੁਸਾਇਟੀ ਅਤੇ ਗੁਰਦੁਆਰਾ ਬਾਬਾ ਮੱਖਣ ਸ਼ਾਹ ਸੁਧਾਰ ਕਮੇਟੀ ਦੇ ਸਮੂਹ ਮੈਂਬਰਾਂ ਨੇ ਮੋਢਾ ਨਾਲ ਮੋਢਾ ਜੋੜ ਕੇ ਸਾਥ ਦਿੱਤਾ। ਹਰਬੰਸ ਸਿੰਘ ਢਿੱਲੋਂ ਨੇ ਸਟੇਜ ਤੋਂ ਅਨਾਊਂਸ ਕੀਤਾ ਕਿ ਅਗਲੇ ਸਾਲ ਕਬੱਡੀ ਮੇਲਾ 22 ਸਤੰਬਰ 2019, ਐਤਵਾਰ ਨੂੰ ਕਰਵਾਇਆ ਜਾਏਗਾ।



ਖੇਡ ਮੇਲੇ ਦੌਰਾਨ ਸੰਦੀਪ ਜਲੰਧਰੀਏ ਵਲੋਂ ਪੀਜ਼ਾ, ਪੰਜਾਬੀ ਢਾਬੇ ਵਾਲੇ ਗੁਰਮੀਤ ਸਿੰਘ ਵਲੋਂ ਚਾਹ ਤੇ ਪਕੌੜੇ, ਪਰਮਜੀਤ ਸਿੰਘ ਬੇਗੋਵਾਲ ਵਲੋਂ ਪਾਣੀ ਦੀ ਸੇਵਾ, ਭਿੰਦਾ ਬੇਗੋਵਾਲ ਵਲੋਂ ਸਬਵੇਅ-ਸੈਂਡਵਿਚ ਅਤੇ ਸ਼ਿਕਾਗੋ ਪੀਜ਼ੇ ਵਾਲਿਆਂ ਨੇ ਪੀਜ਼ੇ ਦੀਆਂ ਸੇਵਾਵਾਂ ਨਿਭਾਈਆਂ। ਲੰਗਰ ਦੀ ਸੇਵਾ ਗੁਰਦੁਆਰਾ ਸੰਤ ਸਾਗਰ ਅਤੇ ਗੁਰਦੁਆਰਾ ਮਾਝਾ ਸਾਹਿਬ ਵਲੋਂ ਸੀ।

ਗਰਵ ਪੰਜਾਬ ਟੀ. ਵੀ. ਚੈਨਲ ਤੋਂ ਮਹਿੰਦਰ ਸਿੰਘ ਟੀਟੂ (ਟੀਟੂ ਫੋਟੋਗ੍ਰਾਫਰ) ਤੇ ਮਨੀਸ਼ ਬਿਆਲਾ ਨੇ ਮੈਚਾਂ ਦਾ ਸਿੱਧਾ ਪ੍ਰਸਾਰਨ ਕੀਤਾ। ਪੰਜ-ਆਬ ਅਤੇ ਸਰਦਾਰੀ ਰਾਣਾ ਤੇ ਪ੍ਰਿੰਸ ਕੈਨੇਡਾ ਤੋਂ, ਪੀ. ਟੀ. ਸੀ. ਵਲੋਂ ਦਵਿੰਦਰ ਸਿੰਘ, ਗਰਿੰਦਰ ਸਿੰਘ ਹੋਠੀ ਤੇ ਬਲਵੰਤ ਹੋਠੀ ਵੀ ਖੇਡ ਮੇਲੇ ਦਾ ਨਜ਼ਾਰਾ ਕੈਮਰੇ 'ਚ ਬੰਦ ਕਰ ਰਹੇ ਸਨ। ਬਲਵਿੰਦਰ ਸਿੰਘ ਮੁਲਤਾਨੀ ਨੇ ਖੇਡ ਮੇਲੇ ਦੀਆਂ ਫੋਟੋਆਂ ਕੈਮਰਾਬੰਦ ਕੀਤੀਆਂ। ਨਿਊ ਯਾਰਕ ਪੁਲਿਸ ਵਿਭਾਗ ਤੇ ਪਾਰਕ ਸਕਿਓਰਿਟੀ ਵਿਭਾਗ ਨੇ ਬੜਾ ਸਹਿਯੋਗ ਦਿੱਤਾ। ਬੀਬੀਆਂ, ਬਜੁਰਗਾਂ ਤੇ ਬੱਚਿਆਂ ਵਾਸਤੇ ਵੱਖ ਵੱਖ ਬਲੀਚਰ ਲਗਵਾਏ ਹੋਏ ਸਨ।

ਪੰਜਾਬੀ ਵਿਰਸਾ ਸਪੋਰਟਸ ਕਲੱਬ ਦੇ ਪ੍ਰਧਾਨ ਮਹਿੰਦਰ ਸਿੰਘ ਸਿੱਧੂ ਅਤੇ ਬੇਗੋਵਾਲ ਵੈਲਫੇਅਰ ਇੰਟਰਨੈਸ਼ਨਲ ਸੁਸਾਇਟੀ ਦੇ ਪ੍ਰਧਾਨ ਭਿੰਦਾ ਬੇਗੋਵਾਲ ਨੇ ਸਮੂਹ ਨਿਊ ਯਾਰਕ ਵਾਸੀਆਂ, ਕਬੱਡੀ ਪ੍ਰੇਮੀਆਂ, ਸਪਾਂਸਰਾਂ ਅਤੇ ਮੀਡੀਏ ਦਾ ਧੰਨਵਾਦ ਕੀਤਾ। ਮਹਿੰਦਰ ਸਿੰਘ ਸਿੱਧੂ ਨੇ ਗੁਣਾਚੌਰੀਏ ਬਲਦੇਵ ਮਾਨ ਦਾ ਉਚੇਚਾ ਧੰਨਵਾਦ ਕੀਤਾ, ਜਿਸ ਨੇ ਖਾਣ-ਪੀਣ ਦੀ ਪਰਵਾਹ ਕੀਤੇ ਬਿਨਾ ਸਵੇਰ ਤੋਂ ਸ਼ਾਮ ਤੱਕ ਮੈਚਾਂ ਦੌਰਾਨ ਸਹਿਯੋਗ ਦਿੱਤਾ।


















# ਭਾਰਤ ਦੇ ਸ਼ਾਸਤਰੀ ਨ੍ਰਿਤ

ਮਨ ਦੀ ਖੁਸ਼ੀ ਨੂੰ ਪ੍ਰਗਟ ਕਰਨ ਦਾ ਸਭ ਤੋਂ ਵੱਡਾ ਸਾਧਨ ਨੱਚਣਾ ਹੈ। ਮੁੱਢ ਕਦੀਮ ਤੋਂ ਹੀ ਮਨੁੱਖ ਆਪਣੇ ਮਨ ਦੀ ਖੁਸ਼ੀ ਨੂੰ ਪ੍ਰਗਟ ਕਰਨ ਲਈ ਨਾਚ ਦਾ ਸਹਾਰਾ ਲੈਂਦਾ ਰਿਹਾ ਹੈ। ਨਾਚ ਲੋਕਾਂ ਦੇ ਕਾਰ-ਵਿਹਾਰ ਅਤੇ ਰਸਮਾਂ-ਰਿਵਾਜਾਂ ਨਾਲ ਵੀ ਜੁੜੇ ਹੋਏ ਹਨ। ਕਿਸਾਨ ਆਪਣੀ ਪੱਕੀ ਫਸਲ ਵੇਖ ਕੇ ਝੂਮ ਉਠਦਾ ਹੈ। ਸ਼ਿਕਾਰੀ ਆਪਣੇ ਸ਼ਿਕਾਰ ਦੀ ਪ੍ਰਾਪਤੀ ਵਿਚ ਨੱਚਣ ਲੱਗਦਾ ਹੈ ਅਤੇ ਮਛੇਰਾ ਜਦੋਂ ਮੱਛੀਆਂ ਪਕੜ ਲੈਂਦਾ ਹੈ ਤਾਂ ਉਹ ਵੀ ਆਪਣੀ ਖੁਸ਼ੀ ਦਾ ਇਜ਼ਹਾਰ ਨੱਚ ਕੇ ਹੀ ਕਰਦਾ ਹੈ। ਇਸੇ ਤਰ੍ਹਾਂ ਮੇਲਿਆਂ-ਤਿਉਹਾਰਾਂ ਅਤੇ ਹੋਰ ਖੁਸ਼ੀ ਦੇ ਮੌਕਿਆਂ ਉਤੇ ਨੱਚਣਾ ਮਨੁੱਖ ਦੀ ਮੂਲ ਪ੍ਰਵਿਰਤੀ ਕਿਹਾ ਜਾ ਸਕਦਾ ਹੈ। ਭਾਰਤ ਵਿਚ ਨਾਚ ਨੂੰ ਪੂਜਾ ਅਤੇ ਇਬਾਦਤ ਦੇ ਵਾਹਨ ਵਜੋਂ ਵੀ ਵਰਤਿਆ ਜਾਂਦਾ ਰਿਹਾ ਹੈ। ਇਸ ਦੇ ਨਾਲ ਹੀ

**ਗੁਰਮੁਖ ਸਿੰਘ ਸਹਿਗਲ (ਡਾ.)**
**ਫੋਨ: 91-98154-78936**

ਮਨੁੱਖ ਦੇ ਅਤਿ ਸੂਖਮ ਭਾਵਾਂ ਨੂੰ ਪ੍ਰਗਟ ਕਰਨ ਦਾ ਸਾਧਨ ਵੀ ਨਾਚ ਹੀ ਹੈ।

ਭਾਰਤ ਵਿਚ ਨਾਚ ਦਾ ਮੁੱਢ ਕਦੋਂ ਬੱਝਿਆ? ਇਸ ਬਾਰੇ ਅਤੀਤ ਦੀਆਂ ਧੁੰਦਲੀਆਂ ਗੁਫਾਵਾਂ ਵਿਚ ਝਾਤੀ ਮਾਰਨੀ ਪਏਗੀ। ਮੋਹਿੰਜੋਦੜੋ ਦੇ ਥੇਹਾਂ ਵਿਚੋਂ ਕਰੀਬ 4 ਹਜ਼ਾਰ ਸਾਲ ਪਹਿਲਾਂ ਦੀ ਲੱਭੀ ਹੋਈ ਨ੍ਰਿਤ ਕਰਦੀ ਹੋਈ ਤਾਂਬੇ ਦੀ ਮੂਰਤੀ ਸਭ ਤੋਂ ਪੁਰਾਤਨ ਕਲਾਕ੍ਰਿਤੀ ਹੈ ਜਿਸ ਦਾ ਸਬੰਧ ਨਾਚ ਨਾਲ ਜੋੜਿਆ ਜਾ ਸਕਦਾ ਹੈ। ਇਸ ਤੋਂ ਇਲਾਵਾ ਕੇਂਦਰੀ ਭਾਰਤ ਦੇ ਚੰਬਲ ਘਾਟੀ ਦੇ ਇਲਾਕੇ ਵਿਚ ਪਚਮੜ੍ਹੀ ਦੀਆਂ ਗੁਫਾਵਾਂ ਵਿਚ ਨ੍ਰਿਤ ਕਰਦੀਆਂ ਕੁੜੀਆਂ ਦੇ ਚਿੱਤਰ ਵੀ ਦੇਸ਼ ਦੀ ਵਿਸ਼ਾਲ ਨ੍ਰਿਤ-ਪਰੰਪਰਾ ਵੱਲ ਸੰਕੇਤ ਕਰਦੇ ਹਨ। ਤਕਰੀਬਨ ਪਹਿਲੀ ਸਦੀ ਵਿਚ ਭਰਤ ਮੁਨੀ ਦੁਆਰਾ ਲਿਖਿਆ ਗ੍ਰੰਥ 'ਨਾਟਯ ਸ਼ਾਸਤਰ' ਸੰਗੀਤ ਅਤੇ ਨ੍ਰਿਤ ਬਾਰੇ ਬੇਮਿਸਾਲ ਰਚਨਾ ਹੈ। ਭਰਤ ਮੁਨੀ ਨੇ ਇਸ ਵਿਚ ਨ੍ਰਿਤ ਦੇ ਅਸੂਲਾਂ ਨੂੰ ਬੜੀ ਬਾਰੀਕੀ ਅਤੇ ਵਿਸਥਾਰ ਨਾਲ ਬਿਆਨ ਕੀਤਾ ਹੈ। ਭਰਤ ਮੁਨੀ ਦੀ ਇਹ ਸ਼ਾਹਕਾਰ ਰਚਨਾ ਅਜੋਕੇ ਯੁੱਗ ਵਿਚ ਵੀ ਨਾਚ ਕਲਾ ਲਈ ਓਨੀ ਹੀ ਸਾਰਥਕ ਹੈ, ਜਿੰਨੀ ਅੱਜ ਤੋਂ ਦੋ ਹਜ਼ਾਰ ਸਾਲ ਪਹਿਲਾਂ ਸੀ।



*ਮੋਹਿਨੀਅੱਟਮ ਪੇਸ਼ ਕਰ ਰਹੀ ਇਕ ਕਲਾਕਾਰ।*

ਭਾਰਤ ਦੇ ਸੈਂਕੜੇ ਮੰਦਿਰਾਂ, ਸਤੂਪਾਂ ਅਤੇ ਗੁਫਾਵਾਂ ਵਿਚ ਨ੍ਰਤਕੀਆਂ ਦੇ ਚਿੱਤਰ ਉਕਰੇ ਹੋਏ ਮਿਲਦੇ ਹਨ ਜਿਨ੍ਹਾਂ ਤੋਂ ਭਾਰਤ ਵਿਚ ਪੁਰਾਤਨ ਸਮੇਂ ਤੋਂ ਹੀ ਨ੍ਰਿਤ ਦੇ ਵਿਕਾਸ ਬਾਰੇ ਪਤਾ ਲੱਗਦਾ ਹੈ। ਕਈ ਧਾਰਮਿਕ ਸਥਾਨਾਂ ਦੀਆਂ ਇਮਾਰਤਾਂ ਅਤੇ ਜਨਤਕ ਸਥਾਨਾਂ ਦੀ ਸਜਾਵਟ ਨ੍ਰਤਕੀਆਂ ਦੇ ਚਿੱਤਰਾਂ ਰਾਹੀਂ ਕੀਤੀ ਹੋਈ ਮਿਲਦੀ ਹੈ। ਸਾਂਚੀ ਤੇ ਭਾਰਹੁਟ ਦੇ ਦਰਵਾਜਿਆਂ ਉਤੇ ਅਪਸਰਾਵਾਂ ਅਤੇ ਉਚ ਵਰਗ ਦੀਆਂ ਨ੍ਰਤਕੀਆਂ ਦੇ ਚਿੱਤਰ ਸਜਾਵਟ ਲਈ ਵਰਤੇ ਗਏ ਮਿਲਦੇ ਹਨ। ਅਜੰਤਾ-ਐਲੋਰਾ ਦੇ ਕੰਧ-ਚਿੱਤਰ ਅਤੇ ਖਜੁਰਾਹੋ ਤੇ ਚਿਦੰਬਰਮ ਦੀਆਂ ਮੂਰਤੀਆਂ ਇਸ ਗੱਲ ਦਾ ਪ੍ਰਮਾਣ ਹਨ। ਭਾਰਤੀ ਨਾਚ ਦੁਨੀਆਂ ਵਿਚ ਪੁਰਾਤਨ ਹੀ ਨਹੀਂ ਸਗੋਂ ਇਹ ਨ੍ਰਿਤ ਪਰੰਪਰਾ ਬਿਨਾ ਟੁੱਟਿਆਂ ਹਜ਼ਾਰਾਂ ਸਾਲਾਂ ਤੋਂ ਚਲਦੀ ਆ ਰਹੀ ਹੈ। ਇਸ ਦਾ ਸਹਿਜੇ ਹੀ ਵਿਕਾਸ ਹੋਇਆ ਹੈ ਅਤੇ ਇਹ ਵਿਚਾਰਧਾਰਾ ਦੇ ਰੂਪ ਵਿਚ ਪ੍ਰਫੁਲਿਤ ਹੋਈ ਹੈ। ਭਾਰਤ ਦੇ ਮੁੱਖ ਕਲਾਸੀਕਲ ਨਾਚ ਇਉਂ ਹਨ:

**ਭਰਤਨਾਟਯਮ:** ਦੇਸ਼ ਦੇ ਸ਼ਾਸਤਰੀ ਨ੍ਰਿਤਾਂ ਵਿਚੋਂ ਭਰਤਨਾਟਯਮ ਸਭ ਤੋਂ ਪੁਰਾਤਨ ਹੈ ਜੋ ਦੱਖਣ ਦੇ ਮੰਦਿਰਾਂ ਵਿਚ ਦੇਵਦਾਸੀਆਂ ਦੁਆਰਾ ਸਾਂਭਿਆ ਰਿਹਾ ਤੇ ਫਿਰ ਪਿਛੋਂ ਰਾਜੇ-ਮਹਾਰਾਜਿਆਂ ਦੇ ਦਰਬਾਰਾਂ ਤਕ ਪਹੁੰਚ ਕੇ ਉਨ੍ਹਾਂ ਦੇ ਮਨੋਰੰਜਨ ਦਾ ਸਾਧਨ ਬਣ ਗਿਆ। ਇਹ ਤਾਮਿਲਨਾਡੂ ਦੇ ਤੰਜਾਵੂਰ ਅਤੇ ਕਾਂਚੀਪੁਰਮ ਵਿਚ ਪ੍ਰਫੁਲਿਤ ਹੋਇਆ। ਦੋ ਹਜ਼ਾਰ ਸਾਲ ਪੁਰਾਣੇ ਗ੍ਰੰਥ 'ਨਾਟਯ ਸ਼ਾਸਤਰ' ਵਿਚ ਇਸ ਦੇ ਨਿਯਮਬੱਧ ਰੂਪ ਦਾ ਜ਼ਿਕਰ ਮਿਲਦਾ ਹੈ। ਇਸ ਤੋਂ ਬਿਨਾ ਦੂਜੀ ਸਦੀ ਵਿਚ ਲਿਖੀ ਗਈ ਤਾਮਿਲ ਦੀ ਸ਼ਾਹਕਾਰ ਰਚਨਾ 'ਸਿਲਾਪਾਤੀਕਾਰਮ' ਵਿਚ ਵੀ ਭਰਤਨਾਟਯਮ ਦਾ ਵਿਸਥਾਰਪੂਰਵਕ ਜ਼ਿਕਰ ਮਿਲਦਾ ਹੈ। ਪਰੰਪਰਾ ਅਨੁਸਾਰ ਭਰਤਨਾਟਯਮ ਵੱਖਰੇ ਤੌਰ 'ਤੇ ਇਕੋ ਔਰਤ ਹੀ ਨੱਚਦੀ ਹੈ। ਇਸ ਨਾਚ ਦੀ ਸੰਪੂਰਨ ਪੇਸ਼ਕਾਰੀ ਨੂੰ ਛੇ ਪੜਾਵਾਂ-ਅਲੀ ਰੂਪਾ, ਜਾਤੀ ਸਵਰਮ, ਸ਼ਬਦਮ, ਵਰਨਮ, ਪਦਮ ਅਤੇ ਤਿਲਾਨਾ ਰਾਹੀਂ ਦਰਸਾਇਆ ਜਾਂਦਾ ਹੈ। ਇਸ ਨ੍ਰਿਤ ਦੀ ਲੈਅ ਇਕਸਾਰ ਮਾਤਰਾਵਾਂ ਅਨੁਸਾਰ ਹੁੰਦੀ ਹੈ ਜਿਸ ਨੂੰ ਜਾਤੀ ਕਿਹਾ ਜਾਂਦਾ ਹੈ ਅਤੇ ਪੇਸ਼ਕਾਰੀ ਵਿਚ ਵਿਸ਼ੇਸ਼ ਤੌਰ 'ਤੇ ਭੈਰਵੀ, ਕਲਿਆਣੀ ਅਤੇ ਕਾਮੋਦੀ ਰਾਗਾਂ ਦੀ ਚੋਣ ਕੀਤੀ ਜਾਂਦੀ ਹੈ।

ਇਸ ਨ੍ਰਿਤ ਨੂੰ ਪ੍ਰਫੁਲਿਤ ਕਰਨ ਵਿਚ ਤੰਜਾਵੂਰ ਦੇ ਭਰਾਵਾਂ-ਵਾਦੀਵਿੱਲੂ, ਚਿੰਨੀਹਾ, ਪੁਨੀਹਾ ਤੇ ਸ਼ਿਵਾਨੰਦਮ ਦਾ ਬੜਾ ਯੋਗਦਾਨ ਹੈ। ਇਨ੍ਹਾਂ ਭਰਾਵਾਂ ਦਾ ਗੁਰੂ ਮੁਤੂਸਵਾਮੀ ਦੀਕਸ਼ੀਤਰ ਸੀ, ਜੋ 16ਵੀਂ-17ਵੀਂ ਸਦੀ ਵਿਚ ਤੰਜਾਵੂਰ ਦੇ ਮਹਾਰਾਜਾ ਸਰਾ ਭੋਜੀ ਦੇ ਦਰਬਾਰ ਵਿਚ ਸੀ। ਭਰਤਨਾਟਯਮ ਦੇ ਪ੍ਰਸਿਧ ਸਿੱਖਿਅਕਾਂ ਵਿਚੋਂ ਮੀਨਾਕਸ਼ੀ ਸੁੰਦਰਮ ਪਿੱਲੈ, ਕ੍ਰਿਸ਼ਨਾ ਅਈਅਰ ਅਤੇ ਨਤਾਸ਼ਾ ਅਈਅਰ ਰਾਮਚੰਦਰਨ ਪ੍ਰਸਿੱਧ ਹਨ। ਵੀਹਵੀਂ ਸਦੀ ਵਿਚ ਬਾਲਾਸਰਸਵਤੀ, ਜੋ ਦੇਵਦਾਸੀ ਸੀ, ਨੇ ਇਸ ਨ੍ਰਿਤ ਵਿਚ ਪ੍ਰਸਿਧੀ ਹਾਸਿਲ ਕੀਤੀ। ਇਸ ਤੋਂ ਇਲਾਵਾ ਯਾਮਿਨੀ ਕ੍ਰਿਸ਼ਨਾਮੂਰਤੀ ਨੇ ਵੀ ਦੇਸ਼ ਵਿਦੇਸ਼ਾਂ ਵਿਚ ਭਰਤਨਾਟਯਮ ਨੂੰ ਪ੍ਰਚਲਿਤ ਕੀਤਾ ਹੈ। ਇਹ ਨ੍ਰਿਤ ਸਿਖਾਉਣ ਵਾਲੇ ਜ਼ਿਆਦਾਤਰ ਵਡੇਰੀ ਉਮਰ ਦੇ ਗੁਰੂ ਹਨ, ਪਰ ਨੱਚਣ ਵਾਲੀਆਂ ਅਤਿ ਸੁੰਦਰ ਔਰਤਾਂ ਹਨ। ਰੁਕਮਿਣੀ ਦੇਵੀ ਦਾ ਇਸ ਨਾਚ ਨੂੰ ਪ੍ਰਫੁਲਿਤ ਕਰਨ ਵਿਚ ਬਹੁਤ ਯੋਗਦਾਨ ਹੈ। ਚੇਨੱਈ ਨੇੜੇ ਆਦਿਆਰ ਵਿਚ ਉਸ ਵਲੋਂ ਸਥਾਪਤ ਸੰਸਥਾ 'ਕਲਾਕਸ਼ੇਤਰ' ਵਿਚ ਦੂਰ ਦੂਰ ਤੋਂ ਕਲਾ ਪ੍ਰੇਮੀ ਸਿੱਖਣ ਲਈ ਆਉਂਦੇ ਹਨ। ਭਰਤਨਾਟਯਮ ਨੂੰ ਪ੍ਰਫੁਲਿਤ ਕਰਨ ਵਿਚ ਮ੍ਰਿਣਾਲਿਨੀ ਸਾਰਾਭਾਈ, ਉਸ ਦੀ ਧੀ ਮਲਿਕਾ ਸਾਰਾਭਾਈ, ਹੇਮਾ ਮਾਲਿਨੀ, ਸੋਨਲ ਮਾਨਸਿੰਘ ਤੇ ਅਨੀਤਾ ਰਤਨਮ ਦਾ ਵੀ ਯੋਗਦਾਨ ਹੈ।

**ਕਥਾਕਲੀ:** ਇਸ ਨਾਚ ਦਾ ਮੁੱਢ ਕੇਰਲ ਸੂਬੇ ਤੋਂ ਮੰਨਿਆ ਜਾਂਦਾ ਹੈ। ਤਕਰੀਬਨ ਦੂਜੀ ਸਦੀ ਵਿਚ ਕਥਾਕਲੀ ਦੇ ਕੁਝ ਸੰਕੇਤ ਮੰਦਿਰਾਂ ਵਿਚ ਮਿਲਦੇ ਹਨ, ਪਰ ਸਹੀ ਰੂਪ ਵਿਚ ਇਹ ਨਾਚ 16ਵੀਂ ਸਦੀ ਦੇ ਅੰਤ ਵਿਚ ਪ੍ਰਫੁਲਿਤ ਹੋਣਾ ਸ਼ੁਰੂ ਹੋਇਆ। ਇਸ ਨਾਚ ਦਾ ਪ੍ਰਦਰਸ਼ਨ ਮਰਦਾਂ ਵਲੋਂ ਕੀਤਾ ਜਾਂਦਾ ਹੈ। ਕੋਈ ਬਾਰ੍ਹਾਂ ਸਾਲ ਦੀ ਉਮਰ ਤੋਂ ਹੀ ਇਸ ਨਾਚ ਲਈ ਮੁੰਡਿਆਂ ਦੀ ਸਿਖਲਾਈ ਸ਼ੁਰੂ ਹੋ ਜਾਂਦੀ ਹੈ। ਇਸ ਨਾਚ ਦੇ ਲੱਛਣ ਭਗਵਾਨ ਸ਼ਿਵ ਦੇ ਤਾਂਡਵ ਨਾਚ ਵਾਲੇ ਹਨ ਜੋ ਨਿਰੋਲ ਪੁਰਸ਼ਾਂ ਰਾਹੀਂ ਹੀ ਨੱਚਿਆ ਜਾਂਦਾ ਹੈ। ਇਸ ਵਿਚ ਪੁਰਸ਼ਾਂ ਦੀਆਂ ਮੁਦਰਾਵਾਂ ਹੀ ਮੁੱਖ ਹੁੰਦੀਆਂ ਹਨ। ਇਸ ਲਈ ਮੇਕਅੱਪ ਲਈ ਹਰਾ, ਕਾਲਾ, ਲਾਲ ਆਦਿ ਗੂੜ੍ਹੇ ਰੰਗਾਂ ਦੀ ਵਰਤੋਂ ਵਧੇਰੇ ਕੀਤੀ ਜਾਂਦੀ ਹੈ। ਇਸ ਦਾ ਪਹਿਰਾਵਾ ਵੀ ਰੰਗੀਨ, ਭਾਰਾ ਅਤੇ ਸਜਾਵਟੀ ਕਿਸਮ ਦਾ ਹੁੰਦਾ ਹੈ। ਇਸ ਵਿਚ ਅਭਿਨੈ ਦੀ ਵਰਤੋਂ ਮੁੱਖ ਹੁੰਦੀ ਹੈ। ਵਿਸ਼ੇਸ਼ ਤੌਰ ਉਤੇ ਅੱਖਾਂ ਦੀਆਂ ਮੁਦਰਾਵਾਂ ਰਾਹੀਂ ਮਨੋਭਾਵਾਂ ਨੂੰ ਪ੍ਰਗਟ ਕੀਤਾ ਜਾਂਦਾ ਹੈ। ਸੰਗੀਤ ਅਤੇ ਨਾਚ ਦੇ ਚਾਰ ਪੜਾਵਾਂ ਰਾਹੀਂ ਇਸ ਨਾਚ ਦੀ ਪੇਸ਼ਕਾਰੀ ਹੁੰਦੀ ਹੈ। ਅਰੰਮੂ ਕੇਲੀ, ਤੋਡੀਯਾਮ, ਪੁਰਾਪਡੂ ਅਤੇ ਮੇਲਾਪਦਮ ਇਸ ਦੇ ਚਾਰ ਭਾਗ ਹਨ। ਇਸ ਨਾਚ ਦੀ ਪੇਸ਼ਕਾਰੀ ਨਾਲ ਗਾਇਕ ਮਹਾਂਭਾਰਤ, ਰਾਮਾਇਣ ਅਤੇ ਪੁਰਾਣਾਂ ਵਿਚੋਂ ਕਥਾਵਾਂ ਦਾ ਗਾਇਨ ਕਰਦਾ ਹੈ। 'ਗੀਤ ਗੋਵਿੰਦ' ਵਿਚੋਂ ਵੀ ਗੀਤ ਪੇਸ਼ ਕੀਤੇ ਜਾਂਦੇ ਹਨ। ਸੰਗੀਤ ਦੀਆਂ ਧੁਨਾਂ ਕਰਨਾਟਕ ਸੰਗੀਤ ਅਨੁਸਾਰ ਹੀ ਹੁੰਦੀਆਂ ਹਨ। ਇਸ ਨਾਚ ਦੀ ਪੇਸ਼ਕਾਰੀ ਵਿਚ ਢੋਲ ਦਾ ਮੁੱਖ ਸਥਾਨ ਹੈ। ਕਾਵੁੰਗਲ ਘਰਾਣਾ ਛੇ ਪੀੜ੍ਹੀਆਂ ਤੋਂ ਇਸ ਨ੍ਰਿਤ ਨੂੰ ਪ੍ਰਫੁਲਿਤ ਕਰਨ ਲਈ ਯਤਨਸ਼ੀਲ ਹੈ। ਕਾਵੁੰਗਲ ਚਾਥੁਨੀ ਪਾਨੀਕਰ ਪ੍ਰਸਿੱਧ ਕਥਾਕਲੀ ਨ੍ਰਿਤਕ ਹੈ। ਕੋਟਾਕਲ



*ਭਰਤਨਾਟਯਮ ਦੀ ਇਕ ਝਲਕ।*

ਸ਼ਿਵਰਾਮਨ, ਕਲਾਮੰਡਲਮ ਗੋਪੀ, ਕ੍ਰਿਸ਼ਨਾ ਪ੍ਰਸਾਦ, ਵਾਸੂ, ਕੇਸ਼ਵ ਨਾਮੂਦਰ ਆਦਿ ਨੇ ਇਸ ਨਾਚ ਨੂੰ ਪ੍ਰਫੁਲਿਤ ਕੀਤਾ।

**ਕੱਥਕ:** ਕੱਥਕ ਦਾ ਮੁੱਢ ਉਤਰ ਪ੍ਰਦੇਸ਼ ਅਤੇ ਰਾਜਸਥਾਨ 'ਚ ਬੱਝਾ, ਜੋ ਮਥੁਰਾ ਵਰਿੰਦਾਵਨ ਦਾ ਕੇਂਦਰੀ ਇਲਾਕਾ ਹੈ। ਸ਼ੁਰੂ ਸ਼ੁਰੂ ਵਿਚ ਲੋਕਾਂ ਦੇ ਇਕੱਠ ਵਿਚ ਇਸ ਨੂੰ ਪੇਸ਼ ਕਰਨ ਵਾਲਿਆਂ ਨੂੰ ਕਥਾਕਾਰ ਕਿਹਾ ਜਾਂਦਾ ਸੀ। ਕਥਾ ਸੁਣਾਉਣ ਵਾਲਿਆਂ ਤੋਂ ਹੀ ਇਸ ਦਾ ਨਾਂ ਕੱਥਕ ਪਿਆ ਹੈ। ਕੱਥਕ ਨੂੰ ਬ੍ਰਿਜ ਰਾਸ ਵੀ ਕਿਹਾ ਜਾਂਦਾ ਹੈ। ਭਾਰਤ ਵਿਚ ਇਸ ਨਾਚ ਦੇ ਦੋ ਮੁੱਖ ਘਰਾਣੇ ਪ੍ਰਸਿਧ ਹਨ: ਲਖਨਊ ਘਰਾਣਾ ਅਤੇ ਜੈਪੁਰ ਘਰਾਣਾ।

ਕੱਥਕ ਦਾ ਮੁੱਢ ਵੀ ਦੂਜੀ ਸਦੀ ਦੇ 'ਨਾਟਯ ਸ਼ਾਸਤਰ' ਤੋਂ ਹੀ ਮੰਨਿਆ ਜਾਂਦਾ ਹੈ। ਇਸ ਨ੍ਰਿਤ ਦੀ ਸ਼ੁਰੂਆਤ ਗਣੇਸ਼ ਵੰਦਨਾ ਨਾਲ ਕੀਤੀ ਜਾਂਦੀ ਹੈ। ਇਸ ਨ੍ਰਿਤ ਦੀ ਸੰਪੂਰਨ ਪੇਸ਼ਕਾਰੀ ਕੁਝ ਪੜਾਵਾਂ ਦੁਆਰਾ ਕੀਤੀ ਜਾਂਦੀ ਹੈ। ਸ਼ੁਰੂ ਦੀ ਪੇਸ਼ਕਾਰੀ ਨੂੰ ਥਾਟ ਕਿਹਾ ਜਾਂਦਾ ਹੈ। ਫਿਰ 'ਆਮਦ' ਵਿਚ ਭਰਤਨਾਟਯਮ ਦੇ ਅਲੀ ਰੂਪਾ ਵਾਲਾ ਪ੍ਰਭਾਵ ਦਰਸਾਇਆ ਜਾਂਦਾ ਹੈ। ਸੰਗੀਤ ਦੁਆਰਾ ਵੀ ਭਰਤਨਾਟਯਮ ਦੇ ਜਾਤੀ ਸ੍ਵਰਮ ਦਾ ਪ੍ਰਭਾਵ ਪੈਂਦਾ ਹੈ। ਪਰਨ ਵਿਚ ਤਬਲੇ ਉਤੇ ਕਲਾਕਾਰੀ ਵਿਖਾਈ ਜਾਂਦੀ ਹੈ ਅਤੇ ਤਰਾਨਾ ਭਾਗ ਵਿਚ ਭਰਤਨਾਟਯਮ ਦੇ ਤਿਲਾਨਾ ਵਾਂਗ ਹੀ ਪ੍ਰਭਾਵ ਦਰਸਾਇਆ ਜਾਂਦਾ ਹੈ। ਕੱਥਕ ਨ੍ਰਿਤ ਦੀ ਚਰਮ ਸੀਮਾ ਇਸ ਦੀ ਤਿਹਾਈ ਵਿਚ ਹੈ ਜਿਥੇ ਨ੍ਰਤਕੀ ਇਕੋ ਸਥਾਨ ਉਤੇ ਸਰੀਰ ਨੂੰ ਚੱਕਰ ਦੀ ਤਰ੍ਹਾਂ ਘੁਮਾਉਂਦੀ ਹੈ। ਕੱਥਕ ਪੁਰਸ਼ਾਂ ਅਤੇ ਔਰਤਾਂ ਦਾ ਸਾਂਝਾ ਨਾਚ ਹੈ।

ਕੱਥਕ ਵਿਚ ਸੰਗੀਤਕ ਬੰਦਿਸ਼ਾਂ ਠੁਮਰੀ, ਦਾਦਰਾ ਅਤੇ ਗ਼ਜ਼ਲ ਦਾ ਪ੍ਰਯੋਗ ਵੀ ਹੁੰਦਾ ਹੈ। ਗੀਤ ਬ੍ਰਜ ਭਾਸ਼ਾ ਜਾਂ ਉਰਦੂ ਵਿਚ ਗਾਏ ਜਾਂਦੇ ਹਨ ਜਿਨ੍ਹਾਂ ਦਾ ਆਧਾਰ ਮੁੱਖ ਤੌਰ ਉਤੇ ਕ੍ਰਿਸ਼ਨ ਲੀਲ੍ਹਾ ਹੁੰਦਾ ਹੈ। ਇਸ ਨ੍ਰਿਤ ਨੂੰ ਸਥਾਪਿਤ ਕਰਨ ਵਾਲੇ 150 ਸਾਲ ਪਹਿਲਾਂ ਦੋ ਉਸਤਾਦ ਹੋਏ ਹਨ। ਪ੍ਰਕਾਸ਼ ਜੀ ਅਤੇ ਉਸ ਦਾ ਪੁੱਤਰ ਠਾਕੁਰ ਪ੍ਰਸਾਦ। ਠਾਕੁਰ ਪ੍ਰਸਾਦ ਦੇ ਅੱਗੇ ਤਿੰਨ ਪੁੱਤਰ ਬਿੰਦਾਦੀਨ ਮਹਾਰਾਜ, ਭੈਰੋ ਪ੍ਰਸਾਦ ਅਤੇ ਕਾਲਕਾ ਪ੍ਰਸਾਦ ਹੋਏ ਹਨ। ਕਾਲਕਾ ਪ੍ਰਸਾਦ ਦੇ ਅਗਾਂਹ ਤਿੰਨ ਪੁੱਤਰ ਅੱਛਨ ਮਹਾਰਾਜ, ਲੱਛੂ ਮਹਾਰਾਜ ਅਤੇ ਸ਼ੰਭੂ ਮਹਾਰਾਜ ਹੋਏ ਹਨ। ਅੱਜ ਕੱਲ੍ਹ ਅੱਛਨ ਮਹਾਰਾਜ ਦਾ ਪੁੱਤਰ ਬਿਰਜੂ ਮਹਾਰਾਜ ਕੱਥਕ ਨਾਚ ਦੇ ਖੇਤਰ ਵਿਚ ਕਿਸੇ ਜਾਣ-ਪਛਾਣ ਦਾ ਮੁਥਾਜ ਨਹੀਂ ਹੈ। ਉਤਰੀ ਭਾਰਤ ਦਾ ਇਹ ਨਾਚ ਭਾਵਾਂ ਦੀ ਸੂਖਮਤਾ ਤੇ ਸੰਵੇਦਨਸ਼ੀਲਤਾ ਨੂੰ ਪੇਸ਼ ਕਰਦਾ ਹੋਣ ਕਾਰਨ ਵਧੇਰੇ ਹਰਮਨ ਪਿਆਰਾ ਹੈ। ਇਸ ਨ੍ਰਿਤ ਨੂੰ ਪ੍ਰਫੁਲਿਤ ਕਰਨ ਵਿਚ ਸਿਤਾਰਾ ਦੇਵੀ ਅਤੇ ਦਮਯੰਤੀ ਜੋਸ਼ੀ ਦਾ ਵੀ ਬਹੁਤ ਯੋਗਦਾਨ ਹੈ। ਅੱਜ ਕੱਲ੍ਹ ਸਾਸਵਤੀ ਸੇਨ ਇਸ ਨ੍ਰਿਤ ਵਿਚ ਪ੍ਰਸਿਧ ਨਾਂ ਹੈ।

**ਓਡੀਸੀ:** ਇਸ ਦੇ ਨਾਮ ਤੋਂ ਹੀ ਸਪਸ਼ਟ ਹੈ ਕਿ ਇਸ ਨਾਚ ਦਾ ਸਬੰਧ ਉੜੀਸਾ ਨਾਲ ਹੈ। ਇਹ ਨ੍ਰਿਤ ਉੜੀਸਾ ਦੇ ਇਲਾਕੇ ਭੁਬਨੇਸ਼ਵਰ ਅਤੇ ਪੁਰੀ ਵਿਚ ਪ੍ਰਫੁਲਿਤ ਹੋਇਆ। ਇਹ ਲਗਪਗ ਛੇਵੀਂ ਸੱਤਵੀਂ ਸਦੀ ਦੌਰਾਨ ਹੋਂਦ ਵਿਚ ਆਇਆ। ਜਗਨ ਨਾਥ ਦੇ ਮੰਦਰ ਦੀਆਂ ਨ੍ਰਤਕੀਆਂ ਨਾਲ ਹੀ ਇਸ ਨ੍ਰਿਤ ਦਾ ਸਬੰਧ ਜੋੜਿਆ ਜਾਂਦਾ ਹੈ। ਇਸ ਦੀਆਂ ਮੁਦਰਾਵਾਂ ਭਾਰਤ ਦੇ ਹੋਰਾਂ ਨ੍ਰਿਤਾਂ ਨਾਲੋਂ ਬਿਲਕੁਲ ਵੱਖਰੀਆਂ ਹਨ। ਜਿਥੇ ਭਰਤਨਾਟਯਮ ਵਿਚ ਨ੍ਰਤਕੀ ਆਪਣੇ ਲੱਕ ਅਤੇ ਗੋਡਿਆਂ ਨੂੰ ਮੋੜਦੀ ਹੈ, ਉਥੇ ਓਡੀਸੀ ਵਿਚ ਨ੍ਰਤਕੀ ਆਪਣੇ ਨਿਤੰਬਾਂ ਅਤੇ ਗਰਦਨ ਨੂੰ ਕਈ ਤਰ੍ਹਾਂ ਨਾਲ ਹਰਕਤ ਵਿਚ ਲਿਆਉਂਦੀ ਹੈ। ਗਰਦਨ ਦੀਆਂ ਇਨ੍ਹਾਂ ਮੁਦਰਾਵਾਂ ਨੂੰ ਤ੍ਰਿਭੰਗੀ (ਤੀਹਰਾ ਮੋੜ) ਅਤੇ ਅਤਿਭੰਗੀ (ਅਰਧ ਚੱਕਰ ਮੋੜ) ਕਹਿੰਦੇ ਹਨ ਜੋ ਗਰਦਨ ਤੋਂ ਹੇਠਾਂ ਸਰੀਰ ਵੱਲ ਹੁੰਦਾ ਹੈ। ਸਰੀਰ ਦੀ ਲਚਕ ਕਰਕੇ ਹੀ ਇਹ ਨ੍ਰਿਤ ਵਧੇਰੇ ਇੰਦਰਿਆਵੀ, ਸੰਵੇਦਨਸ਼ੀਲ ਅਤੇ ਸਰੋਦੀ ਜਾਪਦਾ ਹੈ ਜਦੋਂਕਿ ਭਰਤਨਾਟਯਮ ਦਾ ਸੁਭਾਅ ਭਗਤੀ ਰਸ ਵਾਲਾ ਹੈ। ਇਸ ਨ੍ਰਿਤ ਦੀ ਪੇਸ਼ਕਾਰੀ ਵਿਚ ਵੀ ਕਈ ਪੜਾਵਾਂ ਵਿਚੋਂ ਗੁਜ਼ਰਨਾ ਪੈਂਦਾ ਹੈ ਜਿਵੇਂ ਪਾਤਰ ਪ੍ਰਵੇਸ਼ (ਨ੍ਰਤਕੀ ਦਾ ਆਗਮਨ), ਭੂਮੀ ਪ੍ਰਣਾਮ (ਧਰਤੀ ਮਾਤਾ ਦੀ ਅਰਾਧਨਾ), ਵਿਗਨਾਰਜ ਪੂਜਾ (ਦੇਵੀ ਦੀ ਅਰਾਧਨਾ), ਬਾਤੂ ਨ੍ਰਿਤਯ (ਸ਼ਿਵ ਦੀ ਪੂਜਾ), ਇਸ਼ਟ ਦੇਵ ਵੰਦਨਾ।

ਓਡੀਸੀ ਨ੍ਰਿਤ ਅਕਸਰ ਜੈਦੇਵ ਦੀ ਰਚਨਾ 'ਗੀਤ ਗੋਵਿੰਦ' ਦੇ ਸੰਗੀਤ ਉਤੇ ਹੀ ਨੱਚਿਆ ਜਾਂਦਾ ਹੈ। ਇਸ ਦੇ ਨਾਲ ਹੀ ਕਵੀ ਸਮਰਾਟ ਉਪੇਂਦਰ ਭਾਨ ਅਤੇ ਗੋਪਾਲ ਕ੍ਰਿਸ਼ਨ ਦੇ ਗੀਤਾਂ ਦੀ ਵਿਆਖਿਆ ਵੀ ਕੀਤੀ ਜਾਂਦੀ ਹੈ। ਪ੍ਰਤਾਪ ਰੁਦਰਾ ਦੇਵ, ਕੇਲੂਚਰਨ ਮੋਹਾਪਾਤਰਾ, ਸੋਨਲ ਮਾਨਸਿੰਘ, ਕੁਮਕੁਮ ਮੋਹੰਤੀ, ਅਰੁਣਾ ਮੋਹੰਤੀ ਆਦਿ ਇਸ ਨਾਚ ਨਾਲ ਸਬੰਧਿਤ ਪ੍ਰਸਿਧ ਕਲਾਕਾਰ ਹਨ।

**ਕੁੱਚੀਪੁੜੀ:** ਆਂਧਰਾ ਪ੍ਰਦੇਸ਼ ਦੇ ਕੁੱਚੀਪੁੜੀ ਨਗਰ ਵਿਚ ਇਸ ਨ੍ਰਿਤ ਦਾ ਮੁੱਢ 17ਵੀਂ ਸਦੀ ਵਿਚ ਧਾਰਮਿਕ ਮਾਹੌਲ ਵਿਚ ਬੱਝਿਆ। ਸ਼ੁਰੂ ਵਿਚ ਇਹ ਇਕ ਤਰ੍ਹਾਂ ਦਾ ਨ੍ਰਿਤ-ਨਾਟ ਸੀ ਜਿਸ ਵਿਚ ਪੁਰਸ਼ ਹੀ ਭਾਗ ਲੈਂਦੇ ਸਨ। ਔਰਤਾਂ ਦੇ ਕਿਰਦਾਰ ਨੂੰ ਪੇਸ਼ ਕਰਨ ਲਈ ਵੀ ਨੌਜਵਾਨ ਮੁੰਡੇ ਹੀ ਹੁੰਦੇ ਸਨ। ਇਹ ਨ੍ਰਿਤ ਨਾਟ ਸਿਧੇਂਦਰ ਯੋਗੀ ਦੇ ਨਾਟਕ 'ਪਰੀਜਾਤ ਪਹਾਰਨਮ' ਉਤੇ ਆਧਾਰਿਤ ਹੁੰਦਾ ਸੀ ਜਿਸ ਦਾ ਉਦਗਮ ਸੋਲ੍ਹਵੀਂ ਸਦੀ ਵਿਚ ਭਗਤੀ



*ਕੁੱਚੀਪੁੜੀ ਦਾ ਇਕ ਦ੍ਰਿਸ਼।*

ਲਹਿਰ ਨਾਲ ਹੋਇਆ। ਸੰਨ 1930 ਤੋਂ ਬਾਅਦ ਇਸ ਵਿਚ ਔਰਤਾਂ ਵੀ ਹਿੱਸਾ ਲੈਣ ਲੱਗੀਆਂ। ਇਸ ਨ੍ਰਿਤ ਵਿਚ ਅੱਖਾਂ, ਭਰਵੱਟੇ ਅਤੇ ਚਿਹਰੇ ਦੇ ਹਾਵ-ਭਾਵ ਨੂੰ ਹੱਥਾਂ ਦੀਆਂ ਮੁਦਰਾਵਾਂ ਨਾਲ ਉਭਾਰਿਆ ਜਾਂਦਾ ਹੈ ਅਤੇ ਇਸ ਦਾ ਆਧਾਰ ਨੰਦੀ ਕੇਸ਼ਵਰ ਦੀ ਰਚਨਾ 'ਅਭਿਨਵ ਦਰਪਣ' ਹੈ। ਇਸ ਨ੍ਰਿਤ ਵਿਚ ਵਿਸ਼ੇਸ਼ ਕਰਕੇ ਆਂਧਰਾ ਪ੍ਰਦੇਸ਼ ਦੇ ਲੋਕ ਸਾਹਿਤ, ਭਾਸ਼ਾ ਕਲਪਮ, ਗੋਲਾ ਕਲਪਮ ਤੇ ਰੁਕਮਣੀ ਕਲਿਆਨਮ ਦੀਆਂ ਕਹਾਣੀਆਂ ਵਿਚੋਂ ਪ੍ਰਸੰਗ ਦਰਸਾਏ ਜਾਂਦੇ ਹਨ। ਤੈਲਗੂ ਤੇ ਸੰਸਕ੍ਰਿਤ ਦੇ ਸਲੋਕ ਤੇ ਗੀਤ ਕਈ ਪ੍ਰਕਾਰ ਦੇ ਸਰੋਤਾਂ ਵਿਚੋਂ ਲਏ ਗਏ ਹਨ।

ਇੰਦਰਾਨੀ ਰਹਿਮਾਨ, ਰਾਗਨੀ ਦੇਵੀ ਤੇ ਯਾਮਿਨੀ ਕ੍ਰਿਸ਼ਨਾਮੂਰਤੀ ਨੇ ਇਸ ਨ੍ਰਿਤ ਵਿਚ ਚੰਗਾ ਨਾਮਣਾ ਖੱਟਿਆ ਹੈ। ਅੱਜ ਕੱਲ੍ਹ ਕੁੱਚੀਪੁੜੀ ਨਾਚ ਦੇ ਪ੍ਰਸਿੱਧ ਕਲਾਕਾਰਾਂ ਵਿਚੋਂ ਰਾਧਾ ਅਤੇ ਰਾਜਾ ਰੈਡੀ ਤੇ ਸ੍ਵਪਨ ਸੁੰਦਰੀ ਵਿਸ਼ੇਸ਼ ਤੌਰ ਉਤੇ ਵਰਣਨਯੋਗ ਹਨ।

**ਮਨੀਪੁਰੀ:** ਭਾਰਤ ਦੇ ਉਤਰ-ਪੂਰਬੀ ਸੂਬੇ ਮਨੀਪੁਰ ਵਿਚ ਇਸ ਨ੍ਰਿਤ ਦਾ ਮੁੱਢ ਤਕਰੀਬਨ ਅਠ੍ਹਾਰਵੀਂ ਸਦੀ ਵਿਚ ਬੱਝਿਆ। ਭਾਰਤ ਦੇ ਹੋਰ ਸ਼ਾਸਤਰੀ ਨ੍ਰਿਤਾਂ ਨਾਲੋਂ ਮਨੀਪੁਰੀ ਨ੍ਰਿਤ ਦਾ ਅੰਦਾਜ਼ ਬਿਲਕੁਲ ਵੱਖਰਾ ਹੈ। ਇਸ ਵਿਚ ਹੱਥਾਂ ਅਤੇ ਬਾਹਵਾਂ ਦੇ ਬੜੇ ਹੀ ਕੋਮਲ ਤੇ ਸੂਖਮ ਪ੍ਰਕਾਰ ਦੀਆਂ ਮੁਦਰਾਵਾਂ ਨੂੰ ਸਰੀਰ ਨਾਲ ਜੋੜ ਕੇ ਭਾਵ ਪ੍ਰਗਟ ਕੀਤੇ ਜਾਂਦੇ ਹਨ। ਮਨੀਪੁਰੀ ਨ੍ਰਿਤ ਵਿਚ ਕੱਥਕ ਨ੍ਰਿਤ ਵਾਂਗ ਪੈਰਾਂ ਦੀ ਥਪਥਪਾਹਟ ਨਹੀਂ ਹੁੰਦੀ ਸਗੋਂ ਸਰੀਰ ਨੂੰ ਝੁਕਾ ਕੇ ਬੜੀ ਹੀ ਕੋਮਲਤਾ ਨਾਲ ਘੁਮਾਇਆ ਜਾਂਦਾ ਹੈ। ਮਨੀਪੁਰੀ ਨ੍ਰਿਤ ਦਾ ਪਹਿਰਾਵਾ ਵੀ ਬਹੁਤ ਹੀ ਵੱਖਰਾ ਤੇ ਵਿਲੱਖਣ ਹੈ। ਨ੍ਰਤਕੀ ਅਜਿਹੀ ਸਜਾਵਟੀ ਵੇਸ-ਭੂਸ਼ਾ ਪਹਿਨਦੀ ਹੈ ਜੋ ਪੈਰਾਂ ਤਕ ਫੈਲੀ ਹੁੰਦੀ ਹੈ ਅਤੇ ਇਸ ਨੂੰ ਗੱਤੇ ਨਾਲ ਮਾਵੇ ਦੀ ਤਰ੍ਹਾਂ ਅਕੜਾ ਕੇ ਰੱਖਿਆ ਜਾਂਦਾ ਹੈ। ਇਹ ਇਕ ਪ੍ਰਕਾਰ ਦੀ ਫੈਲੇ ਹੋਏ ਘੇਰੇ ਵਾਲੀ ਸਕਰਟ ਹੁੰਦੀ ਹੈ ਜਿਸ ਨੂੰ ਸ਼ੀਸ਼ਿਆਂ ਤੇ ਗੋਟੇ-ਕਿਨਾਰੀ ਨਾਲ ਸਜਾਇਆ ਜਾਂਦਾ ਹੈ। ਆਮ ਤੌਰ ਉਤੇ ਇਹ ਲਾਲ ਰੰਗ ਦੀ ਚੋਲੀ ਹੁੰਦੀ ਹੈ, ਪਰ ਮੁੱਖ ਨ੍ਰਤਕੀ ਹਰੇ ਰੰਗ ਦਾ ਲਿਬਾਸ ਪਹਿਨਦੀ ਹੈ। ਇਸ ਨਾਚ ਵਿਚ ਰਾਸ ਲੀਲ੍ਹਾ ਨੂੰ ਵਿਸ਼ੇਸ਼ ਤੌਰ ਉਤੇ ਪੇਸ਼ ਕੀਤਾ ਜਾਂਦਾ ਹੈ ਜਿਸ ਵਿਚ ਕ੍ਰਿਸ਼ਨ, ਰਾਧਾ, ਬਲਰਾਮ ਅਤੇ ਗੋਪੀਆਂ ਦਾ ਜੀਵਨ ਚਿਤਰਿਆ ਜਾਂਦਾ ਹੈ।

ਮਨੀਪੁਰੀ ਨ੍ਰਿਤ ਵਿਚ ਹਿੰਦੁਸਤਾਨੀ ਸੰਗੀਤ ਨੂੰ ਅਪਣਾਇਆ ਗਿਆ ਹੈ। ਇਸ ਵਿਚ ਭਰਤਨਾਟਯਮ ਅਤੇ ਕੁੱਚੀਪੁੜੀ ਵਾਂਗ ਕਰਨਾਟਕ ਸੰਗੀਤ ਦੀਆਂ ਰਚਨਾਵਾਂ ਨਹੀਂ ਵਰਤੀਆਂ ਜਾਂਦੀਆਂ। ਹਿੰਦੁਸਤਾਨੀ ਸੰਗੀਤ ਦੇ ਨਾਲ ਨਾਲ ਇਸ ਨ੍ਰਿਤ ਵਿਚ ਮਨੀਪੁਰ ਦੀ ਸਥਾਨਕ ਸੁਰਾਤਮਿਕਤਾ ਵੀ ਹੁੰਦੀ ਹੈ। ਸੰਗੀਤ ਰਚਨਾਵਾਂ ਵਿਸ਼ੇਸ਼ ਤੌਰ ਉਤੇ ਜੈਦੇਵ, ਚੰਡੀਦਾਸ ਅਤੇ ਵਿਦਿਆਪਤੀ ਦੀਆਂ ਹੁੰਦੀਆਂ ਹਨ। ਇਸ ਨ੍ਰਿਤ ਨੂੰ ਪ੍ਰਫੁਲਿਤ ਕਰਨ ਵਿਚ ਨਭ ਕੁਮਾਰ ਸਿੰਘ, ਅਮਬੂਈ ਮੇਸਨਾਨ, ਤੋਂਬਾਹਸਬਮ, ਅਮੂਦਾਨ ਸ਼ਰਮਾ ਅਤੇ ਬਿਪਨ ਸਿੰਘ ਜਿਹੇ ਕਲਾਕਾਰਾਂ ਦਾ ਅਹਿਮ ਯੋਗਦਾਨ ਹੈ।

**ਮੋਹਿਨੀਅੱਟਮ:** ਮੋਹਿਨੀਅੱਟਮ ਵੀ ਕਥਾਕਲੀ ਵਾਂਗ ਕੇਰਲ ਦਾ ਸ਼ਾਸਤਰੀ ਨ੍ਰਿਤ ਹੈ। ਇਸ ਨ੍ਰਿਤ ਦੀਆਂ ਜੜ੍ਹਾਂ ਵੀ ਦੋ ਹਜ਼ਾਰ ਸਾਲ ਪੁਰਾਣੇ ਗ੍ਰੰਥ 'ਨਾਟਯ ਸ਼ਾਸਤਰ' ਵਿਚ ਹੀ ਮੰਨੀਆਂ ਜਾਂਦੀਆਂ ਹਨ। ਜਿਥੇ ਕਥਾਕਲੀ ਨ੍ਰਿਤ ਪੁਰਸ਼ਾਂ ਦੁਆਰਾ ਪੇਸ਼ ਕੀਤਾ ਜਾਂਦਾ ਹੈ ਤੇ ਇਸ ਵਿਚ ਸ਼ਿਵ ਦੇ ਤਾਂਡਵ ਨਾਚ ਵਾਲੀ ਬੀਰ ਰਸੀ ਸ਼ਕਤੀ ਹੈ, ਉਥੇ ਮੋਹਿਨੀਅੱਟਮ ਵਿਚ ਪਾਰਵਤੀ ਦੇ ਲਾਸਯ ਭਾਵ ਵਾਲੇ ਸ਼ਿੰਗਾਰ ਰਸ ਦੀ ਸੂਖਮਤਾ ਤੇ ਕੋਮਲਤਾ ਹੈ। ਇਹ ਨ੍ਰਿਤ ਇਸਤਰੀਆਂ ਦੁਆਰਾ ਹੀ ਪੇਸ਼ ਕੀਤਾ ਜਾਂਦਾ ਹੈ। ਮੋਹਿਨੀਅੱਟਮ ਦਾ ਨਾਂ ਹੀ ਮੋਹਿਨੀ ਅਥਵਾ ਇਸਤਰੀ ਜੋ ਵਿਸ਼ਨੂੰ ਦਾ ਇਸਤਰੀ ਅਵਤਾਰ ਮੰਨਿਆ ਜਾਂਦਾ ਹੈ, ਵਿਚੋਂ ਲਿਆ ਗਿਆ ਹੈ। ਮੋਹਿਨੀਅੱਟਮ ਨਾਚ ਪੇਸ਼ ਕਰਨ ਵਾਲੀ ਇਸਤਰੀ ਦਾ ਪਹਿਰਾਵਾ ਵੀ ਬਹੁਤ ਵੱਖਰੀ ਕਿਸਮ ਦਾ ਹੁੰਦਾ ਹੈ। ਨ੍ਰਤਕੀ ਸਫੈਦ ਰੰਗ ਦੀ ਸਾੜ੍ਹੀ ਪਹਿਨਦੀ ਹੈ ਜਿਸ ਦੇ ਬਾਰਡਰ ਉਤੇ ਸ਼ੋਖ ਸੁਨਹਿਰੀ ਰੰਗ ਦੀ ਕਢਾਈ ਕੀਤੀ ਹੁੰਦੀ ਹੈ, ਜੋ ਨ੍ਰਤਕੀ ਦੀ ਚੋਲੀ ਜਾਂ ਬਲਾਊਜ਼ ਨਾਲ ਮਿਲਦਾ ਹੈ। ਨ੍ਰਤਕੀ

*(ਬਾਕੀ ਸਫਾ 21 ਉਤੇ)*

# ਸੰਗੀਤ ਦਾ ਖਜ਼ਾਨਾ

## ਮੁੜ ਵੱਜਣ ਲੱਗੇ ਪੁਰਾਣੇ ਲਾਊਡ ਸਪੀਕਰ

ਪੰਜਾਬੀ ਸਭਿਆਚਾਰ ਵਿਚ ਲਾਊਡ ਸਪੀਕਰ ਦਾ ਅਹਿਮ ਸਥਾਨ ਰਿਹਾ ਹੈ। ਸਾਊਂਡ ਬਖ਼ਸ਼ ਵਾਲੀਆਂ ਗ੍ਰਾਮੋਫੋਨ ਮਸ਼ੀਨਾਂ ਤਾਂ ਭਾਵੇਂ ਵੀਹਵੀਂ ਸਦੀ ਦੇ ਦੂਜੇ ਤੀਜੇ ਦਹਾਕੇ ਵਿਚ ਪ੍ਰਚੱਲਤ ਹੋ ਗਈਆਂ ਸਨ, ਪਰ ਐਂਪਲੀਫਾਇਰ ਵਾਲੇ ਲਾਊਡ ਸਪੀਕਰ ਪਿੰਡਾਂ ਵਿਚ ਛੇਵੇਂ ਦਹਾਕੇ ਦੌਰਾਨ ਹੀ ਪਹੁੰਚੇ। ਹਰ ਵੱਡੇ ਪਿੰਡ ਵਿਚ ਇਕ ਅੱਧ ਲਾਊਡ ਸਪੀਕਰ ਪਹੁੰਚ ਚੁੱਕਿਆ ਸੀ।



**ਹਰਦਿਆਲ ਸਿੰਘ ਥੂਹੀ**
ਫੋਨ: 84271-00341

ਇਸ ਨੂੰ ਆਮ ਲੋਕ 'ਰੇਤੂਆ' ਜਾਂ 'ਰੇਤੀਆ' ਕਹਿੰਦੇ ਸਨ। ਬਰਾਤਾਂ ਵਿਸ਼ੇਸ਼ ਤੌਰ 'ਤੇ ਸਪੀਕਰ ਵਾਲੇ ਨੂੰ ਆਪਣੇ ਨਾਲ ਲੈ ਕੇ ਜਾਂਦੀਆਂ।

ਵਿਗਿਆਨਕ ਤਰੱਕੀ ਦੇ ਨਾਲ ਨਾਲ ਸਪੀਕਰ ਦਾ ਰੂਪ ਵੀ ਬਦਲਦਾ ਗਿਆ। ਚਾਬੀ ਵਾਲੀਆਂ ਮਸ਼ੀਨਾਂ ਦੀ ਥਾਂ ਬਿਜਲੀ ਨਾਲ ਚੱਲਣ ਵਾਲੀਆਂ 'ਰਿਕਾਰਡ ਪਲੇਅਰ' ਆ ਗਈਆਂ। ਪੱਥਰ (ਲਾਖ) ਦੇ ਐਸ.ਪੀ. ਤਵਿਆਂ ਦੀ ਥਾਂ ਫਾਈਬਰ ਦੇ ਈ.ਪੀ., ਐਲ.ਪੀ., ਸੁਪਰ ਸੈਵਨ ਆਦਿ ਤਵੇ ਆ ਗਏ। ਹੌਲੀ ਹੌਲੀ ਬਰਾਤਾਂ ਦਾ ਸਰੂਪ ਵੀ ਬਦਲ ਗਿਆ। ਦੋ-ਦੋ, ਤਿੰਨ-ਤਿੰਨ ਦਿਨ ਰਹਿਣ ਵਾਲੀਆਂ ਬਰਾਤਾਂ ਇਕ ਦਿਨ ਦੀਆਂ ਹੋ ਗਈਆਂ। ਫਿਰ ਪੈਲੇਸ ਕਲਚਰ ਸ਼ੁਰੂ ਹੋ ਗਿਆ। ਜਿਸ ਨਾਲ ਸਪੀਕਰ ਦੀ ਹੋਂਦ ਵਿਆਹਾਂ ਵਿਚੋਂ ਮਨਫ਼ੀ ਹੋ ਗਈ, ਸਪੀਕਰਾਂ ਵਾਲਿਆਂ ਨੇ ਇਹ ਕਾਰੋਬਾਰ ਛੱਡ ਦਿੱਤਾ। ਉਨ੍ਹਾਂ ਦਾ ਸਾਮਾਨ ਇਕ ਤਰ੍ਹਾਂ ਦਾ ਬੇਕਾਰ ਤੇ ਕਬਾੜ ਹੋ ਗਿਆ।

ਵੀਹਵੀਂ ਸਦੀ ਦੇ ਆਖ਼ਰੀ ਦਹਾਕੇ ਵਿਚ ਕੁਝ ਸੰਗੀਤ ਪ੍ਰੇਮੀਆਂ ਨੇ ਪੰਜਾਬ ਦੀ ਇਸ ਸੰਗੀਤਕ ਵਿਰਾਸਤ ਨੂੰ ਸੰਭਾਲਣ ਲਈ ਸੁਚੇਤ ਰੂਪ ਵਿਚ ਯਤਨ ਆਰੰਭ ਦਿੱਤੇ। ਉਨ੍ਹਾਂ ਨੇ ਪੁਰਾਣੇ ਸਪੀਕਰਾਂ ਵਾਲਿਆਂ ਕੋਲ ਪਹੁੰਚ ਕਰਨੀ ਸ਼ੁਰੂ ਕਰ ਦਿੱਤੀ। ਕਈਆਂ ਨੇ ਤਾਂ ਆਪਣਾ ਸਾਮਾਨ ਇਨ੍ਹਾਂ ਸੰਗੀਤ ਪ੍ਰੇਮੀਆਂ ਨੂੰ ਦੇ ਦਿੱਤਾ ਅਤੇ ਕੁਝ ਇਕ ਦੁਬਾਰਾ ਹੁਬਕੀ ਮਾਰ ਕੇ ਚੱਲ ਪਏ। ਅਜਿਹੇ ਇਕਾ ਦੁੱਕਾ ਵਿਚੋਂ ਹੀ ਇਕ ਹੈ ਭੀਮ ਸਿੰਘ ਲੁਬਾਣਾ।

ਜ਼ਿਲ੍ਹਾ ਪਟਿਆਲਾ ਦੀ ਨਾਭਾ ਤਹਿਸੀਲ ਦੇ ਪਿੰਡ ਲੁਬਾਣਾ ਟੇਕੂ ਦੇ ਦਲਿਤ ਪਰਿਵਾਰ ਵਿਚ ਪਿਤਾ ਪੂਰਨ ਸਿੰਘ ਤੇ ਮਾਤਾ ਪਨਮੇਸ਼ਰੀ ਦੇ ਘਰ 1948 ਨੂੰ ਜਨਮਿਆ ਭੀਮ ਸਿੰਘ ਕੋਰਾ ਅਨਪੜ੍ਹ ਹੈ। ਸੱਤ ਕੁ ਸਾਲ ਦਾ ਹੋਣ 'ਤੇ ਜਦੋਂ ਘਰ ਦਿਆਂ ਨੇ ਉਸਨੂੰ ਸਕੂਲ ਭੇਜਿਆ ਤਾਂ ਪਹਿਲੇ ਦਿਨ ਹੀ ਅਧਿਆਪਕ ਵੱਲੋਂ ਇਕ ਮੁੰਡੇ ਦੀ ਹੋਈ ਕੁੱਟ ਨੂੰ ਦੇਖ ਕੇ ਅਜਿਹਾ ਡਰਿਆ ਕਿ ਮੁੜ ਕੇ ਸਕੂਲ ਵੱਲ ਮੂੰਹ ਨਹੀਂ ਕੀਤਾ। ਬਚਪਨ ਵਿਚ ਡੰਗਰ ਚਾਰੇ ਤੇ ਜਵਾਨੀ ਵਿਚ ਪੈਰ ਰੱਖਦਿਆਂ ਦਿਹਾੜੀ-ਦੱਪਾ ਕਰਨ ਲੱਗਾ। ਪਿੰਡ ਦੇ ਜ਼ਿਮੀਂਦਾਰ ਨੰਬਰਦਾਰ ਗੁਰਸੇਵਕ ਸਿੰਘ ਕੋਲ ਸਪੀਕਰ ਸੀ, ਜੋ ਇਲਾਕੇ ਵਿਚ ਮੰਨਿਆ ਪ੍ਰਮੰਨਿਆ ਸੀ। ਵਿਆਹਾਂ ਸ਼ਾਦੀਆਂ ਵਿਚ ਉਸ ਦੀ ਪੂਰੀ ਚੜ੍ਹਾਈ ਹੁੰਦੀ ਸੀ। ਇਸ ਤੋਂ ਪ੍ਰਭਾਵਿਤ ਹੋ ਕੇ ਭੀਮ ਨੇ ਵੀ ਨੇੜਲੇ ਪਿੰਡ ਕੈਦੂਪੁਰ ਦੇ ਸੁਰਜੀਤ ਸਿੰਘ ਤੋਂ ਸਪੀਕਰ ਲੈ ਲਿਆ। ਕੋਰਾ ਅਨਪੜ੍ਹ ਹੋਣ ਦੇ ਬਾਵਜੂਦ ਉਸ ਦੇ ਸ਼ੌਕ ਨੇ ਤਵਿਆਂ ਬਾਰੇ ਉਸ ਨੂੰ ਇੰਨਾ ਗਿਆਨ ਕਰਾ ਦਿੱਤਾ ਕਿ ਉਸ ਨੂੰ ਪਤਾ ਹੁੰਦਾ ਸੀ ਕਿ ਕਿਹੜੇ ਗਾਇਕ ਦਾ ਕਿਹੜਾ ਤਵਾ ਕਿੱਥੇ ਹੈ। ਇਸ ਕਾਰਨ ਨੰਬਰਦਾਰ ਨੇ ਉਸ ਨੂੰ ਆਪਣਾ ਸਪੀਕਰ ਚਲਾਉਣ 'ਤੇ ਰੱਖ ਲਿਆ। ਬਾਅਦ ਵਿਚ ਭੀਮ ਨੇ ਫਿਰ ਆਪਣਾ ਸਪੀਕਰ ਖ਼ਰੀਦ ਲਿਆ।

ਭੀਮ ਕੋਲ ਸਦੀ ਪੁਰਾਣੇ ਪੱਥਰ (ਲਾਖ) ਦੇ ਤਵਿਆਂ ਤੋਂ ਲੈ ਕੇ 1970 ਤਕ ਵੱਖ-ਵੱਖ ਰਿਕਾਰਡਿੰਗ ਕੰਪਨੀਆਂ ਵੱਲੋਂ ਰਿਲੀਜ਼ ਕੀਤੇ ਛੇ ਸੱਤ ਸੌ ਤਵੇ ਹੋਣਗੇ। ਇਨ੍ਹਾਂ ਵਿਚ ਐਚ.ਐਮ.ਵੀ., ਰੀਗਲ, ਕੋਲੰਬੀਆ, ਦਿ ਟਵਿਨ, ਯੰਗ ਇੰਡੀਆ, ਹਿੰਦੁਸਤਾਨ ਰਿਕਾਰਡ, ਨਿਸ਼ਾਤ, ਅਸ਼ੋਕਾ, ਮੈਗਾਫੋਨ, ਜੀਨੋਫੋਨ, ਕੋਹਿਨੂਰ ਆਦਿ ਕੰਪਨੀਆਂ ਸ਼ਾਮਲ ਹਨ। ਇਨ੍ਹਾਂ ਤੋਂ ਇਲਾਵਾ 1970 ਤੋਂ ਬਾਅਦ ਰਿਲੀਜ਼ ਹੋਏ ਪਲਾਸਟਿਕ ਦੇ ਈ.ਪੀ., ਐਲ.ਪੀ., ਸੁਪਰਸੈਵਨ ਆਦਿ ਤਵਿਆਂ ਦੀ ਗਿਣਤੀ ਵੀ ਸੈਂਕੜਿਆਂ ਵਿਚ ਹੈ। ਉਸ ਕੋਲ ਪੁਰਾਣੀਆਂ ਚਾਬੀ ਨਾਲ ਚੱਲਣ ਵਾਲੀਆਂ ਗ੍ਰਾਮੋਫੋਨ ਤੋਂ ਇਲਾਵਾ ਪੀ ਕੱਪ ਵਾਲੀਆਂ ਬਿਜਲੀ ਨਾਲ ਚੱਲਣ ਵਾਲੀਆਂ ਮਸ਼ੀਨਾਂ ਅਤੇ ਡੈੱਕ ਮੌਜੂਦ ਹਨ। ਉਸ ਦੇ ਭੰਡਾਰ ਵਿਚ ਕੁਝ ਇਕ ਰਬਾਬੀਆਂ, ਬਾਈਆਂ, ਕੱਵਾਲਾਂ ਤੋਂ ਇਲਾਵਾ ਢਾਡੀ ਦੀਦਾਰ ਸਿੰਘ ਰਟੈਂਡਾ, ਨਿਰੰਜਣ ਸਿੰਘ, ਨਾਜ਼ਰ ਸਿੰਘ, ਅਮਰ ਸਿੰਘ ਸ਼ੌਕੀ, ਮੱਸਾ ਸਿੰਘ, ਗੰਗਾ ਸਿੰਘ, ਮੋਹਣ ਸਿੰਘ, ਦਿਲਾਵਰ ਸਿੰਘ, ਭੂਰਾ ਸਿੰਘ, ਨਵਾਬ ਘੁਮਾਰ ਅਨਾਇਤ ਕੋਟੀ, ਆਲਮ ਲੁਹਾਰ, ਸਦੀਕ ਮੁਹੰਮਦ, ਫਜ਼ਲ ਮੁਹੰਮਦ ਟੁੰਡਾ, ਨਿੱਕੂ ਖ਼ਾਨ, ਸਾਈਂ ਦੀਵਾਨਾ, ਭਾਈ ਛੈਲਾ, ਪ੍ਰਕਾਸ਼ ਕੌਰ, ਸੁਰਿੰਦਰ ਕੌਰ, ਜਗਜੀਤ ਕੌਰ, ਸ਼ਮਸ਼ਾਦ ਬੇਗ਼ਮ, ਯਮਲਾ ਜੱਟ, ਆਸਾ ਸਿੰਘ ਮਸਤਾਨਾ, ਹਜ਼ਾਰਾ ਸਿੰਘ ਰਮਤਾ, ਜਗਤ ਸਿੰਘ ਜੱਗਾ, ਚਾਂਦੀ ਰਾਮ-ਸ਼ਾਂਤੀ ਦੇਵੀ, ਹਰਚਰਨ ਗਰੇਵਾਲ, ਸ਼ਾਦੀ ਬਖ਼ਸ਼ੀ ਭਰਾ, ਸ੍ਰੀ ਰਾਮ ਦਰਦ, ਕੇਸਰ ਸਿੰਘ ਨਰੂਲਾ, ਨਿਰਮਲ ਸਿੰਘ ਨਿਰਮਲ, ਕਰਮਜੀਤ ਧੂਰੀ, ਮੁਹੰਮਦ ਸਦੀਕ, ਰਮੇਸ਼ ਰੰਗੀਲਾ, ਕਰਨੈਲ ਗਿੱਲ, ਗੁਰਚਰਨ ਪੋਹਲੀ, ਰੰਗੀਲਾ ਜੱਟ, ਨਰਿੰਦਰ ਬੀਬਾ, ਮੋਹਣੀ ਨਰੂਲਾ, ਸਵਰਨ ਲਤਾ, ਪ੍ਰੋਮਿਲਾ ਪੰਮੀ, ਰਾਜਿੰਦਰ ਰਾਜਨ, ਰਣਜੀਤ ਕੌਰ, ਕੇ.ਦੀਪ-ਜਗਮੋਹਨ ਕੌਰ, ਦੀਦਾਰ ਸੰਧੂ-ਸਨੇਹ ਲਤਾ, ਕਰਤਾਰ ਰਮਲਾ, ਜਗਜੀਤ ਤਾਨ, ਗੁਰਦਿਆਲ ਨਿਰਮਾਣ, ਅਮਰ ਸਿੰਘ ਸ਼ੇਰਪੁਰੀ, ਕੁਲਦੀਪ ਮਾਣਕ, ਸੁਰਿੰਦਰ ਛਿੰਦਾ ਆਦਿ ਦੇ ਸੈਂਕੜਿਆਂ ਵਿਚ ਗੀਤ ਮੌਜੂਦ ਹਨ।

ਭੀਮ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਹੈ ਕਿ ਉਹ ਵਿਆਹ ਦੀਆਂ ਵੱਖ-ਵੱਖ ਰਸਮਾਂ ਵੇਲੇ ਢੁਕਵੇਂ ਗੀਤ ਵਜਾਉਂਦਾ ਸੀ। ਕਿਸੇ ਵੇਲੇ ਉਸ ਦੀ ਇਲਾਕੇ ਵਿਚ ਪੂਰੀ ਚੜ੍ਹਤ ਹੁੰਦੀ ਸੀ। ਵਿਆਹਾਂ ਦੌਰਾਨ ਉਸਨੇ ਅਨੇਕਾਂ ਕਲਾਕਾਰਾਂ ਦੇ ਅਖਾੜਿਆਂ ਵਿਚ ਆਪਣਾ ਸੈੱਟ ਲਾਇਆ। ਕਈਆਂ ਦੇ ਅਖਾੜੇ ਤਾਂ ਉਸਨੇ ਰਿਕਾਰਡ ਵੀ ਕੀਤੇ ਹੋਏ ਹਨ। ਇਸ ਤਰ੍ਹਾਂ ਅਚੇਤ ਹੀ ਉਸ ਨੇ ਸੰਗੀਤ ਦਾ ਅਮੁੱਲ ਖ਼ਜ਼ਾਨਾ ਸੰਭਾਲ ਲਿਆ।





ਬਹੁਤ ਸਾਰੇ ਬੰਦੇ ਉਸ ਤੋਂ ਪੁਰਾਣੇ ਗੀਤ ਰਿਕਾਰਡ ਕਰਵਾ ਕੇ ਲੈ ਜਾਂਦੇ ਹਨ। ਕਈ ਸ਼ੌਕੀਨ ਉਸਨੂੰ ਵਿਆਹਾਂ ਦੇ ਪ੍ਰੋਗਰਾਮਾਂ ਵਿਚ ਵੀ ਬੁਲਾਉਣ ਲੱਗ ਪਏ ਹਨ। ਨਵੰਬਰ ਤੋਂ ਮਾਰਚ ਦੇ ਮਹੀਨਿਆਂ ਦੌਰਾਨ ਉਸ ਨੂੰ ਵਿਆਹਾਂ ਦੀਆਂ ਸਾਈਆਂ ਮਿਲਣ ਲੱਗ ਪਈਆਂ ਹਨ। ਪਿਛਲੇ ਕੁਝ ਸਾਲਾਂ ਤੋਂ ਉਹ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੇ ਕਿਸਾਨ ਮੇਲੇ ਵਿਚ ਵੀ ਆਪਣਾ ਸਪੀਕਰ ਚਲਾਉਂਦਾ ਆ ਰਿਹਾ ਹੈ। ਇਥੋਂ ਵੀ ਉਸਨੂੰ ਕੁਝ ਲੋਕ ਟੱਕਰ ਜਾਂਦੇ ਹਨ ਜੋ ਆਪਣੇ ਬੱਚਿਆਂ ਦੇ ਵਿਆਹਾਂ 'ਤੇ ਉਸ ਨੂੰ ਬੁਲਾ ਲੈਂਦੇ ਹਨ। ਉਤਰ ਖੇਤਰੀ ਸਭਿਆਚਾਰਕ ਕੇਂਦਰ ਵਲੋਂ ਨਵੰਬਰ 2017 ਵਿਚ ਕਲਾ ਗ੍ਰਾਮ ਚੰਡੀਗੜ੍ਹ ਵਿਖੇ ਕਰਵਾਏ ਦਸ ਰੋਜ਼ਾ ਮੇਲੇ ਵਿਚ ਉਸ ਦਾ ਸਪੀਕਰ ਸਾਰੇ ਦਿਨ ਚੱਲਦਾ ਰਿਹਾ। ਕਈਆਂ ਨੇ ਸੋਸ਼ਲ ਮੀਡੀਆ ਰਾਹੀਂ ਉਸ ਦੀਆਂ ਫੋਟੋਆਂ ਅਤੇ ਵੀਡੀਓਜ਼ ਦੂਰ ਦੂਰ ਤਕ ਪਹੁੰਚਾ ਦਿੱਤੀਆਂ। ਪੰਜਾਬ ਸੰਗੀਤ ਨਾਟਕ ਅਕਾਦਮੀ ਵੱਲੋਂ ਪੰਜਾਬ ਕਲਾ ਭਵਨ ਚੰਡੀਗੜ੍ਹ ਵਿਖੇ ਮਈ 2018 ਵਿਚ ਕਰਵਾਏ ਪ੍ਰੋਗਰਾਮ 'ਸੁਰਤਾਲ' ਦੌਰਾਨ ਭੀਮ ਸਿੰਘ ਦਾ ਸਪੀਕਰ ਪੰਜ ਦਿਨ ਚੱਲਿਆ, ਜਿਸ ਦਾ ਦਰਸ਼ਕਾਂ ਅਤੇ ਸਰੋਤਿਆਂ ਨੇ ਭਰਪੂਰ ਹੁੰਗਾਰਾ ਭਰਿਆ। ਨਵੀਂ ਪੀੜ੍ਹੀ ਬਿਨਾਂ ਬਿਜਲੀ ਤੋਂ ਚੱਲਦੀ ਮਸ਼ੀਨ ਉਤੇ ਚੱਲਦੇ ਤਵਿਆਂ ਵਿਚੋਂ ਨਿਕਲਦੀ ਆਵਾਜ਼ ਨੂੰ ਸੁਣ ਕੇ ਹੈਰਾਨ ਵੀ ਹੁੰਦੀ ਸੀ ਤੇ ਖ਼ੁਸ਼ ਵੀ। ਭੀਮ ਸਿੰਘ ਕੋਲ ਪੰਜਾਬ ਦੀਆਂ ਵੱਖ-ਵੱਖ ਥਾਵਾਂ ਅਤੇ ਵਿਦੇਸ਼ਾਂ ਖ਼ਾਸ ਤੌਰ 'ਤੇ ਅਮਰੀਕਾ ਅਤੇ ਕੈਨੇਡਾ ਤੋਂ ਫੋਨ ਆਉਂਦੇ ਰਹਿੰਦੇ ਹਨ। ਉਹ ਉਨ੍ਹਾਂ ਨੂੰ ਆਪਣੇ ਫੋਨ ਨੰਬਰ 98551-69125 'ਤੇ ਉਨ੍ਹਾਂ ਦੇ ਮਨ ਪਸੰਦ ਦੇ ਗੀਤ ਘਰ ਬੈਠੇ ਹੀ ਸੁਣਾ ਦਿੰਦਾ ਹੈ। ਇਹ ਸਪੀਕਰ ਹੀ ਉਸ ਦਾ ਰੋਜ਼ੀ ਰੋਟੀ ਦਾ ਵਸੀਲਾ ਹੈ। ਜਿਥੇ ਉਹ ਇਸ ਤੋਂ ਆਪਣਾ ਪਰਿਵਾਰ ਪਾਲ ਰਿਹਾ ਹੈ, ਉਥੇ ਅਚੇਤ ਹੀ ਉਹ ਪਰੰਪਰਕ ਸੰਗੀਤ ਦਾ ਵੱਡਾ ਖ਼ਜ਼ਾਨਾ ਸੰਭਾਲੀ ਬੈਠਾ ਹੈ। ਅੱਜ ਕੱਲ੍ਹ ਬਹੁਤ ਸਾਰੇ ਵਿਦਿਆਰਥੀ, ਖੋਜਾਰਥੀ ਸੰਗੀਤ ਨਾਲ ਸਬੰਧਤ ਵੱਖ-ਵੱਖ ਵਿਸ਼ਿਆਂ ਤੇ ਐਮ.ਫਿਲ. ਜਾਂ ਪੀਐਚ.ਡੀ. ਕਰ ਰਹੇ ਹਨ। ਉਨ੍ਹਾਂ ਲਈ ਇਹ ਸੰਗੀਤ ਭੰਡਾਰ ਬਹੁਤ ਸਹਾਇਕ ਹੈ।

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 13 ਅਕਤੂਬਰ 2018 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-346



**ਬਾਬਾ ਅੱਜ ਜਾਊਗਾ ਭਵਿੱਖ ਪੂਰਾ ਦੱਸ ਕੇ।**
**ਬੀਬੀਆਂ ਨੇ ਵੀ ਡੋਲੂ ਭਰ ਦੇਣਾ ਹੱਸ ਕੇ।**

## ਕੈਪਸ਼ਨ ਮੁਕਾਬਲਾ-344



ਏਧਰੋਂ ਓਧਰੋਂ ਰਲ ਗੁਆਂਢਣਾਂ
ਸਾਂਝਾ ਇਕ ਤੰਦੂਰ ਬਣਾਇਆ।
ਆਪਣਾ ਆਪਣਾ ਰਾਸ਼ਨ ਲਿਆ ਕੇ
ਰਲ ਮਿਲ ਫੇਰ ਤੰਦੂਰ ਤਪਾਇਆ।
ਸਾਂਝੇ ਚੁੱਲ੍ਹੇ ਤੇ ਸਾਂਝੀ ਰੋਟੀ
ਬੀਤੇ ਸਮੇਂ ਦੀਆਂ ਗੱਲਾਂ ਹੋ ਗਏ,
ਭਾਈਚਾਰਕ ਪਿਆਰ ਮੁਹੱਬਤ
ਗੱਲਾਂ ਕਰ ਕਰ ਰੱਜ ਨਾ ਆਇਆ।
***-ਪੋਰਿੰਦਰ ਸਿੰਗਲਾ ਢਪਾਲੀ***

---

ਆਪੋ ਆਪਣੇ ਘਰਾਂ ਤੋਂ ਆਈਆਂ
ਗੁੰਨ੍ਹ ਕੇ ਆਟਾ ਨਾਲ ਲਿਆਈਆਂ।
ਵਾਰੀ ਦੇ ਨਾਲ ਨੰਬਰ ਆਊ
ਪਹਿਲਾਂ ਆਈ, ਪਹਿਲਾਂ ਜਾਊ।
ਤੱਤੀਆਂ ਤੱਤੀਆਂ ਜੋ ਵੀ ਖਾਂਦਾ
ਗੁਣ ਤੰਦੂਰ ਦੇ ਉਹੀਓ ਗਾਂਦਾ।
***-ਜਗਮੀਤ ਸਿੰਘ ਪੰਧੇਰ***
***ਫੋਨ: 91-98783-37222***

---

ਬਿਜਲੀ, ਫੋਨ ਤੇ ਫੇਸਬੁੱਕ
ਬਦਲ ਗਿਆ ਦਸਤੂਰ।
ਪੀਜ਼ੇ-ਬਰਗਰ ਪਹੁੰਚ ਗਏ
ਤੇ ਉਠਦੇ ਜਾਣ ਤੰਦੂਰ।
ਚੁੱਕ ਆਟਾ ਛੰਡੀਏ ਰੋਟੀਆਂ
ਹਾਲੇ ਤਪਦਾ ਪਿਆ ਤੰਦੂਰ
***-ਗੁਰਦੇਵ ਸਿੰਘ ਦੇਬਾ***
***ਕੈਨਸਸ ਸਿਟੀ, ਮਿਜ਼ੌਰੀ***
***ਫੋਨ: 773-220-2268***

---

ਤੰਦੂਰੀ ਰੋਟੀ ਨੇ ਸਾਂਝ ਬਣਾਈ
ਸਾਂਝੇ ਬਾਲਣ ਨਾਲ ਤੰਦੂਰ ਤਪਾਉਣ।
ਕੋਈ ਥੱਪੇ, ਕੋਈ ਰਾੜ੍ਹੇ
ਹੱਥੋ-ਹੱਥੀ ਕੰਮ ਨਿਪਟਾਉਣ।
ਨਾ ਇਹ ਅੱਕਣ, ਨਾ ਇਹ ਥੱਕਣ
ਸਾਂਝੀਵਾਲਤਾ ਦਾ ਪਾਠ ਪੜ੍ਹਾਉਣ।
***-ਦਵਿੰਦਰ ਕੌਰ***

---

ਮਲਵਈ ਘਰਾਂ ਵਿਚ ਹਾਲੇ ਭੀ
ਲੱਭਦੇ ਹਾਰੇ ਅਤੇ ਤੰਦੂਰ।
ਹੋ ਇਕੱਠੀਆਂ ਸੁਆਣੀਆਂ
ਲਾਹੁੰਦੀਆਂ ਰੋਟੀ ਨੇ ਹਜ਼ੂਰ।
ਦੇਸੀ ਘਿਓ ਦੀ ਚੋਪੜੀ ਹੋਵੇ
ਤਾਂ ਮਿੱਠੀ ਨਿਰੀ ਖਜੂਰ।
ਪਰ ਨਵੀਂ ਪੀੜ੍ਹੀ ਭੁੱਲਦੀ ਜਾਂਦੀ
ਹੁਣ ਕਿੰਜ ਤਪੇ ਤੰਦੂਰ।
***-ਸੇਵਾ ਸਿੰਘ ਨੂਰਪੁਰੀ, ਸੈਨ ਹੋਜ਼ੇ***

---

ਜਦ ਕਦੇ ਮੈਂ ਖੋਲ੍ਹ ਕੇ ਵੇਖਾਂ
ਬੀਤੇ ਸਮੇਂ ਦੀ ਯਾਦ ਪਟਾਰੀ।
ਚਾਚੀਆਂ-ਤਾਈਆਂ ਤੰਦੂਰ ਦੇ ਉਤੇ
ਲਾਹੁਣ ਰੋਟੀਆਂ ਵਾਰੋ ਵਾਰੀ।
ਸਾਂਝਾਂ ਦਾ ਪ੍ਰਤੀਕ ਤੰਦੂਰ
ਹੁਣ ਕਿਧਰੇ ਨਜ਼ਰ ਨਾ ਆਵੇ।
ਹਉਕੇ ਭਰ ਕੇ ਸਬਰ ਕਰੀਦੈ
ਭਾਈਚਾਰਾ ਹੁਣ ਟੁੱਟਦਾ ਜਾਵੇ।
***-ਗੁਰਦੇਵ ਸਿੰਘ ਢਪਾਲੀ, ਬਠਿੰਡਾ***
***ਫੋਨ: 91-94176-49275***

---

ਦੇਣਾ ਪੈਂਦਾ ਦਿਲ ਨੂੰ ਧਰਵਾਸਾ
ਦੇ ਕੇ ਮੁੱਕੀਆਂ ਢਿੱਡ 'ਚ।
ਬੀਤਿਆ, ਵਰਤਮਾਨ, ਭਵਿੱਖ
ਸਿਰਫ ਕਲਪਨਾ ਹੀ ਰਹਿ ਗਈ।
ਇਕ ਗੱਡੇ ਦੀ ਸਵਾਰੀ ਸੀ ਬੀਤਿਆ
ਕਦੇ ਖੁੱਲ੍ਹਾ ਵਕਤ ਸੀ।
ਲੱਗੇ ਰਹੋ ਪਕਾਓ ਮਨ ਭਾਉਂਦਾ
ਖਾਓ ਮਜੇ ਨਾਲ ਬਹਿ ਕੇ।
ਹੁਣ ਲਓ ਜੰਕ ਫੂਡ ਪੈਕ ਕੀਤਾ
ਤੁਰਦੇ ਫਿਰਦੇ ਦਬਾ ਦਬ ਨਗੇੜ ਲਓ
ਵਕਤ ਨਹੀਂ ਮਜੇ ਚੱਖਣ ਦਾ।
ਜਿਸ ਮਜੇ ਨਾਲ ਖਾਧਾ ਸੀ।
ਹੁਣ ਦਿਆਂ ਨੂੰ ਕੀ ਫਰਕ
ਢਿੱਡ ਭਰਨ ਲਈ ਖਾ ਲਿਆ।
***-ਦਰਸ਼ਨਪਾਲ ਦੋਸਾਂਝ***

---

ਟਾਂਵੇਂ ਵਿਰਲੇ ਪਿੰਡਾਂ ਵਿਚ
ਹੁਣ ਨਜ਼ਰੀਂ ਆਉਂਦਾ ਤੰਦੂਰ।
ਨਵੇਂ ਜ਼ਮਾਨੇ ਦੀਆਂ ਨਵੀਆਂ ਗੱਲਾਂ
ਪੁਰਾਣਾ ਵਕਤ ਕਰ'ਤਾ ਦੂਰ।
***-ਗੋਰਾ ਪ੍ਰਜਾਪਤ, ਨਿਊ ਯਾਰਕ***

# ਏਸ਼ੀਆ ਕੱਪ: ਭਾਰਤ 7ਵੀਂ ਵਾਰ ਬਣਿਆ ਚੈਂਪੀਅਨ

**ਦੁਬਈ:** ਦੁਬਈ ਦੇ ਇੰਟਰਨੈਸ਼ਨਲ ਕ੍ਰਿਕਟ ਸਟੇਡੀਅਮ 'ਚ ਖੇਡੇ ਗਏ ਏਸ਼ੀਆ ਕੱਪ 2018 ਦੇ ਫਾਈਨਲ ਵਿਚ ਬੰਗਲਾਦੇਸ਼ ਵੱਲੋਂ ਮਿਲੇ 223 ਦੌੜਾਂ ਦੇ ਟੀਚੇ ਦਾ ਪਿੱਛਾ ਕਰਦਿਆਂ ਭਾਰਤੀ ਟੀਮ ਨੇ 50 ਓਵਰਾਂ 'ਚ 7 ਵਿਕਟਾਂ ਦੇ ਨੁਕਸਾਨ 'ਤੇ ਆਖਰੀ ਗੇਂਦ ਖੇਡਦਿਆਂ ਬੰਗਲਾਦੇਸ਼ ਨੂੰ ਹਰਾ ਕੇ 7ਵੀਂ ਵਾਰ ਏਸ਼ੀਆ ਕੱਪ ਆਪਣੇ ਨਾਂ ਕਰ ਲਿਆ। ਟੀਚੇ ਦਾ ਪਿੱਛਾ ਕਰਨ ਆਈ ਭਾਰਤੀ ਟੀਮ ਦੇ ਓਪਨਰ ਜੋੜੀ 'ਚੋਂ ਕਪਤਾਨ ਰੋਹਿਤ ਸ਼ਰਮਾ ਆਪਣਾ ਅਰਧ ਸੈਂਕੜਾ ਵੀ ਪੂਰਾ ਨਾ ਕਰਦਿਆਂ 55 ਗੇਂਦਾਂ ਉਤੇ 3 ਚੌਕੇ ਤੇ 3 ਛੱਕੇ ਲਗਾਉਂਦਿਆਂ 48 ਦੌੜਾਂ ਬਣਾ ਕੇ ਰੁਬੇਲ ਹੁਸੈਨ ਹੱਥੋਂ ਆਊਟ ਹੋ ਗਏ। ਜਦਕਿ ਜੋੜੀਦਾਰ ਸ਼ਿਖਰ ਧਵਨ 14 ਖੇਡ ਕੇ 3 ਚੌਕੇ ਲਗਾਉਂਦਿਆਂ 15 ਦੌੜਾਂ ਬਣਾ ਕੇ ਨਜ਼ਮੁਲ ਇਸਲਾਮ ਦੀ ਗੇਂਦ 'ਤੇ ਆਊਟ ਹੋ ਗਏ। ਭਾਰਤੀ ਬੱਲੇਬਾਜ਼ ਅੰਬਾਤੀ ਰਾਇਡੂ ਕੇਵਲ 2 ਦੌੜਾਂ ਬਣਾ ਕੇ ਮਸ਼ਰਫ਼ੀ ਮੋਰਤਾਜ਼ਾ ਹੱਥੋਂ ਚਲਦੇ ਬਣੇ।

ਇਸ ਪਿੱਛੋਂ ਦਿਨੇਸ਼ ਕਾਰਤਿਕ ਨੇ ਭਾਰਤੀ ਪਾਰੀ ਨੂੰ ਸੰਭਾਲਿਆ। ਉਨ੍ਹਾਂ 61 ਗੇਂਦਾਂ 'ਤੇ ਇਕ ਚੌਕੇ ਤੇ ਇਕ ਛੱਕੇ ਦੀ ਮਦਦ ਨਾਲ 37 ਦੌੜਾਂ ਦੀ ਪਾਰੀ ਖੇਡੀ ਤੇ ਮੁਹੰਮਦਉਲਾਹ ਦੀ ਗੇਂਦ ਉਤੇ ਆਊਟ ਹੋ ਗਏ। ਭਾਰਤੀ ਬੱਲੇਬਾਜ਼ ਮਹਿੰਦਰ ਸਿੰਘ ਧੋਨੀ ਨੇ ਕਾਰਤਿਕ ਦਾ ਸਾਥ ਦਿੰਦਿਆਂ 67 ਗੇਂਦਾਂ ਉਤੇ 3 ਚੌਕੇ ਲਗਾ ਕੇ 36 ਦੌੜਾਂ ਬਣਾਈਆਂ। ਧੋਨੀ ਨੂੰ ਮੁਸਤਾਫਿਜ਼ਰ ਨੇ ਰਹੀਮ ਦੇ ਹੱਥੋਂ ਕੈਚ ਕਰਾਇਆ। ਇਸ ਪਿੱਛੋਂ ਕੇਦਾਰ ਜਾਧਵ ਨੇ 27 ਗੇਂਦਾਂ ਉਤੇ ਨਾਬਾਦ ਰਹਿ ਕੇ 23 ਦੌੜਾਂ ਬਣਾ ਕੇ ਭਾਰਤ ਨੂੰ ਜਿੱਤ ਦਿਵਾਈ। ਭੁਵਨੇਸ਼ਵਰ ਕੁਮਾਰ ਨੇ 31 ਗੇਂਦਾਂ 'ਤੇ ਇਕ ਚੌਕੇ ਤੇ ਇਕ ਛੱਕੇ ਦੇ ਨਾਲ 21 ਦੌੜਾਂ ਬਣਾਈਆਂ। ਰਵਿੰਦਰ ਜਡੇਜਾ ਨੇ 23 ਦੌੜਾਂ ਦੀ ਪਾਰੀ ਖੇਡੀ। ਭਾਰਤੀ ਬੱਲੇਬਾਜ਼ ਕੁਲਦੀਪ



ਯਾਦਵ ਨੇ ਨਾਬਾਦ 5 ਦੌੜਾਂ ਬਣਾਈਆਂ। ਇਸ ਤਰ੍ਹਾਂ ਫਸਵੇਂ ਮੁਕਾਬਲੇ 'ਚ ਭਾਰਤ ਨੇ ਆਖਰੀ ਗੇਂਦ ਉਤੇ ਬੰਗਲਾਦੇਸ਼ ਨੂੰ 3 ਵਿਕਟਾਂ ਨਾਲ ਹਰਾ ਕੇ ਏਸ਼ੀਆ ਕੱਪ 'ਤੇ ਕਬਜ਼ਾ ਕੀਤਾ। ਇਸ ਤੋਂ ਪਹਿਲਾਂ ਭਾਰਤ ਤੋਂ ਟਾਸ ਹਾਰ ਕੇ ਪਹਿਲਾਂ ਬੱਲੇਬਾਜੀ ਕਰਨ ਆਈ ਬੰਗਲਾਦੇਸ਼ ਟੀਮ ਦੀ ਸ਼ੁਰੂਆਤ ਕਾਫੀ ਚੰਗੀ ਰਹੀ।

ਬੰਗਲਾਦੇਸ਼ ਦੇ ਓਪਨਰ ਲਿਟਨ ਡਾਸ ਨੇ 117 ਗੇਂਦਾਂ ਦਾ ਸਾਹਮਣਾ ਕਰਦਿਆਂ 12 ਚੌਕਿਆਂ 'ਤੇ 2 ਛੱਕਿਆਂ ਦੀ ਮਦਦ ਨਾਲ 121 ਦੌੜਾਂ ਦੀ ਸ਼ਾਨਦਾਰ ਪਾਰੀ ਖੇਡ ਕੇ ਬੰਗਲਾਦੇਸ਼ ਦੀ ਟੀਮ ਨੂੰ ਮਜ਼ਬੂਤ ਸਥਿਤੀ ਵਿਚ ਲਿਆਂਦਾ। ਇਨ੍ਹਾਂ ਨੂੰ ਕੁਲਦੀਪ ਯਾਦਵ ਨੇ ਆਊਟ ਕੀਤਾ। ਉਨ੍ਹਾਂ ਦੇ ਜੋੜੀਦਾਰ ਮਹਿਦੀ ਹਸਨ ਨੇ 59 ਗੇਂਦਾਂ ਦਾ ਸਾਹਮਣਾ ਕਰਦਿਆਂ 3 ਚੌਕੇ ਲਗਾ ਕੇ 32 ਦੌੜਾਂ ਦਾ ਯੋਗਦਾਨ ਪਾਇਆ ਤੇ ਕੇਦਾਰ ਜਾਧਵ ਦੀ ਗੇਂਦ 'ਤੇ ਪਵੇਲੀਅਨ ਪਰਤ ਗਏ। ਇਸ ਤੋਂ ਬਾਅਦ ਇਮਰੁਲ ਕਾਇਸ ਨੇ 12 ਗੇਂਦਾਂ ਉਤੇ ਕੇਵਲ 2 ਦੌੜਾਂ ਬਣਾਈਆਂ। ਕੋਈ ਵੀ ਬੱਲੇਬਾਜ਼ ਭਾਰਤੀ ਬੱਲੇਬਾਜ਼ਾਂ ਅੱਗੇ ਟਿਕ ਨਾ ਸਕਿਆ। ਬੰਗਲਾਦੇਸ਼ ਦੇ ਬੱਲੇਬਾਜ਼ ਮੁਸ਼ਫਿਕਰ ਰਹੀਮ (5), ਮੁਹੰਮਦ ਮਿਥੁਨ (2), ਮੁਹੰਮਦਉਲਾਹ (4) ਬਣਾ ਕੇ ਆਊਟ ਹੋ ਗਏ। ਬੰਗਲਾਦੇਸ਼ ਵੱਲੋਂ ਕੇਵਲ ਸਿਓਮਾ ਸਰਕਾਰ ਨੇ 45 ਗੇਂਦਾਂ ਖੇਡਦਿਆਂ ਇਕ ਚੌਕੇ ਤੇ ਇਕ ਛੱਕੇ ਦੀ ਮਦਦ ਨਾਲ 33 ਦੌੜਾਂ ਦੀ ਪਾਰੀ ਖੇਡੀ।

ਬੰਗਲਾਦੇਸ਼ ਵੱਲੋਂ ਮਸ਼ਰਫ਼ੀ ਮੋਰਤਾਜ਼ਾ ਨੇ 7, ਨਜ਼ਮੁਲ ਇਸਲਾਮ ਨੇ 7 ਅਤੇ ਮੁਸਤਾਫਿਜ਼ਰ ਰਹਿਮਾਨ ਨਾਬਾਦ 2 ਦੌੜਾਂ ਬਣਾਈਆਂ, ਪਰ ਰੁਬੇਲ ਹੁਸੈਨ ਰਹਿਮਾਨ ਦਾ ਸਾਥ ਨਾ ਦਿੰਦੇ ਹੋਏ ਬੁਮਰਾਹ ਦੀ ਗੇਂਦ 'ਤੇ ਬਿਨਾਂ ਖਾਤਾ ਖੋਲ੍ਹਿਆਂ ਆਊਟ ਹੋ ਗਏ। ਭਾਰਤੀ ਗੇਂਦਬਾਜ਼ਾਂ 'ਚ ਕੁਲਦੀਪ ਯਾਦਵ ਨੇ 3, ਕੇਦਾਰ ਜਾਧਵ ਨੇ 2 ਅਤੇ ਯੁਜਵੇਂਦਰ ਚਾਹਲ ਤੇ ਜਸਪ੍ਰੀਤ ਬੁਮਰਾਹ ਨੇ ਵੀ ਇਕ ਵਿਕਟ ਲਈ। ਇਸ ਤਰ੍ਹਾਂ ਬੰਗਲਾਦੇਸ਼ ਦੀ ਪਾਰੀ ਦੀ ਕੇਵਲ ਸ਼ੁਰੂਆਤ ਚੰਗੀ ਰਹੀ। ਪਰ ਬਾਅਦ 'ਚ ਆਏ ਬੱਲੇਬਾਜ਼ ਇਸ ਚੰਗੀ ਸ਼ੁਰੂਆਤ ਨੂੰ ਬਰਕਰਾਰ ਨਾ ਰੱਖ ਸਕੇ। ਵਧੇਰੇ ਖਿਡਾਰੀ 10 ਦਾ ਅੰਕੜਾ ਵੀ ਪਾਰ ਨਾ ਕਰ ਸਕੇ। ਇਸ ਤਰ੍ਹਾਂ ਬੰਗਲਾਦੇਸ਼ ਦੀ ਟੀਮ ਭਾਰਤ ਨੂੰ 48.3 ਓਵਰ ਖੇਡਦਿਆਂ 223 ਦੌੜਾਂ ਦਾ ਟੀਚਾ ਦੇ ਸਕੀ। ਜਿਸ ਨੂੰ ਭਾਰਤੀ ਟੀਮ ਨੇ 50 ਓਵਰਾਂ ਖੇਡਦਿਆਂ 7 ਵਿਕਟਾਂ ਦੇ ਨੁਕਸਾਨ 'ਤੇ ਹਾਸਲ ਕਰ ਲਿਆ।

## ਸੰਤ ਘਾਲਾ ਸਿੰਘ ਨੇ ਬੇਅੰਤ ਸਿੰਘ ਨੂੰ ਸ਼ਹੀਦ ਕਹਿਣ ਦੇ ਮਾਮਲੇ 'ਤੇ ਭੁੱਖ ਬਖਸ਼ਾਈ

**ਅੰਮ੍ਰਿਤਸਰ:** ਨਾਨਕਸਰ ਸੰਪਰਦਾਇ ਨਾਲ ਸਬੰਧਤ ਸੰਤ ਘਾਲਾ ਸਿੰਘ ਨਾਨਕਸਰ ਵਾਲਿਆਂ ਨੇ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਨੂੰ ਸ਼ਹੀਦ ਆਖਣ ਦੇ ਮਾਮਲੇ ਸਬੰਧੀ ਸ੍ਰੀ ਅਕਾਲ ਤਖ਼ਤ ਸਾਹਿਬ ਸਕੱਤਰੇਤ ਵਿਚ ਪੁੱਜ ਕੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੂੰ ਆਪਣਾ ਸਪੱਸ਼ਟੀਕਰਨ ਦਿੱਤਾ।

ਇਸ ਮੌਕੇ ਗੱਲਬਾਤ ਕਰਦਿਆਂ ਬਾਬਾ ਘਾਲਾ ਸਿੰਘ ਨੇ ਕਿਹਾ ਕਿ ਉਨ੍ਹਾਂ ਕੋਲੋਂ ਅਨਜਾਣੇ 'ਚ ਬੇਅੰਤ ਸਿੰਘ ਬਾਰੇ ਜੋ ਸ਼ਹੀਦ ਸ਼ਬਦ ਬੋਲਿਆ ਗਿਆ ਸੀ, ਉਸ ਸ਼ਬਦ ਨੂੰ ਉਨ੍ਹਾਂ ਵਾਪਸ ਲੈ ਲਿਆ ਸੀ ਤੇ ਇਸ ਬਾਰੇ ਸਪੱਸ਼ਟੀਕਰਨ ਦੇਣ ਲਈ ਉਹ ਸ੍ਰੀ ਅਕਾਲ ਤਖ਼ਤ ਸਾਹਿਬ ਸਕੱਤਰੇਤ ਵਿਖੇ ਪੁੱਜੇ ਹਨ। ਉਨ੍ਹਾਂ ਕਿਹਾ ਕਿ ਉਹ ਵਿਦੇਸ਼ ਗਏ ਹੋਏ ਸਨ ਤੇ ਵਾਪਸ ਪਰਤ ਕੇ ਉਨ੍ਹਾਂ ਨੇ ਅਖ਼ਬਾਰਾਂ 'ਚ ਵੀ ਇਸ ਬਾਰੇ ਸਪੱਸ਼ਟ ਕਰ ਦਿੱਤਾ ਸੀ ਤੇ ਅੱਜ ਸਿੰਘ ਸਾਹਿਬ ਨੂੰ ਵੀ ਲਿਖਤੀ ਸਪੱਸ਼ਟੀਕਰਨ ਦੇ ਦਿੱਤਾ ਹੈ। ਉਨ੍ਹਾਂ ਕਿਹਾ ਕਿ ਉਹ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਪੂਰੀ ਤਰ੍ਹਾਂ ਸਮਰਪਤ ਹਨ।

## ਨਾਜਾਇਜ਼ ਢੰਗਾਂ ਨਾਲ ਅਮਰੀਕਾ ਜਾਂਦੇ ਭਾਰਤੀਆਂ ਦੀ ਗਿਣਤੀ 'ਚ ਵਾਧਾ

**ਚੰਡੀਗੜ੍ਹ:** ਭਾਰਤੀਆਂ ਦੇ ਨਾਜਾਇਜ਼ ਤਰੀਕੇ ਨਾਲ ਅਮਰੀਕਾ ਵਿਚ ਦਾਖਲ ਹੋਣ ਦੇ ਮਾਮਲਿਆਂ ਵਿਚ ਭਾਰੀ ਵਾਧਾ ਹੋਇਆ ਹੈ। ਇਸ ਦੇ ਨਾਲ ਹੀ ਅਮਰੀਕਾ ਵਿਚ ਸ਼ਰਣ ਮੰਗਣ ਵਾਲਿਆਂ ਨੇ ਸਿੱਖਾਂ ਵਿਚ ਅੰਤਰਜਾਤੀ ਵਿਆਹ ਤੋਂ ਬਾਅਦ ਪੈਦਾ ਹੋਏ ਖਤਰੇ ਨੂੰ ਵੀ ਆਧਾਰ ਬਣਾਉਣ ਦਾ ਖੁਲਾਸਾ ਹੋਇਆ ਹੈ। ਅਮਰੀਕਾ ਦੇ ਕਸਟਮ ਸਰਹੱਦ ਸੁਰੱਖਿਆ ਵਿਭਾਗ ਨੇ ਕਿਹਾ ਕਿ ਭਾਰਤੀ ਨਾਜਾਇਜ਼ ਤਰੀਕੇ ਅਮਰੀਕਾ ਵਿਚ ਪ੍ਰਵੇਸ਼ ਕਰ ਰਹੇ ਹਨ ਤੇ ਅਜਿਹੇ ਭਾਰਤੀਆਂ ਦੀ ਗਿਣਤੀ ਪਹਿਲਾਂ ਨਾਲੋਂ ਤਿੰਨ ਗੁਣਾ ਵਧ ਗਈ ਹੈ।

ਬੁਲਾਰੇ ਸਾਲਵੇਡਰ ਜ਼ਮੋਰਾ ਨੇ ਕਿਹਾ ਕਿ ਅਮਰੀਕਾ ਤੇ ਮੈਕਸਿਕੋ ਦੀ ਹੱਦ 'ਤੇ 25 ਤੋਂ 50 ਹਜ਼ਾਰ ਡਾਲਰ ਪ੍ਰਤੀ ਵਿਅਕਤੀ ਖਰਚਾ ਕਰ ਕੇ ਭਾਰਤੀ ਲੋਕ ਨਾਜਾਇਜ਼ ਤਰੀਕੇ ਅਮਰੀਕਾ ਦੀ ਹੱਦ ਅੰਦਰ ਦਾਖਲ ਹੁੰਦੇ ਹਨ। ਜ਼ਿਆਦਾਤਰ ਗਿਣਤੀ ਵਿਚ ਭਾਰਤੀ ਫਰਜ਼ੀ ਦਸਤਾਵੇਜ਼ਾਂ ਨਾਲ ਪੈਸੇ ਖਰਚ ਕਰ ਕੇ ਅਮਰੀਕਾ ਦਾਖਲ ਹੁੰਦੇ ਫੜੇ ਗਏ ਹਨ। ਇਨ੍ਹਾਂ ਖਿਲਾਫ਼ ਧੋਖਾਧੜੀ ਤੇ ਹੋਰ ਅਪਰਾਧਾਂ ਦੇ ਮਾਮਲੇ ਦਰਜ ਕੀਤੇ ਗਏ ਹਨ। ਇਹ ਭਾਰਤੀ ਉਨ੍ਹਾਂ ਦੇ ਦੇਸ਼ ਵਿਚ ਪਨਾਹ ਵੀ ਮੰਗਦੇ ਹਨ। ਅਧਿਕਾਰੀ ਨੇ ਕਿਹਾ ਕਿ ਸੀ.ਬੀ.ਪੀ. ਨੂੰ ਉਮੀਦ ਹੈ ਕਿ 30 ਸਤੰਬਰ ਨੂੰ ਖਤਮ ਹੋਈ ਮਿਆਦ ਦੇ ਡੇਟਾ ਦੱਸੇਗਾ ਕਿ ਕਰੀਬ 9 ਹਜ਼ਾਰ ਭਾਰਤੀ ਇਸ ਮਾਮਲੇ ਵਿਚ ਗ੍ਰਿਫਤਾਰ ਕੀਤੇ ਗਏ ਹਨ। ਜਦਕਿ 2017 ਵਿਚ ਸਿਰਫ 3,162 ਭਾਰਤੀ ਨਾਜਾਇਜ਼ ਤਰੀਕੇ ਨਾਲ ਅਮਰੀਕੀ ਹੱਦ ਟੱਪਦੇ ਫੜੇ ਗਏ ਸਨ। ਇਸ ਸਾਲ ਕਰੀਬ 4 ਹਜ਼ਾਰ ਭਾਰਤੀ ਮੈਕਸਿਕਲੀ ਹੱਦ ਅੰਦਰ ਤਿੰਨ ਕਿਲੋਮੀਟਰ ਦੇ ਖੇਤਰ ਵਿੱਚ ਗ੍ਰਿਫਤਾਰ ਕੀਤੇ ਗਏ ਹਨ।

ਸ਼ਰਣ ਮੰਗਣ ਵਾਲੇ ਪੱਛੜੀ ਜਾਤੀ ਦੇ ਭਾਰਤੀਆਂ ਨੂੰ ਆਪਣੀ ਜਾਤੀ ਤੋਂ ਬਾਹਰ ਜਾ ਕੇ ਸਿੱਖਾਂ ਨਾਲ ਵਿਆਹ ਕਰਨ 'ਤੇ ਜਾਨੋਂ ਮਾਰਨ ਦੀਆਂ ਧਮਕੀਆਂ ਦਿੱਤੀਆਂ ਜਾਂਦੀਆਂ ਹਨ। ਜਦਕਿ ਸ਼ਰਣ ਮੰਗਣ ਵਾਲੇ ਫਰਜ਼ੀ ਲੋਕ ਦਸਤਾਵੇਜ਼ਾਂ ਨਾਲ ਛੇੜਛਾੜ ਕਰਕੇ ਅਮਰੀਕਾ ਅੰਦਰ ਦਾਖਲ ਹੋਣ ਦੀ ਫਿਰਾਕ ਵਿਚ ਹੁੰਦੇ ਹਨ। ਕਿਹਾ ਜਾ ਰਿਹਾ ਹੈ ਕਿ ਕਈ ਗੈਰ ਕਾਨੂੰਨੀ ਤਰੀਕਿਆਂ ਨਾਲ ਬਹੁਤ ਸਾਰੇ ਭਾਰਤੀ ਅਜੇ ਵੀ ਅਮਰੀਕਾ ਅੰਦਰ ਦਾਖਲ ਹੋ ਰਹੇ ਹਨ ਤੇ ਅਜਿਹਾ ਮਨੁੱਖੀ ਤਸਕਰੀ ਜ਼ਰੀਏ ਕੀਤਾ ਜਾ ਰਿਹਾ ਹੈ। ਹਾਲ ਹੀ ਵਿਚ ਭਾਰਤੀ ਬੱਚਿਆਂ ਨੂੰ ਅਮਰੀਕਾ ਵਿਚ ਲਿਜਾ ਕੇ ਵੇਚਣ ਵਾਲੇ ਗਰੋਹ ਦਾ ਪਰਦਾਫਾਸ਼ ਹੋਇਆ ਹੈ। ਗ੍ਰਿਫਤ 'ਚ ਆਏ ਗਿਰੋਹ ਨੇ ਹੁਣ ਤੱਕ 300 ਬੱਚਿਆਂ ਨੂੰ ਅਮਰੀਕਾ ਵਿਚ ਵੇਚਣ ਦੀ ਗੱਲ ਕਬੂਲੀ ਹੈ। ਇਹ ਗਿਰੋਹ ਉਨ੍ਹਾਂ ਬੱਚਿਆਂ ਨੂੰ ਆਪਣਾ ਨਿਸ਼ਾਨਾ ਬਣਾਉਂਦਾ ਸੀ, ਜਿਨ੍ਹਾਂ ਦੇ ਮਾਪੇ ਕਾਫੀ ਗਰੀਬ ਹੁੰਦੇ ਸੀ।

## ਅੰਬਾਨੀ ਦੀ ਰੋਜ਼ ਦੀ ਕਮਾਈ 300 ਕਰੋੜ ਤੱਕ ਪੁੱਜੀ

**ਚੰਡੀਗੜ੍ਹ:** ਬਰਕਲੇ ਹੁਰੁਨ ਇੰਡੀਆ ਨੇ ਆਪਣੀ 2018 ਦੀ ਭਾਰਤ ਦੇ ਸਭ ਤੋਂ ਅਮੀਰ ਲੋਕਾਂ ਦੀ ਲਿਸਟ ਜਾਰੀ ਕਰ ਦਿੱਤੀ



ਹੈ। ਇਸ ਮੁਤਾਬਕ ਭਾਰਤ ਦੇ ਸਭ ਤੋਂ ਅਮੀਰ ਆਦਮੀ ਮੁਕੇਸ਼ ਅੰਬਾਨੀ ਪਿਛਲੇ ਇਕ ਸਾਲ ਤੋਂ ਰੋਜ਼ਾਨਾ 300 ਕਰੋੜ ਰੁਪਏ ਕਮਾ ਰਹੇ ਹਨ। 3,71,000 ਕਰੋੜ ਦੀ ਜਾਇਦਾਦ ਨਾਲ ਮੁਕੇਸ਼ ਅੰਬਾਨੀ ਇਸ ਲਿਸਟ ਵਿਚ ਸਭ ਤੋਂ ਮੋਹਰੀ ਬਣੇ ਹੋਏ ਹਨ।

ਰਿਲਾਇੰਸ ਇੰਡਸਟ੍ਰੀਜ਼ ਦੇ ਚੇਅਰਮੈਨ ਅੰਬਾਨੀ ਦੀ ਕੰਪਨੀ ਦੇ ਸ਼ੇਅਰ ਵਿਚ 45 ਫੀਸਦੀ ਤੋਂ ਵੱਧ ਦਾ ਇਜ਼ਾਫਾ ਹੋਇਆ ਹੈ। ਬਰਕਲੇ ਹੁਰੁਨ ਇੰਡੀਆ ਰਿਚ ਲਿਸਟ ਵਿਚ ਭਾਰਤ ਦੇ ਉਨ੍ਹਾਂ ਸਭ ਤੋਂ ਅਮੀਰ ਵਿਅਕਤੀਆਂ ਦਾ ਆਂਕਲਨ ਕੀਤਾ ਜਾਂਦਾ ਹੈ ਜਿਨ੍ਹਾਂ ਦੀ ਜਾਇਦਾਦ ਇਕ ਹਜ਼ਾਰ ਕਰੋੜ ਰੁਪਏ ਜਾਂ ਉਸ ਤੋਂ ਵੱਧ ਹੈ। 2017 ਵਿਚ ਇਸ ਲਿਸਟ ਵਿਚ 617 ਲੋਕ ਸਨ ਜਦਕਿ 2018 ਵਿਚ ਇਨ੍ਹਾਂ ਦੀ ਗਿਣਤੀ 831 ਤੱਕ ਪਹੁੰਚ ਗਈ ਹੈ। ਮੁਕੇਸ਼ ਅੰਬਾਨੀ ਦੀ ਜਾਇਦਾਦ ਉਨ੍ਹਾਂ ਤੋਂ ਪਿਛਲੇ ਤਿੰਨ ਅਮੀਰਾਂ ਦੀ ਕੁੱਲ ਜਾਇਦਾਦ ਤੋਂ ਵੀ ਵੱਧ ਹੈ। ਐਸਪੀ ਹਿੰਦੁਜਾ ਐਂਡ ਫੈਮਿਲੀ (15,9,000 ਕਰੋੜ ਰੁਪਏ), ਐਲ.ਐਨ. ਮਿੱਤਲ (1,14,500 ਕਰੋੜ ਰੁਪਏ) ਤੇ ਅਜੀਮ ਪ੍ਰੇਮਜੀ (96,100 ਕਰੋੜ ਰੁਪਏ) ਦੀ ਕੁੱਲ ਜਾਇਦਾਦ ਮੁਕੇਸ਼ ਅੰਬਾਨੀ ਦੀ ਜਾਇਦਾਦ ਤੋਂ ਘੱਟ ਹੈ।

## ਔਰਤਾਂ ਲਈ ਸਬਰੀਮਾਲਾ ਮੰਦਿਰ ਦੇ ਦਰਵਾਜ਼ੇ ਖੁੱਲ੍ਹੇ

**ਨਵੀਂ ਦਿੱਲੀ:** ਸੁਪਰੀਮ ਕੋਰਟ ਦੇ ਪੰਜ ਜੱਜਾਂ ਦੇ ਸੰਵਿਧਾਨਕ ਬੈਂਚ ਨੇ 'ਧਰਮ ਦੇ ਨਾਂ' ਉਤੇ ਪੁਰਸ਼ਵਾਦੀ ਸੋਚ ਨੂੰ ਠੀਕ ਨਾ ਦੱਸਦਿਆਂ ਕੇਰਲ ਦੇ ਸਬਰੀਮਾਲਾ ਮੰਦਰ 'ਚ ਹਰੇਕ ਉਮਰ ਦੀਆਂ ਔਰਤਾਂ ਨੂੰ ਦਾਖਲੇ ਅਤੇ ਪੂਜਾ ਕਰਨ ਦੀ ਇਜਾਜ਼ਤ ਦੇ ਦਿੱਤੀ ਹੈ। ਪਿਛਲੇ 800 ਸਾਲਾਂ ਤੋਂ ਚਲੀ ਆ ਰਹੀ ਰਿਵਾਇਤ ਮੁਤਾਬਕ ਕੇਰਲ ਦੇ ਸਬਰੀਮਾਲਾ ਮੰਦਰ 'ਚ 10 ਸਾਲਾਂ ਦੀਆਂ ਬੱਚੀਆਂ ਤੋਂ ਲੈ ਕੇ 50 ਸਾਲ ਤੱਕ ਦੀਆਂ ਔਰਤਾਂ ਦੇ ਦਾਖਲੇ ਉਤੇ ਪਾਬੰਦੀ ਸੀ। ਬੈਂਚ ਨੇ ਔਰਤਾਂ ਨੂੰ ਮੰਦਰ 'ਚ ਦਾਖਲਾ ਨਾ ਦੇਣ ਨੂੰ ਅਸੰਵਿਧਾਨਕ ਕਰਾਰ ਦਿੰਦਿਆਂ ਹੁਣ ਮੰਦਰ ਦੇ ਦਰਵਾਜ਼ੇ ਸਾਰੀਆਂ ਔਰਤਾਂ ਲਈ ਖੋਲ੍ਹ ਦਿੱਤੇ ਹਨ।

ਸਰਬਉੱਚ ਅਦਾਲਤ ਨੇ ਕਿਹਾ ਕਿ ਸਾਡੀ ਸੰਸਕ੍ਰਿਤੀ 'ਚ ਔਰਤਾਂ ਦਾ ਸਥਾਨ ਪੂਜਣਯੋਗ ਹੈ ਅਤੇ ਦੇਵੀ ਵਾਂਗ ਪੂਜੀਆਂ ਜਾਣ ਵਾਲੀਆਂ ਔਰਤਾਂ ਦੇ ਮੰਦਰ ਦੇ ਦਾਖਲੇ ਉਤੇ ਰੋਕ ਕਿਉਂ? ਮੰਦਰ 'ਚ ਦਾਖਲੇ ਬਾਰੇ ਫੈਸਲੇ ਪੜ੍ਹਦਿਆਂ ਚੀਫ ਜਸਟਿਸ ਦੀਪਕ ਮਿਸ਼ਰਾ ਨੇ ਕਿਹਾ ਕਿ ਧਰਮ ਇਕ ਹੈ, ਗੌਰਵ ਅਤੇ ਪਛਾਣ ਵੀ ਇਕ ਹੈ। ਭਗਵਾਨ ਅੱਯਪਾ (ਸਬਰੀਮਾਲਾ ਮੰਦਰ 'ਚ ਜਿਨ੍ਹਾਂ ਦੀ ਪੂਜਾ ਕੀਤੀ ਜਾਂਦੀ ਹੈ) ਕੁਝ ਵੱਖ ਨਹੀਂ ਹਨ। ਅਦਾਲਤ ਨੇ ਕਿਹਾ ਕਿ ਜੇ ਨੇਮ ਜੈਵਿਕ ਅਤੇ ਸਰੀਰਕ ਬਣਤਰ ਦੇ ਆਧਾਰ ਉਤੇ ਬਣੇ ਹਨ ਉਹ ਸੰਵਿਧਾਨਕ ਪ੍ਰੀਖਿਆ 'ਚ ਪਾਸ ਨਹੀਂ ਹੋ ਸਕਦੇ। ਸੁਪਰੀਮ ਕੋਰਟ ਦਾ ਇਹ ਫੈਸਲਾ 4-1 ਦੇ ਬਹੁਮਤ ਨਾਲ ਆਇਆ।

## ਭਾਜਪਾ ਦੇ ਮੁੜ ਸੱਤਾ 'ਚ ਆਉਣ ਨਾਲ ਮਾਹੌਲ ਖਰਾਬ ਹੋਵੇਗਾ: ਅਰੁਣ ਸ਼ੋਰੀ

**ਚੰਡੀਗੜ੍ਹ:** ਸਾਬਕਾ ਕੇਂਦਰੀ ਮੰਤਰੀ ਤੇ ਉਘੇ ਪੱਤਰਕਾਰ ਅਰੁਣ ਸ਼ੋਰੀ ਨੇ ਕਿਹਾ ਕਿ ਜੇ ਭਾਜਪਾ 2019 ਦੀਆਂ ਲੋਕ ਸਭਾ ਚੋਣਾਂ 'ਚ ਸੱਤਾ ਉਤੇ ਕਾਬਜ਼ ਹੋ ਗਈ ਤਾਂ ਪੱਤਰਕਾਰਾਂ ਲਈ ਹਾਲਾਤ ਐਮਰਜੈਂਸੀ ਨਾਲੋਂ ਵੀ ਮਾੜੇ ਹੋ ਜਾਣਗੇ। ਉਨ੍ਹਾਂ ਕਿਹਾ ਕਿ ਸਾਡੇ ਕੋਲ ਆਜ਼ਾਦੀ ਦੇ ਕੁਝ ਮਹੀਨੇ



ਰਹਿ ਗਏ ਹਨ ਤੇ ਸਾਨੂੰ ਇਸ ਸਮੇਂ ਨੂੰ ਗਠਜੋੜ ਬਣਾਉਣ ਲਈ ਵਰਤਣਾ ਚਾਹੀਦਾ ਹੈ। ਇਹ ਪੁੱਛੇ ਜਾਣ ਕਿ ਬਾਬਰੀ ਮਸਜਿਦ ਢਾਹੇ ਜਾਣ ਅਤੇ ਗੁਜਰਾਤ ਦੰਗਿਆਂ ਤੋਂ ਕਾਫੀ ਸਮਾਂ ਲੰਘ ਜਾਣ ਬਾਅਦ ਵੀ ਉਹ ਭਾਜਪਾ ਤੋਂ ਦੂਰ ਕਿਉਂ ਨਹੀਂ ਹੋਏ। ਉਨ੍ਹਾਂ ਕਿਹਾ ਕਿ ਉਹ ਭਾਜਪਾ ਵਿਚ ਅਟਲ ਬਿਹਾਰੀ ਵਾਜਪਾਈ ਕਰ ਕੇ ਸਨ।

ਸ੍ਰੀ ਵਾਜਪਾਈ ਮੋਦੀ ਨੂੰ ਹਟਾਉਣਾ ਚਾਹੁੰਦੇ ਸਨ ਤੇ ਜੇ ਉਹ ਅਜਿਹਾ ਕਰਦੇ ਤਾਂ ਭਾਜਪਾ ਵੰਡੀ ਜਾਣੀ ਸੀ। ਰਾਫਾਲ ਸੌਦੇ ਦੀ ਮਿਸਾਲ ਦਿੰਦਿਆਂ ਉਨ੍ਹਾਂ ਕਿਹਾ, "ਜਦੋਂ ਸਰਕਾਰ ਲਈ ਮਾੜੀ ਸਥਿਤੀ ਬਣਦੀ ਹੈ ਤਾਂ ਇਹ ਮੀਡੀਆ ਰਾਹੀਂ ਲੋਕਾਂ ਦਾ ਧਿਆਨ ਅਸਲ ਮੁੱਦੇ ਤੋਂ ਹਟਾਉਣ ਦਾ ਯਤਨ ਕਰਦੀ ਹੈ। ਇਸ ਮੁੱਦੇ 'ਤੇ ਮੀਡੀਆ ਨੇ ਸਾਨੂੰ ਕੁਝ ਥਾਂ ਦਿੱਤੀ ਪਰ ਅਗਲੇ ਦਿਨ ਮੰਤਰੀਆਂ ਦੇ ਬਿਆਨਾਂ ਨੂੰ ਬਹੁਤ ਜ਼ਿਆਦਾ ਵਧਾ ਚੜ੍ਹਾ ਕੇ ਛਾਪਿਆ ਗਿਆ ਤੇ ਇਸ ਤਰ੍ਹਾਂ ਉਨ੍ਹਾਂ ਵਲੋਂ ਪੇਸ਼ ਕੀਤੇ ਤੱਥ ਹੀ ਛੁਪ ਗਏ।"

ਇਸ ਸਮੇਂ ਜ਼ਿੰਦਗੀ ਅਤੇ ਮੌਤ ਨਾਲ ਸਬੰਧਤ ਮੁੱਦਿਆਂ ਨੂੰ ਅਣਗੌਲਿਆ ਕਰ ਦਿੱਤਾ ਗਿਆ ਹੈ। ਸਮਾਂ ਆਏਗਾ ਜਦੋਂ ਮੁੱਦਿਆਂ ਨੂੰ ਕੋਈ ਦਬਾਅ ਨਹੀਂ ਸਕੇਗਾ। ਉਨ੍ਹਾਂ ਕਿਹਾ ਕਿ ਮੀਡੀਆ ਆਪਣੇ ਲਾਲਚ ਕਾਰਨ ਮੁੱਦਿਆਂ ਤੋਂ ਧਿਆਨ ਲਾਂਭੇ ਕਰ ਰਿਹਾ ਹੈ। ਦੇਸ਼ ਦਾ ਪ੍ਰਧਾਨ ਮੰਤਰੀ ਈਵੈਂਟ ਮੈਨੇਜਰ ਹੈ ਅਤੇ ਮੀਡੀਆ ਘਰਾਣੇ ਪ੍ਰਾਪੇਗੰਡਾ ਦਾ ਸਾਧਨ ਬਣ ਕੇ ਰਹਿ ਗਏ ਹਨ।

## ਮੁੰਬਈ ਰੈਲੀ ਮਾਮਲੇ 'ਚ ਕੇਜਰੀਵਾਲ ਸਮੇਤ ਸੱਤ ਬਰੀ

**ਮੁੰਬਈ:** ਅਦਾਲਤ ਨੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਅਤੇ ਸੱਤ ਹੋਰਾਂ ਨੂੰ 2014 ਦੀਆਂ ਲੋਕ ਸਭਾ ਚੋਣਾਂ ਤੋਂ ਪਹਿਲਾਂ ਪੁਲਿਸ ਤੋਂ ਜ਼ਰੂਰੀ ਪ੍ਰਵਾਨਗੀ ਲਏ ਬਿਨਾਂ ਸਿਆਸੀ ਰੈਲੀ ਕਰਨ ਦੇ ਮਾਮਲੇ 'ਚ ਬਰੀ ਕਰ ਦਿੱਤਾ ਹੈ। ਪੁਲਿਸ ਨੇ ਇਸ ਮਾਮਲੇ 'ਚ ਆਮ ਆਦਮੀ ਪਾਰਟੀ ਦੇ ਕੌਮੀ ਆਗੂ ਅਰਵਿੰਦ ਕੇਜਰੀਵਾਲ, ਮੇਧਾ ਪਾਟਕਰ ਤੇ ਮੀਰਾ ਸਾਨਿਆਲ ਸਮੇਤ ਹੋਰਨਾਂ ਖਿਲਾਫ ਕੇਸ ਦਰਜ ਕੀਤਾ ਸੀ।

ਅਦਾਲਤ ਨੇ ਸ੍ਰੀ ਕੇਜਰੀਵਾਲ ਤੇ ਹੋਰਨਾਂ ਨੂੰ ਬਰੀ ਕਰਦਿਆਂ ਕਿਹਾ ਕਿ ਪੁਲਿਸ ਮੁਲਜ਼ਮਾਂ ਨੂੰ ਰੈਲੀ ਲਈ ਮਨਾਹੀ ਲਿਖਤੀ ਰੂਪ 'ਚ ਦੇਣ ਵਿਚ ਨਾਕਾਮ ਰਹੀ ਹੈ। ਜ਼ਿਕਰਯੋਗ ਹੈ ਕਿ ਉੱਤਰ-ਪੂਰਬ ਮੁੰਬਈ ਦੇ ਮਾਨਖੁਰਦ ਦੀਏ ਇਲਾਕੇ 'ਚ 'ਆਪ' ਉਮੀਦਵਾਰਾਂ ਮੀਰਾ ਸਾਨਿਆਲ ਤੇ ਮੇਧਾ ਪਾਟਕਰ ਦੇ ਚੋਣ ਪ੍ਰਚਾਰ ਲਈ ਇਹ ਰੈਲੀ ਕੀਤੀ ਗਈ ਸੀ। ਮੁੰਬਈ ਪੁਲਿਸ ਨੇ ਦਾਅਵਾ ਕੀਤਾ ਸੀ ਕਿ ਇਹ ਰੈਲੀ ਟਰੈਫਿਕ ਪੁਲਿਸ ਤੋਂ ਜ਼ਰੂਰੀ ਮਨਜ਼ੂਰੀ ਲਏ ਬਿਨਾਂ ਹੀ ਕੀਤੀ ਗਈ ਸੀ।

## ਪੈਦਲ ਯਾਤਰੀਆਂ ਲਈ ਮੌਤ ਦਾ ਖੂਹ ਬਣੀਆਂ ਭਾਰਤੀ ਸੜਕਾਂ, ਰੋਜ਼ਾਨਾ 56 ਮੌਤਾਂ

**ਨਵੀਂ ਦਿੱਲੀ:** ਦੇਸ਼ ਦੀਆਂ ਸੜਕਾਂ ਪੈਦਲ ਯਾਤਰੀਆਂ ਲਈ ਮੌਤ ਦਾ ਖੂਹ ਸਾਬਤ ਹੋ ਰਹੀਆਂ ਹਨ। ਸਾਲ 2017 ਵਿਚ ਦੇਸ਼ ਦੀਆਂ ਸੜਕਾਂ 'ਤੇ ਰੋਜ਼ਾਨਾ 56 ਲੋਕਾਂ ਦੀ ਮੌਤ ਹੋਈ। ਮੌਤ ਦੀਆਂ ਘਟਨਾਵਾਂ 'ਚ ਬੀਤੇ ਸਾਲਾਂ ਦੇ ਮੁਕਾਬਲੇ ਵਾਧਾ ਹੋਇਆ ਹੈ। ਜਿਥੇ ਸਾਲ 2014 'ਚ ਇਨ੍ਹਾਂ ਘਟਨਾਵਾਂ ਵਿਚ 12,330 ਰਾਹਗੀਰਾਂ ਦੀ ਮੌਤ ਹੋਈ ਹੈ, ਉਥੇ ਹੀ 2017 'ਚ 20,457 ਪੈਦਲ ਯਾਤਰੀਆਂ ਦੀ ਮੌਤ ਦੇਸ਼ ਦੀਆਂ ਸੜਕਾਂ ਉਤੇ ਹੋਈ ਹੈ।

ਦੇਸ਼ ਦੀਆਂ ਸੜਕਾਂ ਸੁਰੱਖਿਅਤ ਨਹੀਂ ਹਨ। ਅਜਿਹਾ ਇਸ ਲਈ ਕਿਉਂਕਿ ਬਚਾਅ ਸਾਧਨਾਂ ਦੀ ਭਾਰੀ ਕਮੀ ਹੈ। ਇਸ ਤਰ੍ਹਾਂ ਦੀਆਂ ਘਟਨਾਵਾਂ ਦੀ ਸੂਚੀ 'ਚ ਸਾਈਕਲ ਤੇ ਮੋਟਰਸਾਈਕਲ ਚਲਾਉਣ ਵਾਲਿਆਂ ਨੂੰ ਵੀ ਰੱਖਿਆ ਜਾਂਦਾ ਹੈ। ਸਰਕਾਰੀ ਅੰਕੜਿਆਂ ਮੁਤਾਬਕ ਦੇਸ਼ ਵਿਚ ਪਿਛਲੇ ਸਾਲ ਪ੍ਰਤੀ ਦਿਨ 133 ਮੋਟਰਸਾਈਕਲ ਵਾਲੇ ਤੇ 10 ਸਾਈਕਲ ਚਲਾਉਣ ਵਾਲਿਆਂ ਦੀ ਮੌਤ ਹੋਈ ਹੈ।

ਸੜਕਾਂ 'ਤੇ ਹੋ ਰਹੀਆਂ ਮੌਤਾਂ 'ਚ



ਤਾਮਿਲਨਾਡੂ ਦੀ ਸਥਿਤੀ ਸਭ ਤੋਂ ਚਿੰਤਾਜਨਕ ਹੈ। ਬੀਤੇ ਸਾਲ ਉਥੇ ਪ੍ਰਤੀ ਦਿਨ 3,507 ਮੌਤਾਂ ਸੜਕ 'ਤੇ ਹੋਈਆਂ। ਇਸ ਪਿੱਛੋਂ ਮਹਾਰਾਸ਼ਟਰ 'ਚ 1,831, ਆਂਧਰਾ ਪ੍ਰਦੇਸ਼ 1,379 ਮੌਤਾਂ ਸੜਕ ਦੁਰਘਟਨਾਵਾਂ 'ਚ ਹੋਈਆਂ ਹਨ। ਦੋਪਹੀਆ ਵਾਹਨਾਂ ਨਾਲ ਹੋਈਆਂ ਮੌਤਾਂ 'ਚ ਵੀ ਤਾਮਿਲਨਾਡੂ ਸਭ ਤੋਂ ਪਹਿਲੇ ਨੰਬਰ 'ਤੇ ਹੈ। ਉਥੇ 6,329 ਲੋਕਾਂ ਦੀ ਮੌਤ ਸੜਕਾਂ, ਯੂਪੀ 'ਚ 5,699 ਤੇ ਮਹਾਰਾਸ਼ਟਰ 'ਚ 4569 ਲੋਕਾਂ ਦੀ ਜਾਨ ਸੜਕਾਂ ਉਤੇ ਗਈ।

## ਸਾਬਕਾ ਰਾਸ਼ਟਰਪਤੀ ਗਿਊਮ ਰਿਹਾ

**ਕੋਲੰਬੋ:** ਮਾਲਦੀਵਜ਼ ਦੀ ਇਕ ਅਦਾਲਤ ਨੇ ਜੇਲ੍ਹ ਵਿਚ ਬੰਦ ਸਾਬਕਾ ਰਾਸ਼ਟਰਪਤੀ ਮੌਮੂਨ ਅਬਦੁਲ ਗਿਊਮ ਨੂੰ ਜ਼ਮਾਨਤ ਦੇ ਦਿੱਤੀ ਹੈ। ਗਿਊਮ (80) ਅਤੇ ਉਸ ਦੇ ਵਿਧਾਨਕਾਰ ਪੁੱਤਰ ਫਾਰਿਸ ਮੌਮੂਨ ਨੂੰ ਮਾਲੇ ਵਿਚ ਹਾਈ ਕੋਰਟ ਨੇ ਰਿਹਾ ਕਰਨ ਦੇ ਹੁਕਮ ਦੇ ਦਿੱਤੇ ਹਨ।

# ਪਿੱਤਰ ਸੱਤਾ, ਯੂਨੀਵਰਸਿਟੀਆਂ, ਪਾੜ੍ਹੇ ਅਤੇ ਸਮਾਜ

ਸਰਬਜੀਤ ਕੌਰ

ਪੰਜਾਬ/ਭਾਰਤ ਦੀਆਂ ਯੂਨੀਵਰਸਿਟੀਆਂ ਪਿਛਲੇ ਸਮਿਆਂ ਦੌਰਾਨ ਲਗਾਤਾਰ ਸੁਰਖੀਆਂ ਵਿਚ ਹਨ। ਇਨ੍ਹਾਂ ਸੰਸਥਾਵਾਂ ਦਾ ਇਉਂ ਸੁਰਖੀਆਂ ਵਿਚ ਰਹਿਣਾ ਦਰਸਾਉਂਦਾ ਹੈ ਕਿ ਭਾਰਤੀ/ਪੰਜਾਬੀ ਸਮਾਜ ਵੱਡੇ ਸਵਾਲਾਂ, ਤੇ ਨਤੀਜੇ ਵਜੋਂ ਵੱਡੀਆਂ ਤਬਦੀਲੀਆਂ ਦੇ ਰੂ-ਬ-ਰੂ ਹੈ। ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਚ ਪਿਛਲੇ ਦਿਨਾਂ ਦੌਰਾਨ ਵਾਪਰੇ ਘਟਨਾਕ੍ਰਮ ਨੂੰ ਵੀ ਇਨ੍ਹਾਂ ਤਬਦੀਲੀਆਂ ਦੀ ਲਗਾਤਾਰਤਾ ਦੇ ਵਡੇਰੇ ਪ੍ਰਸੰਗ ਵਿਚ ਦੇਖਣਾ ਅਤੇ ਸਮਝਣਾ ਚਾਹੀਦਾ ਹੈ। ਪੰਜਾਬੀ ਯੂਨੀਵਰਸਿਟੀ ਦਾ ਸੁਰਖੀਆਂ ਵਿਚ ਆਉਣ ਦਾ ਕਾਰਨ ਕੁੜੀਆਂ ਦੇ ਹੋਸਟਲ 24 ਘੰਟੇ ਖੁੱਲ੍ਹਾ ਰੱਖਣ ਦੀ ਮੰਗ ਹੈ। ਕੁੜੀਆਂ ਦੀ ਇਸ ਮੰਗ ਦੇ ਹੱਕ ਅਤੇ ਵਿਰੋਧ ਵਿਚ ਆਉਣ ਵਾਲੀਆਂ ਰਾਵਾਂ ਬਹੁਤ ਦਿਲਸਚਪ ਵਰਤਾਰੇ ਅਤੇ ਹਾਲਾਤ ਦਾ ਬਿਆਨ ਕਰਦੀਆਂ ਹਨ। ਇਸ ਸਾਰੇ ਪ੍ਰਸੰਗ ਤੋਂ ਬਾਅਦ ਸਾਡੀਆਂ ਯੂਨੀਵਰਸਿਟੀਆਂ ਦੇ ਪਿੱਤਰੀ ਪੈਂਤੜੇ ਤੋਂ ਔਰਤ ਵਿਰੋਧੀ ਹੋਣ ਦੀ ਹਾਲਤ ਸਪਸ਼ਟ ਹੋ ਜਾਂਦੀ ਹੈ।

ਇਸ ਸੰਘਰਸ਼ ਦੁਆਰਾ ਪੈਦਾ ਹੋਏ ਸਵਾਲ ਅਤੇ ਹਾਲਾਤ ਇਨ੍ਹਾਂ ਯੂਨੀਵਰਸਿਟੀਆਂ ਅੰਦਰ ਔਰਤ ਦੇ ਵਿਰੋਧ ਵਿਚ ਸੰਸਥਾਈ ਅਤੇ ਜਥੇਬੰਦਕ ਰੂਪ ਵਿਚ ਪਸਰੀ ਹਿੰਸਾ ਅਤੇ ਵਿਤਕਰ ਨੰਗਾ ਕਰਦੀਆਂ ਹਨ। ਇਹ ਸੰਘਰਸ਼ ਅਤੇ ਇਸ ਤੋਂ ਪੈਦਾ ਹੋਏ ਸਵਾਲ ਯੂਨੀਵਰਸਿਟੀਆਂ ਦੇ ਅਗਾਂਹਵਧੂ, ਔਰਤ-ਪੱਖੀ ਤੇ ਤਰਕਸੰਗਤ ਹੋਣ ਉਪਰ ਗੰਭੀਰ ਪ੍ਰਸ਼ਨ ਖੜ੍ਹੇ ਕਰਦੇ ਹਨ। ਇਸ ਸੰਘਰਸ਼ ਵਿਚ ਯੂਨੀਵਰਸਿਟੀ ਪ੍ਰਸ਼ਾਸਨ ਅਤੇ ਅਧਿਆਪਕਾਂ ਦੇ ਹਾਲ ਨੂੰ ਦੇਖਦਿਆਂ ਸਾਡੇ ਵਿੱਦਿਅਕ ਪ੍ਰਬੰਧ ਵਿਚ ਆਇਆ ਨਿਘਾਰ ਸਪਸ਼ਟ ਹੋ ਜਾਂਦਾ ਹੈ। ਇਸ ਦਾ ਕਾਰਨ ਹੈ ਕਿ ਇਨ੍ਹਾਂ ਵਿਚੋਂ ਕੋਈ ਵੀ ਧਿਰ ਸਿਧਾਂਤਕ ਪੱਖ ਅਤੇ ਸਮਝ ਦੇ ਆਧਾਰ ਉਪਰ ਆਪਣਾ ਵਿਚਾਰ ਦੇਣ ਦੀ ਬਜਾਇ ਸਹਿਜ-ਸੂਝ ਦੇ ਆਧਾਰ ਉਪਰ ਪ੍ਰਤੀਕਿਰਿਆ ਕਰ ਰਹੀ ਹੈ। ਯੂਨੀਵਰਸਿਟੀਆਂ ਨਾਲ ਸੰਬੰਧਿਤ ਲੋਕਾਂ ਦੁਆਰਾ ਸਹਿਜ-ਸੂਝ ਦੇ ਆਧਾਰ 'ਤੇ ਲਿੰਗ ਆਧਾਰਿਤ ਵਿਤਕਰੇ ਨੂੰ ਜਾਇਜ਼ ਠਹਿਰਾਉਣਾ ਇਨ੍ਹਾਂ ਯੂਨੀਵਰਸਿਟੀਆਂ ਦੇ ਕਿਰਦਾਰ, ਭੂਮਿਕਾ ਅਤੇ ਹਾਲਤ ਦੇ ਪਛੜੇਪਣ ਦਾ ਪ੍ਰਮਾਣ ਹੈ। ਇਹ ਹਾਲਾਤ ਸਾਬਿਤ ਕਰਦੇ ਹਨ ਕਿ ਸਾਡੀਆਂ ਉਚ ਸਿੱਖਿਆ ਸੰਸਥਾਵਾਂ ਦੇ ਗਿਆਨ ਦਾ ਵਿਚਾਰਧਾਰਕ, ਸਿਧਾਂਤਕ ਅਤੇ ਵਿਹਾਰਕ ਮਿਆਰ ਕੀ ਹੈ। ਇਸ ਸੂਰਤ ਵਿਚ ਵਿਦਿਆਰਥੀਆਂ ਦਾ ਅਜਿਹੇ ਸੰਵੇਦਨਸ਼ੀਲ ਮਸਲਿਆਂ ਉਪਰ ਇਕੱਠਾ ਹੋਣਾ ਅਤੇ ਇਨ੍ਹਾਂ ਮਸਲਿਆਂ ਦੇ ਸਬੰਧ ਵਿਚ ਸੰਘਰਸ਼ ਤੇ ਵਿਚਾਰ-ਚਰਚਾ, ਦੋਵਾਂ ਪੱਖਾਂ ਲਈ ਬਰਾਬਰ ਮਾਹੌਲ ਪੈਦਾ ਕਰਨਾ ਭਵਿਖ ਦੇ ਨਕਸ਼ਾਂ ਅਤੇ ਪ੍ਰਕ੍ਰਿਤੀ 'ਤੇ ਆਸ਼ਾਮਈ ਝਾਤ ਪਾਉਂਦਾ ਹੈ।

ਬਹੁਤ ਦੁੱਖ ਦੀ ਗੱਲ ਹੈ ਕਿ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਪ੍ਰਸ਼ਾਸਨ ਨੇ ਉਪਰੋਕਤ ਘਟਨਾਕ੍ਰਮ ਦੇ ਪ੍ਰਸੰਗ ਵਿਚ ਜਿਸ ਸੰਵੇਦਨਸ਼ੀਲਤਾ, ਜ਼ਿੰਮੇਵਾਰੀ ਤੇ ਗੰਭੀਰਤਾ ਦਾ ਪ੍ਰਗਟਾਵਾ ਕਰਨਾ ਸੀ, ਉਹ ਨਹੀਂ ਕੀਤਾ। ਹੁਣ ਅਸੀਂ ਇਹ ਸਮਝਣ ਦੀ ਕੋਸ਼ਿਸ਼ ਕਰਾਂਗੇ ਕਿ ਅਸਲ ਵਿਚ ਕੀ ਹੋ ਰਿਹਾ ਹੈ ਤੇ ਇਸ ਨੂੰ ਕੀ ਬਣਾ ਕੇ ਪੇਸ਼ ਕੀਤਾ ਜਾ ਰਿਹਾ ਹੈ। ਯੂਨੀਵਰਸਿਟੀ ਪ੍ਰਸ਼ਾਸਨ ਨੂੰ ਚਾਹੀਦਾ ਸੀ ਕਿ ਉਹ ਦੇਖੇ ਕਿ ਆਖਿਰ ਕੁੜੀਆਂ ਨੇ ਇਹ ਮੰਗ ਕਿਉਂ ਕੀਤੀ? ਆਪਣੇ ਘਰ 5-6 ਵਜੇ ਜਾਣ ਵਾਲੀਆਂ ਕੁੜੀਆਂ ਆਖ਼ਿਰ ਇਥੇ ਸਾਰੀ ਰਾਤ ਹੋਸਟਲ ਖੋਲ੍ਹਣ ਲਈ ਕਿਉਂ ਕਹਿ ਰਹੀਆਂ ਹਨ? ਸਾਰੀ ਰਾਤ ਧਰਨੇ ਉਪਰ ਬੈਠੀਆਂ ਇਨ੍ਹਾਂ ਕੁੜੀਆਂ ਨੂੰ ਕੀ ਆਪਣੇ ਘਰਦਿਆਂ ਅਤੇ ਸਮਾਜ ਦਾ ਕੋਈ ਡਰ ਨਹੀਂ ਹੈ? ਇਸ ਤੋਂ ਬਾਅਦ ਉਨ੍ਹਾਂ ਨੂੰ ਇਹ ਸਮਝਣਾ ਚਾਹੀਦਾ ਸੀ ਕਿ ਹੋਸਟਲ ਦੀ ਸਮਾਂ ਸੀਮਾ ਵਧਾਉਣ ਨਾਲ ਕੀ ਸੱਚਮੁੱਚ ਸਾਰੀਆਂ ਕੁੜੀਆਂ ਅਵਾਰਾ ਅਤੇ ਚਰਿਤਰਹੀਣ ਹੋ ਜਾਣਗੀਆਂ? ਜਾਂ ਫਿਰ ਇਸ ਦੇ ਉਲਟ, ਕੀ ਹੋਸਟਲਾਂ ਦੇ ਅੰਦਰ ਰਹਿਣਾ ਸੱਚਮੁੱਚ ਸਿਆਣਪ ਤੇ ਸੁੱਚੇ ਕਿਰਦਾਰ ਦਾ ਇਕੋ-ਇਕ ਲੱਛਣ ਹੈ?

ਲੇਕਿਨ ਅਜਿਹਾ ਨਹੀਂ ਹੋਇਆ ਸਗੋਂ ਇਸ ਦੇ ਉਲਟ ਸੰਘਰਸ਼ ਕਰ ਰਹੀਆਂ ਕੁੜੀਆਂ ਦੇ ਚਰਿਤਰ ਉਪਰ ਸਵਾਲ ਖੜ੍ਹੇ ਕੀਤੇ ਗਏ। ਜੇ ਆਪਣੇ ਸੰਵਿਧਾਨਕ ਹੱਕਾਂ ਲਈ ਲੜਨ ਵਾਲੀਆਂ ਕੁੜੀਆਂ ਦੇ ਕਿਰਦਾਰ ਨੂੰ ਸ਼ੱਕ ਦੇ ਘੇਰੇ ਵਿਚ ਲਿਆਂਦਾ ਜਾਂਦਾ ਹੈ ਤਾਂ ਚੇਤਨ ਲੋਕਾਂ ਦਾ ਸਵਾਲ ਕਰਨਾ ਬਣਦਾ ਹੈ ਕਿ ਪੜ੍ਹੀਆਂ-ਲਿਖੀਆਂ, ਉਚ ਅਹੁਦਿਆਂ ਦੇ ਕਾਬਿਲ ਅਤੇ ਚੇਤਨ ਕੁੜੀਆਂ ਦੇ ਚਰਿਤਰ ਉਪਰ ਉਂਗਲ ਚੁੱਕਣ ਵਾਲੇ ਇਹ ਲੋਕ ਕੌਣ ਹਨ? ਖ਼ੁਦ ਕੁੜੀਆਂ ਨੂੰ ਆਪਣੇ-ਆਪ ਨੂੰ ਇਹ ਸਵਾਲ ਕਰਨਾ ਚਾਹੀਦਾ ਹੈ ਕਿ ਜੇ ਯੂਨੀਵਰਸਿਟੀਆਂ ਵਰਗੀਆਂ ਸੰਸਥਾਵਾਂ ਵਿਚ ਬਰਾਬਰੀ ਦੇ ਹੱਕਾਂ ਨੂੰ ਲੈ ਕੇ ਉਨ੍ਹਾਂ ਦੇ ਵਜੂਦ ਦਾ ਤੂੰਬਾ ਤੂੰਬਾ ਉਡਾਇਆ ਜਾ ਸਕਦਾ ਹੈ ਤਾਂ ਉਹ ਆਪਣੇ ਵਜੂਦ ਦੀ ਤਲਾਸ਼ ਅਤੇ ਨਿਰਮਾਣਕਾਰੀ ਲਈ ਹੋਰ ਕਿਥੇ ਜਾਣਗੀਆਂ? ਜੇ 'ਵਰਸਿਟੀਆਂ ਵਿਚ ਕੁੜੀਆਂ ਦੇ ਬੌਧਿਕ ਪੱਧਰ ਨੂੰ ਚਰਿਤਰ ਦੇ ਮੁਕਾਬਲੇ ਦੁਜੈਲੇ ਸਥਾਨ ਉਪਰ ਰੱਖਿਆ ਜਾਂਦਾ ਹੈ ਤਾਂ ਔਰਤ ਦੇ ਬੌਧਿਕ ਗੁਣਾਂ ਦੀ ਕਦਰ ਅਤੇ ਪਛਾਣ ਹੋਰ ਕਿਥੇ ਹੋਵੇਗੀ?

ਆਜ਼ਾਦੀ ਦੇ 70 ਸਾਲ ਬੀਤਣ ਉਪਰ ਵੀ ਜੇ ਯੂਨੀਵਰਸਿਟੀਆਂ ਵਿਚ ਕੁੜੀਆਂ ਦੀ ਪਛਾਣ ਨਿਰੋਲ ਵਿਦਿਆਰਥੀ ਵਜੋਂ ਨਾ ਹੋ ਕੇ ਲਿੰਗ ਆਧਾਰਿਤ ਵਿਤਕਰੇ ਤਹਿਤ ਹੁੰਦੀ ਹੈ ਤਾਂ ਸਾਨੂੰ ਵਿਦਿਆਰਥੀ ਦਾ ਦਰਜਾ ਮਿਲਣ ਵਿਚ ਅਜੇ ਹੋਰ ਕਿੰਨੀਆਂ ਸਦੀਆਂ ਲੱਗਣਗੀਆਂ? ਆਖ਼ਿਰ ਕਦੋਂ ਤੱਕ ਔਰਤ ਨੂੰ ਕਮਤਰ ਮਨੁੱਖ ਬਣਾ ਕੇ ਪੇਸ਼ ਕੀਤਾ ਜਾਂਦਾ ਰਹੇਗਾ ਅਤੇ ਉਸ ਦੀ ਮਨੁੱਖੀ ਪਛਾਣ ਤੇ ਸਨਮਾਨ ਦੇ ਪਰਖਚੇ ਉਡਾਏ ਜਾਂਦੇ ਰਹਿਣਗੇ? ਔਰਤ ਨੇ ਆਪਣੀ ਸਮਰੱਥਾ ਅਤੇ ਲਿਆਕਤ ਨੂੰ ਮੈਰਿਟ ਲਿਸਟਾਂ, ਨੌਕਰੀਆਂ, ਸਿਰਜਣਾਤਮਕ ਅਤੇ ਦਿਮਾਗ ਆਧਾਰਿਤ ਕਾਰਜਾਂ ਵਿਚ ਸਫ਼ਲਤਾ ਪ੍ਰਾਪਤ ਕਰਕੇ ਸਾਬਿਤ ਕੀਤਾ ਹੈ। ਇਹ ਯੂਨੀਵਰਸਿਟੀ ਦੇ ਪ੍ਰਬੰਧ ਦੀ ਨਾਲਾਇਕੀ ਹੈ ਕਿ ਸੰਭਾਵੀ ਤੇ ਭਵਿਖ ਦੀਆਂ ਵਿਦਵਾਨ, ਵੱਡੀਆਂ ਅਫ਼ਸਰ ਅਤੇ ਸਮਾਜ ਦੀ ਤਰੱਕੀ ਵਿਚ ਯੋਗਦਾਨ ਬਣਨ ਵਾਲੀਆਂ ਇਨ੍ਹਾਂ ਕੁੜੀਆਂ ਨੂੰ ਹੋਸਟਲ ਦੀ ਸਮਾਂ ਸੀਮਾ ਵਰਗੇ ਨਿੱਕੇ ਜਿਹੇ ਮਸਲੇ ਬਾਰੇ ਆਪਣੀ ਰਾਇ ਦੇਣ ਅਤੇ ਫ਼ੈਸਲੇ ਕਰਨ ਦੇ ਯੋਗ ਨਹੀਂ ਸਮਝਿਆ ਜਾ ਰਿਹਾ। ਇਸ ਸਮੁੱਚੇ ਘਟਨਾਕ੍ਰਮ ਦਾ ਕੇਂਦਰੀ ਸੂਤਰ ਮਹਿਜ਼ ਹੋਸਟਲਾਂ ਦੇ ਸਮੇਂ ਦੀ ਸੀਮਾ ਵਿਚ ਵਾਧਾ ਨਹੀਂ ਸਗੋਂ ਕੁੜੀਆਂ ਦੀ ਮੰਗ ਦਾ ਮੁੱਖ ਮੁੱਦਾ ਉਨ੍ਹਾਂ ਨਾਲ ਹੋ ਰਿਹਾ ਲਿੰਗ ਆਧਾਰਿਤ ਵਿਤਕਰਾ ਹੈ।

ਯੂਨੀਵਰਸਿਟੀਆਂ ਅੰਦਰ ਔਰਤਾਂ ਦੇ ਮਸਲਿਆਂ ਪ੍ਰਤੀ ਅਸਹਿਣਸ਼ੀਲਤਾ ਦਾ ਰੁਝਾਨ ਦੱਸਦਾ ਹੈ ਕਿ ਆਪਣੇ ਆਧਾਰ ਰੂਪ ਵਿਚ ਸਾਡੀਆਂ ਵਿੱਦਿਅਕ ਸੰਸਥਾਵਾਂ ਪਿੱਤਰੀ ਸੋਚ ਦਾ ਹੱਥਠੋਕਾ ਬਣੀਆਂ ਹੋਈਆਂ ਹਨ। ਇਸੇ ਲਈ ਇਨ੍ਹਾਂ ਸੰਸਥਾਵਾਂ ਵਿਚ ਲਿੰਗਕ ਪੱਖਪਾਤ ਆਮ ਗੱਲ ਹੈ। ਇਨ੍ਹਾਂ ਯੂਨੀਵਰਸਿਟੀਆਂ ਦੇ ਨੁਮਾਇੰਦੇ ਖੋਜ ਪੱਤਰਾਂ ਅਤੇ ਸੈਮੀਨਾਰਾਂ, ਭਾਵ ਸਿਧਾਂਤਕ ਪੱਧਰ ਉਪਰ ਭਾਵੇਂ ਔਰਤਾਂ ਦੇ ਹੱਕ ਅਤੇ ਬਰਾਬਰੀ ਬਾਰੇ ਚਰਚਾ ਕਰਦੇ ਹਨ ਲੇਕਿਨ ਵਿਹਾਰਕ ਰੂਪ ਵਿਚ ਇਥੇ 'ਲਿੰਗਕ ਬਰਾਬਰੀ' ਵਰਗੇ ਸ਼ਬਦਾਂ ਨੂੰ ਜੁਮਲੇ ਤੋਂ ਵੱਧ ਕੁਝ ਨਹੀਂ ਸਮਝਿਆ ਜਾਂਦਾ। ਇਨ੍ਹਾਂ ਯੂਨੀਵਰਸਿਟੀਆਂ ਦੇ ਅਧਿਕਾਰੀ ਔਰਤਾਂ ਦੇ ਮਸਲੇ ਉਪਰ ਯੂਨੀਵਰਸਿਟੀਆਂ ਨੂੰ ਪਿੰਡ ਅਤੇ ਘਰ-ਪਰਿਵਾਰ ਵਰਗੀ ਥਾਂ ਬਣਾ ਦਿੰਦੇ ਹਨ ਜਿਥੇ ਵੀ. ਸੀ. ਘਰ ਦੇ ਮੁਖੀ/ਪਿਤਾ ਹਨ ਤੇ ਬਾਕੀ ਅਧਿਕਾਰੀ ਚਾਚੇ-ਤਾਏ ਦੀ ਭੂਮਿਕਾ ਨਿਭਾਉਂਦੇ ਹਨ। ਇੰਨਾ ਹੀ ਨਹੀਂ, ਇਨ੍ਹਾਂ ਯੂਨੀਵਰਸਿਟੀਆਂ ਅੰਦਰ ਪ੍ਰਸ਼ਾਸਨਿਕ ਅਹੁਦਿਆਂ ਉਪਰ ਬੈਠੀਆਂ ਬੀਬੀਆਂ ਵੀ ਮਰਦ-ਪ੍ਰਧਾਨ ਸੱਤਾ ਵਾਲੀ ਵਿਚਾਰਧਾਰਾ ਵਾਲੀ ਭੂਮਿਕਾ ਹੀ ਨਿਭਾਉਂਦੀਆਂ ਹਨ।

ਸੋ, ਸੂਖਮ ਰੂਪ ਵਿਚ ਅਜੇ ਤੱਕ ਸਾਡੀਆਂ ਯੂਨੀਵਰਸਿਟੀਆਂ ਦਾ ਸਮੁੱਚਾ ਢਾਂਚਾ ਅਤੇ ਇਸ ਦੇ ਅਹੁਦਿਆਂ ਦੀ ਬਣਤਰ (ਮੈਕਾਨਿਜ਼ਮ) ਔਰਤ ਵਿਰੋਧੀ, ਪਿੱਤਰ ਸੱਤਾ ਪੱਖੀ ਅਤੇ ਵਿਤਕਰੇ ਉਪਰ ਆਧਾਰਿਤ ਹੈ। ਇਹੀ ਕਾਰਨ ਹੈ ਕਿ ਯੂਨੀਵਰਸਿਟੀ ਆਪਣੀਆਂ ਵਿਦਿਆਰਥੀ ਕੁੜੀਆਂ ਨੂੰ ਆਪਣੇ ਖ਼ਿਲਾਫ਼ ਹੁੰਦੇ ਅਨਿਆਂ ਬਾਰੇ 'ਚੁੱਪ ਰਹਿਣ', 'ਬਰਦਾਸ਼ਤ ਕਰਨ', 'ਅਣਦੇਖਿਆ ਕਰਨ' ਅਤੇ 'ਕਾਨੂੰਨ ਨੂੰ ਆਪਣੇ ਹੱਥ ਵਿਚ ਨਾ ਲੈਣ' ਦਾ ਪਾਠ ਪੜ੍ਹਾਉਂਦੀ ਦਿਖਾਈ ਦਿੰਦੀ ਹੈ। ਇਸ ਸਭ ਦੇ ਬਾਵਜੂਦ ਜੇ ਇਨ੍ਹਾਂ ਸੰਸਥਾਵਾਂ ਦੇ ਨੁਮਾਇੰਦੇ ਕਹਿੰਦੇ ਹਨ ਕਿ ਇਥੇ ਕੋਈ ਵਿਤਕਰਾ ਨਹੀਂ ਹੈ ਤਾਂ ਨਿਸ਼ਚੇ ਹੀ ਸਾਨੂੰ ਵਿਤਕਰੇ ਦੀ ਪਰਿਭਾਸ਼ਾ ਦੁਬਾਰਾ ਬਣਾਉਣੀ ਚਾਹੀਦੀ ਹੈ। ਇਸ ਬਾਰੇ ਕੋਈ ਇਹ ਕਹਿ ਸਕਦਾ ਹੈ ਕਿ ਸਮਾਜ ਦੇ ਮਾਹੌਲ ਕਰਕੇ ਯੂਨੀਵਰਸਿਟੀਆਂ ਵਿਚ ਅਜਿਹਾ ਹੁੰਦਾ ਹੈ। ਇਥੇ ਇਹ ਸਮਝਣਾ ਜ਼ਰੂਰੀ ਹੈ ਕਿ ਯੂਨੀਵਰਸਿਟੀਆਂ ਦਾ ਕੰਮ ਸਮਾਜ ਦੇ ਅਨੁਸਾਰੀ ਹੋਣਾ ਨਹੀਂ ਹੁੰਦਾ ਸਗੋਂ ਇਨ੍ਹਾਂ ਦੀ ਸਾਰਥਕ ਤੇ ਉਸਾਰੂ ਭੂਮਿਕਾ ਸਮਾਜਕ ਵਿਵਸਥਾ ਦੀ ਆਲੋਚਨਾ ਕਰਕੇ ਨਵੇਂ ਬਦਲ ਦੇਣ ਵਿਚ ਹੁੰਦੀ ਹੈ।

ਹੁਣ ਯੂਨੀਵਰਸਿਟੀਆਂ ਨੂੰ ਇਹ ਤੈਅ ਕਰਨਾ ਪਵੇਗਾ ਕਿ ਇਨ੍ਹਾਂ ਨੇ ਸਮਾਜ ਨੂੰ ਸੇਧ ਦੇ ਕੇ ਇਸ ਨੂੰ ਬਿਹਤਰੀ ਵੱਲ ਤੋਰਨਾ ਹੈ ਜਾਂ ਸਮਾਜ ਤੋਂ ਸੇਧ ਲੈ ਕੇ ਪਿਛਾਖੜੀ ਹਾਲਾਤ ਮੱਲਣੇ ਹਨ। ਕੋਈ ਕਹਿ ਸਕਦਾ ਹੈ ਕਿ ਪੜ੍ਹਨ ਅਤੇ ਨੌਕਰੀ ਦੇ ਮੌਕੇ ਬਰਾਬਰ ਹੋਣ ਕਾਰਨ ਇਹ ਮਸਲੇ ਨਿਰਮੂਲ ਹਨ ਲੇਕਿਨ ਜਦ ਕੁੜੀਆਂ ਬਰਾਬਰ ਦੀ ਫੀਸ ਭਰਦੀਆਂ ਹਨ ਅਤੇ ਉਨ੍ਹਾਂ ਨੂੰ ਮੁੰਡਿਆਂ ਨਾਲ ਹਰ ਅਕਾਦਮਿਕ ਮੁਕਾਬਲੇ ਵਿਚ ਬਰਾਬਰ ਦੀ ਯੋਗਤਾ ਸਾਬਿਤ ਕਰਨੀ ਪੈਂਦੀ ਹੈ ਤਾਂ ਫਿਰ ਉਨ੍ਹਾਂ ਨੂੰ ਅਧਿਐਨ ਅਤੇ ਅਨੁਭਵ ਦੇ ਬਰਾਬਰ ਮੌਕਿਆਂ ਤੋਂ ਵਾਂਝਾ ਕਿਉਂ ਰੱਖਿਆ ਜਾ ਰਿਹਾ ਹੈ? ਕੋਈ ਹੋਰ ਕਹਿ ਸਕਦਾ ਹੈ ਕਿ ਇਹ ਪਹੁੰਚ ਮਰਦ ਵਿਰੋਧੀ ਹੈ ਲੇਕਿਨ ਸਪਸ਼ਟ ਰੂਪ ਵਿਚ ਇਹ ਮਰਦ ਵਿਰੋਧੀ ਨਹੀਂ; ਇੱਥੇ ਮਸਲਾ ਵਿਦਿਆਰਥੀ ਲੜਕਿਆਂ ਤੋਂ ਉਨ੍ਹਾਂ ਦੇ ਅਧਿਕਾਰ ਖੋਹਣ ਦਾ ਨਹੀਂ ਸਗੋਂ ਵਿਦਿਆਰਥੀ ਕੁੜੀਆਂ ਨੂੰ ਬਰਾਬਰੀ ਦੇ ਅਧਿਕਾਰ ਮਿਲਣ ਦਾ ਮੁੱਦਾ ਹੈ। ਇਹ ਯੂਨੀਵਰਸਿਟੀਆਂ ਪੜ੍ਹੇ-ਲਿਖੇ ਲੜਕਿਆਂ ਨੂੰ ਨਸ਼ੇੜੀ, ਕੁੜੀਆਂ ਛੇੜਨ ਵਾਲੇ ਜਾਹਲ ਅਤੇ ਗ਼ੈਰਜ਼ਿੰਮੇਵਾਰ ਸ਼ਖ਼ਸਾਂ ਵਜੋਂ ਪੇਸ਼ ਕਰ ਰਹੀਆਂ ਹਨ। ਵਿਦਿਆਰਥੀ ਲੜਕਿਆਂ ਨੂੰ ਚਾਹੀਦਾ ਹੈ ਕਿ ਉਹ ਇਸ ਯੂਨੀਵਰਸਿਟੀ ਦੁਆਰਾ ਉਨ੍ਹਾਂ ਦੀ ਪੇਸ਼ ਕੀਤੀ ਜਾਂਦੀ ਇਸ ਤਸਵੀਰ ਦਾ ਵਿਰੋਧ ਅਤੇ ਕੁੜੀਆਂ ਦੁਆਰਾ ਪੇਸ਼ ਕੀਤੀ ਜਾਂਦੀ ਤਸਵੀਰ ਦੀ ਹਮਾਇਤ ਕਰਨ ਜਿਸ ਵਿਚ ਉਨ੍ਹਾਂ ਨੂੰ ਜ਼ਿੰਮੇਵਾਰ ਤੇ ਸੰਵੇਦਨਸ਼ੀਲ ਵਿਦਿਆਰਥੀ ਸਾਥੀ ਬਣਾ ਕੇ ਪੇਸ਼ ਕੀਤਾ ਜਾ ਰਿਹਾ ਹੈ। ਇਉਂ ਇਹ ਸੰਘਰਸ਼ 'ਔਰਤ ਬਨਾਮ ਮਰਦ' ਨਹੀਂ, ਇਹ 'ਵਿਦਿਆਰਥੀ ਹੱਕ ਬਨਾਮ ਯੂਨੀਵਰਸਿਟੀ ਪ੍ਰਸ਼ਾਸਨ' ਸੰਘਰਸ਼ ਹੈ। ਸੰਖੇਪ ਵਿਚ ਇਹ ਸੰਘਰਸ਼ ਵੱਡੀਆਂ ਵੰਗਾਰਾਂ ਨਾਲ ਜੁੜਿਆ ਹੋਇਆ ਹੈ ਲੇਕਿਨ ਪਿੱਤਰ ਸੱਤਾ ਨਾਲ ਵਿਦਿਅਕ ਸੰਸਥਾਵਾਂ ਦਾ ਗੱਠਜੋੜ ਨਾ ਕੇਵਲ ਔਰਤਾਂ ਲਈ ਸਗੋਂ ਹਾਸ਼ੀਏ ਉਤੇ ਸੁੱਟੀ ਹਰ ਧਿਰ ਲਈ ਖ਼ਤਰੇ ਦੀ ਘੰਟੀ ਹੈ। ਇਸ ਤੋਂ ਸੁਚੇਤ ਹੋਣ ਦੀ ਲੋੜ ਹੈ।

# ਕਰੰਸੀ ਤਬਾਦਲਾ ਦਰਾਂ ਦੀ ਅਸਥਿਰਤਾ ਅਤੇ ਅਮਰੀਕਾ

ਪ੍ਰੋ. ਪ੍ਰੀਤਮ ਸਿੰਘ
ਪ੍ਰੋ. ਵੈਨੇਸਾ ਪੈਟਰੇਲੀ ਕੋਰੀਆ

ਅਮਰੀਕਾ ਦੇ ਫੈਡਰਲ ਰਿਜ਼ਰਵ ਨੇ ਵਿਆਜ ਦਰ ਦੁਬਾਰਾ ਵਧਾ ਕੇ 2.25 ਫੀਸਦੀ ਕਰ ਦਿੱਤੀ ਹੈ। ਇਸ ਤੋਂ ਬਿਨਾ ਦਸੰਬਰ 'ਚ ਇਕ ਹੋਰ ਵਾਧੇ ਦੀ ਉਮੀਦ ਹੈ ਤੇ ਉਸ ਪਿਛੋਂ 2019 'ਚ ਅਜਿਹੇ ਤਿੰਨ ਵਾਧੇ ਤੇ ਇਕ ਵਾਧਾ 2020 ਵਿਚ ਕੀਤੇ ਜਾਣ ਦੀ ਸੰਭਾਵਨਾ ਹੈ। ਤਜਰਬੇ ਦੇ ਆਧਾਰ 'ਤੇ ਇਹ ਉਮੀਦ ਕੀਤੀ ਜਾਂਦੀ ਹੈ ਕਿ ਵਿਆਜ ਦਰ ਵਿਚ ਇਸ ਵਾਧੇ ਦਾ ਉਭਰ ਰਹੇ ਅਰਥਚਾਰਿਆਂ ਉਤੇ ਮਾੜਾ ਅਸਰ ਪਵੇਗਾ। ਏਸ਼ੀਆ ਵਿਚ ਚੀਨ ਤੋਂ ਬਾਅਦ ਭਾਰਤ ਦੂਜਾ ਸਭ ਤੋਂ ਵੱਡਾ ਅਰਥਚਾਰਾ ਹੈ ਅਤੇ ਲਾਤੀਨੀ ਅਮਰੀਕਾ ਵਿਚ ਬਰਾਜ਼ੀਲ ਸਭ ਤੋਂ ਵੱਡਾ ਅਰਥਚਾਰਾ ਹੈ, ਜਿਸ ਵਿਚ ਲਾਤੀਨੀ ਅਮਰੀਕਾ ਦੀ ਕਰੀਬ ਇਕ ਤਿਹਾਈ ਆਬਾਦੀ, ਇਲਾਕਾ ਅਤੇ ਜੀ.ਡੀ.ਪੀ. ਸ਼ਾਮਿਲ ਹਨ। ਇਹ ਦੋਵੇਂ ਗਲੋਬਲ ਅਰਥਚਾਰਿਆਂ ਅੰਦਰ ਦੋ ਸਭ ਤੋਂ ਅਹਿਮ ਉਭਰ ਰਹੇ ਅਰਥਚਾਰੇ ਹਨ। ਹਾਲ ਹੀ ਵਿਚ ਦੋਵਾਂ ਮੁਲਕਾਂ ਦੀਆਂ ਕਰੰਸੀਆਂ ਦੇ ਤਬਾਦਲਾ ਮੁੱਲ (ਦਰ) 'ਚ ਭਾਰੀ ਗਿਰਾਵਟ ਵੇਖੀ ਗਈ ਹੈ।

ਇਨ੍ਹਾਂ ਕਰੰਸੀਆਂ (ਭਾਰਤੀ ਰੁਪਈਆ ਤੇ ਬਰਾਜ਼ੀਲੀ ਰਿਆਲ) ਦੇ ਮੁੱਲ 'ਚ ਆਈ ਗਿਰਾਵਟ ਲਈ ਅਮਰੀਕੀ ਦਬਦਬੇ ਵਾਲੇ ਗਲੋਬਲ ਪੂੰਜੀਵਾਦੀ ਅਰਥਚਾਰੇ ਅੰਦਰਲੇ ਕੁਝ ਰੁਝਾਨ ਜ਼ਿੰਮੇਵਾਰ ਹਨ ਜਿਹੜੇ ਇਨ੍ਹਾਂ ਦੋਹਾਂ ਮੁਲਕਾਂ ਸਮੇਤ ਸਾਰੇ ਉਭਰ ਰਹੇ ਅਰਥਚਾਰਿਆਂ ਅੰਦਰ ਕਰੰਸੀ ਵਿਚ ਉਤਰਾਅ-ਚੜ੍ਹਾਅ ਲਿਆਉਂਦੇ ਹਨ ਪਰ ਭਾਰਤ ਤੇ ਬਰਾਜ਼ੀਲ ਅੰਦਰ ਕੁਝ ਅਜਿਹੇ ਵਿਲੱਖਣ ਅੰਦਰੂਨੀ/ਘਰੇਲੂ ਪੱਖ ਵੀ ਹਨ, ਜਿਨ੍ਹਾਂ ਨੂੰ ਰੁਪਈਏ ਅਤੇ ਬਰਾਜ਼ੀਲੀ ਰਿਆਲ ਦੇ ਤਬਾਦਲਾ ਮੁੱਲਾਂ ਵਿਚ ਆਈ ਗਿਰਾਵਟ ਨੂੰ ਸਮਝਣ ਵਾਸਤੇ ਧਿਆਨ ਵਿਚ ਰੱਖਣ ਦੀ ਲੋੜ ਹੈ।

ਗਲੋਬਲ ਪੂੰਜੀਵਾਦੀ ਅਰਥਚਾਰੇ 'ਚ ਤਬਾਦਲਾ ਮੁੱਲ 'ਚ ਅਸਥਿਰਤਾ ਲਿਆਉਣ ਦੀਆਂ ਗਤੀਵਿਧੀਆਂ ਬਾਰੇ ਗੱਲ ਕਰੀਏ ਤਾਂ 15 ਸਤੰਬਰ 2008 'ਚ ਲਿਹਮੈਨ ਭਰਾਵਾਂ ਦੀ ਬਦਹਾਲੀ ਮਗਰੋਂ ਗਲੋਬਲ ਪੂੰਜੀਵਾਦੀ ਆਰਥਿਕ ਸੰਕਟ ਦੇ ਤਿੰਨ ਅਹਿਮ ਪੜਾਅ ਹਨ, ਜਿਨ੍ਹਾਂ ਦਾ ਕਰੰਸੀ ਦੇ ਤਬਾਦਲਾ ਮੁੱਲ ਵਿਚ ਉਤਰਾਅ-ਚੜ੍ਹਾਅ ਲਿਆਉਣ ਵਿਚ ਅਹਿਮ ਅਸਰ ਰਿਹਾ ਹੈ।

ਕਰੰਸੀ ਅੰਦਰ ਅਸਥਿਰਤਾ ਲਿਆਉਣ ਦਾ ਪਹਿਲਾ ਪੜਾਅ 2008 ਦੇ ਸੰਕਟ ਨਾਲ ਸ਼ੁਰੂ ਹੋਇਆ ਸੀ, ਜਿਸ ਨੇ ਵਿਕਸਤ ਪੂੰਜੀਵਾਦੀ ਅਰਥਚਾਰਿਆਂ, ਖਾਸ ਕਰਕੇ ਇਸ ਸੰਕਟ ਦੇ ਮੁੱਖ ਧੁਰੇ ਅਮਰੀਕਾ 'ਚ ਵਪਾਰ ਦੇ ਭਰੋਸੇ ਨੂੰ ਡਾਢੀ ਸੱਟ ਮਾਰੀ ਸੀ। ਵਪਾਰ ਦੇ ਭਰੋਸੇ ਅੰਦਰ ਆਈ ਇਸ ਨਾਟਕੀ ਤਰੇੜ ਦੀ ਇਕ ਵਜ੍ਹਾ ਉਹ ਵਿੱਤੀ ਸੰਸਥਾਵਾਂ ਸਨ, ਜੋ ਸਰਮਾਏ ਨੂੰ ਸਾਂਭੀ ਬੈਠੀਆਂ ਸਨ ਅਤੇ ਨਿਵੇਸ਼ ਕਰਨ ਤੋਂ ਝਿਜਕਦੀਆਂ ਸਨ। ਇਸ ਨਾਲ ਬਾਜ਼ਾਰ 'ਚ ਕਰਜ਼ੇ ਦੀ ਥੁੜ੍ਹ ਪੈਦਾ ਹੋ ਗਈ। ਕਰਜ਼ੇ ਦੀ ਥੁੜ੍ਹ ਨਾਲ ਉਧਾਰ ਲੈਣਾ ਮੁਸ਼ਕਿਲ ਹੋ ਗਿਆ, ਜਿਸ ਨਾਲ ਮੁਨਾਫੇ ਤੇ ਨਿਵੇਸ਼ ਵਿਚ ਭਾਰੀ ਗਿਰਾਵਟ ਆ ਗਈ। ਕਰਜ਼ੇ ਦੀ ਥੁੜ੍ਹ ਕਰਕੇ ਡੂੰਘੇ ਹੁੰਦੇ ਜਾ ਰਹੇ ਸੰਕਟ ਤੋਂ ਖ਼ਬਰਦਾਰ ਹੁੰਦਿਆਂ, ਆਰਥਿਕ ਅਤੇ ਵਿੱਤੀ ਤੌਰ 'ਤੇ ਇਕ ਦੂਜੇ ਨਾਲ ਜੁੜੇ ਅਮਰੀਕਾ ਤੇ ਯੂਰਪੀਅਨ ਮੁਲਕਾਂ ਦੀਆਂ ਸਰਕਾਰਾਂ ਨੇ ਉਧਾਰ ਨੂੰ ਹੱਲਾਸ਼ੇਰੀ ਦੇਣ ਅਤੇ ਆਰਥਿਕ ਗਤੀਵਿਧੀਆਂ ਨੂੰ ਮੁੜ ਤੋਂ ਸ਼ੁਰੂ ਕਰਨ ਵਾਸਤੇ ਵਿਆਜ ਦਰਾਂ ਘਟਾ ਦਿੱਤੀਆਂ।

ਅਮਰੀਕਾ ਅਤੇ ਯੂਰਪ ਅੰਦਰ ਵਿਆਜ ਦਰਾਂ 'ਚ ਅਜਿਹੀ ਗਿਰਾਵਟ (ਜੋ ਦਸੰਬਰ 2008 ਵਿਚ 0.25% ਸੀ) ਅਤੇ ਉਭਰ ਰਹੇ ਅਰਥਚਾਰਿਆਂ ਅੰਦਰ ਮੁਕਾਬਲਤਨ ਉਚੀਆਂ ਵਿਆਜ ਦਰਾਂ ਨੇ ਇਨ੍ਹਾਂ ਅਰਥਚਾਰਿਆਂ ਵੱਲ ਵਿੱਤੀ ਸਰਮਾਏ ਦਾ ਅਟਕਲਪੱਚੂ ਦਰਿਆ ਵਹਾ ਦਿੱਤਾ। ਵਿੱਤੀ ਸਰਮਾਏ ਦੇ ਵਗੇ ਇਸ ਵਹਾ ਨੇ ਉਭਰ ਰਹੇ ਅਰਥਚਾਰਿਆਂ ਦੀਆਂ ਕਰੰਸੀਆਂ ਦੀ ਮੰਗ ਵਧਾ ਦਿੱਤੀ ਜਿਸ ਨਾਲ ਤਕਰੀਬਨ ਸਾਰੇ ਉਭਰ ਰਹੀਆਂ ਅਰਥਚਾਰਿਆਂ, ਖਾਸ ਕਰ ਭਾਰਤ ਤੇ ਬਰਾਜ਼ੀਲ ਦੀਆਂ ਕਰੰਸੀਆਂ ਦੇ ਤਬਾਦਲਾ ਮੁੱਲ ਵਿਚ ਚੋਖਾ ਵਾਧਾ ਹੋਇਆ।

ਇਸ ਦੇ ਮੁਕਾਬਲੇ ਡਾਲਰ ਦੇ ਤਬਾਦਲਾ ਮੁੱਲ ਵਿਚ ਆਏ ਨਿਘਾਰ ਨੇ ਅਮਰੀਕੀ ਬਰਾਮਦ ਵਿਚ ਵਾਧਾ ਕਰ ਦਿੱਤਾ ਅਤੇ ਘੱਟ ਵਿਆਜ ਦਰਾਂ ਉਤੇ ਕਰਜ਼ਾ ਮਿਲਣਾ ਸੌਖਾ ਹੋ ਗਿਆ। ਇਸ ਨਾਲ ਅਮਰੀਕਾ ਅੰਦਰ ਮੁੜ ਕਾਰੋਬਾਰ ਹੋਣਾ ਸ਼ੁਰੂ ਹੋ ਗਿਆ। ਅਮਰੀਕੀ ਕਾਰੋਬਾਰ ਅੰਦਰ ਦੁਬਾਰਾ ਪਈ ਇਸ ਜਾਨ ਨਾਲ ਬੇਰੁਜ਼ਗਾਰੀ ਥੱਲੇ ਆਉਣ ਲੱਗੀ ਅਤੇ ਤਨਖਾਹਾਂ ਵਧਣ ਲੱਗੀਆਂ ਅਤੇ ਅਮਰੀਕੀ ਵਿਵਸਥਾ ਅੰਦਰ ਮਹਿੰਗਾਈ ਵਿਚ ਸੰਭਾਵੀ ਵਾਧੇ ਦਾ ਡਰ ਪੈਦਾ ਹੋਣਾ ਸ਼ੁਰੂ ਹੋ ਗਿਆ।

ਕਰੰਸੀ ਦੀ ਅਸਥਿਰਤਾ ਦਾ ਦੂਜਾ ਪੜਾਅ ਉਸ ਸਮੇਂ ਸ਼ੁਰੂ ਹੋਇਆ ਜਦੋਂ 2010 'ਚ ਫੈਡਰਲ ਰਿਜ਼ਰਵ ਬੈਂਕ ਵੱਲੋਂ ਇਹ ਸੰਕੇਤ ਦਿੱਤੇ ਜਾਣ ਲੱਗੇ ਸਨ ਕਿ ਅਮਰੀਕੀ ਅਰਥਚਾਰੇ ਅੰਦਰ ਮਹਿੰਗਾਈ ਨੂੰ ਕੰਟਰੋਲ ਕਰਨ ਲਈ ਵਿਆਜ ਦਰਾਂ ਵਧਾਉਣ ਦੀ ਲੋੜ ਪੈ ਸਕਦੀ ਹੈ। ਇੱਥੋਂ ਤਕ ਕਿ ਵਿਆਜ ਦਰਾਂ ਵਧਾਏ ਬਗੈਰ ਹੀ, ਸਿਰਫ ਵਿਆਜ ਦਰਾਂ ਵਧਾਏ ਜਾਣ ਦੀ ਸੰਭਾਵਨਾ ਦੇ ਵੱਡੇ ਅਸਰ ਵੇਖਣ ਨੂੰ ਮਿਲੇ, ਕਿਉਂਕਿ ਵਿੱਤੀ ਸਰਮਾਏ ਦਾ ਵਹਾਅ, ਖਾਸ ਕਰਕੇ ਇਸ ਦਾ ਅਟਕਲਪੱਚੂ (ਕਾਲਪਨਿਕ) ਵਹਾ, ਅਮਰੀਕੀ ਵਿਆਜ ਦਰ ਦੀਆਂ ਅਸਲੀ ਹੀ ਨਹੀਂ, ਸਗੋਂ ਸੰਭਾਵੀ ਗਤੀਵਿਧੀਆਂ ਬਾਰੇ ਵੀ ਬਹੁਤ ਸੰਵੇਦਨਸ਼ੀਲ ਹੁੰਦਾ ਹੈ। ਵਿੱਤੀ ਸਰਮਾਏ ਦੇ ਵਹਾਅ ਦਾ ਮੂੰਹ ਦੁਬਾਰਾ ਅਮਰੀਕਾ ਵੱਲ ਘੁੰਮਣ ਨਾਲ ਉਭਰ ਰਹੇ ਅਰਥਚਾਰਿਆਂ ਦੀਆਂ ਕਰੰਸੀਆਂ ਦੇ ਮੁਕਾਬਲੇ ਡਾਲਰ ਦੇ ਤਬਾਦਲਾ ਮੁੱਲ ਵਿਚ ਬੇਸ਼ੱਕ ਵੱਡਾ ਨਾਟਕਮਈ ਉਛਾਲ ਤਾਂ ਨਹੀਂ ਆਇਆ, ਪਰ ਕੁਝ ਸੁਧਾਰ ਜ਼ਰੂਰ ਹੋ ਗਿਆ।

ਮੌਜੂਦਾ ਤਬਾਦਲਾ ਮੁੱਲ ਵਿਚ ਅਸਥਿਰਤਾ ਦਾ ਤੀਜਾ ਅਹਿਮ ਪੜਾਅ ਫੈਡਰਲ ਰਿਜ਼ਰਵ ਬੈਂਕ ਦੁਆਰਾ 2015 ਵਿਚ ਵਿਆਜ ਦਰ 'ਚ ਕੀਤੇ ਪਹਿਲੇ ਵਾਧੇ (0.5% ਤੱਕ) ਨਾਲ ਸ਼ੁਰੂ ਹੋਇਆ। 2016 ਵਿਚ ਇਕ ਹੋਰ ਦਰਮਿਆਨਾ ਵਾਧਾ ਕੀਤਾ ਗਿਆ, 2017 'ਚ ਤਿੰਨ ਵਾਧੇ ਕੀਤੇ ਅਤੇ 2018 'ਚ ਵੀ 3 ਵਾਧੇ ਕੀਤੇ ਜਾ ਚੁੱਕੇ ਹਨ। ਇਨ੍ਹਾਂ ਤਾਜ਼ਾ ਵਾਧਿਆਂ ਨੇ ਵੱਡੀ ਮਾਤਰਾ 'ਚ ਵਿੱਤੀ ਪੂੰਜੀ ਦੇ ਅਟਕਲਪੱਚੂ ਵਹਾ ਦਾ ਮੂੰਹ ਅਮਰੀਕਾ ਵੱਲ ਕਰ ਦਿੱਤਾ ਹੈ, ਸਿੱਟੇ ਵਜੋਂ ਡਾਲਰ ਦੇ ਤਬਾਦਲਾ ਮੁੱਲ 'ਚ ਨਾਟਕੀ ਉਛਾਲ ਆਇਆ ਹੈ ਤੇ ਉਭਰ ਰਹੇ ਅਰਥਚਾਰਿਆਂ ਦੀਆਂ ਕਰੰਸੀਆਂ ਮੂਧੇ ਮੂੰਹ ਜਾ ਡਿੱਗੀਆਂ ਹਨ। ਉਭਰ ਰਹੇ ਅਰਥਚਾਰਿਆਂ ਦੀਆਂ ਕਰੰਸੀਆਂ 'ਚ ਆਈ ਤਾਜ਼ਾ ਗਿਰਾਵਟ ਇੰਨੀ ਵੱਡੀ ਤੇ ਕਾਬੂ ਵਿਚ ਨਾ ਆਉਣ ਵਾਲੀ ਜਾਪਦੀ ਹੈ ਕਿ ਅਰਜਨਟਾਈਨਾ, ਇੰਡੋਨੇਸ਼ੀਆ ਤੇ ਤੁਰਕੀ ਵਰਗੇ ਉਭਰ ਰਹੇ ਕੁਝ ਹੋਰ ਅਰਥਚਾਰਿਆਂ ਦੇ ਕੇਂਦਰੀ ਬੈਂਕਾਂ ਨੇ ਜਦੋਂ ਪੂੰਜੀ ਦਾ ਬਾਹਰੀ ਵਹਾ ਰੋਕਣ ਲਈ ਘਰੇਲੂ ਵਿਆਜ ਦਰਾਂ ਵਧਾਉਣ ਦੀ ਕੋਸ਼ਿਸ਼ ਕੀਤੀ ਤਾਂ ਵੀ ਇਸ ਦਾ ਕੋਈ ਅਸਰ ਨਾ ਹੋਇਆ।

ਬਾਹਰੀ ਤੌਰ 'ਤੇ ਇਸ ਕਿਸਮ ਦੇ ਵਿੱਤੀ ਮਾਹੌਲ ਅੰਦਰ ਵੇਖੀਏ ਤਾਂ ਬਰਾਜ਼ੀਲ ਅਤੇ ਭਾਰਤ ਅੰਦਰਲੇ ਕੁਝ ਘਰੇਲੂ, ਸਿਆਸੀ ਅਤੇ ਆਰਥਿਕ ਪੱਖ ਵੀ ਹਨ, ਜਿਨ੍ਹਾਂ ਬਾਰੇ ਰਿਆਲ ਅਤੇ ਰੁਪਈਏ ਦੇ ਤਬਾਦਲਾ ਮੁੱਲ ਵਿਚ ਆਏ ਨਿਘਾਰ ਨੂੰ ਸਮਝਣ ਵਾਸਤੇ ਜਾਣਨਾ ਬਹੁਤ ਜ਼ਰੂਰੀ ਹੈ।

ਬਰਾਜ਼ੀਲ ਵਿਚ ਰਾਸ਼ਟਰਪਤੀ ਲਈ ਨਵੀਂ ਚੋਣ ਅਕਤੂਬਰ ਵਿਚ ਹੋਣੀ ਹੈ ਅਤੇ ਸੰਸਦ ਨੇ ਅਟਕਲਪੱਚੂ ਸਰਮਾਏ ਦੀ ਭੂਮਿਕਾ ਵਾਸਤੇ ਦ੍ਰਿਸ਼ ਤਿਆਰ ਕੀਤਾ ਹੋਇਆ ਹੈ। ਕਾਰਪੋਰੇਟ ਪੱਖੀ ਮੀਡੀਆ ਲੋਕਾਂ ਅੰਦਰ ਡਰ ਪੈਦਾ ਕਰ ਰਿਹਾ ਹੈ ਕਿ ਖੱਬੇ-ਪੱਖੀ ਰਾਸ਼ਟਰਪਤੀ ਸੱਤਾ ਵਿਚ ਆ ਸਕਦਾ ਹੈ, ਜਿਸ ਨਾਲ ਵੱਡੇ ਵਿੱਤੀ ਸਰਮਾਏ ਦੀਆਂ ਖੁੱਲ੍ਹੀ ਮੰਡੀ ਵਾਲੀਆਂ ਸ਼ਕਤੀਆਂ ਉਤੇ ਪਾਬੰਦੀਆਂ ਲਾਉਣ ਵਾਲੀਆਂ ਆਰਥਿਕ ਨੀਤੀਆਂ ਦਾ ਬੋਲਬਾਲਾ ਹੋ ਸਕਦਾ ਹੈ। ਇਹ ਡਰ ਅਮਰੀਕਾ ਵੱਲ ਵਿੱਤੀ ਸਰਮਾਏ ਦੇ ਅਟਕਲਪੱਚੂ ਵਹਾਅ ਨੂੰ ਹੋਰ ਤੇਜ਼ ਕਰ ਰਿਹਾ ਹੈ ਅਤੇ ਬਰਾਜ਼ੀਲ ਦੀ ਮੁਦਰਾ ਦਾ ਤਬਾਦਲਾ ਮੁੱਲ ਲਗਾਤਾਰ ਡਿੱਗ ਰਿਹਾ ਹੈ। ਇਸ ਮੀਡੀਆ ਰਣਨੀਤੀ ਪਿੱਛੇ ਇਹ ਸਿਆਸੀ ਹਿਸਾਬ-ਕਿਤਾਬ ਕੰਮ ਕਰਦਾ ਹੈ ਕਿ ਤਬਾਦਲਾ ਮੁੱਲ ਦੀ ਅਸਥਿਰਤਾ ਨੂੰ ਲੈ ਕੇ ਸੰਵੇਦਨਸ਼ੀਲ ਔਸਤ ਮੱਧ ਵਰਗੀ ਵੋਟਰ ਵੱਲੋਂ ਮੰਡੀ-ਪੱਖੀ ਨਜ਼ਰੀਏ ਵਾਲੇ ਸੱਜੇ-ਪੱਖੀ ਉਮੀਦਵਾਰਾਂ ਨੂੰ ਵੋਟ ਪਾਉਣ ਦੀ ਵੱਧ ਸੰਭਾਵਨਾ ਹੈ। ਇਸ ਕਿਸਮ ਦਾ ਦਰਮਿਆਨਾ ਫੇਰਬਦਲ ਵੀ ਆਖ਼ਰੀ ਮੁਕਾਬਲੇ 'ਚ ਸੱਜੇ-ਪੱਖੀ ਉਮੀਦਵਾਰ ਨੂੰ ਜਿਤਾ ਸਕਦਾ ਹੈ।

ਭਾਰਤ ਵਿਚ ਕਿਸੇ ਸਮੇਂ ਮੋਦੀ ਸਰਕਾਰ ਦਾ ਹਮਾਇਤੀ ਰਿਹਾ ਗਲੋਬਲ ਵਿੱਤੀ ਸਰਮਾਇਆ ਹੁਣ ਇਸ ਸਰਕਾਰ ਦੀਆਂ ਨੋਟਬੰਦੀ ਤੇ ਜੀਐੱਸਟੀ ਬਾਰੇ ਨੀਤੀਆਂ ਅਤੇ ਵੱਡੇ ਬੈਂਕਾਂ ਨਾਲ ਠੱਗੀਆਂ ਮਗਰੋਂ ਉਜਾਗਰ ਹੋਈਆਂ ਤਬਾਹਕੁਨ ਆਰਥਿਕ ਨੀਤੀਆਂ ਤੋਂ ਘਬਰਾ ਰਿਹਾ ਹੈ। ਅਜਿਹੇ ਆਰਥਿਕ ਕੁਪ੍ਰਬੰਧਾਂ ਤੋਂ ਇਲਾਵਾ ਪਾਕਿਸਤਾਨ ਪ੍ਰਤੀ ਟਕਰਾਅ ਵਾਲੀ ਵਿਦੇਸ਼ ਨੀਤੀ ਅਤੇ ਹਿੰਸਾ ਨੂੰ ਜਨਮ ਦੇਣ ਵਾਲਾ ਅੰਦਰੂਨੀ ਸਿਆਸੀ ਕੁਸ਼ਾਸਨ, ਇਹ ਸਾਰੇ ਮਿਲ ਕੇ ਅਸਥਿਰਤਾ ਅਤੇ ਅਨਿਸ਼ਚਿਤਤਾ ਵਾਲੇ ਭਵਿੱਖ ਦੀ ਤਸਵੀਰਕਸ਼ੀ ਕਰ ਰਹੇ ਹਨ। ਅਜਿਹੀ ਸੰਭਾਵੀ ਸਿਆਸੀ ਤੇ ਆਰਥਿਕ ਅਸਥਿਰਤਾ, ਸਰਮਾਏ ਦਾ ਵਹਾ ਬਾਹਰ ਵੱਲ ਧੱਕ ਰਹੀ ਹੈ ਤੇ ਰੁਪਈਏ ਦੇ ਮੁਕਾਬਲੇ ਡਾਲਰ ਮਜ਼ਬੂਤ ਹੋ ਰਿਹਾ ਹੈ।

ਤੱਥ ਇਹ ਹੈ ਕਿ ਸਰਮਾਏ ਦੇ ਅਟਕਲਪੱਚੂ ਵਹਾਅ ਨੂੰ ਲੈ ਕੇ ਬਰਾਜ਼ੀਲ ਭਾਰਤ ਨਾਲੋਂ ਵੀ ਜ਼ਿਆਦਾ ਸੰਵੇਦਨਸ਼ੀਲ ਹੈ, ਕਿਉਂਕਿ ਬਰਾਜ਼ੀਲ ਦਾ ਅਰਥਚਾਰਾ ਗਲੋਬਲ ਪੂੰਜੀਵਾਦੀ ਅਰਥਚਾਰੇ ਨਾਲ ਮੁਕਾਬਲਤਨ ਵੱਡੇ ਪੱਧਰ ਉਤੇ ਜੁੜਿਆ ਹੋਇਆ ਹੈ। ਭਾਰਤ ਵਿਚ ਇਸ ਤਬਾਦਲਾ ਮੁੱਲ ਵਿਚ ਅਸਥਿਰਤਾ ਦੇ ਤਜਰਬੇ ਤੋਂ ਭਵਿੱਖ ਦੀ ਆਰਥਿਕ ਨੀਤੀ ਵਾਸਤੇ ਵੱਡਾ ਸਬਕ ਇਹ ਮਿਲਦਾ ਹੈ ਕਿ ਅਰਥਚਾਰੇ ਨੂੰ ਅਸਥਿਰਤਾ ਵਧਾਉਣ ਵਾਲੇ ਸਰਮਾਏ ਦੇ ਅਟਕਲਪੱਛੂ ਵਹਾਅ ਵਾਸਤੇ ਹੋਰ ਖੋਲ੍ਹੇ ਜਾਣ ਤੋਂ ਰੋਕਣ ਲਈ ਸੰਸਥਾਈ ਪਾਬੰਦੀਆਂ ਲਗਾਉਣ ਅਤੇ ਉਨ੍ਹਾਂ ਨੂੰ ਮਜ਼ਬੂਤ ਕੀਤੇ ਜਾਣ ਦੀ ਲੋੜ ਹੈ।

# ਕੁਮੈਂਟਰੀ ਦਾ ਬਾਬਾ ਬੋਹੜ ਸੀ ਜਸਦੇਵ ਸਿੰਘ

ਸ਼ਰਧਾਂਜਲੀ

ਜਸਦੇਵ ਸਿੰਘ ਜਿਹੇ ਬੁਲਾਰੇ ਨਿੱਤ-ਨਿੱਤ ਨਹੀਂ ਜੰਮਦੇ। ਉਹ ਵਿਸ਼ਵ ਦਾ ਮੰਨਿਆ ਦੰਨਿਆ ਕੁਮੈਂਟੇਟਰ ਸੀ। ਉਸ ਨੂੰ ਇੰਟਰਨੈਸ਼ਨਲ ਉਲੰਪਿਕ ਕਮੇਟੀ ਵੱਲੋਂ ਉਲੰਪਿਕ ਆਰਡਰ ਨਾਲ ਸਨਮਾਨਿਤ ਕੀਤਾ ਗਿਆ। ਭਾਰਤ ਸਰਕਾਰ ਨੇ ਪਦਮ ਸ੍ਰੀ ਤੇ ਪਦਮ ਭੂਸ਼ਨ ਪੁਰਸਕਾਰਾਂ ਨਾਲ ਸਨਮਾਨਿਆ। ਉਸ ਨੇ ਲਗਾਤਾਰ 49 ਸਾਲ ਭਾਰਤ ਦੇ ਸੁਤੰਤਰਤਾ ਦਿਵਸ ਅਤੇ ਗਣਤੰਤਰ ਦਿਵਸ 'ਤੇ ਰੇਡੀਓ/ਟੀ. ਵੀ. ਤੋਂ ਕੁਮੈਂਟਰੀ ਕੀਤੀ। ਨਾਲੋ-ਨਾਲ 9 ਉਲੰਪਿਕ ਖੇਡਾਂ, 8 ਵਿਸ਼ਵ ਹਾਕੀ ਕੱਪਾਂ ਤੇ 6 ਏਸ਼ਿਆਈ ਖੇਡਾਂ ਦੀ ਕੁਮੈਂਟਰੀ ਕਰਨ ਲਈ ਦੇਸ-ਪਰਦੇਸ ਜਾਂਦਾ ਰਿਹਾ।



ਇੰਟਰਨੈਸ਼ਨਲ ਹਾਕੀ ਮੈਚਾਂ ਦੀ ਕੁਮੈਂਟਰੀ ਕਰਨ 'ਚ ਉਹਦਾ ਕੋਈ ਸਾਨੀ ਨਹੀਂ ਸੀ। ਜਦ ਉਹ ਰੇਡੀਓ/ਟੀ. ਵੀ. ਤੋਂ ਹਾਕੀ ਮੈਚਾਂ ਦੀ ਲੱਛੇਦਾਰ ਕੁਮੈਂਟਰੀ

ਪ੍ਰਿੰ. ਸਰਵਣ ਸਿੰਘ
ਫੋਨ: 905-799-1661

ਕਰ ਰਿਹਾ ਹੁੰਦਾ ਤਾਂ ਲੱਖਾਂ-ਕਰੋੜਾਂ ਕੰਨ ਉਹਦੀ ਰਸੀਲੀ ਆਵਾਜ਼ ਸੁਣ ਰਹੇ ਹੁੰਦੇ। ਉਹਦੀ ਆਵਾਜ਼ ਗੇਂਦ ਦੇ ਨਾਲ-ਨਾਲ ਦੌੜਦੀ ਅਤੇ ਮੈਦਾਨ 'ਚ ਮੁੜਕੋ-ਮੁੜਕੀ ਹੁੰਦੇ ਖਿਡਾਰੀਆਂ ਨਾਲ ਸਾਹੋ-ਸਾਹ ਹੁੰਦੀ। ਉਹਦੇ ਬੋਲਾਂ ਨਾਲ ਸਰੋਤਿਆਂ ਦੀਆਂ ਨਬਜ਼ਾਂ ਤੇਜ਼ ਤੇ ਮੱਠੀਆਂ ਹੁੰਦੀਆਂ ਰਹਿੰਦੀਆਂ। ਕੁਆਲਾਲੰਪੁਰ ਤੋਂ ਹਾਕੀ ਵਿਸ਼ਵ ਕੱਪ ਜਿੱਤ ਕੇ ਮੁੜੀ ਭਾਰਤੀ ਹਾਕੀ ਟੀਮ ਨਾਲ ਜਸਦੇਵ ਸਿੰਘ ਨੂੰ ਵੇਖ ਕੇ ਇੰਦਰਾ ਗਾਂਧੀ ਨੇ ਕਿਹਾ ਸੀ, "ਸਰਦਾਰ ਸਾਹਿਬ, ਆਪ ਨੇ ਤੋ ਹਮਾਰੇ ਦਿਲੋਂ ਕੀ ਧੜਕਨੇਂ ਬੜ੍ਹਾ ਦੀ ਥੀਂ।"

ਮੇਰੇ ਖੇਡ ਲੇਖਕ ਬਣਨ ਵਿਚ ਜਸਦੇਵ ਸਿੰਘ ਦੀ ਕੁਮੈਂਟਰੀ ਦਾ ਵੀ ਹੱਥ ਹੈ। ਉਹਦੀ ਕੁਮੈਂਟਰੀ ਕਲਾ ਤੋਂ ਮੈਂ ਕਾਫੀ ਕੁਝ ਸਿੱਖਿਆ। ਉਹ ਮੈਥੋਂ ਨੌਂ ਸਾਲ ਵੱਡਾ ਸੀ। ਮੈਂ ਪਹਿਲੀ ਵਾਰ ਉਸ ਨੂੰ 1963 ਵਿਚ ਮਿਲਿਆ ਤੇ ਉਹਦੇ ਮੂੰਹੋਂ ਲਾਲ ਕਿਲੇ ਤੋਂ ਆਜ਼ਾਦੀ ਦਿਵਸ ਦੀ ਕੁਮੈਂਟਰੀ ਸੁਣੀ। ਉਦੋਂ ਮੈਂ ਦਿੱਲੀ ਪੜ੍ਹਦਾ ਸਾਂ ਤੇ ਖੇਡਾਂ-ਖਿਡਾਰੀਆਂ ਬਾਰੇ ਲਿਖਣ ਲਈ ਪਰ ਤੋਲ ਰਿਹਾ ਸਾਂ। ਉਸ ਨੇ ਚਾਂਦਨੀ ਚੌਕ ਵੱਲ ਸ਼ੋਭਦੇ ਗੁਰਦੁਆਰਾ ਸੀਸ ਗੰਜ ਸਾਹਿਬ, ਨੇੜਲੇ ਮੰਦਿਰ ਤੇ ਜਾਮਾ ਮਸਜਿਦ ਸਭਨਾਂ ਦਾ ਜ਼ਿਕਰ ਕੀਤਾ ਸੀ। ਪੰਛੀਆਂ ਦਾ ਉਡਣਾ, ਰੁੱਖਾਂ ਦਾ ਝੂਮਣਾ, ਬੱਦਲਾਂ ਦਾ ਤੈਰਨਾ ਤੇ ਤਿਰੰਗੇ ਦਾ ਲਹਿਰਾਉਣਾ ਸਾਰੇ ਦ੍ਰਿਸ਼ ਕੁਮੈਂਟਰੀ ਕਰਦਿਆਂ ਵਿਖਾਏ ਸਨ। ਉਹਦੀ ਜ਼ਬਾਨ ਉਤੇ ਹਿੰਦੀ ਆਪਣੀ ਮਾਤ ਭਾਸ਼ਾ ਪੰਜਾਬੀ ਵਾਂਗ ਹੀ ਚੜ੍ਹੀ ਹੋਈ ਸੀ। ਸ਼ਬਦ ਆਪ-ਮੁਹਾਰੇ ਫੁੱਟ-ਫੁੱਟ ਨਿਕਲਦੇ ਸਨ।

ਉਹਦਾ ਜਨਮ ਇੰਜੀਨੀਅਰਾਂ ਦੇ ਸਿੱਖ ਪਰਿਵਾਰ ਵਿਚ ਹੋਇਆ ਸੀ। ਉਸ ਦੇ ਪਿਤਾ ਸ. ਭਗਵੰਤ ਸਿੰਘ ਤੇ ਮਾਤਾ ਸ੍ਰੀਮਤੀ ਰਜਵੰਤ ਕੌਰ ਸਨ। ਉਦੋਂ ਉਹ ਰਾਜਸਥਾਨ ਵਿਚ ਜੈਪੁਰ ਨੇੜੇ ਪਿੰਡ ਬੌਲੀ ਵਿਚ ਰਹਿੰਦੇ ਸਨ। 18 ਮਈ 1931 ਨੂੰ ਜਸਦੇਵ ਸਿੰਘ ਦਾ ਜਨਮ ਹੋਇਆ। ਮੁਢਲੀ ਸਿੱਖਿਆ ਉਸ ਨੇ ਚਾਕਸੂ ਦੇ ਸਕੂਲ ਵਿਚੋਂ ਹਾਸਲ ਕੀਤੀ ਤੇ ਉਚੇਰੀ ਪੜ੍ਹਾਈ ਲਈ ਮਹਾਰਾਜਾ ਕਾਲਜ ਜੈਪੁਰ ਵਿਚ ਦਾਖਲ ਹੋਇਆ। ਉਹਦੀ ਪੜ੍ਹਾਈ ਦਾ ਵਿਸ਼ਾ ਬੇਸ਼ਕ ਉਰਦੂ ਸੀ ਪਰ ਆਲਾ-ਦੁਆਲਾ ਜੈਪੁਰੀ ਹਿੰਦੀ ਨਾਲ ਲਬਰੇਜ਼ ਸੀ। ਉਸ ਨੇ 1948 ਵਿਚ ਮਹਾਤਮਾ ਗਾਂਧੀ ਦੇ ਅੰਤਿਮ ਸਸਕਾਰ ਵੇਲੇ ਮੈਲਵਿਲ ਡੀਮੈਲੋ ਦੀ ਰੇਡੀਓ ਕੁਮੈਂਟਰੀ ਸੁਣੀ, ਜਿਸ ਤੋਂ ਉਹ ਬਹੁਤ ਪ੍ਰਭਾਵਿਤ ਹੋਇਆ। ਉਦੋਂ ਤੋਂ ਹੀ ਉਹਦੇ ਮਨ ਵਿਚ ਰੇਡੀਓ ਕੁਮੈਂਟੇਟਰ ਬਣਨ ਦੀ ਤਮੰਨਾ ਜਾਗ ਪਈ। ਜਦ ਇਹ ਗੱਲ ਉਸ ਨੇ



*ਜਸਦੇਵ ਸਿੰਘ ਦੀ ਬਿਰਧ ਅਵਸਥਾ ਵੇਲੇ ਦੀ ਤਸਵੀਰ*

ਆਪਣੇ ਪਰਿਵਾਰ ਨਾਲ ਸਾਂਝੀ ਕੀਤੀ ਤਾਂ ਇੰਜੀਨੀਅਰ ਬਾਪ ਹੈਰਾਨ ਹੋਇਆ ਕਿ ਕੁਮੈਂਟਰੀ ਕਿਹੜੇ ਕੰਮਾਂ 'ਚੋਂ ਕੰਮ ਹੋਇਆ! ਉਹਦੀ ਮਾਂ ਬੇਸ਼ਕ ਹਿੰਦੀ ਬੋਲ ਲੈਂਦੀ ਸੀ ਪਰ ਉਸ ਨੇ ਕਿਹਾ ਕਿ ਤੈਨੂੰ ਹਿੰਦੀ ਚੰਗੀ ਤਰ੍ਹਾਂ ਨਹੀਂ ਬੋਲਣੀ ਆਉਣੀ।

ਕਾਲਜ ਦੀ ਪੜ੍ਹਾਈ ਕਰ ਕੇ ਜਸਦੇਵ ਸਿੰਘ ਆਲ ਇੰਡੀਆ ਰੇਡੀਓ ਜੈਪੁਰ ਦੀ ਨੌਕਰੀ ਲਈ ਇੰਟਰਵਿਊ ਦੇਣ ਗਿਆ ਤਾਂ ਪਹਿਲੀ ਵਾਰ ਜੁਆਬ ਮਿਲ ਗਿਆ। 1955 ਵਿਚ ਦੂਜੀ ਵਾਰ ਗਿਆ ਤਾਂ ਰੱਖ ਲਿਆ ਗਿਆ ਪਰ ਰੇਡੀਓ ਤੋਂ ਕੁਮੈਂਟਰੀ ਕਰਨ ਦਾ ਕੋਈ ਮੌਕਾ ਨਾ ਮਿਲਿਆ। ਉਹ ਜੈਪੁਰ ਦੇ ਕਾਲਜਾਂ ਤੇ ਹੋਰ ਖੇਡ ਸਮਾਗਮਾਂ ਉਤੇ ਕੁਮੈਂਟਰੀ ਕਰਨ ਦਾ ਸ਼ੌਕ ਪਾਲਦਾ ਰਿਹਾ। 1960 ਵਿਚ ਉਸ ਨੂੰ ਜੈਪੁਰ ਦੇ ਇਕ ਫੁੱਟਬਾਲ ਮੈਚ ਦੀ ਕੁਮੈਂਟਰੀ ਕਰਨ ਲਈ ਉਚੇਚਾ ਬੁਲਾਇਆ ਗਿਆ ਜਿਸ ਪਿੱਛੋਂ ਚੱਲ ਸੋ ਚੱਲ ਹੋ ਗਈ। ਉਹਦੀ ਆਵਾਜ਼ ਤਤਕਾਲੀ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਦੇ ਕੰਨੀਂ ਪਈ ਤਾਂ ਉਸ ਨੇ ਜਸਦੇਵ ਸਿੰਘ ਦੀ ਬਦਲੀ ਦਿੱਲੀ ਕਰਵਾ ਲਈ।

1962-63 ਤੋਂ ਉਹ ਆਲ ਇੰਡੀਆ ਰੇਡੀਓ ਤੋਂ ਆਜ਼ਾਦੀ ਤੇ ਗਣਤੰਤਰ ਦਿਵਸ ਦੀ ਕੁਮੈਂਟਰੀ ਕਰਨ ਵਾਲਾ ਪੱਕਾ ਕੁਮੈਂਟੇਟਰ ਬਣ ਗਿਆ। ਜਿਵੇਂ 1948 ਵਿਚ ਮਹਾਤਮਾਂ ਗਾਂਧੀ ਦੇ ਸਸਕਾਰ ਸਮੇਂ ਮੈਲਵਿਲ ਡੀਮੈਲੋ ਨੇ ਕੁਮੈਂਟਰੀ ਕੀਤੀ ਸੀ, ਉਵੇਂ 1964 ਵਿਚ ਪੰਡਿਤ ਨਹਿਰੂ ਦੇ ਸਸਕਾਰ ਸਮੇਂ ਜਸਦੇਵ ਸਿੰਘ ਨੇ ਕੁਮੈਂਟਰੀ ਕੀਤੀ। ਉਸ ਦੀ ਦਰਦ ਭਰੀ ਜਜ਼ਬਾਤੀ ਆਵਾਜ਼ ਨੇ ਲੱਖਾਂ ਲੋਕਾਂ ਦੀਆਂ ਅੱਖਾਂ 'ਚ ਹੰਝੂ ਲਿਆ ਦਿੱਤੇ। ਫਿਰ ਉਸ ਨੂੰ 1964 ਦੀਆਂ ਓਲੰਪਿਕ ਖੇਡਾਂ, 1966 ਦੀਆਂ ਏਸ਼ੀਆਈ ਖੇਡਾਂ ਤੇ 1971 ਦੇ ਹਾਕੀ ਵਰਲਡ ਕੱਪ ਤੋਂ ਲੈ ਕੇ ਵਿਸ਼ਵ ਭਰ ਦੇ ਵੱਡੇ ਖੇਡ ਈਵੈਂਟ ਕਵਰ ਕਰਨ ਦੇ ਮੌਕੇ ਮਿਲਣ ਲੱਗ ਪਏ। ਚਾਰ ਚੁਫੇਰੇ ਜਸਦੇਵ-ਜਸਦੇਵ ਹੋਣ ਲੱਗੀ।

ਮੈਨੂੰ ਡਾ. ਹਰਿਭਜਨ ਸਿੰਘ ਦੀ ਗੱਲ ਯਾਦ ਆ ਗਈ ਹੈ। ਉਦੋਂ ਮੈਂ ਦਿੱਲੀ ਦੇ ਖਾਲਸਾ ਕਾਲਜ ਵਿਚ ਲੈਕਚਰਾਰ ਸਾਂ। ਪੰਜਾਬੀ ਦਾ ਕਵੀ ਹਰਿਭਜਨ ਸਿੰਘ ਉਥੇ ਹਿੰਦੀ ਵਿਭਾਗ ਦਾ ਮੁਖੀ ਸੀ। ਉਹ ਮੈਨੂੰ 'ਜੱਟਾ' ਕਹਿ ਕੇ ਬੁਲਾਉਂਦਾ ਸੀ। 'ਆਰਸੀ' ਵਿਚ ਖਿਡਾਰੀਆਂ ਬਾਰੇ ਮੇਰੇ ਛਪਦੇ ਲੇਖ ਪੜ੍ਹ ਕੇ ਤੇ ਕਾਲਜ ਦੀ ਅਥਲੈਟਿਕ ਮੀਟ ਉਤੇ ਕੁਮੈਂਟਰੀ ਸੁਣ ਕੇ ਇਕ ਦਿਨ ਕਹਿਣ ਲੱਗਾ, "ਜੱਟਾ, ਤੈਨੂੰ ਖੇਡਾਂ-ਖਿਡਾਰੀਆਂ ਬਾਰੇ ਗੱਲ ਕਰਨੀ ਆਉਂਦੀ ਐ। ਜੇ ਤੂੰ ਇਹੋ ਕੁਝ ਹਿੰਦੀ 'ਚ ਲਿਖੇਂ/ਬੋਲੇਂ ਤਾਂ ਜਸਦੇਵ ਸਿੰਘ ਵਾਂਗ ਹਵਾਈ ਜਹਾਜ਼ਾਂ 'ਤੇ ਚੜ੍ਹ ਸਕਦੈਂ। ਬੱਲੇ-ਬੱਲੇ ਕਰਵਾ ਸਕਦੈਂ। ਹੁਣ ਤੇਰੇ ਕੋਲ ਸਾਈਕਲ ਐ, ਫਿਰ ਕਾਰ ਸਵਾਰ ਬਣ ਸਕਦੈਂ।"

ਸਲਾਹ ਸਿਆਣੀ ਸੀ ਪਰ ਮੈਂ ਮੰਨੀ ਨਹੀਂ ਸੀ। ਮੈਂ ਆਪਣਾ ਘੋੜਾ ਪੰਜਾਬੀ ਵਿਚ ਹੀ ਦਬੱਲੀ ਰੱਖਿਆ। ਤਿੰਨ ਦਰਜਨ ਕਿਤਾਬਾਂ ਲਿਖੀਆਂ ਗਈਆਂ ਤੇ ਦੇਸ-ਪਰਦੇਸ ਦੇ ਕਬੱਡੀ ਮੇਲਿਆਂ 'ਤੇ ਕੁਮੈਂਟਰੀ ਕਰਨ ਦੇ ਮੌਕੇ ਮਿਲਦੇ ਗਏ। ਹਿੰਦੀ ਦੀ ਥਾਂ ਪੰਜਾਬੀ ਵਿਚ ਹੀ ਲਿਖਦਿਆਂ/ਬੋਲਦਿਆਂ ਮੈਨੂੰ ਪੰਜਾਬੀ ਪਿਆਰਿਆਂ ਨੇ ਕਾਰਾਂ ਤੇ ਹਵਾਈ ਜਹਾਜ਼ਾਂ 'ਤੇ ਚੜ੍ਹਾਉਣ ਦੀ ਕੋਈ ਕਸਰ ਬਾਕੀ ਨਹੀਂ ਛੱਡੀ, ਜਿਸ ਲਈ ਮੈਂ ਉਨ੍ਹਾਂ ਦਾ ਸ਼ੁਕਰਗੁਜ਼ਾਰ ਹਾਂ। ਕਬੱਡੀ ਦੀ ਕੁਮੈਂਟਰੀ ਦਾ ਗੁਰਦਾਸ ਮਾਨ ਕਿਹਾ ਜਾਂਦਾ ਪ੍ਰੋ. ਮੱਖਣ ਸਿੰਘ ਖੁਦ ਜਸਦੇਵ ਸਿੰਘ ਦੀ ਕੁਮੈਂਟਰੀ ਤੋਂ ਪ੍ਰਭਾਵਿਤ ਹੋ ਕੇ ਕੁਮੈਂਟਰੀ ਕਰਨ ਲੱਗਾ ਸੀ ਜਿਸ ਦੀ ਰੀਸ ਫਿਰ ਦਰਜਨਾਂ ਕਬੱਡੀ ਕੁਮੈਂਟੇਟਰਾਂ ਨੇ ਕੀਤੀ।

ਜਸਦੇਵ ਸਿੰਘ ਕੇਵਲ ਮੈਚ ਹੀ ਨਹੀਂ ਸੀ ਵਿਖਾਉਂਦਾ, ਉਹ ਖੇਡ ਮੈਦਾਨ ਦਾ ਆਲਾ-ਦੁਆਲਾ, ਖੇਡ ਦੇ ਨਿਯਮ, ਸਟੇਡੀਅਮ ਦੀਆਂ ਬਾਹੀਆਂ 'ਤੇ ਲਹਿਰਾਉਂਦੇ ਪਰਚਮ, ਖਿੜੀ ਹੋਈ ਧੁੱਪ, ਨੀਲਾ ਅੰਬਰ, ਖੇਡ ਮੈਦਾਨ ਦਾ ਹਰਾ ਭਰਾ ਘਾਹ-ਸਭ ਕੁਝ ਵਿਖਾਉਂਦਾ ਸੀ। ਉਹ ਆਪਣੀ ਕੁਮੈਂਟਰੀ ਵਿਚ ਦਰਸ਼ਕਾਂ ਦੀ ਰੌਣਕ, ਪੰਛੀਆਂ ਦੀ ਚਹਿਚਹਾਟ, ਤਾੜੀਆਂ ਦਾ ਸ਼ੋਰ ਤੇ ਟੀਮਾਂ ਦੇ ਹਮਾਇਤੀਆਂ ਦੀ ਹੱਲਾਸ਼ੇਰੀ ਵੀ ਭਰ ਦਿੰਦਾ ਸੀ। ਆਵਾਜ਼ ਦਾ ਉਤਰਾ, ਚੜ੍ਹਾ ਤੇ ਠਹਿਰਾ, ਗੋਲ ਹੋਣ ਉਤੇ ਆਵਾਜ਼ ਦੀ ਬੁਲੰਦੀ, ਮੈਚ ਜਿੱਤਣ ਵੇਲੇ ਦਾ ਜਲੌਅ ਤੇ ਹਾਰਨ ਵੇਲੇ ਦੀ ਨਮੋਸ਼ੀ ਨੂੰ ਬਿਆਨ ਕਰਨ ਅਤੇ 'ਲੇਕਿਨ' ਕਹਿਣ ਦਾ ਜਸਦੇਵ ਸਿੰਘੀ ਅੰਦਾਜ਼, ਅਜਿਹਾ ਕਲਾਤਮਕ ਸੀ, ਜੋ ਬਿਆਨੋਂ ਬਾਹਰ ਹੈ। ਕੁਮੈਂਟਰੀ ਦਾ ਉਹ ਬਾਦਸ਼ਾਹ ਹੀ ਨਹੀਂ, ਸ਼ਹਿਨਸ਼ਾਹ ਸੀ।

ਮੈਨੂੰ ਨਵੀਂ ਦਿੱਲੀ-1982 ਦੀਆਂ ਏਸ਼ੀਆਈ ਖੇਡਾਂ ਯਾਦ ਆ ਰਹੀਆਂ ਹਨ। ਜਿੱਦਣ ਭਾਰਤ ਤੇ ਪਾਕਿਸਤਾਨ ਵਿਚਾਲੇ ਹਾਕੀ ਦਾ ਫਾਈਨਲ ਮੈਚ ਹੋਇਆ, ਸਾਰੀ ਦਿੱਲੀ ਥਾਂਏਂ ਖੜ੍ਹ ਗਈ ਸੀ। ਲੋਕ ਟੈਲੀਵਿਜ਼ਨਾਂ ਮੂਹਰੇ ਬੈਠੇ ਸਨ ਜਾਂ ਰੇਡੀਓ ਤੇ ਟਰਾਂਜ਼ਿਸਟਰਾਂ ਸਿਰਹਾਣੇ। ਭਾਰਤੀ ਟੀਮ ਦਾ ਕੋਚ-ਮੈਨੇਜਰ ਬਲਬੀਰ ਸਿੰਘ ਹਿੱਕ ਥਾਪੜ ਕੇ ਕਹਿ ਚੁੱਕਾ ਸੀ, ਐਤਕੀਂ ਗੋਲਡ ਮੈਡਲ ਸਾਡਾ ਹੈ। ਦੂਜੇ ਪਾਸੇ ਪਾਕਿਸਤਾਨੀ ਵੀ ਉਡਣੇ ਬਾਜ਼ ਸਨ।

ਮੈਚ ਸ਼ੁਰੂ ਹੋਣ ਤੋਂ ਘੰਟਾ ਪਹਿਲਾਂ ਹੀ ਨੈਸ਼ਨਲ ਸਟੇਡੀਅਮ ਕੰਢਿਆਂ ਤਕ ਭਰ ਗਿਆ ਸੀ। ਫਿਲਮੀ ਹੀਰੋ ਅਮਿਤਾਭ ਬੱਚਨ ਦਰਸ਼ਕਾਂ ਦਾ ਧਿਆਨ ਬਦੋਬਦੀ ਖਿੱਚ ਰਿਹਾ ਸੀ। ਪ੍ਰੈਸ ਬਾਕਸ ਵਿਚ ਮੇਰੀ ਸੀਟ ਕੁਮੈਂਟੇਟਰ ਜਸਦੇਵ ਸਿੰਘ ਦੇ ਪਿੱਛੇ ਸੀ। ਜਸਦੇਵ ਸਿੰਘ ਪਾਣੀ ਦਾ ਗਿਲਾਸ ਮੰਗ ਰਿਹਾ ਸੀ ਪਰ ਏਨੀ ਭੀੜ 'ਚ ਪਾਣੀ ਕਿਤੋਂ ਮਿਲ ਨਹੀਂ ਸੀ ਰਿਹਾ। ਪੌਣੇ ਤਿੰਨ ਵਜੇ ਸਭ ਗੇਟ ਬੰਦ ਹੋ ਗਏ ਸਨ। ਅੰਦਰ ਦੇ ਅੰਦਰ ਤੇ ਬਾਹਰ ਦੇ ਬਾਹਰ ਰੋਕ ਦਿੱਤੇ ਗਏ।

ਜਸਦੇਵ ਸਿੰਘ ਨੂੰ ਹਾਲਾਂ ਤਕ ਖਿਡਾਰੀਆਂ ਦੇ ਨਾਂਵਾਂ ਦੀ ਸੂਚੀ ਨਹੀਂ ਸੀ ਮਿਲੀ ਤੇ ਉਹ ਪ੍ਰਬੰਧਕਾਂ ਨੂੰ ਕੋਸ ਰਿਹਾ ਸੀ। ਫਿਰ ਉਹ ਪਾਕਿਸਤਾਨ ਦੇ ਕੁਮੈਂਟੇਟਰ ਇਸਲਾਹੁਦੀਨ ਕੋਲ ਗਿਆ ਤੇ ਉਹਦੇ ਕੋਲੋਂ ਖਿਡਾਰੀਆਂ ਦੀ ਸੂਚੀ ਲੈ ਕੇ ਆਇਆ। ਇਸਲਾਹੁਦੀਨ ਅੱਡ ਖਫਾ ਹੋਇਆ ਬੈਠਾ ਸੀ। ਉਹਦੀ 'ਹੈਲੋ-ਹੈਲੋ' ਦਾ ਰੇਡੀਓ ਪਾਕਿਸਤਾਨ ਵੱਲੋਂ ਕੋਈ ਜਵਾਬ ਨਹੀਂ ਸੀ ਆ ਰਿਹਾ ਤੇ ਉਹ ਮੱਥੇ 'ਤੇ ਹੱਥ ਮਾਰਦਾ ਭਾਰਤੀ ਟੈਕਨੀਸ਼ਨਾਂ ਵੱਲ ਲਾਲ-ਪੀਲੀਆਂ ਅੱਖਾਂ ਕੱਢ ਰਿਹਾ ਸੀ। ਉਧਰ ਸਟੈਂਡਾਂ ਉਤੇ ਦਰਸ਼ਕਾਂ ਦੀ ਹਾਤ-ਹੂਤ ਦਾ ਏਨਾ ਸ਼ੋਰ ਸੀ ਜਿਵੇਂ ਸਟੇਡੀਅਮ 'ਚ ਭੁਚਾਲ ਆ ਗਿਆ ਹੋਵੇ। ਜਸਦੇਵ ਸਿੰਘ ਨਾਲ ਦੀ ਨਾਲ ਦਰਸ਼ਕਾਂ ਦੇ ਰਉਂ ਦਾ ਨਜ਼ਾਰਾ ਪੇਸ਼ ਕਰੀ ਜਾ ਰਿਹਾ ਸੀ। ਉਧਰ ਸੰਚਾਲਨ ਕਮੇਟੀ ਦੇ ਪ੍ਰਧਾਨ ਬੂਟਾ ਸਿੰਘ ਨੇ ਦਰਸ਼ਕਾਂ ਨੂੰ ਤਿਰੰਗੀਆਂ ਝੰਡੀਆਂ ਨਾਲ ਲੈਸ ਕਰਵਾ ਦਿੱਤਾ ਸੀ।



*ਜਵਾਨੀ ਵੇਲੇ ਜਸਦੇਵ ਸਿੰਘ*

ਮੈਚ ਸ਼ੁਰੂ ਹੋਇਆ ਤਾਂ ਸਾਰਾ ਸਟੇਡੀਅਮ ਤਿਰੰਗੇ ਰੰਗ ਵਿਚ ਰੰਗਿਆ ਗਿਆ। ਜਦੋਂ ਭਾਰਤੀ ਖਿਡਾਰੀ ਗੇਂਦ ਲੈ ਕੇ ਅੱਗੇ ਵਧਦੇ ਤਾਂ ਸ਼ੋਰ ਦੀਆਂ ਲਹਿਰਾਂ ਅਕਾਸ਼ੀਂ ਜਾ ਚੜ੍ਹਦੀਆਂ। ਚੌਥੇ ਮਿੰਟ 'ਚ ਹੀ ਭਾਰਤੀ ਟੀਮ ਦੇ ਕਪਤਾਨ ਜ਼ਫਰ ਇਕਬਾਲ ਨੇ ਗੋਲ ਕੀਤਾ ਤਾਂ ਹਜ਼ਾਰਾਂ ਕਿਲਕਾਰੀਆਂ ਵੱਜੀਆਂ। ਪਰ 17ਵੇਂ ਮਿੰਟ 'ਚ ਜਦੋਂ ਕਲੀਮਉੱਲਾ ਨੇ ਡਾਜ ਮਾਰ ਕੇ ਗੋਲ ਲਾਹਿਆ ਤਾਂ ਪੌੜੀਆਂ ਉਤਲਾ ਸ਼ੋਰਗੁਲ ਵੀ ਸੌਂ ਗਿਆ ਤੇ ਭਾਰਤੀ ਟੀਮ ਦੀ ਵੀ ਜਿਵੇਂ ਫੂਕ ਨਿਕਲ ਗਈ। 19ਵੇਂ ਮਿੰਟ 'ਚ ਪਾਕਿਸਤਾਨੀ ਟੀਮ ਨੇ ਇਕ ਹੋਰ ਗੋਲ ਕੀਤਾ ਤਾਂ ਜਾਣੋਂ ਦਰਸ਼ਕਾਂ ਦੇ ਮਾਪੇ ਹੀ ਮਰ ਗਏ ਤੇ ਤਿਰੰਗੀਆਂ ਝੰਡੀਆਂ ਬੁੱਕਲਾਂ 'ਚ ਲੁਕੋ ਲਈਆਂ ਗਈਆਂ। ਜਸਦੇਵ ਸਿੰਘ ਨੇ ਧੌਣ ਪਿੱਛੇ ਘੁਮਾ ਕੇ ਸਾਨੂੰ ਕਿਹਾ, "ਮੈਂ ਸਰਦਾਰ ਬੂਟਾ ਸਿੰਘ ਨੂੰ ਪਹਿਲਾਂ ਈ ਆਖਿਆ ਸੀ ਕਿ ਆਪਾਂ ਹੋਸਟ ਆਂ ਤੇ ਆਪਾਂ ਨੂੰ ਝੰਡੀਆਂ ਵੰਡਣਾ ਸ਼ੋਭਾ ਨਹੀਂ ਦਿੰਦਾ।" ਉਸ ਨੇ ਇਹ ਵੀ ਕਿਹਾ, "ਆਮ ਵੇਖਿਆ ਗਿਐ ਕਿ ਜਦੋਂ ਭਾਰਤ ਪਾਕਿਸਤਾਨ ਸਿਰ ਪਹਿਲਾ ਗੋਲ ਕਰੇ ਤਾਂ ਅਕਸਰ ਹਾਰਦੇ ਹੈ।"

ਜਿਵੇਂ-ਜਿਵੇਂ ਮੈਚ ਅੱਗੇ ਵਧਿਆ ਪਾਕਿਸਤਾਨੀ ਖਿਡਾਰੀ ਹੋਰ ਚੜ੍ਹਦੇ ਗਏ। ਉਨ੍ਹਾਂ ਨੇ ਉਪਰੋਥਲੀ ਸੱਤ ਗੋਲ ਕੀਤੇ ਤੇ ਭਾਰਤੀ ਟੀਮ ਨੂੰ ਉਹਦੇ ਹੀ ਘਰ ਉਹਦੇ ਹਮਾਇਤੀਆਂ ਸਾਹਮਣੇ ਏਨੀ ਸ਼ਰਮਨਾਕ ਹਾਰ ਦਿੱਤੀ ਜਿਸ ਨੂੰ ਭਾਰਤੀ ਖਿਡਾਰੀ ਡਰਾਉਣੇ ਸੁਫਨੇ ਵਾਂਗ ਕਦੇ ਵੀ ਨਹੀਂ ਭੁੱਲ ਸਕਣਗੇ। ਉੱਦਣ ਜਸਦੇਵ ਸਿੰਘ ਨੂੰ ਮੈਂ ਡਾਢਾ ਉਦਾਸ ਵੇਖਿਆ।

ਮੇਰੀ ਬਦਕਿਸਮਤੀ ਹੈ ਕਿ ਉਸ ਤੋਂ ਬਾਅਦ ਮੈਂ ਜਸਦੇਵ ਸਿੰਘ ਦੇ ਦਰਸ਼ਨ ਨਹੀਂ ਕਰ ਸਕਿਆ। ਉਸ ਦੀਆਂ ਸੇਵਾਵਾਂ ਨੂੰ ਮੁੱਖ ਰੱਖਦਿਆਂ ਭਾਰਤ ਦੇ ਰਾਸ਼ਟਰਪਤੀ ਨੇ 1985 ਵਿਚ ਪਦਮ ਸ੍ਰੀ ਤੇ 2008 ਵਿਚ ਪਦਮ ਭੂਸ਼ਨ ਪੁਰਸਕਾਰ ਦਿੱਤੇ। 1988 ਵਿਚ ਸਿਓਲ ਉਲੰਪਿਕਸ ਉਤੇ ਇੰਟਰਨੈਸ਼ਨਲ ਉਲੰਪਿਕ ਕਮੇਟੀ ਦੇ ਪ੍ਰਧਾਨ ਜੁਆਂ ਐਨਟਾਰੀਓ ਸਮਾਰਾਂਚ ਨੇ ਓਲੰਪਿਕ ਆਰਡਰ ਨਾਲ ਜਸਦੇਵ ਸਿੰਘ ਨੂੰ ਸਨਮਾਨਿਤ ਕੀਤਾ।

ਪਿਛਲੇ ਕੁਝ ਸਮੇਂ ਤੋਂ ਉਹ ਭੁੱਲਣਰੋਗ ਦਾ ਸ਼ਿਕਾਰ ਹੋ ਗਿਆ ਸੀ ਤੇ ਪਰਕਿਨਸਨ ਦਾ ਮਰੀਜ਼ ਵੀ। ਉਹਦੇ ਹੱਥ ਕੰਬਣ ਲੱਗ ਪਏ ਸਨ। ਉਸ ਨੇ ਚੁਰਾਸੀ ਕੱਟ ਲਈ ਸੀ ਤੇ 87ਵੇਂ ਸਾਲ ਵਿਚ ਵਿਚਰ ਰਿਹਾ ਸੀ। ਉਹ 'ਲਿਵਿੰਗ ਲੀਜੈਂਡ' ਸੀ। 25 ਸਤੰਬਰ 2018 ਨੂੰ ਦਿੱਲੀ ਵਿਚ ਉਸ ਨੇ ਜੀਵਨ ਦਾ ਆਖਰੀ ਸਾਹ ਲਿਆ ਅਤੇ ਪਤਨੀ, ਪੁੱਤਰ, ਧੀ ਦੇ ਭਰੇ ਪਰਿਵਾਰ ਅਤੇ ਆਪਣੇ ਲੱਖਾਂ-ਕਰੋੜਾਂ ਪ੍ਰਸ਼ੰਸਕਾਂ ਨੂੰ ਅਲਵਿਦਾ ਕਹਿ ਗਿਆ। ਉਹਦੀਆਂ ਗੱਲਾਂ ਦੇਰ ਤਕ ਹੁੰਦੀਆਂ ਰਹਿਣਗੀਆਂ। ਅਜਿਹੇ ਵਿਅਕਤੀ ਨਿੱਤ-ਨਿੱਤ ਨਹੀਂ ਜੰਮਦੇ।

## ਭਾਰਤ ਦੇ ਸ਼ਾਸਤਰੀ ਨ੍ਰਿਤ

*(ਸਫਾ 17 ਦੀ ਬਾਕੀ)*

ਆਪਣੀ ਕਮਰ ਦੁਆਲੇ ਸੁਨਹਿਰੀ ਪੱਟੀ ਵੀ ਬੰਨ੍ਹਦੀ ਹੈ ਜਿਸ ਉਤੇ ਗਹਿਣੇ ਵੀ ਸ਼ਿੰਗਾਰੇ ਹੁੰਦੇ ਹਨ। ਨ੍ਰਤਕੀ ਦੇ ਸਿਰ ਦੇ ਵਾਲ, ਗਰਦਨ, ਕੰਨ, ਬਾਹਾਂ ਤੇ ਹੱਥਾਂ ਦੀਆਂ ਉਂਗਲਾਂ ਗਹਿਣਿਆਂ ਨਾਲ ਸਜਾਈਆਂ ਹੁੰਦੀਆਂ ਹਨ। ਪੈਰਾਂ ਵਿਚ ਸੁਨਹਿਰੀ ਘੁੰਗਰੂਆਂ ਦੀ ਛਣਕਾਰ ਵੀ ਆਕਰਸ਼ਿਤ ਕਰਦੀ ਹੈ। ਸਿਰ ਦੇ ਵਾਲਾਂ ਨੂੰ ਫੁੱਲਾਂ ਨਾਲ ਸਜਾ ਕੇ ਬੜੇ ਨਿਵੇਕਲੇ ਢੰਗ ਨਾਲ ਬੰਨ੍ਹ ਕੇ ਸਿਰ ਦੇ ਖੱਬੇ ਪਾਸੇ ਵੱਲ ਲਟਕਾਇਆ ਜਾਂਦਾ ਹੈ।

ਇਸ ਨ੍ਰਿਤ ਨਾਲ ਜੋ ਗਾਇਨ ਕੀਤਾ ਜਾਂਦਾ ਹੈ, ਉਸ ਦੇ ਗੀਤ ਮਲਿਆਲਮ ਅਤੇ ਸੰਸਕ੍ਰਿਤ ਭਾਸ਼ਾ ਵਿਚ ਮਿਲੇ ਜੁਲੇ ਹੁੰਦੇ ਹਨ ਅਤੇ ਇਹ ਕਰਨਾਟਕ ਸੰਗੀਤ ਦੇ ਅੰਦਾਜ਼ ਵਿਚ ਗਾਏ ਜਾਂਦੇ ਹਨ। ਨ੍ਰਿਤ ਵੇਲੇ ਵਰਤੇ ਜਾਂਦੇ ਸਾਜ਼ਾਂ ਵਿਚ ਵੀਣਾ, ਬੰਸਰੀ, ਮ੍ਰਿਦੰਗ ਅਤੇ ਵਿਸ਼ੇਸ਼ ਤੌਰ 'ਤੇ ਛੈਣੇ-ਖੜਤਾਲ ਜਿਸ ਨੂੰ ਇਹ 'ਕੁਜ਼ੀ ਤਾਲਮ' ਕਹਿੰਦੇ ਹਨ, ਦੀ ਵਰਤੋਂ ਕੀਤੀ ਜਾਂਦੀ ਹੈ। ਵੀਹਵੀਂ ਸਦੀ ਵਿਚ ਮੋਹਿਨੀਅੱਟਮ ਨੂੰ ਪ੍ਰਫੁਲਿਤ ਕਰਨ ਵਿਚ ਵਲਾਥੋਲ ਨਰਾਇਣ ਮੈਨਨ, ਕਲਿਆਣੀ ਕੁਟੀ ਅੰਮਾ, ਕਿਸਨਾ ਪਾਨੀਕਰ, ਰਾਧਾ ਦੱਤਾ, ਜਯਾ ਲਕਸ਼ਮੀ, ਗੋਪਿਕਾ ਵਰਮਾ ਅਤੇ ਜਯਾ ਪ੍ਰਭਾ ਦੇ ਨਾਂ ਵਰਣਨਯੋਗ ਹਨ।

ਭਾਰਤ ਦੇ ਸ਼ਾਸਤਰੀ ਨ੍ਰਿਤ ਭਾਰਤੀ ਸੰਸਕ੍ਰਿਤੀ ਦਾ ਮਹੱਤਵਪੂਰਨ ਅੰਗ ਹਨ। ਵਧੇਰੇ ਕਰਕੇ ਇਹ ਨ੍ਰਿਤ ਦੱਖਣ ਭਾਰਤੀ ਸੂਬਿਆਂ ਵਿਚ ਪ੍ਰਫੁਲਿਤ ਹੋਏ। ਉਤਰੀ ਭਾਰਤ ਦੇ ਕੁਝ ਇਲਾਕੇ ਜਿਵੇਂ ਰਾਜਸਥਾਨ, ਲਖਨਊ ਆਦਿ ਵਿਚ ਕੱਥਕ ਕੁਝ ਹੱਦ ਤਕ ਪ੍ਰਫੁਲਿਤ ਹੋਇਆ ਹੈ। ਜਿਥੋਂ ਤਕ ਪੰਜਾਬ ਦਾ ਸਬੰਧ ਹੈ, ਇਥੋਂ ਦੇ ਲੋਕਾਂ ਵਿਚ ਸ਼ਾਸਤਰੀ ਨ੍ਰਿਤਾਂ ਨੂੰ ਮਾਣਨ ਦੀ ਰੁਚੀ ਬਹੁਤ ਘੱਟ ਹੈ। ਉਂਜ, ਇਨ੍ਹਾਂ ਸ਼ਾਸਤਰੀ ਨ੍ਰਿਤਾਂ ਦੀ ਕਲਾਤਮਿਕਤਾ ਨੂੰ ਅਣਗੌਲਿਆਂ ਵੀ ਨਹੀਂ ਕੀਤਾ ਜਾ ਸਕਦਾ। ਇਸੇ ਲਈ ਪੰਜਾਬ ਦੇ ਕਈ ਸ਼ਹਿਰਾਂ ਵਿਚ ਸ਼ਾਸਤਰੀ ਨ੍ਰਿਤ ਸਿਖਾਉਣ ਲਈ ਕਈ ਅਦਾਰੇ ਸਥਾਪਿਤ ਹੋਏ ਹਨ। ਚੰਡੀਗੜ੍ਹ ਵਿਚ ਪ੍ਰਾਚੀਨ ਕਲਾ ਕੇਂਦਰ ਅਜਿਹੀ ਹੀ ਸੰਸਥਾ ਹੈ ਜਿਸ ਵਿਚ ਸ਼ਾਸਤਰੀ ਨ੍ਰਿਤ ਸਿਖਾਏ ਜਾਂਦੇ ਹਨ। ਇਸ ਤੋਂ ਇਲਾਵਾ ਪੰਜਾਬ ਦੇ ਸਕੂਲਾਂ, ਕਾਲਜਾਂ ਤੇ ਯੂਨੀਵਰਸਿਟੀਆਂ ਵਿਚ ਸ਼ਾਸਤਰੀ ਨ੍ਰਿਤ ਵਿਸ਼ੇਸ਼ ਤੌਰ 'ਤੇ ਪੜ੍ਹਾਇਆ ਜਾਂਦਾ ਹੈ। ਇਸ ਤੋਂ ਉਮੀਦ ਬੱਝਦੀ ਹੈ ਕਿ ਪੰਜਾਬ ਵਿਚ ਵੀ ਸ਼ਾਸਤਰੀ ਨ੍ਰਿਤਾਂ ਦਾ ਭਵਿਖ ਉਜਲਾ ਹੈ।

## ਗੁਰੂ ਨਾਨਕ ਦੇਵ ਜੀ

ਸੰਪਾਦਕ ਜੀਓ,

'ਪੰਜਾਬ ਟਾਈਮਜ਼' ਵਿਚ ਬਲਜੀਤ ਬਾਸੀ ਦਾ 'ਗੁਰੂ ਨਾਨਕ ਦੇਵ' ਜੀ ਬਾਰੇ ਲਿਖਿਆ ਲੇਖ ਪੜ੍ਹ ਕੇ ਬਹੁਤ ਖੁਸ਼ੀ ਹੋਈ। ਵਿਕਾਊ ਵਿਦਵਾਨਾਂ ਨੂੰ ਦੇਵ ਲਫਜ਼ ਤੋਂ ਕਿਉਂ ਚਿੜ੍ਹ ਹੈ, ਇਹ ਤਾਂ ਉਹੀ ਜਾਣਨ ਪਰ ਸੱਚ ਇਹ ਹੀ ਹੈ ਕਿ ਗੁਰੂ ਨਾਨਕ ਦੇਵਾਂ ਦੇ ਦੇਵ ਹਨ। ਜਿਵੇਂ ਗੁਰਬਾਣੀ ਵਿਚ ਵੀ ਦਰਜ ਹੈ, "ਗੁਰ ਜੈਸਾ ਨਾਹੀ ਕੋ ਦੇਵ॥"

ਬਲਜੀਤ ਬਾਸੀ ਨੇ ਵਿਦਵਾਨ ਲਿਖਾਰੀ ਸੇਵਾਰਾਮ ਸਿੰਘ ਥਾਪੜ ਦਾ ਹਵਾਲਾ ਦੇ ਕੇ ਪ੍ਰਮਾਣ ਸਾਹਿਤ ਲਿਖਿਆ ਹੈ। ਬਲਜੀਤ ਬਾਸੀ ਨੇ ਪਹਿਲਾਂ ਵੀ ਕਈ ਲੇਖਾਂ ਵਿਚ ਅਖੌਤੀ ਵਿਦਵਾਨਾਂ ਦੀਆਂ ਗਲਤੀਆਂ ਨੂੰ ਸੋਧਿਆ ਹੈ, ਇਸ ਲਈ ਉਹ ਵਧਾਈ ਦੇ ਹੱਕਦਾਰ ਹਨ।

*-ਹਰਜੀਤ ਸਿੰਘ ਉਭੀ*
*bhola1178@homail.com*

## ਸੰਪਾਦਕ ਦੀ ਡਾਕ

### 'ਪੰਜਾਬ ਟਾਈਮਜ਼' ਨੂੰ ਵਧਾਈ

ਮਿਆਰੀ, ਨਿਰਪੱਖ ਤੇ ਜਾਣਕਾਰੀ ਭਰਪੂਰ ਸਮੱਗਰੀ ਦੇਣ ਲਈ 'ਪੰਜਾਬ ਟਾਈਮਜ਼' ਨੂੰ ਵਧਾਈ। ਅਮਰੀਕਾ ਦੀ ਧਰਤੀ 'ਤੇ ਛਪਦੇ ਪੰਜਾਬੀ ਅਖਬਾਰ ਤਾਂ ਭਾਵੇਂ ਕਈ ਹਨ, ਪਰ ਸਹੀ ਅਰਥਾਂ ਵਿਚ ਅਖਬਾਰ ਸਿਰਫ 'ਪੰਜਾਬ ਟਾਈਮਜ਼' ਹੀ ਹੈ। ਸਿਆਸੀ, ਸਮਾਜਿਕ ਤੇ ਧਾਰਮਿਕ ਮਸਲਿਆਂ ਤੋਂ ਇਲਾਵਾ ਸਾਹਿਤਕ ਲੇਖ, ਭਖਦੇ ਮਸਲਿਆਂ ਬਾਰੇ ਅਤੇ ਵਿਚਾਰ-ਚਰਚਾ ਵਿਚ ਛਪਦੀਆਂ ਵੱਖ ਵੱਖ ਪਾਠਕਾਂ/ਲੇਖਕਾਂ ਦੀਆਂ ਟਿੱਪਣੀਆਂ ਕਾਰਨ ਹੀ ਇਸ ਅਖਬਾਰ ਦੀ ਪਛਾਣ ਵੱਖਰੀ ਹੈ।

'ਸ਼ਬਦ ਝਰੋਖੇ' ਵਾਲਾ ਬਲਜੀਤ ਬਾਸੀ ਤਾਂ ਸ਼ਬਦਾਂ ਦੀ ਪੈੜ ਨੱਪਦਾ ਕਿਤੇ ਤੋਂ ਕਿਤੇ ਜਾ ਪਹੁੰਚਦਾ ਹੈ ਅਤੇ ਪਾਠਕਾਂ ਨੂੰ ਹਰ ਵਾਰ ਨਵੀਂ ਜਾਣਕਾਰੀ ਮੁਹੱਈਆ ਕਰਦਾ ਹੈ।

*-ਜਸਦੇਵ ਸਿੰਘ ਨਿਊ ਯਾਰਕ*

## ਗਦਰ ਦੀਆਂ ਗੱਲਾਂ

# ਆਪਣੇ ਪਿਆਰੇ ਹਿੰਦੁਸਤਾਨੀ ਭਾਈਆਂ ਦੇ ਨਾਮ

***ਗਦਰ ਲਹਿਰ ਦਾ ਇਤਿਹਾਸ ਆਪਣੇ ਨਾਵਲਾਂ ਅੰਦਰ ਸਮੋ ਕੇ ਪਾਠਕਾਂ ਅੱਗੇ ਪੇਸ਼ ਕਰਨ ਵਾਲੇ ਉਘੇ ਲੇਖਕ ਕੇਸਰ ਸਿੰਘ ਨਾਵਲਿਸਟ ਨੇ ਬਹੁਤ ਮਿਹਨਤ ਨਾਲ ਗਦਰ ਲਹਿਰ ਦੀ ਵਾਰਤਕ ਲੱਭਣ ਅਤੇ ਸੰਭਾਲਣ ਦਾ ਕਾਰਜ ਵੀ ਨੇਪਰੇ ਚਾੜ੍ਹਿਆ ਸੀ। ਗਦਰ ਲਹਿਰ ਭਾਰਤ ਦੀ ਆਜ਼ਾਦੀ ਦੇ ਇਤਿਹਾਸ ਦਾ ਅਹਿਮ ਪੰਨਾ ਹੈ। ਗਦਰ ਲਹਿਰ ਸ਼ੁਰੂ ਹੋਣ ਤੋਂ ਪਹਿਲਾਂ ਕੈਨੇਡਾ ਵਿਚ ਕਿਸ ਤਰ੍ਹਾਂ ਦੀ ਸਰਗਰਮੀ ਅੰਗਰੇਜ਼ ਹਕੂਮਤ ਖਿਲਾਫ ਹੋ ਰਹੀ ਸੀ, ਉਸ ਦਾ ਜ਼ਿਕਰ 'ਪੰਜਾਬ ਟਾਈਮਜ਼' ਦੇ ਪਾਠਕਾਂ ਨੇ ਉਸ ਵਕਤ ਕੈਨੇਡਾ ਤੋਂ ਛਪਦੇ ਰਹੇ ਦੋ ਪਰਚਿਆਂ 'ਸੁਦੇਸ਼ ਸੇਵਕ' ਤੇ 'ਸੰਸਾਰ' ਵਿਚ ਛਪੀਆਂ ਲਿਖਤਾਂ ਰਾਹੀਂ ਪੜ੍ਹਿਆ ਹੈ। ਹੁਣ ਅਮਰੀਕਾ ਤੋਂ ਛਪਦੇ 'ਗਦਰ' ਵਿਚ ਛਪੀਆਂ ਲਿਖਤਾਂ ਦੀ ਲੜੀ ਛਾਪੀ ਜਾ ਰਹੀ ਹੈ। ਐਤਕੀਂ ਅਸੀਂ ਪਾਠਕਾਂ ਲਈ ਇਤਿਹਾਸ ਦੇ ਪੰਨਿਆਂ ਉਤੇ ਸੁਨਹਿਰੀ ਅੱਖਰਾਂ ਨਾਲ ਆਪਣਾ ਨਾਂ ਲਿਖਵਾਉਣ ਵਾਲੇ ਗੁਰਦਿੱਤ ਸਿੰਘ ਦਾ ਲੇਖ ਛਾਪ ਰਹੇ ਹਾਂ ਜੋ 'ਗਦਰ' ਵਿਚ 25 ਜੁਲਾਈ 1915 ਨੂੰ ਛਪਿਆ ਸੀ। ਇਸ ਵਿਚ ਉਨ੍ਹਾਂ ਕਾਮਾਗਾਟਾ ਮਾਰੂ ਜਹਾਜ ਕੈਨੇਡਾ ਵੱਲ ਚੱਲਣ ਤੱਕ ਦੇ ਅਹਿਮ ਵੇਰਵੇ ਸ਼ਾਮਿਲ ਕੀਤੇ ਹਨ। -ਸੰਪਾਦਕ***

ਮੇਰੇ ਦੇਸ਼ ਵਾਸੀਆਂ ਨੂੰ ਜਹਾਜ ਕਾਮਾਗਾਟਾ ਮਾਰੂ ਅਤੇ ਉਸ ਦੇ ਦੁਖੀ ਮੁਸਾਫਰਾਂ ਦੇ ਹਾਲਾਤ ਜਾਣਨ ਦੀ ਖਾਹਿਸ਼ ਹੋਵੇਗੀ। ਇਸ ਵਾਸਤੇ ਮੈਂ ਗੁਰਦਿੱਤ ਸਿੰਘ ਵਲਦ ਸਰਦਾਰ ਹੁਕਮ ਸਿੰਘ, ਪਿੰਡ ਸਰਹਾਲੀ, ਜ਼ਿਲ੍ਹਾ ਅੰਮ੍ਰਿਤਸਰ, ਪੰਜਾਬ, ਪੇਸ਼ਾ ਜ਼ਿਮੀਦਾਰੀ, ਇਹ ਹਾਲਾਤ ਲਿਖਦਾ ਹਾਂ। ਆਸ਼ਾ ਹੈ ਕਿ ਭਾਈ ਇਨ੍ਹਾਂ ਹਾਲਤਾਂ ਨੂੰ ਪ੍ਰੇਮ ਨਾਲ ਪੜ੍ਹਨਗੇ। ਪਹਿਲਾਂ ਇਸ ਦੇ ਕਿ ਮੈਂ ਜਹਾਜ ਕਾਮਾਗਾਟਾ ਮਾਰੂ ਦੀ ਕਹਾਣੀ ਸ਼ੁਰੂ ਕਰਾਂ, ਆਪ ਦੀ ਸੇਵਾ ਵਿਚ ਆਪਣੇ ਬਜ਼ੁਰਗਾਂ ਦੀ ਤਵਾਰੀਖ



**ਭਾਈ ਗੁਰਦਿੱਤ ਸਿੰਘ**

ਥੋੜ੍ਹੀ ਜਿਹੀ ਦੱਸਦਾ ਹਾਂ ਜਿਸ ਦੀ ਵਜ੍ਹਾ ਅੱਗੇ ਚੱਲ ਕੇ ਦੱਸਾਂਗਾ ਅਤੇ ਜੇ ਆਪਣੇ ਹਾਲ ਲਿਖਣ ਵਿਚ ਗਲਤੀ ਕੀਤੀ ਹੈ ਤਾਂ ਮੈਂ ਬਹੁਤ ਆਜਜ਼ੀ ਨਾਲ ਮਾਫੀ ਮੰਗਦਾ ਹਾਂ। ਜਿਸ ਦੀ ਬਾਬਤ ਯਕੀਨੀ ਹੈ ਕਿ ਤੁਸੀਂ ਮਾਫ ਕਰ ਦੇਵੋਗੇ ਕਿਉਂਕਿ ਆਪ ਸਦਾ ਹਿੰਦ ਦੇ ਇਸ ਸੇਵਕ ਤੇ ਮਿਹਰਬਾਨ ਰਹੇ ਹੋ।

ਮੇਰਾ ਦਾਦਾ ਸੂਰਬਾ ਸੀ। ਸਰਦਾਰ ਰਤਨ ਸਿੰਘ ਜੀ ਮਹਾਰਾਜਾ ਰਣਜੀਤ ਸਿੰਘ ਦੀ ਫੌਜ ਦਾ ਬੜਾ ਮਸ਼ਹੂਰ ਜਰਨੈਲ ਸੀ। ਮਹਾਰਾਜਾ ਰਣਜੀਤ ਸਿੰਘ ਦੀ ਮੌਤ ਪਿਛੋਂ ਸਰਦਾਰ ਰਤਨ ਸਿੰਘ ਮਹਾਰਾਣੀ ਜਿੰਦਾ ਦੇ ਗੁਪਤੀ ਸਕੱਤਰ ਮੁਕਰਰ ਹੋਏ ਅਤੇ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਦੇ ਪਿਛੋਂ ਮਹਾਰਾਣੀ ਨੇ ਖਾਹਿਸ਼ ਜਾਹਰ ਕੀਤੀ ਕਿ ਉਹ ਆਪਣੇ ਭਾਈ ਜਵਾਹਰ ਸਿੰਘ ਦੇ ਘਰ ਜੋ ਕਿ ਕੁੰਵਰ ਦਲੀਪ ਸਿੰਘ ਦਾ ਨਿਗਰਾਨ ਸੀ, ਚਲੀ ਜਾਏ। ਫੌਜ ਦੇ ਅਫਸਰ ਇਸ ਖਿਆਲ ਦੇ ਵਿਰੁਧ ਸਨ। ਉਨ੍ਹਾਂ ਨੇ ਸਰਦਾਰ ਜਵਾਹਰ ਸਿੰਘ ਨੂੰ ਵੱਢ ਦਿੱਤਾ। ਇਸ 'ਤੇ ਮਹਾਰਾਣੀ ਨੂੰ ਸਖਤ ਗੁੱਸਾ ਆਇਆ ਅਤੇ ਚਾਹੁੰਦੀ ਸੀ ਕਿ ਆਪਣੇ ਭਾਈ ਦੇ ਦੁਸ਼ਮਣਾਂ ਤੋਂ ਬਦਲਾ ਲਵੇ। ਪਰ ਸਰਦਾਰ ਰਤਨ ਸਿੰਘ ਇਸ ਕਾਰਵਾਈ ਦੇ ਸਖਤ ਵਿਰੁਧ ਸੀ ਅਤੇ ਉਨ੍ਹਾਂ ਨੇ ਸਦਨ ਨੂੰ ਫਾੜ ਕੇ ਸੁੱਟ ਦਿੱਤਾ, ਜਿਸ ਦੀ ਰੁਹ ਨਾਲ ਸਿੱਖ ਰਾਜ ਨੇ ਉਨ੍ਹਾਂ ਨੂੰ ਜਾਗੀਰ ਬਖਸ਼ੀ ਸੀ ਅਤੇ ਆਪਣਾ ਮਰਤਬਾ ਫੜ੍ਹ ਕੇ ਘਰ ਵਾਪਸ ਆ ਗਏ ਅਤੇ ਮਾਮੂਲੀ ਜ਼ਿਮੀਦਾਰ ਵਾਂਗ ਰਹਿਣ ਲੱਗ ਪਏ। ਫੌਜ ਦੀ ਸਿਪਾਹ-ਸਿਲਾਰੀ ਛੱਡ ਕੇ ਮਾਮੂਲੀ ਜ਼ਿਮੀਦਾਰ ਅਖਤਿਆਰ ਕਰ ਲੈਣ 'ਤੇ ਘਰ ਵਿਚ ਗਰੀਬੀ ਆ ਗਈ। ਮੈਂ ਸੰਨ 1882 ਵਿਚ ਹਿੰਦੁਸਤਾਨ ਤੋਂ ਚੱਲ ਕੇ ਮਲਾਇਆ ਦੇਸ਼ ਪਹੁੰਚਿਆ ਅਤੇ ਸੰਨ 1909 ਤਕ ਜ਼ਿੰਦਗੀ ਦੇ ਕੰਮ ਕਾਜ ਵਿਚ ਲੱਗਾ ਰਿਹਾ।

ਸੰਨ 1909 ਵਿਚ ਮੈਂ ਘਰ ਵਾਪਸ ਜਾਣ ਦਾ ਇਰਾਦਾ ਕੀਤਾ ਤਾਂ ਕਿ ਆਪਣੇ ਦੇਸ਼ ਭਾਈਆਂ ਦੇ ਸੁਧਾਰ ਲਈ ਕੁਝ ਕਰ ਸਕਾਂ। ਆਪਣੇ ਇਸ ਖਿਆਲ ਨੂੰ ਅਮਲੀ ਸੂਰਤ ਦੇਣ ਦੀ ਗਰਜ ਨਾਲ ਮੈਂ ਆਪਣੇ ਪਿੰਡ ਵਿਚ ਜਾ ਕੇ ਚਾਵਲ ਸਾਫ ਕਰਨੇ ਅਤੇ ਆਟਾ ਪੀਸਣ ਦੀਆਂ ਚੱਕੀਆਂ ਸ਼ੁਰੂ ਕੀਤੀਆਂ। ਮੇਰੀ ਗਰਜ਼ ਇਸ ਤੋਂ ਇਹ ਨਹੀਂ ਸੀ ਕਿ ਮੈਂ ਇਸ ਤੋਂ ਆਪ ਕੁਝ ਰੁਪਏ ਕਮਾਵਾਂਗਾ। ਹਾਂ ਇਹ ਸੀ ਕਿ ਆਪਣੇ ਦੇਸ਼ ਭਾਈਆਂ ਨੂੰ ਕੁਝ ਹੁਨਰ ਕਾਰੀਗਰੀ ਦੀ ਰਾਹ 'ਤੇ ਲਿਆਵਾਂ। ਸੰਨ 1910 ਵਿਚ ਮੈਂ ਉਸ ਜ਼ੁਲਮ ਦੇ ਖਿਲਾਫ ਆਵਾਜ਼ ਉਠਾਈ ਜੋ ਬਹੁਤ ਸਾਰੇ ਸਰਕਾਰੀ ਅਫਸਰ ਮੇਰੇ ਪਿੰਡ ਵਾਲਿਆਂ 'ਤੇ ਕਰਦੇ ਹੁੰਦੇ ਸਨ ਅਤੇ ਇਨ੍ਹਾਂ ਸਰਕਾਰੀ ਅਫਸਰਾਂ ਦੀ ਬਦਸਲੂਕੀ ਦੇ ਵਿਰੁਧ ਮੈਂ ਲੈਫਟੀਨੈਂਟ ਗਵਰਨਰ ਸਾਹਿਬ ਦੇ ਨਾਂ ਅਰਜ਼ੀ ਭੇਜੀ। ਇਹ ਬਦਸਲੂਕੀ ਕਈ ਤਰ੍ਹਾਂ ਜਾਹਰ ਹੁੰਦੀ ਸੀ। ਜਿਵੇਂ ਗਰੀਬ ਜ਼ਿਮੀਦਾਰਾਂ ਤੋਂ ਜ਼ਬਰਦਸਤੀ ਤੋਹਫੇ ਲੈਣੇ ਅਤੇ ਬਿਨਾ ਮਜ਼ਦੂਰੀ ਦਿੱਤੇ ਇਨ੍ਹਾਂ ਤੋਂ ਜ਼ਬਰਦਸਤੀ ਕੰਮ ਕਰਾਉਣਾ ਆਦਿ। ਪਰ ਲੈਫਟੀਨੈਂਟ ਗਵਰਨਰ ਪੰਜਾਬ ਦੇ ਘਰ ਤੋਂ ਕੋਈ ਜਵਾਬ ਨਾ ਮਿਲਿਆ। ਸੰਨ 1913 ਵਿਚ ਮੈਂ ਫਿਰ ਪੰਜਾਬ ਸਰਕਾਰ ਦੇ ਦਰਖਾਸਤ ਕੀਤੀ ਕਿ ਮੈਨੂੰ ਕੁਝ ਏਕੜ ਜ਼ਮੀਨ ਲਾਇਲਪੁਰ ਦੀ ਨਵੀਂ ਬਸਤੀ ਵਿਚ ਮਿਲ ਜਾਏ ਤਾਂ ਮੈਂ ਆਮ ਆਦਮੀਆਂ ਦੇ ਫਾਇਦੇ ਲਈ ਆਪਣੇ ਰੁਪਿਆਂ ਨਾਲ ਹੀ ਇਕ ਜ਼ਿਮੀਦਾਰੀ ਸਕੂਲ ਕਾਇਮ ਕਰ ਸਕਦਾ ਅਤੇ ਇਸ ਸਕੂਲ ਵਿਚ ਕੌਮ ਦੇ ਵਿਦਿਆਰਥੀਆਂ ਨੂੰ ਇਸ ਜ਼ਮਾਨੇ ਦੇ ਖੇਤੀ ਦੇ ਨਵੇਂ ਢੰਗ ਸਿਖਾਏ ਜਾਣ। ਪਰ ਉਸ ਦਫਾ ਵੀ ਗੌਰਮਿੰਟ ਪੰਜਾਬ ਦੇ ਘਰੋਂ ਕੋਈ ਜਵਾਬ ਨਾ ਆਇਆ।

ਇੰਜ ਸਰਕਾਰ ਪੰਜਾਬ ਤੋਂ ਨਾਉਮੀਦ ਹੋ ਕੇ ਮੈਂ ਸੰਨ 1913 ਵਿਚ ਵਾਪਸ ਮਲਾਇਆ ਪਰਤ ਆਇਆ ਅਤੇ ਉਥੇ ਫਿਰ ਆਪਣੇ ਠੇਕੇ ਦਾ ਕੰਮ ਸ਼ੁਰੂ ਕਰ ਦਿੱਤਾ। ਜਦੋਂ ਮੈਂ ਮਲਾਇਆ 'ਚ ਆਪਣੇ ਕੰਮ ਲੱਗਾ ਹੋਇਆ ਸੀ ਤਾਂ ਮੇਰੇ ਕਈ ਦੇਸ ਭਾਈ ਚੰਗੇ ਘਰਾਂ ਦੇ ਸਨ। ਕੈਨੇਡਾ ਤੋਂ ਗਰੀਬ ਤੇ ਬੁਰੀ ਹਾਲਤ ਵਿਚ ਵਾਪਸ ਆਏ ਅਤੇ ਹਿੰਦੁਸਤਾਨ ਜਾਣ ਲਈ ਕਿਰਾਇਆ ਪ੍ਰਾਪਤ ਕਰਨ ਦੀ ਗਰਜ਼ ਨਾਲ ਮੇਰੇ ਕੋਲ ਆਏ ਤਾਂ ਮੈਂ ਉਨ੍ਹਾਂ ਦੀ ਜ਼ਬਾਨੀ ਉਨ੍ਹਾਂ ਬੇਹੱਦ ਦੁੱਖਾਂ ਦਾ ਜ਼ਿਕਰ ਸੁਣਿਆ, ਜੋ ਉਨ੍ਹਾਂ ਨੂੰ ਕੈਨੇਡਾ ਦੇ ਪੋਰਟ 'ਤੇ ਪਹੁੰਚਣ ਸਮੇਂ ਅਤੇ ਫਿਰ ਉਥੋਂ ਵਾਪਸ ਹੋਣਾ ਪਿਆ। ਇਕ ਤਰਫ ਤਾਂ ਬਦਸਲੂਕੀ ਦੀ ਕਹਾਣੀ ਮੈਂ ਸੁਣੀ ਜੋ ਅੰਗਰੇਜ਼ੀ ਅਫਸਰਾਂ ਨੇ ਹਿੰਦੀਆਂ ਨਾਲ ਕੀਤੀ ਸੀ, ਦੂਜੀ ਤਰਫ ਮੈਂ ਅਖਬਾਰ ਵਿਚ ਉਨ੍ਹਾਂ ਮੁਸੀਬਤਾਂ ਦਾ ਹਾਲ ਪੜ੍ਹਿਆ ਜੋ ਦੱਖਣੀ ਅਫਰੀਕਾ ਅਤੇ ਹੋਰ ਅੰਗਰੇਜ਼ੀ ਬਸਤੀਆਂ ਵਿਚ ਮੇਰੇ ਦੇਸ਼ ਭਾਈਆਂ 'ਤੇ ਆ ਰਹੀਆਂ ਸਨ ਤਾਂ ਮੇਰਾ ਦਿਲ ਪਿਘਲ ਗਿਆ ਅਤੇ ਮੈਂ ਆਪਣੇ ਦੇਸ਼ ਵਾਸੀਆਂ ਦੇ ਹੱਕ ਦੀ ਖਾਤਰ ਕੋਸ਼ਿਸ਼ ਕਰਨ ਦਾ ਪੱਕਾ ਇਰਾਦਾ ਕਰ ਲਿਆ। ਇਸ ਤੋਂ ਬਿਨਾ ਇਨ੍ਹਾਂ ਹੀ ਦਿਨਾਂ ਵਿਚ ਮੈਨੂੰ ਪਤਾ ਲੱਗਾ ਕਿ ਮੇਰੇ ਦੇਸ਼ ਭਾਈ ਕੈਨੇਡਾ ਵਿਚ ਜਾਣ ਦਾ ਇਰਾਦਾ ਰੱਖਦੇ ਹਨ। ਪਰ ਜਦ ਉਨ੍ਹਾਂ ਨੇ ਜਹਾਜ ਦੀਆਂ ਕੰਪਨੀਆਂ ਤੋਂ ਸਫਰ ਦੇ ਲਈ ਟਿਕਟਾਂ ਮੰਗੀਆਂ ਤਾਂ ਉਨ੍ਹਾਂ ਨੂੰ ਸਾਫ ਜਵਾਬ ਇਹ ਮਿਲਿਆ ਕਿ ਕੈਨੇਡਾ ਦੇ ਵਾਸਤੇ ਕਿਸੇ ਹਿੰਦੀ ਨੂੰ ਟਿਕਟ ਨਹੀਂ ਮਿਲ ਸਕਦਾ। ਖਾਸ ਇਸ ਹਾਲਤ ਨੇ ਮੇਰੇ ਖਿਆਲ ਨੂੰ ਹੋਰ ਪੱਕਾ ਕਰ ਦਿੱਤਾ ਕਿ ਦੇਸ਼ ਵਾਸੀਆਂ ਦੇ ਹੱਕਾਂ ਦੇ ਵਾਸਤੇ ਕੋਸ਼ਿਸ਼ ਕਰਾਂ।

ਪਰ ਇਸੀ ਤਰ੍ਹਾਂ ਕੁਝ ਅਮਲੀ ਕਾਰਵਾਈ ਕਰਨ ਦੀ ਗਰਜ਼ ਨਾਲ ਮੈਂ ਸਿੱਧਾ ਹਾਂਗਕਾਂਗ ਨੂੰ ਰਵਾਨਾ ਹੋਇਆ। ਹਾਂਗਕਾਂਗ ਪਹੁੰਚ ਕੇ ਮੈਨੂੰ ਪਤਾ ਲੱਗਾ ਕਿ ਕੈਨੇਡਾ ਦੇ ਹਿੰਦੀਆਂ ਦੀ ਬਾਬਤ ਮੈਨੂੰ ਜੋ ਕੁਝ ਸੁਣਿਆ ਸੀ, ਉਹ ਬਿਲਕੁਲ ਠੀਕ ਸੀ। ਹਾਂਗਕਾਂਗ ਵਿਚ ਇਕ ਜਲਸਾ ਕਰਵਾਇਆ ਜਿਸ ਵਿਚ ਆਪਣੇ ਦੇਸ਼ ਵਾਸੀਆਂ ਨੂੰ ਕਿਹਾ ਕਿ ਇਹ ਸਾਡੀ ਬੇਅਕਲੀ ਹੈ ਕਿ ਅਸੀਂ ਹੋਰ ਮੁਲਕਾਂ ਵਿਚ ਮਜ਼ਦੂਰੀ ਕਰਨ ਜਾਈਏ। ਕੀ ਇਹ ਚੰਗਾ ਹੋਵੇ ਕਿ ਅਸੀਂ ਆਪਣੇ ਇਸ ਆਣ-ਜਾਣ ਦੀ ਤਹਿਰੀਕ ਨੂੰ ਮਜ਼ਦੂਰੀ ਦੀ ਜਗ੍ਹਾ ਵਿਉਪਾਰ ਦੀ ਤਰਫ ਮੋੜ ਲਈਏ ਅਤੇ ਇਸੇ ਤਰ੍ਹਾਂ ਆਪਣੇ ਵਤਨ ਅਤੇ ਹੋਰਨਾਂ ਲੋਕਾਂ ਮੁਲਕਾਂ ਵਿਚ ਵਪਾਰ ਨੂੰ ਤਰੱਕੀ ਦੇਈਏ। ਇਸ ਖਿਆਲ ਨੂੰ ਅਮਲੀ ਸੂਰਤ ਦੇਣ ਦੇ ਵਾਸਤੇ ਜ਼ਰੂਰੀ ਹੈ ਕਿ ਅਸੀਂ ਆਪ ਜਹਾਜ ਕੰਪਨੀਆਂ ਖੋਲ੍ਹੀਏ। ਆਪਣੇ ਹੀ ਜਹਾਜਾਂ ਦੇ ਜ਼ਰੀਏ ਦੂਜੇ ਮੁਲਕਾਂ ਨਾਲ ਵਪਾਰ ਕਰੀਏ। ਦੂਸਰੇ ਗੈਰ ਮੁਲਕਾਂ ਵਿਚ ਜ਼ਮੀਨਾਂ ਵੀ ਹਾਸਿਲ ਕਰਨੀਆਂ ਚਾਹੀਦੀਆਂ ਹਨ ਜਿਥੇ ਜਾ ਕੇ ਸਾਡੇ ਲੋਕ ਹੁਣ ਦੇ ਜ਼ਮਾਨੇ ਦੇ ਨਵੇਂ ਤਰੀਕੇ ਅਨੁਸਾਰ ਛੇਤੀ ਹੀ ਖੇਤੀ ਕਰਨ ਅਤੇ ਹੋਰ ਤਰ੍ਹਾਂ ਤਰ੍ਹਾਂ ਦੇ ਅਮਲੀ ਕਾਰੋਬਾਰ ਵਿਚ ਲੱਗ ਜਾਣ। ਇਸ ਜਲਸੇ ਵਿਚ ਕੋਈ ਵੀਹ ਦੇਸਵਾਸੀ ਸ਼ਾਮਿਲ ਹੋਣਗੇ ਜਿਨ੍ਹਾਂ ਨੇ ਕਿਹਾ ਕਿ ਮੇਰਾ ਖਿਆਲ ਸਲਾਹੁਣ ਦੇ ਲਾਇਕ ਹੈ ਅਤੇ ਇਹ ਉਮੀਦ ਅਤੇ ਹਿੰਮਤ ਦਿਵਾਈ ਕਿ ਜੋ ਸਾਡੇ ਭਾਈ ਇਸ ਵਕਤ ਕੈਨੇਡਾ ਵਿਚ ਹਨ, ਉਹ ਜ਼ਰੂਰ ਇਸ ਵਿਚਾਰ ਨੂੰ ਪਸੰਦ ਕਰਨਗੇ ਅਤੇ ਇਨ੍ਹਾਂ ਨੂੰ ਮਾਂ (ਭਾਰਤ ਮਾਤਾ) ਵਾਸਤੇ ਰੁਪਈਏ ਵੀ ਦੇਣਗੇ। ਹਾਂ, ਰੁਪਿਆ ਤਾਂ ਦੁਨੀਆਂ ਦੇ ਹਰ ਹਿੱਸੇ ਵਿਚੋਂ ਆ ਜਾਵੇਗਾ, ਜਿਥੇ ਕਿਤੇ ਹਿੰਦੁਸਤਾਨੀ ਜਾ ਵੱਸੇ ਹਨ ਅਤੇ ਖੁਦ ਹਿੰਦੁਸਤਾਨ ਤੋਂ ਵੀ ਅਤੇ ਜੋ ਭਾਈ ਜਲਸੇ ਵਿਚ ਸ਼ਾਮਿਲ ਹਨ, ਉਨ੍ਹਾਂ ਵਿਚੋਂ ਬਾਜ਼ੇ ਬੋਲੇ ਕਿ ਜਿਸ ਤਰ੍ਹਾਂ ਕੰਮ ਕਰਨ ਦਾ ਇਰਾਦਾ ਅਸੀਂ ਕੀਤਾ ਹੈ, ਉਸ ਨੂੰ ਅੰਗਰੇਜ਼ੀ ਸਰਕਾਰ ਪੰਸਦ ਨਹੀਂ ਕਰੇਗੀ ਅਤੇ ਜੇ ਅਸੀਂ ਰੁਪਿਆ ਇਕੱਠਾ ਕਰ ਵੀ ਲਿਆ ਤਾਂ ਗੌਰਮਿੰਟ ਅਜਿਹੀਆਂ ਰੁਕਾਵਟਾਂ ਪਾਵੇਗੀ ਕਿ ਅਸੀਂ ਜਹਾਜ ਨਾ ਖਰੀਦ ਸਕਾਂਗੇ ਅਤੇ ਇਸ ਕੰਮ ਨੂੰ ਜਾਰੀ ਨਾ ਕਰ ਸਕਾਂਗੇ।

ਇਹ ਸੁਣ ਕੇ ਮੈਂ ਖੜ੍ਹੇ ਹੋ ਕੇ ਕਿਹਾ ਕਿ ਅਜਿਹਾ ਕੋਈ ਕਾਨੂੰਨ ਨਹੀਂ ਜੋ ਸਾਨੂੰ ਵਾਜਬੀ ਕਾਰੋਬਾਰ ਤੋਂ ਰੋਕੇ ਅਤੇ ਲੋਕਾਂ ਨੂੰ ਅਜਿਹੇ ਬੇਕਾਰ ਖਿਆਲ ਨਹੀਂ ਰੱਖਣੇ ਚਾਹੀਦੇ। ਮੇਰੇ ਦੋਸਤ ਬੋਲੇ ਕਿ ਕੈਨੇਡਾ ਦੇ ਕਾਨੂੰਨ ਬਿਲਕੁਲ ਉਲਟ ਮਾਨੇ (ਅਰਥ) ਰੱਖਦੇ ਹਨ ਕਿ ਜੋ ਉਨ੍ਹਾਂ ਦੀ ਜ਼ਾਹਿਰਾਂ ਅਬਾਰਤ ਤੋਂ ਮਾਲੂਮ ਨਹੀਂ ਹੁੰਦੇ। ਮੈਂ ਜਵਾਬ ਦਿੱਤਾ ਕਿ ਕੈਨੇਡਾ ਦਾ ਕਾਨੂੰਨ ਇਹ ਹੈ ਕਿ ਜਿਸ ਆਦਮੀ ਦੀ ਮਾਲੀ ਹਾਲਤ ਠੀਕ ਨਾ ਹੋਵੇ, ਉਸ ਨੂੰ ਉਸ ਮੁਲਕ ਵਿਚ ਆਉਣ 'ਤੇ ਰੋਕ ਦਿੱਤਾ ਜਾਵੇ। ਪਰ ਅਸੀਂ ਅਜਿਹਾ ਇੰਤਜ਼ਾਮ ਕਰਾਂਗੇ ਕਿ ਸਾਡੇ ਕੋਲ ਹਰ ਇਕ ਦੇ ਕੋਲ ਕਾਫੀ ਰੁਪਿਆ ਹੋਵੇ ਕਿ ਕਿਸੇ ਦਾ ਸਾਡੇ ਉਪਰ ਉਜ਼ਰ (ਸ਼ੱਕ) ਹੀ ਨਾ ਹੋ ਸਕੇ। ਇਸ ਕਿਸਮ ਦੇ ਕੁਝ ਹੋਰ ਬਹਿਸ-ਮੁਬਾਹਿਸੇ ਪਿਛੋਂ ਫੈਸਲਾ ਹੋਇਆ ਕਿ ਇਹ ਸਭ ਤਜਵੀਜ਼ਾਂ ਪੇਸ਼ ਹੋਈਆਂ ਹਨ, ਮਨਜ਼ੂਰ ਹੋਣਾ ਤਜਵੀਜ਼ਾਂ ਦੀ ਮਨਜ਼ੂਰੀ ਤੋਂ ਬਾਅਦ ਜਲਸਾ ਬਰਖਾਸਤ (ਸਮਾਪਤ) ਹੋ ਗਿਆ। ਇਸ ਪਿਛੋਂ ਮੈਂ ਸਿੰਗਾਪੁਰ ਗਿਆ ਤੇ ਕਈ ਲੀਡਰਾਂ ਨਾਲ ਸਲਾਹ ਕੀਤੀ ਅਤੇ ਹੋਰ ਸਭ ਭਾਈਆਂ ਨੂੰ ਨੋਟਿਸ ਭੇਜ ਦਿੱਤੇ ਕਿ ਉਹ ਸਾਡੀ ਇਸ ਜਹਾਜ ਕੰਪਨੀ ਦੇ ਹਿੱਸੇ (ਸ਼ੇਅਰ) ਖਰੀਦਣ। ਸਿੰਗਾਪੁਰ ਵਿਚ ਮੈਂ ਆਪਣੇ ਇਕ ਚੀਨੀ ਦੋਸਤ ਮਿਸਟਰ ਲੀ. ਪੈਕ. ਹੁਨ ਨਾਲ ਵੀ ਸਲਾਹ ਕੀਤੀ ਕਿ ਜਹਾਜ ਕਿਸ ਤਰ੍ਹਾਂ ਖਰੀਦਣਾ ਚਾਹੀਦਾ। ਮੈਂ ਅਜ਼ਮਾਇਸ਼ ਦੇ ਤੌਰ 'ਤੇ ਇਹ ਦੇਖਣ ਲਈ ਇਕ ਜਹਾਜ ਚਾਰਟਰ ਕਰਾਉਣਾ ਚਾਹੁੰਦਾ ਸੀ ਕਿ ਅੰਗਰੇਜ਼ੀ ਗੌਰਮਿੰਟ ਸਾਡੇ ਇਸ ਕੰਮ ਵਿਚ ਕੋਈ ਰੁਕਾਵਟ ਤਾਂ ਨਹੀਂ ਪਾਏਗੀ, ਜਿਸ ਤਰ੍ਹਾਂ ਬਹੁਤ ਭਾਈਆਂ ਦਾ ਖਿਆਲ ਸੀ।

ਮੈਂ ਇਹ ਇਰਾਦਾ ਕਰ ਲਿਆ ਕਿ ਜੇ ਇਸ ਤਰਫ ਕੋਈ ਦਿੱਕਤ ਨਾ ਹੋਈ ਤਾਂ ਬਾਕਾਇਦਾ ਜਹਾਜ ਕੰਪਨੀ ਖੋਲ੍ਹ ਦਿੱਤੀ ਜਾਵੇਗੀ। ਮੈਂ ਪਹਿਲਾਂ ਵੀ ਕਈ ਅੰਗਰੇਜ਼ੀ ਜਹਾਜ ਕੰਪਨੀਆਂ ਨਾਲ ਮੁਲਾਕਾਤ ਕੀਤੀ ਅਤੇ ਉਨ੍ਹਾਂ ਤੋਂ ਇਕ ਜਹਾਜ ਮੰਗਿਆ। ਸ਼ੁਰੂ ਵਿਚ ਤਾਂ ਉਨ੍ਹਾਂ ਨੇ ਵਾਅਦਾ ਕਰ ਲਿਆ ਪਰ ਬਾਅਦ ਵਿਚ ਉਨ੍ਹਾਂ ਨੇ ਜਹਾਜ ਦੇਣ ਤੋਂ ਇਨਕਾਰ ਕਰ ਦਿੱਤਾ। ਇਸੇ ਸਮੇਂ ਦੌਰਾਨ ਮੈਨੂੰ ਆਪਣੇ ਭਾਈਆਂ ਦਾ ਹਾਂਗਕਾਂਗ ਤੋਂ ਤਾਰ ਮਿਲਿਆ ਕਿ ਉਥੇ ਜਾ ਕੇ ਮੈਂ ਸਾਰਾ ਇੰਤਜ਼ਾਮ ਠੀਕ ਕਰਾਂ।



***ਗੁਰਦਿੱਤ ਸਿੰਘ ਜਹਾਜ ਉਤੇ ਆਪਣੇ ਪੁੱਤਰ ਅਤੇ ਹੋਰ ਸਾਥੀ ਮੁਸਾਫਿਰਾਂ ਨਾਲ।***

ਮੈਂ ਉਸੀ ਵਕਤ ਆਪਣੇ ਚੀਨੀ ਦੋਸਤ ਮੈਸਰਜ਼ ਗੋਰਡਡ ਅਤੇ ਤੁਰਾਲਸ ਸਮੁੰਦਰੀ ਸਰਵੇਅਰ ਦੇ ਨਾਮ ਖਤ ਲਿਖਿਆ ਅਤੇ ਹਾਂਗਕਾਂਗ ਪਹੁੰਚਦੇ ਹੀ ਉਸ ਨੂੰ ਮਿਲਿਆ। ਇਨ੍ਹਾਂ ਦੇ ਜ਼ਰੀਏ ਅੰਗਰੇਜ਼ੀ ਕੰਪਨੀ ਜਾਰਡੀਅਨ ਦਾ ਇਕ ਜਹਾਜ 9 ਹਜ਼ਾਰ ਡਾਲਰ ਮਹੀਨੇ 'ਤੇ ਲੈਣ ਦਾ ਫੈਸਲਾ ਹੋਇਆ। ਪਰ ਜਦੋਂ ਕਾਗਜ਼ਾਂ 'ਤੇ ਦਸਤਖਤ ਹੋਣ ਦਾ ਮੌਕਾ ਆਇਆ ਤੇ ਸੰਨਦ ਬਣ ਚੁੱਕੀ, ਤਾਂ ਜਾਰਡੀਅਨ ਕੰਪਨੀ ਵਾਲਿਆਂ ਨੂੰ ਇਹ ਪਤਾ ਲੱਗਾ ਕਿ ਸੰਨਦ ਲੈਣ ਵਾਲਾ ਇਕ ਹਿੰਦੁਸਤਾਨੀ ਹੈ ਤਾਂ ਉਨ੍ਹਾਂ ਨੇ ਇਕਰਾਰਨਾਮਾ ਤੋੜ ਦਿਤਾ। ਮੈਂ ਕਿਹਾ ਕਿ ਚਲੋ ਤੁਹਾਨੂੰ ਦਸ ਹਜ਼ਾਰ ਡਾਲਰ ਮਹੀਨਾ ਅਤੇ ਵੀਹ ਹਜ਼ਾਰ ਡਾਲਰ ਦੀ ਜ਼ਮਾਨਤ ਵੀ ਦਿਆਂਗਾ। ਪਰ ਉਨ੍ਹਾਂ ਜਵਾਬ ਦਿੱਤਾ ਕਿ ਚਾਹੇ ਕਿੰਨਾ ਵੀ ਰੁਪਿਆ ਉਨ੍ਹਾਂ ਨੂੰ ਮਿਲੇ, ਕਿਸੇ ਹਿੰਦੁਸਤਾਨੀ ਨੂੰ ਉਹ ਕਦੀ ਵੀ ਜਹਾਜ ਨਹੀਂ ਦੇਣਗੇ। ਦੋ ਹਫਤੇ ਗੁਜ਼ਰ ਗਏ, ਜਦ ਮੈਂ ਕੰਮ ਬਣਦਾ ਨਾ ਦੇਖਿਆ ਅਤੇ ਕੰਮ ਵਿਗੜਿਆ ਤਾਂ ਮੈਂ ਆਪਣੇ ਸਿੰਗਾਪੁਰੀ ਚੀਨੀ ਦੋਸਤ ਨੂੰ ਤਾਰ ਦਿੱਤੀ। ਉਸ ਰਾਹੀਂ ਮੈਂ ਇਕ ਜਰਮਨੀ ਦੇ ਸੌਦਾਗਰ ਨਾਲ ਵਾਕਫੀ (ਜਾਣਕਾਰੀ) ਪਾਈ ਜੋ ਹਾਂਗਕਾਂਗ ਵਿਚ ਰਹਿੰਦਾ ਸੀ। ਆਖਰ ਇਸ ਜਰਮਨ ਦੀ ਮਦਦ ਨਾਲ ਇਕ ਜਾਪਾਨੀ ਕੰਪਨੀ ਦੇ ਨਾਲ ਮੈਨੂੰ ਇਸ ਜਹਾਜ ਦੇ ਮਿਲਣ ਦੀ ਇਜਾਜ਼ਤ ਪ੍ਰਾਪਤ ਹੋਈ ਜਿਸ ਦਾ ਨਾਂ ਕਾਮਾਗਾਟਾ ਮਾਰੂ ਹੈ। ਹੁਣ ਹਰ ਇਕ ਜਗ੍ਹਾ ਪ੍ਰਗਟ ਹੈ ਅਤੇ ਇਹ ਸੋਚਣ ਦੇ ਲਾਇਕ ਗੱਲ ਹੈ ਕਿ ਮੈਂ ਇਕ ਵਕੀਲ ਮੈਸਰਜ਼ ਵਲਕਿਨਸਨ ਗ੍ਰਸਟ ਦੇ ਨਾਲ ਸਲਾਹ ਕੀਤੀ ਕਿ ਕੋਈ ਐਸਾ ਵੀ ਕਾਨੂੰਨ ਹੈ, ਜੋ ਮੈਨੂੰ ਕੈਨੇਡਾ ਜਾਣ ਤੋਂ ਰੋਕ ਸਕਦਾ ਹੈ। ਵਕੀਲ ਨੇ ਜਵਾਬ ਦਿੱਤਾ ਕਿ ਕੋਈ ਕਾਨੂੰਨ ਅਜਿਹਾ ਨਹੀਂ ਜੋ ਕਿਸੇ ਧਨੀ ਨੂੰ ਕੈਨੇਡਾ ਜਾਣ ਤੋਂ ਰੋਕੇ। ਪਰ ਜੋ ਜਹਾਜ ਕਾਮਾਗਾਟਾ ਮਾਰੂ ਦੇ ਮੁਸਾਫਰ ਹੋਣ, ਉਨ੍ਹਾਂ ਨੂੰ ਚਾਹੀਦਾ ਹੈ ਕਿ ਸਰਕਾਰੀ ਸਫਰੀ ਦਲਾਲ ਤੋਂ ਇਕ ਸੰਨਦ ਜਾਂ ਪਾਸ ਪ੍ਰਾਪਤ ਕਰ ਲੈਣ ਪ੍ਰੰਤੂ ਅਜਿਹਾ ਵੀ ਕੀਤਾ ਗਿਆ। ਆਖਰ ਹਿੰਦੀਆਂ ਦਾ ਇਹ ਜਹਾਜ ਕਾਮਾਗਾਟਾ ਮਾਰੂ 27 ਮਾਰਚ 1914 ਨੂੰ ਦੋ ਵਜੇ ਤੀਜੇ ਪਹਿਰ ਰਵਾਨਾ ਹੋਇਆ।

27 ਤਾਰੀਖ ਦੀ ਦੁਪਹਿਰ ਮੈਂ ਸਫਰ ਦਾ ਬੰਦੋਬਸਤ ਕਰਦਾ ਰਿਹਾ, ਪਾਣੀ ਆਦਿ ਦੇਣਾ, ਅਤੇ ਮੈਨੂੰ ਖਬਰ ਮਿਲੀ ਕਿ ਮੇਰੇ ਸਾਥੀਆਂ ਨੂੰ, ਜੋ ਗੁਰਦੁਆਰੇ ਵਿਚ ਅਟਕੇ ਹੋਏ ਸੀ, ਪੁਲਿਸ ਨੇ ਆ ਕੇ ਤੰਗ ਕੀਤਾ ਹੈ ਅਤੇ ਪੁਲਿਸ ਮੈਨੂੰ ਫੜਨ ਦੀ ਕੋਸ਼ਿਸ਼ ਕਰ ਰਹੀ ਹੈ। ਮੈਂ ਆਪਣਾ ਕੰਮ ਖਤਮ ਕਰਕੇ ਸ਼ਾਮ ਦੇ ਸਾਢੇ ਸੱਤ ਵਜੇ ਪਿਛੇ ਲੇਟਿਆ, ਤਾਂ ਸਭ ਲੋਕ ਉਠ ਖੜ੍ਹੇ ਹੋਏ ਤੇ ਮੇਰੀ ਇੱਜਤ ਕੀਤੀ ਅਤੇ ਕਹਿਣ ਲੱਗੇ ਕਿ ਅੰਗਰੇਜ਼ੀ ਸਰਕਾਰ ਨਹੀਂ ਚਾਹੁੰਦੀ ਕਿ ਸਾਨੂੰ ਕੈਨੇਡਾ ਵਿਚ ਜਾਣ ਦਿੱਤਾ ਜਾਵੇ ਅਤੇ ਪੁਲਿਸ ਤੁਹਾਨੂੰ ਫੜਨ ਆਈ ਹੈ, ਜੇ ਐਸੀ ਗੱਲ ਹੈ ਤਾਂ ਅਸੀਂ ਪੁਲਿਸ ਨਾਲ ਖੂਬ ਜ਼ੋਰ ਨਾਲ ਲੜਾਂਗੇ, ਪਰ ਮੈਂ ਉਨ੍ਹਾਂ ਦਾ ਗੁੱਸਾ ਠੰਡਾ ਕੀਤਾ, ਕਿਹਾ ਕਿ ਕਾਨੂੰਨ ਦੀ ਹੱਦ ਤੋਂ ਬਾਹਰ ਜਾਣਾ ਠੀਕ ਨਹੀਂ ਹੈ। ਲੋਕਾਂ ਨੇ ਕਿਹਾ ਕਿ ਪੁਲਿਸ ਨੇ ਗੁਰਦੁਆਰੇ ਦਾ ਕਾਨੂੰਨ ਤੋੜਿਆ ਹੈ, ਕਿ ਇਨ੍ਹਾਂ ਨੇ ਉਥੇ ਬੈਠ ਕੇ ਸ਼ਰਾਬ ਪੀਤੀ ਹੈ ਤੇ ਤੰਬਾਕੂ ਵੀ ਵਰਤਿਆ ਹੈ ਅਤੇ ਸਾਡੇ ਭਜਨ ਵਾਲੇ ਸਥਾਨ ਨੂੰ ਅਸ਼ੁੱਧ ਕੀਤਾ ਹੈ। ਇੰਨੇ ਵਿਚ ਡਿਪਟੀ ਸੁਪਰਡੈਂਟ ਪੁਲਿਸ ਨੇ ਮੈਨੂੰ ਕਿਹਾ ਕਿ ਤੈਨੂੰ ਥਾਣੇਦਾਰ ਨੇ ਬੁਲਾਇਆ ਹੈ, ਕੁਝ ਬਹੁਤ ਜ਼ਰੂਰੀ ਗੱਲਬਾਤ ਕਰਨੀ ਹੈ ਤੇ ਮੈਂ ਜਹਾਜ ਦਾ ਬੰਦੋਬਸਤ ਕਰ ਕੇ ਬਹੁਤ ਥੱਕਿਆ ਹੋਇਆ ਸੀ ਅਤੇ ਮੈਂ ਕਿਹਾ ਕਿ ਮੈਂ ਕੋਈ ਇਕ ਘੰਟਾ ਆਰਾਮ ਕਰਨ ਤੋਂ ਬਾਅਦ ਫਿਰ ਪੁਲਿਸ ਦੇ ਕੋਲ ਜਾਵਾਂਗਾ ਤੇ ਮੈਂ ਕਿਹਾ, ਕਿਤੇ ਦੌੜ ਨਹੀਂ ਜਾਵਾਂਗਾ, ਪੁਲਿਸ ਆਪਣੀ ਖਾਤਿਰ ਜਮਾ ਰੱਖੇ ਅਤੇ ਮੈਂ ਜ਼ਰੂਰ ਪੁਲਿਸ ਸਟੇਸ਼ਨ 'ਤੇ ਪਹੁੰਚ ਜਾਵਾਂਗਾ।

ਆਖਰ ਮੈਨੂੰ ਆਰਾਮ ਕਰਨ ਤੋਂ ਬਾਅਦ ਦੋ ਪੁਲਿਸ ਸਾਰਜੰਟ ਉਥੇ ਠਹਿਰੇ। ਆਰਾਮ ਕਰਨ ਤੋਂ ਬਾਅਦ ਥਾਣੇਦਾਰ ਤੋਂ ਪਹਿਲਾਂ ਮੈਂ ਆਪਣੇ ਆਦਮੀਆਂ ਨੂੰ ਕਿਹਾ ਕਿ ਕਿਸੇ ਕਿਸਮ ਦਾ ਫਿਕਰ ਨਾ ਕਰਨ, ਮੈਂ ਕੋਈ ਕਾਰਵਾਈ ਕਾਨੂੰਨ ਦੇ ਵਿਰੁਧ ਨਹੀਂ ਕੀਤੀ ਅਤੇ ਅੰਗਰੇਜ਼ੀ ਅਦਾਲਤ ਮੈਨੂੰ ਬਰੀ ਕਰ ਦੇਵੇਗੀ। ਜੇ ਮੈਨੂੰ ਕਿਸੇ ਜਗ੍ਹਾ ਲਕੋ ਦਿੱਤਾ ਗਿਆ ਤਾਂ ਤਮਾਮ ਹਿੰਦੁਸਤਾਨੀ ਭਾਈਆਂ ਨੂੰ ਦੱਸ ਦੇਣਾ, ਇਹ ਸੁਣ ਕੇ ਸਭ ਭਾਈ ਮੇਰੇ ਨਾਲ ਥਾਣੇ ਨੂੰ ਚੱਲਣ ਲੱਗੇ, ਪਰ ਮੈਂ ਉਨ੍ਹਾਂ ਨੂੰ ਸਮਝਾ ਕੇ ਨਾਲ ਜਾਣ ਤੋਂ ਰੋਕ ਦਿੱਤਾ। ਸਿਰਫ ਥੋੜੇ ਜਿਹੇ ਆਦਮੀ ਮੇਰੇ ਨਾਲ ਇਕੱਠੇ ਚਲੇ। ਥਾਣੇ ਦੀ ਥਾਂ ਮੈਨੂੰ ਪੁਲਿਸ ਸੁਪਰਡੈਂਟ ਦੀ ਕੋਠੀ ਲੈ ਗਏ। ਜਿਥੇ ਮੈਨੂੰ ਕਈ ਸਵਾਲ ਕੀਤੇ ਗਏ, ਜਿਸ ਦਾ ਜਵਾਬ ਮੈਂ ਪੂਰਾ ਪੂਰਾ ਦਿੱਤਾ। ਮੈਨੂੰ ਮਹਿਸੂਸ ਹੋਇਆ ਕਿ ਪੁਲਿਸ ਸੁਪਰਡੈਂਟ ਹੁਣ ਮੈਨੂੰ ਜਾਣ ਦੇਵੇਗਾ, ਇਸੇ ਦੌਰਾਨ ਉਸ ਨੇ ਕਿਸੇ ਨਾਲ ਟੈਲੀਫੋਨ 'ਤੇ ਗੱਲਬਾਤ ਕੀਤੀ ਅਤੇ ਮੈਨੂੰ ਕਿਹਾ ਕਿ ਆਪਣੇ ਜਹਾਜ ਦੇ ਸਾਰੇ ਕਾਗਜ਼ ਵਗੈਰਾ ਛੱਡ ਜਾਵੋ ਅਤੇ ਦੂਸਰੇ ਦਿਨ ਫਿਰ ਹਾਜ਼ਿਰ ਹੋਣਾ।

ਜਦ ਮੈਂ ਦੂਜੇ ਦਿਨ ਗਿਆ ਤਾਂ ਉਨ੍ਹਾਂ ਨੇ ਜ਼ਮਾਨਤ 'ਤੇ ਛੱਡ ਦਿੱਤਾ। ਫਿਰ ਮੈਂ ਅਦਾਲਤ ਵਿਚ ਪੇਸ਼ੀ ਦੇ ਸਮੇਂ ਜੱਜ ਨੂੰ ਕਿਹਾ ਕਿ ਮੈਨੂੰ ਰੋਕਣ ਦੀ ਜ਼ਰੂਰਤ ਨਹੀਂ ਹੈ, ਜਾਂ ਤਾਂ ਮੇਰੇ ਉਪਰ ਸਾਫ ਇਲਜ਼ਾਮ ਕੀਤਾ ਜਾਵੇ, ਕਿਉਂਕਿ ਮੇਰਾ ਵਕਤ ਖਰਾਬ ਨਾ ਹੋਵੇ ਅਤੇ ਮੈਨੂੰ ਆਪਣੇ ਜਹਾਜ ਦੇ ਤੁਰਨ ਦਾ ਬਹੁਤ ਫਿਕਰ ਹੈ। ਮੈਂ ਅਦਾਲਤ ਨੂੰ ਕਹਿ ਦਿੱਤਾ ਕਿ ਮੈਂ ਜੋ ਕੁਝ ਕੀਤਾ ਹੈ, ਸਭ ਕਾਨੂੰਨ ਦੀ ਹੱਦ ਅੰਦਰ ਰਹਿ ਕੇ ਕੀਤਾ ਹੈ। ਇਸ ਲਈ ਜੇ ਬਗੈਰ ਕਸੂਰ ਦੇ ਸਰਕਾਰ ਮੈਨੂੰ ਤਕਲੀਫ ਦੇਵੇਗੀ, ਤਾਂ ਨਾ ਸਿਰਫ ਮੇਰੇ ਇਕੱਲੇ ਨਾਲ, ਸਿਵਾ ਇਸ ਦੇ ਤਮਾਮ ਹਿੰਦੁਸਤਾਨੀਆਂ ਨਾਲ ਬੇ-ਇਨਸਾਫੀ ਹੋਵੇਗੀ। ਅਖੀਰ ਪੁਲਿਸ ਨੇ ਮੁਕੱਦਮਾ ਹਟਾ ਲਿਆ, ਮੈਨੂੰ ਬਰੀ ਕਰ ਦਿੱਤਾ। ਮੇਰੇ ਤਮਾਮ ਕਾਗਜ਼ ਵਾਪਸ ਕਰ ਦਿੱਤੇ। ਫਿਰ ਅਸੀਂ ਸਾਰੇ ਜਹਾਜ 'ਤੇ ਸਵਾਰ ਹੋ ਗਏ। ਫਿਰ ਜਦ ਮੈਂ ਜਾਪਾਨੀ ਕਪਤਾਨ ਨੂੰ ਬੋਲਿਆ ਚੱਲੋ, ਤਾਂ ਉਹ ਬੋਲਿਆ ਕਿ ਅਜੇ ਇਮੀਗਰੇਸ਼ਨ ਲਾਇਸੈਂਸ ਨਹੀਂ ਆਇਆ, ਜਿਸ 'ਤੇ ਗਵਰਨਰ ਦੇ ਦਸਤਖਤ ਹੋਣੇ ਜ਼ਰੂਰੀ ਹਨ।

ਮੈਂ ਉਸੀ ਵਕਤ ਜਹਾਜ ਦੇ ਏਜੰਟ ਨੂੰ ਕਿਹਾ ਕਿ ਤੁਸੀਂ ਇਸ ਗੱਲ ਦਾ ਇੰਤਜ਼ਾਮ ਕਿਉਂ ਨਹੀਂ ਕੀਤਾ, ਤਾਂ ਉਸ ਨੇ ਜਵਾਬ ਦਿੱਤਾ ਕਿ ਮੈਂ ਪੂਰੀ ਕੋਸ਼ਿਸ਼ ਕੀਤੀ ਸੀ ਪਰ ਹਾਂਗਕਾਗ ਦੀ ਅੰਗਰੇਜ਼ੀ ਸਰਕਾਰ ਇਹ ਨਹੀਂ ਚਾਹੁੰਦੀ ਕਿ ਹਿੰਦੁਸਤਾਨੀ ਇਸ ਤਰ੍ਹਾਂ ਕੈਨੇਡਾ ਵਿਚ ਜਾਣ, ਇਸ ਲਈ ਕਾਗਜ਼ ਉਪਰ ਦਸਤਖਤ ਨਹੀਂ ਕੀਤੇ।

ਦੂਜੇ ਦਿਨ ਮੈਂ ਆਪਣੇ ਵਕੀਲ ਰਾਹੀਂ ਗੌਰਮਿੰਟ ਨੂੰ ਨੋਟਿਸ ਦਿੱਤਾ। ਪਰ ਉਹੀ ਬੇਕਾਰ ਨਤੀਜਾ ਨਿਕਲਿਆ। ਅਖੀਰ 12 ਅਪਰੈਲ ਨੂੰ ਮੈਂ ਆਪਣੇ ਵਕੀਲ ਨੂੰ ਕਿਹਾ ਕਿ ਸਾਨੂੰ ਬਿਨਾ ਕਿਸੀ ਵਜ੍ਹਾ ਦੇ ਰੋਕਿਆ ਗਿਆ ਹੈ ਅਤੇ ਇਸ ਕਾਰਵਾਈ ਨਾਲ ਹਿੰਦੀ ਫੌਜਾਂ 'ਤੇ ਬਹੁਤ ਬੁਰਾ ਅਸਰ ਪਵੇਗਾ, ਜੋ ਸਾਡੇ ਦੇਸ਼ ਤੋਂ ਇਥੇ ਆਈਆਂ ਹਨ ਅਤੇ ਨਾ ਉਨ੍ਹਾਂ ਨੂੰ ਅਖਬਾਰ ਪੜ੍ਹਨ ਦੀ ਆਗਿਆ ਹੈ ਤੇ ਨਾ ਉਹ ਮੰਦਿਰ (ਗੁਰਦੁਆਰੇ) ਵਿਚ ਜਾ ਸਕਦੇ ਹਨ। ਹੁਣ ਸਰਕਾਰੀ ਹਾਕਮ ਦੀ ਇਹ ਤੀਸਰੀ ਹਰਕਤ ਯਾਨਿ ਜਹਾਜ ਨੂੰ ਬਿਨਾ ਕਿਸੀ ਵਜ੍ਹਾ ਦੇ ਰੋਕਣਾ ਹਿੰਦੀ ਸਿਪਾਹੀਆਂ ਵਿਚ ਹੋਰ ਵੀ ਗੁੱਸਾ ਪੈਦਾ ਕਰੇਗੀ ਅਤੇ ਜੇ ਕਿਸੇ ਸਿਪਾਹੀ ਨੇ ਫਸਾਦ-ਝਗੜਾ ਕੀਤਾ ਤਾਂ ਅਸੀਂ ਇਸ ਗੱਲ ਦੇ ਜ਼ਿੰਮੇਵਾਰ ਨਹੀਂ ਹੋਵਾਂਗੇ।

***(ਅਗਲੇ ਸਫੇ 'ਤੇ ਜਾਰੀ)***

# ਪਾਕਿਸਤਾਨ ਵਿਚਲੇ ਗੁਰਧਾਮ ਅਤੇ ਜਨਰਲ ਜ਼ਿਆ-ਉਲ-ਹੱਕ

***ਪੱਤਰਕਾਰ ਹਰਬੀਰ ਸਿੰਘ ਭੰਵਰ ਨੇ ਆਪਣੀ ਇਸ ਲਿਖਤ ਵਿਚ ਪਾਕਿਸਤਾਨ ਦੇ ਤਤਕਾਲੀ ਸਦਰ ਜਨਰਲ ਜ਼ਿਆ-ਉਲ-ਹੱਕ ਨਾਲ ਮੁਲਾਕਾਤ ਅਤੇ ਗੁਰਧਾਮਾਂ ਦੀ ਯਾਤਰਾ ਬਾਰੇ ਵੇਰਵੇ ਪਰੋਏ ਹਨ। ਇਸ ਵਿਚ ਕਰੀਬ ਚਾਰ ਦਹਾਕੇ ਪਹਿਲਾਂ ਵਾਲਾ ਵਕਤ ਝਾਤੀਆਂ ਮਾਰਦਾ ਹੈ। ਇਸ ਵਿਚ ਦੋਹਾਂ ਮੁਲਕਾਂ ਅਤੇ ਪਾਕਿਸਤਾਨੀ ਸਰਕਾਰ ਦੇ ਸਿੱਖਾਂ ਨਾਲ ਰਿਸ਼ਤਿਆਂ ਦੀਆਂ ਗੱਲਾਂ ਹਨ ਜੋ ਇੰਨਾ ਵਕਤ ਬੀਤ ਜਾਣ ਦੇ ਬਾਵਜੂਦ ਅਜੇ ਕੱਲ ਦੀਆਂ ਗੱਲਾਂ ਲਗਦੀਆਂ ਹਨ। -ਸੰਪਾਦਕ***

ਨਵੰਬਰ 1981 ਦੇ ਪਹਿਲੇ ਹਫਤੇ ਦੀ ਗੱਲ ਹੈ, ਅਸੀਂ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਉਤਸਵ ਸਮੇਂ ਪਾਕਿਸਤਾਨ ਦੇ ਗੁਰਧਾਮਾਂ ਦੀ ਯਾਤਰਾ ਲਈ ਗਏ ਹੋਏ ਸੀ। ਪਾਕਿਸਤਾਨ ਦੇ ਅਧਿਕਾਰੀਆਂ ਵਲੋਂ ਵਾਘਾ ਰੇਲਵੇ ਸਟੇਸ਼ਨ 'ਤੇ ਹੋਏ ਪੁਰਜੋਸ਼ ਸਵਾਗਤ ਤੋਂ ਵਿਹਲੇ ਹੋਏ ਤਾਂ ਜਥੇ ਦੇ ਲੀਡਰ ਪ੍ਰਕਾਸ਼ ਸਿੰਘ ਮਜੀਠਾ ਐਮ. ਐਲ. ਏ. ਨੇ ਮੈਨੂੰ ਅਤੇ ਪੱਤਰਕਾਰ ਦਲਬੀਰ ਸਿੰਘ ਨੂੰ ਦੱਸਿਆ, "ਪਾਕਿਸਤਾਨ ਦੇ ਸਦਰ ਜਨਰਲ ਜ਼ਿਆ ਨੇ ਉਨ੍ਹਾਂ ਨਾਲ 16 ਨਵੰਬਰ ਨੂੰ ਇਸਲਾਮਾਬਾਦ ਵਿਖੇ ਮਿਲਣ ਦੀ ਇੱਛਾ ਪ੍ਰਗਟ ਕੀਤੀ ਹੈ, ਤੁਸੀਂ ਦੋਵੇਂ ਮੇਰੇ ਨਾਲ ਚਲੋਗੇ। ਬਾਕੀ ਦੇ ਮੈਂਬਰ ਮੈਂ ਆਪਣੇ ਡਿਪਟੀ ਲੀਡਰ ਦੀ ਸਲਾਹ ਮਸ਼ਵਰੇ ਨਾਲ ਚੁਣਾਂਗਾ।"

ਇਹ ਜਨਰਲ ਜ਼ਿਆ ਸਨ ਜਿਨ੍ਹਾਂ ਸਿੱਖਾਂ ਨਾਲ ਸਬੰਧ ਖੁਸ਼ਗਵਾਰ ਬਣਾਉਣ ਲਈ ਪਾਕਿਸਤਾਨ ਦੇ ਇਤਿਹਾਸਕ ਗੁਰਧਾਮਾਂ ਦੀ ਯਾਤਰਾ ਲਈ

**ਹਰਬੀਰ ਸਿੰਘ ਭੰਵਰ**

ਅਨੇਕਾਂ ਸਹੂਲਤਾਂ ਦਿੱਤੀਆਂ। ਕਈ ਗੁਰਧਾਮ ਦਰਸ਼ਨਾਂ ਲਈ ਖੋਲ੍ਹੇ ਅਤੇ ਯਾਤਰੀ ਜਥਿਆਂ ਦੀ ਗਿਣਤੀ ਵਧਾਈ। ਇਸ ਤੋਂ ਪਹਿਲਾਂ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਉਤਸਵ ਸਮੇਂ ਕੇਵਲ ਨਨਕਾਣਾ ਸਾਹਿਬ, ਵਿਸਾਖੀ ਸਮੇਂ ਪੰਜਾ ਸਾਹਿਬ ਤੇ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਪੁਰਬ ਅਤੇ ਮਹਾਰਾਜਾ ਰਣਜੀਤ ਸਿੰਘ ਦੀ ਬਰਸੀ ਸਮੇਂ ਗੁਰਦੁਆਰਾ ਡੇਹਰਾ ਸਾਹਿਬ, ਲਾਹੌਰ ਦੀ ਯਾਤਰੀ ਲਈ ਕੇਵਲ 5-5 ਦਿਨ ਲਈ ਜਾ ਸਕਦੇ ਸਨ। ਜਨਰਲ ਜ਼ਿਆ ਨੇ ਹਰ ਯਾਤਰਾ ਸਮੇਂ ਸਾਰੇ ਗੁਰਧਾਮਾਂ ਦੀ ਯਾਤਰਾ ਲਈ ਆਗਿਆ ਦੇ ਨਾਲ ਗੁਰਦੁਆਰਾ ਸੱਚਾ ਸੌਦਾ ਤੇ ਏਮਨਾਬਾਦ ਦੇ ਗੁਰਦੁਆਰੇ ਦਰਸ਼ਨਾਂ ਲਈ ਖੋਲ੍ਹਣ ਦੀ ਮਨਜ਼ੂਰੀ ਦਿੱਤੀ। ਬੱਸਾਂ 'ਤੇ ਜਾਣ ਦੀ ਥਾਂ ਪਾਕਿਸਤਾਨ ਰੇਲਵੇ ਦੀਆਂ ਵਿਸ਼ੇਸ਼ ਗੱਡੀਆਂ ਅੰਮ੍ਰਿਤਸਰ ਭੇਜੀਆਂ ਜਾਣ ਲੱਗੀਆਂ। ਇਹ ਵੀ ਜਨਰਲ ਜ਼ਿਆ ਸਨ, ਜਿਨ੍ਹਾਂ ਸੂਹੀਆ ਏਜੰਸੀ ਆਈ. ਐਸ. ਆਈ. ਦਾ ਵਿਸਥਾਰ ਕੀਤਾ, ਜੋ ਭਾਰਤ ਵਿਰੋਧੀ ਕਾਰਵਾਈਆਂ ਲਈ ਜਾਣੀ ਜਾਂਦੀ ਹੈ।

ਮਿਥੇ ਪ੍ਰੋਗਰਾਮ ਅਨੁਸਾਰ ਸਿੱਖ ਯਾਤਰੀਆਂ ਦੇ ਇਸ ਜਥੇ ਨੇ ਸ੍ਰੀ ਨਨਕਾਣਾ ਸਾਹਿਬ ਗੁਰੂ ਨਾਨਕ ਦੇਵ ਜੀ ਦਾ ਅਵਤਾਰ ਗੁਰਪੁਰਬ ਮਨਾਇਆ। 13 ਨਵੰਬਰ ਸ਼ਾਮ ਨੂੰ ਚਲ ਕੇ ਅਗਲੀ ਸਵੇਰ ਸ੍ਰੀ ਪੰਜਾ ਸਾਹਿਬ (ਹਸਨ ਅਬਦਾਲ) ਪਹੁੰਚੇ। 15 ਨਵੰਬਰ ਰਾਤ ਨੂੰ ਇਹ ਜਥਾ ਤਿੰਨ ਵਿਸ਼ੇਸ਼ ਗੱਡੀਆਂ ਰਾਹੀਂ ਲਾਹੌਰ ਰਵਾਨਾ ਹੋ ਗਿਆ ਅਤੇ ਡੈਲੀਗੇਸ਼ਨ ਦੇ 14 ਮੈਂਬਰ ਗੁਰਦੁਆਰਾ ਪੰਜਾ ਸਾਹਿਬ ਹੀ ਰਹੇ। ਰਾਤ ਨੂੰ ਮਜੀਠਾ ਸਾਹਿਬ ਨੇ ਉਨ੍ਹਾਂ ਨਾਲ ਮੀਟਿੰਗ ਕਰਕੇ ਅਗਲੇ ਦਿਨ ਸਦਰ ਜ਼ਿਆ ਨਾਲ ਗੱਲਬਾਤ ਦੌਰਾਨ ਗੁਰਦੁਆਰਾ ਸਾਹਿਬਾਨ ਦੇ ਖੁੱਲ੍ਹੇ ਦਰਸ਼ਨ ਦੀਦਾਰੇ, ਸੇਵਾ ਸੰਭਾਲ ਅਤੇ ਯਾਤਰੂਆਂ ਲਈ ਹੋਰ ਸਹੂਲਤਾਂ ਦੇਣ ਬਾਰੇ ਖੁੱਲ੍ਹਾ ਵਿਚਾਰ-ਵਟਾਂਦਰਾ ਕੀਤਾ।

ਅਗਲੀ ਸਵੇਰ 9:45 ਵਜੇ ਅਸੀਂ ਵਕਫ ਬੋਰਡ ਦੇ ਅਧਿਕਾਰੀਆਂ ਨਾਲ ਏਅਰ ਕੰਡੀਸ਼ਨਡ ਡੀਲਕਸ ਮਿੰਨੀ ਬੱਸ ਰਾਹੀਂ ਇਸਲਾਮਾਬਾਦ ਲਈ ਰਵਾਨਾ ਹੋਏ। ਰਸਤੇ ਵਿਚ ਕੁਝ ਸਮੇਂ ਲਈ ਟੈਕਸਲਾ ਵਿਖੇ ਮਿਊਜ਼ੀਅਮ, ਜਿਥੇ ਪੁਰਾਤਨ ਸਭਿਅਤਾ ਬਾਰੇ ਮਿਲੀਆਂ ਅਦਭੁਤ ਵਸਤੂਆਂ ਸਾਂਭੀਆਂ ਹੋਈਆਂ ਹਨ, ਵੇਖਿਆ। ਇਸ ਦੇ ਕਸਟੋਡੀਅਨ ਚੌਧਰੀ ਗੁਲਜ਼ਾਰ ਮੁਹੰਮਦ ਨੇ ਟੈਕਸਲਾ ਵਾਦੀ ਦੇ ਪੁਰਾਤਨ ਇਤਿਹਾਸ ਬਾਰੇ ਜਾਣਕਾਰੀ ਦਿੱਤੀ।

ਇਸਲਾਮਾਬਾਦ ਪਹੁੰਚਣ 'ਤੇ ਵਕਫ ਬੋਰਡ ਵਲੋਂ ਪੰਜ ਤਾਰਾ ਹੋਟਲ 'ਹਾਲੀਡੇ ਇਨ' ਵਿਚ ਖਾਣਾ ਖੁਆਇਆ ਗਿਆ। ਉਪਰੰਤ ਪਾਕਿਸਤਾਨ ਸਰਕਾਰ ਦੀ ਧਾਰਮਿਕ ਅਤੇ ਘੱਟ ਗਿਣਤੀ ਮਾਮਲਿਆਂ ਬਾਰੇ ਵਜ਼ਾਰਤ ਦੇ ਹੈਡਕੁਆਰਟਰ ਗਏ। ਇਥੇ ਸ. ਮਜੀਠਾ ਅਤੇ ਡਿਪਟੀ ਲੀਡਰ ਸ. ਦੇ ਲੀਡਰ ਸ. ਮਜੀਠਾ ਨੇ ਸਭ ਮੈਂਬਰਾਂ ਨਾਲ ਉਨ੍ਹਾਂ ਦਾ ਤੁਆਰਫ ਕਰਾਇਆ। ਸਦਰ ਦੇ ਨਾਲ ਪਾਕਿਸਤਾਨ ਦੇ ਧਾਰਮਿਕ ਅਤੇ ਘੱਟ ਗਿਣਤੀ ਮਾਮਲਿਆਂ ਦੇ ਵਜ਼ੀਰ ਨਵਾਬ ਮੁਹੰਮਦ ਅਬਾਸ ਅਬਾਸੀ ਅਤੇ ਵਕਫ ਬੋਰਡ ਦੇ ਚੇਅਰਮੈਨ ਤੇ



*ਗੁਰਦੁਆਰਾ ਪੰਜਾ ਸਾਹਿਬ ਵਿਚ ਪ੍ਰਕਾਸ਼ ਪੁਰਬ ਮੌਕੇ ਜੁੜੀ ਸੰਗਤ।*

ਕਾਬਲ ਸਿੰਘ ਨੇ ਇਸ ਵਜ਼ਾਰਤ ਦੇ ਸੈਕਟਰੀ ਅਤੇ ਵਕਫ ਬੋਰਡ ਦੇ ਚੇਅਰਮੈਨ ਨਾਲ ਸ੍ਰੀ ਨਨਕਾਣਾ ਸਾਹਿਬ ਵਿਖੇ ਰਿਹਾਇਸ਼ ਤੇ ਲੰਗਰ ਦੇ ਪ੍ਰਬੰਧ, ਪਵਿਤਰ ਸਰੋਵਰ ਵਿਚ ਸੰਗਲ ਲਾਉਣ ਅਤੇ ਰਸਤਾ ਦਰਸ਼ਨੀ ਡਿਉੜੀ ਵਲ ਕਰਨ, ਫਲੱਸ਼ ਦਾ ਪ੍ਰਬੰਧ ਕਰਨ, ਗੁਰਦੁਆਰਾ ਪੰਜਾ ਸਾਹਿਬ ਵਿਖੇ ਵੀ ਹੋਰ ਰਿਹਾਇਸ਼, ਗੁਸਲਖਾਨੇ, ਫਲੱਸ਼ ਆਦਿ ਦਾ ਪ੍ਰਬੰਧ ਕਰਨ ਬਾਰੇ ਸੁਝਾਓ ਦਿੱਤੇ, ਜੋ ਉਨ੍ਹਾਂ ਤੁਰੰਤ ਮੰਨ ਲਏ। ਸ. ਮਜੀਠਾ ਤੇ ਕਾਬਲ ਸਿੰਘ ਨੇ ਸ੍ਰੀ ਪੰਜਾ ਸਾਹਿਬ ਦੇ ਸਾਕੇ ਵਾਲੀ ਥਾਂ, ਰੇਲਵੇ ਲਾਈਨ ਲਾਗੇ ਨਿਸ਼ਾਨਦੇਹੀ ਕਰਕੇ ਸ਼ਹੀਦੀ ਸਾਕੇ ਦੇ ਇਤਿਹਾਸ ਬਾਰੇ ਬੋਰਡ ਲਾਉਣ ਲਈ ਕਿਹਾ, ਜੋ ਉਨ੍ਹਾਂ ਪ੍ਰਵਾਨ ਕਰਦਿਆਂ ਬੇਨਤੀ ਕੀਤੀ, "ਇਹ ਬੋਰਡ ਪੰਜਾਬੀ ਅਤੇ ਉਰਦੂ ਵਿਚ ਲਿਖਵਾ ਕੇ ਤੁਸੀਂ ਹਿੰਦੁਸਤਾਨ ਤੋਂ ਭਿਜਵਾ ਦਿਉ, ਅਸੀਂ ਠੀਕ ਥਾਂ 'ਤੇ ਲਗਵਾ ਦਿਆਂਗੇ।" ਕੁਝ ਹੋਰ ਸੁਝਾਉ ਵੀ ਦਿੱਤੇ ਗਏ, ਜੋ ਉਨ੍ਹਾਂ ਪ੍ਰਵਾਨ ਕਰ ਲਏ। ਇਥੇ ਹੀ ਸ. ਮਜੀਠਾ ਅਤੇ ਡੈਲੀਗੇਸ਼ਨ ਦੇ ਬਾਕੀ ਮੈਂਬਰਾਂ ਨੂੰ ਸਦਰ ਜ਼ਿਆ ਵਲੋਂ ਤੋਹਫੇ ਦਿੱਤੇ ਗਏ।

ਇਹ ਡੈਲੀਗੇਸ਼ਨ ਦੋ ਵਜੇ ਦਸ ਵਿਸ਼ੇਸ਼ ਕਾਰਾਂ ਰਾਹੀਂ ਰਾਵਲਪਿੰਡ ਰਵਾਨਾ ਹੋਇਆ, ਜਿਥੇ 2:30 ਵਜੇ ਸਦਰ ਨਾਲ ਮੁਲਾਕਾਤ ਸੀ। ਅਸੀਂ ਸਮੇਂ ਸਿਰ ਪੁੱਜ ਗਏ। ਪ੍ਰੈਜ਼ੀਡੈਂਟ ਹਾਊਸ ਦੇ ਲਾਅਨ ਵਿਚ ਪਹਿਲਾਂ ਹੀ ਕੁਰਸੀਆਂ ਆਦਿ ਲਾਈਆਂ ਹੋਈਆਂ ਸਨ। ਪਾਕਿਸਤਾਨ ਵਿਚ ਭਾਰਤੀ ਸਫੀਰ ਨਟਵਰ ਸਿੰਘ ਅਤੇ ਇਧਰੋਂ ਜਥੇ ਨਾਲ ਭਾਰਤ ਦੇ ਵਿਦੇਸ਼ ਮੰਤਰਾਲੇ ਦੇ ਜੁਆਇੰਟ ਸਕੱਤਰ ਪਹਿਲਾਂ ਹੀ ਮੌਜੂਦ ਸਨ। ਹਾਲੇ ਜਾ ਕੇ ਬੈਠੇ ਹੀ ਸਾਂ ਕਿ ਸਦਰ ਜ਼ਿਆ ਨਿਹਾਇਤ ਹੀ ਸਾਦਾ ਲਿਬਾਸ ਵਿਚ ਆਏ ਅਤੇ ਦੋਵੇਂ ਹੱਥ ਜੋੜ ਕੇ ਕਹਿਣ ਲੱਗੇ, "ਆਦਾਬ ਅਰਜ਼ ਸਰਦਾਰ ਸਾਹਿਬ।" ਉਨ੍ਹਾਂ ਸਭ ਨਾਲ ਵਾਰੀ ਵਾਰੀ ਹੱਥ ਮਿਲਾਇਆ। ਡੈਲੀਗੇਸ਼ਨ

ਕੁਝ ਸੀਨੀਅਰ ਅਧਿਕਾਰੀ ਸਨ। ਇਸ ਪਿੱਛੋਂ ਸਦਰ ਜ਼ਿਆ ਸ. ਮਜੀਠਾ ਸਮੇਤ ਬਾਕੀ ਮੈਂਬਰਾਂ ਨਾਲ ਬੈਠ ਕੇ ਗੱਲਾਂ ਕਰਨ ਲੱਗੇ। ਸਦਰ ਦੇ ਦੂਜੇ ਪਾਸੇ ਡਿਪਟੀ ਲੀਡਰ ਸ. ਕਾਬਲ ਸਿੰਘ ਸਨ। ਸਦਰ ਜ਼ਿਆ ਠੇਠ ਪੰਜਾਬੀ 'ਚ ਗੱਲਬਾਤ ਕਰ ਰਹੇ ਸਨ।

ਸ. ਮਜੀਠਾ ਨੇ ਪਾਕਿਸਤਾਨ ਸਰਕਾਰ, ਲੋਕਾਂ ਅਤੇ ਸਾਰੇ ਅਧਿਕਾਰੀਆਂ ਵਲੋਂ ਜਥੇ ਨੂੰ ਦਿੱਤੇ ਨਿੱਘੇ ਸਵਾਗਤ, ਸਤਿਕਾਰ, ਪਿਆਰ ਅਤੇ ਹਰ ਤਰ੍ਹਾਂ ਦੇ ਸਹਿਯੋਗ ਲਈ ਧੰਨਵਾਦ ਕਰਦਿਆਂ ਸਦਰ ਨੂੰ ਕਿਹਾ, "ਤੁਸੀਂ ਸਿੰਘਾਂ ਨੂੰ ਗੁਰਦੁਆਰਿਆਂ



*ਜਨਰਲ ਜ਼ਿਆ-ਉਲ-ਹੱਕ*

ਦੇ ਖੁੱਲ੍ਹੇ ਦਰਸ਼ਨ ਦੀਦਾਰ ਦੀ ਆਗਿਆ ਦੇ ਕੇ ਬੜਾ ਹੀ ਨੇਕ ਕੰਮ ਕੀਤਾ ਹੈ। ਹੁਣ ਗੁਰਦੁਆਰਾ ਸਾਹਿਬਾਨ ਦੀ ਸੇਵਾ ਸੰਭਾਲ, ਵਿਸ਼ੇਸ਼ ਕਰ ਸ੍ਰੀ ਨਨਕਾਣਾ ਸਾਹਿਬ, ਗੁਰਦੁਆਰਾ ਪੰਜਾ ਸਾਹਿਬ ਹਸਨ ਅਬਦਾਲ ਅਤੇ ਗੁਰਦੁਆਰਾ ਡੇਹਰਾ ਸਾਹਿਬ ਲਾਹੌਰ ਲਈ ਪੰਜ ਪੰਜ ਸੇਵਾਦਾਰ ਭੇਜਣ ਦੀ ਆਗਿਆ ਦਿਉ।" ਸਦਰ ਨੇ ਪਹਿਲਾਂ ਤਾਂ ਕਿਹਾ ਕਿ ਪਾਕਿਸਤਾਨ ਵਿਚ ਰਹਿ ਰਹੇ ਕਬਾਇਲੀ ਸਿੱਖਾਂ ਨੂੰ ਲੋੜੀਂਦੀ ਟ੍ਰੇਨਿੰਗ ਦਿਉ, ਪਰ ਜਦੋਂ ਸ. ਮਜੀਠਾ ਨੇ ਕਿਹਾ, "ਮੈਂ ਵੀ ਸਿੱਖ ਹਾਂ, ਪਰ ਗੁਰਮਤਿ ਮਰਿਆਦਾ ਅਨੁਸਾਰ ਸੇਵਾ ਸੰਭਾਲ ਨਹੀਂ ਕਰ ਸਕਦਾ", ਤਾਂ ਉਨ੍ਹਾਂ ਪਰਵਾਨਗੀ ਦਿੰਦਿਆਂ ਕਿਹਾ, "ਮੈਂ ਇਹ ਗੱਲ ਚੰਗੀ ਤਰ੍ਹਾਂ ਜਾਣਦਾ ਹਾਂ।"

ਗੱਲ ਜਾਰੀ ਰੱਖਦਿਆਂ ਸ. ਮਜੀਠਾ ਅਤੇ ਸ. ਕਾਬਲ ਸਿੰਘ ਨੇ ਚੂਹੜਕਾਨਾ ਵਿਖੇ ਗੁਰਦੁਆਰਾ ਸੱਚਾ ਸੌਦਾ ਵੀ ਸੰਗਤਾਂ ਦੇ ਦਰਸ਼ਨਾਂ ਲਈ ਖੋਲ੍ਹਣ ਦੀ ਮੰਗ ਕੀਤੀ। ਸਦਰ ਨੇ ਆਪਣੇ ਅਧਿਕਾਰੀਆਂ ਤੋਂ ਪੁਛਿਆ, "ਜੀ ਹਾਂ, ਯਾਤਰੀ ਨਨਕਾਣਾ ਸਾਹਿਬ ਤੋਂ ਸੱਚਾ ਸੌਦਾ ਦੇ ਦਰਸ਼ਨ ਕਰਕੇ ਫਿਰ ਉਸੇ ਸ਼ਾਮ ਹੀ ਨਨਕਾਣਾ ਸਾਹਿਬ ਵਾਪਸ ਜਾ ਸਕਦੇ ਹਨ।" ਸਦਰ ਜ਼ਿਆ ਨੇ ਇਸ ਦੀ ਵੀ ਮਨਜ਼ੂਰੀ ਦੇ ਦਿੱਤੀ।

ਇਸ ਪਿੱਛੋਂ ਸ. ਮਜੀਠਾ ਅਤੇ ਸ. ਕਾਬਲ ਸਿੰਘ ਨੇ ਸਦਰ ਨੂੰ ਦੱਸਿਆ ਕਿ ਸ੍ਰੀ ਨਨਕਾਣਾ ਸਾਹਿਬ ਅਤੇ ਹੋਰ ਗੁਰਧਾਮਾਂ ਦੇ ਨਾਂ ਬਹੁਤ ਜਮੀਨ ਅਤੇ ਹੋਰ ਜਾਇਦਾਦ ਹੈ, ਜਿਸ ਦਾ ਠੇਕਾ ਜਾਂ ਕਿਰਾਇਆ ਆਦਿ ਨਾਂ-ਮਾਤਰ ਹੀ ਹੈ। ਸ੍ਰੀ ਨਨਕਾਣਾ ਸਾਹਿਬ ਵਿਖੇ ਜਮੀਨ ਦਾ ਸਾਲਾਨਾ ਠੇਕਾ 500 ਤੋਂ 600 ਰੁਪਏ ਪ੍ਰਤੀ ਏਕੜ ਹੈ, ਸ਼ਹਿਰੀ ਜਮੀਨ ਤਾਂ ਤਿੰਨ ਚਾਰ ਹਜ਼ਾਰ ਰੁਪਏ ਤੱਕ ਹੈ, ਪਰ ਉਥੇ ਗੁਰਧਾਮਾਂ ਦੀ ਜਮੀਨ ਸਿਰਫ 40 ਤੋਂ 60 ਰੁਪਏ ਸਾਲਾਨਾ ਠੇਕੇ 'ਤੇ ਦਿੱਤੀ ਗਈ ਹੈ। ਇਹ ਵਧਾਇਆ ਜਾਏ ਤਾਂ ਜੋ ਗੁਰਧਾਮਾਂ ਦੀ ਆਮਦਨ ਵਧ ਸਕੇ ਅਤੇ ਇਨ੍ਹਾਂ 'ਤੇ ਹੀ ਖਰਚੀ ਜਾ ਸਕੇ। ਵਕਫ ਬੋਰਡ ਦੇ ਚੇਅਰਮੈਨ ਨੇ ਵੀ ਇਸ ਦੀ ਪੁਸ਼ਟੀ ਕਰਦਿਆਂ ਕਿਹਾ ਕਿ ਵਾਕਈ ਬਾਹਰ ਜਮੀਨ ਦਾ ਠੇਕਾ ਬਹੁਤਾ ਹੈ। ਇਸ ਉਤੇ ਸਦਰ ਨੇ ਉਨ੍ਹਾਂ ਨੂੰ ਤਾਕੀਦ ਕੀਤੀ ਕਿ ਗੁਰਧਾਮਾਂ ਦੀ ਸਾਰੀ ਜਾਇਦਾਦ ਦਾ ਠੇਕਾ ਜਾਂ ਕਿਰਾਇਆ 50 ਤੋਂ 200 ਫੀਸਦੀ ਵਧਾ ਦਿੱਤਾ ਜਾਏ।

ਰਾਵੀ ਕੰਢੇ ਕਰਤਾਰਪੁਰ ਵਿਖੇ ਗੁਰੂ ਨਾਨਕ ਦੇਵ ਜੀ ਦੇ ਆਪਣੇ ਜੀਵਨ ਦੇ ਆਖਰੀ ਬਿਤਾਏ ਗਏ ਸਮੇਂ ਦਾ ਜ਼ਿਕਰ ਕਰਦਿਆਂ ਅਤੇ ਸ੍ਰੀ ਦਰਬਾਰ ਸਾਹਿਬ ਕਰਤਾਰਪੁਰ ਦੀ ਸਿੰਘਾਂ ਲਈ ਮਹੱਤਤਾ ਦਾ ਜ਼ਿਕਰ ਕਰਦਿਆਂ ਸ. ਮਜੀਠਾ ਨੇ ਮੰਗ ਕੀਤੀ ਕਿ ਇਹ ਗੁਰਦੁਆਰਾ ਵੀ ਦਰਸ਼ਨ ਲਈ ਖੋਲ੍ਹ ਦਿੱਤਾ ਜਾਏ। ਸਦਰ ਨੇ ਕਿਹਾ, "ਮੈਂ ਉਥੇ ਜਾ ਕੇ ਇਸ ਦਾ ਮੁਆਇਨਾ ਕਰਾਂਗਾ ਅਤੇ ਫਿਰ ਦੱਸਾਂਗਾ।" ਸਦਰ ਜ਼ਿਆ ਨੇ ਡੈਲੀਗੇਸ਼ਨ ਨੂੰ ਪੂਰਾ ਭਰੋਸਾ ਦਿਵਾਇਆ ਕਿ ਪਾਕਿਸਤਾਨ ਸਰਕਾਰ ਗੁਰਧਾਮਾਂ ਦੇ ਖੁੱਲ੍ਹੇ ਦਰਸ਼ਨ ਦਰਸ਼ਨ ਦੀਦਾਰ, ਸੇਵਾ ਸੰਭਾਲ ਅਤੇ ਵੱਧ ਤੋਂ ਵੱਧ ਸਹੂਲਤਾਂ ਦੇਣ ਦੀ ਪੂਰੀ ਕੋਸ਼ਿਸ਼ ਕਰੇਗੀ। ਇਹ ਉਨ੍ਹਾਂ ਦਾ ਫਰਜ਼ ਹੈ, ਡਿਊਟੀ ਹੈ।

ਚਾਹ ਆਦਿ ਤੋਂ ਵਿਹਲੇ ਹੋ ਕੇ 45 ਮਿੰਟ ਦੀ ਮੁਲਾਕਾਤ ਪਿੱਛੋਂ ਡੈਲੀਗੇਸ਼ਨ ਨੇ ਸਦਰ ਤੋਂ ਵਿਦਾ ਲਈ। ਸਦਰ ਜ਼ਿਆ ਲਾਅਨ ਦੇ ਬਾਹਰ ਤੱਕ ਆਏ ਅਤੇ ਸਭ ਨਾਲ ਹੱਥ ਮਿਲਾਉਂਦਿਆਂ ਆਪਣੀਆਂ ਸ਼ੁਭ ਇੱਛਾਵਾਂ ਦਿੱਤੀਆਂ।

## ਗੁਜਰਾਂਵਾਲਾ ਦੀ ਅਭੁੱਲ ਯਾਤਰਾ

ਜਨਰਲ ਜ਼ਿਆ ਨੂੰ ਮਿਲ ਕੇ ਰਾਵਲਪਿੰਡੀ ਤੋਂ ਬਾਹਰ ਨਿਕਲੇ ਤਾਂ ਸ਼ਾਮ ਹੋਣ ਲੱਗੀ ਸੀ। ਜਿਹਲਮ ਕੋਲ ਆ ਕੇ ਰਾਤ ਹੋਣ ਲੱਗੀ ਸੀ। ਗੱਡੀ ਦੇ ਡਰਾਈਵਰ ਨੇ ਰੇਡੀਓ ਲਾ ਦਿੱਤਾ ਜਿਸ 'ਤੇ ਸ਼ਾਮ ਦੀ ਨਮਾਜ਼ ਪੜ੍ਹੀ ਜਾ ਰਹੀ ਸੀ। ਇਸ ਦੀ ਪ੍ਰਤੀਕ੍ਰਿਆ ਵਜੋਂ ਭਾਗ ਸਿੰਘ ਸਮੇਤ ਡੈਲੀਗੇਸ਼ਨ ਦੇ ਮੈਂਬਰਾਂ ਨੇ ਉਚੀ ਉਚੀ 'ਰਹਿਰਾਸ' ਦਾ ਪਾਠ ਕਰਨਾ ਸ਼ੁਰੂ ਕਰ ਦਿੱਤਾ। ਰਾਤ ਦੇ ਅੱਠ ਕੁ ਵਜੇ ਗੁਜਰਾਂਵਾਲੇ ਪਹੁੰਚੇ। ਬਾਜ਼ਾਰ ਤੰਗ ਹੋਣ ਕਰਕੇ ਆਪਣੀ ਗੱਡੀ ਬਾਹਰ ਖੜ੍ਹੀ ਕਰਕੇ ਜਦੋਂ ਅਸੀਂ ਪੈਦਲ ਹੀ ਹਵੇਲੀ ਵੱਲ ਤੁਰਨ ਲੱਗੇ, ਇਹ ਦੇਖ ਕੇ ਸਾਡੀ ਹੈਰਾਨੀ ਦੀ ਹੱਦ ਨਾ ਰਹੀ ਕਿ ਬਾਜ਼ਾਰ ਦੇ ਦੋਵੇਂ ਪਾਸੇ ਸੈਂਕੜੇ ਹੀ ਲੋਕ, ਵਿਸ਼ੇਸ਼ ਕਰਕੇ ਨੌਜਵਾਨ ਖੜ੍ਹੇ ਬੜੀ ਬੇਸਬਰੀ ਨਾਲ ਸਾਡੀ ਉਡੀਕ ਕਰ ਰਹੇ ਸਨ। ਸਕਿਓਰਿਟੀ ਆਦਿ ਦੇ ਪ੍ਰਬੰਧ ਕਰਨ ਕਰਕੇ ਸਥਾਨਕ ਅਧਿਕਾਰੀਆਂ ਨੂੰ ਸਾਡੇ ਪ੍ਰੋਗਰਾਮ ਬਾਰੇ ਇਤਲਾਹ ਕੀਤੀ ਗਈ ਸੀ।

ਅਗਸਤ 1947 ਵਿਚ ਵੰਡ ਪਿੱਛੋਂ ਇਥੇ ਪਹਿਲੀ ਵਾਰੀ ਸਿੱਖ ਯਾਤਰੀ ਆਏ ਸਨ। ਜਿਨ੍ਹਾਂ ਦਾ ਜਨਮ ਅਗਸਤ 1947 ਪਿੱਛੋਂ ਹੋਇਆ, ਉਨ੍ਹਾਂ ਨੇ ਤਾਂ ਕਦੀ ਸਿੱਖ ਦੇਖੇ ਹੀ ਨਹੀਂ ਸਨ। ਸਾਡੇ ਆਉਣ 'ਤੇ ਇਨ੍ਹਾਂ ਨੇ ਤਾੜੀਆਂ ਵਜਾ ਕੇ ਸਾਡਾ ਸਵਾਗਤ ਕੀਤਾ। ਆਪਣੇ ਘਰਾਂ ਅਤੇ ਗਲੀਆਂ ਵਿਚ ਖੇਡਦੇ ਬੱਚੇ ਦੌੜ ਦੌੜ ਕੇ ਸਿੰਘਾਂ ਨੂੰ ਵੇਖਣ ਆ ਰਹੇ ਸਨ।

ਮਹਾਰਾਜਾ ਰਣਜੀਤ ਸਿੰਘ ਦੀ ਹਵੇਲੀ ਲਾਗੇ ਵੀ ਕਾਫੀ ਇਕੱਠ ਸੀ। ਅਸੀਂ ਜਾ ਕੇ ਬੈਠੇ ਹੀ ਸਾਂ ਕਿ ਹਵੇਲੀ ਦੇ ਪਿਛਲੇ ਪਾਸੇ ਸਬਜ਼ੀ ਮੰਡੀ ਵਿਚ ਹਜ਼ਾਰਾਂ ਹੀ ਲੋਕਾਂ, ਵਿਸ਼ੇਸ਼ ਕਰਕੇ ਨੌਜਵਾਨਾਂ ਦਾ ਬਹੁਤ ਵੱਡਾ ਇਕੱਠ ਹੋ ਗਿਆ। ਆਸੇ ਪਾਸੇ ਕਈ ਥਾਂਵਾਂ 'ਤੇ ਬਿਜਲੀ ਦੇ ਬਲਬਾਂ ਨਾਲ ਦੀਪਮਾਲਾ ਕੀਤੀ ਹੋਈ ਸੀ। ਨੌਜਵਾਨਾਂ ਵਲੋਂ ਵਾਰ ਵਾਰ ਜ਼ੋਰ ਦੇਣ 'ਤੇ ਵਕਫ ਬੋਰਡ ਦੇ ਅਧਿਕਾਰੀਆਂ ਨੇ ਸਾਨੂੰ ਸਾਰਿਆਂ ਨੂੰ ਬੇਨਤੀ ਕੀਤੀ ਕਿ ਪਿਛਲੇ ਪਾਸੇ ਗੈਲਰੀ ਵਿਚ ਖੜੋ ਕੇ ਸੰਗਤਾਂ ਨੂੰ ਦਰਸ਼ਨ ਦਿਉ। ਅਸੀਂ ਸਾਰੇ ਗੈਲਰੀ ਵਿਚ ਆ ਕੇ ਖੜ੍ਹੋ ਗਏ, ਨੌਜਵਾਨਾਂ ਨੂੰ ਜਿਵੇਂ ਕੋਈ ਖਜਾਨਾ ਮਿਲ ਗਿਆ ਹੋਵੇ, ਉਹ ਨਾਅਰੇ ਲਾਉਣ ਲੱਗੇ, "ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ।" ਸ਼ਾਇਦ ਕਿਸੇ ਪੁਰਾਣੇ ਬਜੁਰਗ ਨੇ ਇਸੇ ਜੈਕਾਰੇ ਬਾਰੇ ਉਨ੍ਹਾਂ ਨੂੰ ਦੱਸਿਆ ਹੋਵੇਗਾ।

**ਯਾਦ ਝਰੋਖਾ**

ਕਈਆਂ ਨੇ 'ਖਾਲਿਸਤਾਨ ਜ਼ਿੰਦਾਬਾਦ' ਦੇ ਨਾਅਰੇ ਵੀ ਲਾਏ ਪਰ ਉਨ੍ਹਾਂ ਨੂੰ ਰੋਕ ਦਿੱਤਾ ਗਿਆ। ਦਲ ਖਾਲਸਾ ਵਲੋਂ ਸਵਾ ਕੁ ਮਹੀਨਾ ਪਹਿਲਾਂ 29 ਸਤੰਬਰ ਨੂੰ ਭਾਰਤੀ ਹਵਾਈ ਜਹਾਜ ਅਗਵਾ ਕਰਕੇ ਲਾਹੌਰ ਲਿਆਉਣ ਕਾਰਨ ਖਾਲਿਸਤਾਨ ਦਾ ਨਾਂ ਇਥੇ ਪਹੁੰਚ ਚੁਕਾ ਸੀ, ਉਹ ਸਮਝਦੇ ਸਨ ਕਿ ਚੜ੍ਹਦੇ ਪੰਜਾਬ ਵਿਚ ਖਾਲਿਸਤਾਨ ਲਹਿਰ ਬੜੇ ਜ਼ੋਰ ਸ਼ੋਰ ਨਾਲ ਚਲ ਰਹੀ ਹੈ।

ਸ. ਮਜੀਠਾ ਅਤੇ ਸ. ਕਾਬਲ ਸਿੰਘ ਨੇ ਇਸ ਇਕੱਠ ਨੂੰ ਗੈਲਰੀ ਤੋਂ ਸੰਬੋਧਨ ਕਰਦਿਆਂ ਕਿਹਾ, "ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਉਤਸਵ ਮਨਾਉਣ ਲਈ ਸਿੱਖ ਯਾਤਰੀਆਂ ਦਾ ਜਥਾ ਪਾਕਿਸਤਾਨ ਆਇਆ ਸੀ, ਅਸੀਂ 14 ਮੈਂਬਰੀ ਡੈਲੀਗੇਸ਼ਨ ਅੱਜ ਰਾਵਲਪਿੰਡੀ ਵਿਖੇ ਸਦਰ ਜਨਰਲ ਜ਼ਿਆ-ਉਲ-ਹੱਕ ਨੂੰ ਮਿਲ ਕੇ ਆ ਰਹੇ ਹਾਂ। ਉਨ੍ਹਾਂ ਸਾਨੂੰ ਗੁਜਰਾਂਵਾਲੇ ਦੀ ਯਾਤਰਾ ਵੀ ਕਰਵਾ ਦਿੱਤੀ ਹੈ।" ਇਸ 'ਤੇ ਨੌਜਵਾਨ ਨਾਅਰੇ ਲਾਉਣ ਲੱਗੇ: "ਸਦਰ ਜ਼ਿਆ ਜ਼ਿੰਦਾਬਾਦ। ਸਰਦਾਰ ਮਜੀਠਾ ਜ਼ਿੰਦਾਬਾਦ। ਸਰਦਾਰ ਕਾਬਲ ਸਿੰਘ ਜ਼ਿੰਦਾਬਾਦ।" ਕਈਆਂ ਨੇ ਫਿਰ ਖਾਲਿਸਤਾਨ ਜ਼ਿੰਦਾਬਾਦ ਦੇ ਨਾਅਰੇ ਲਾਏ, ਉਨ੍ਹਾਂ ਨੂੰ ਫਿਰ ਰੋਕ ਦਿੱਤਾ ਗਿਆ।

ਦੋਹਾਂ ਲੀਡਰਾਂ ਨੇ ਨੌਜਵਾਨਾਂ ਨੂੰ ਕਿਹਾ, "ਸਾਡੀ ਪਾਕਿਸਤਾਨ ਨਾਲ ਸਾਂਝ ਅਟੁੱਟ ਹੈ, ਗੁਰੂ ਨਾਨਕ ਦੇਵ ਜੀ ਦਾ ਪਾਵਨ ਜਨਮ ਅਸਥਾਨ ਤੇ ਗੁਰੂ ਸਾਹਿਬਾਨ ਦੀ ਚਰਨ-ਛੋਹ ਪ੍ਰਾਪਤ ਸੈਂਕੜੇ ਹੀ ਗੁਰਦੁਆਰੇ ਪਾਕਿਸਤਾਨ ਵਿਚ ਹਨ। ਨਨਕਾਣਾ ਸਾਹਿਬ ਸਿੱਖਾਂ ਲਈ ਮੱਕਾ ਹੈ। ਆਪਣੀ ਮਾਂ-ਬੋਲੀ ਪੰਜਾਬੀ ਤੇ ਸਭਿਆਚਾਰ ਇਕੋ ਹੈ।" ਉਨ੍ਹਾਂ ਗੁਰਧਾਮਾਂ ਦੀ ਯਾਤਰਾ ਦੌਰਾਨ ਪਾਕਿਸਤਾਨ ਸਰਕਾਰ ਅਤੇ ਆਵਾਮ ਵਲੋਂ ਮਿਲੇ ਪਿਆਰ, ਸਤਿਕਾਰ ਤੇ ਸਹਿਯੋਗ ਲਈ ਧੰਨਵਾਦ ਕੀਤਾ।

ਇਸ ਦੌਰਾਨ ਆਸ-ਪਾਸ ਦੇ ਮੁਹੱਲਿਆਂ ਵਿਚੋਂ ਬਹੁਤ ਸਾਰੀਆਂ ਬੀਬੀਆਂ ਇਕੱਠੀਆਂ ਹੋ ਕੇ ਸਰਦਾਰਨੀ ਮਜੀਠਾ ਅਤੇ ਸਾਡੇ ਡੈਲੀਗੇਸ਼ਨ ਵਿਚ ਇਕ ਹੋਰ ਬੀਬੀ ਨੂੰ ਮਿਲਣ ਲਈ ਹਵੇਲੀ ਵਿਚ ਆ ਗਈਆਂ।

ਡੈਲੀਗੇਸ਼ਨ ਨੇ ਮਹਾਰਾਜਾ ਰਣਜੀਤ ਸਿੰਘ ਦੀ ਹਵੇਲੀ ਦੇ ਸਾਰੇ ਕਮਰੇ ਵੇਖੇ। ਇਥੇ ਪਹਿਲਾਂ ਥਾਣਾ ਹੁੰਦਾ ਸੀ, ਜੋ ਥੋੜ੍ਹੇ ਦਿਨ ਪਹਿਲਾਂ ਹੀ ਖਾਲੀ ਕਰਵਾ ਲਿਆ ਸੀ ਅਤੇ ਮੁਰੰਮਤ ਮਗਰੋਂ ਸਫੈਦੀ ਕਰਵਾ ਦਿੱਤੀ ਗਈ ਸੀ। ਥਾਣੇਦਾਰ ਦੀ ਰਿਹਾਇਸ਼ ਵਿਚ ਹੀ ਸੀ, ਜੋ ਖਾਲੀ ਕਰਵਾ ਲਈ ਗਈ ਸੀ ਪਰ ਉਸ ਦੀ ਨੇਮ-ਪਲੇਟ ਲੱਗੀ ਰਹਿ ਗਈ ਸੀ।

ਗੁਜਰਾਂਵਾਲੇ ਦੇ ਪ੍ਰੈਸ ਰਿਪੋਰਟਰ ਅਤੇ ਪ੍ਰੈਸ ਫੋਟੋਗ੍ਰਾਫਰ ਸ. ਮਜੀਠਾ, ਸ. ਕਾਬਲ ਸਿੰਘ ਤੇ ਡੈਲੀਗੇਸ਼ਨ ਦੇ ਹੋਰ ਮੈਂਬਰਾਂ ਨਾਲ ਇੰਟਰਵਿਊ ਕਰਨ ਅਤੇ ਫੋਟੋਆਂ ਖਿੱਚਣ ਆ ਗਏ। ਉਹ ਖੁਦ ਵੀ ਸਾਡੇ ਨਾਲ ਫੋਟੋਆਂ ਖਿਚਵਾਉਣ ਲੱਗੇ। ਕਈ ਹੋਰ ਬਾਰਸੂਖ ਲੋਕ ਵੀ ਹਵੇਲੀ ਅੰਦਰ ਆ ਗਏ, ਉਹ ਵੀ ਫੋਟੋਆਂ ਖਿਚਵਾਉਣ ਲੱਗੇ ਤੇ ਸਾਡੇ ਸਭਨਾਂ ਦੇ ਆਟੋਗਰਾਫ ਲੈਣ ਲੱਗੇ। ਮੇਰਾ ਖਿਆਲ ਹੈ ਕਿ ਦਸ ਦਿਨਾਂ ਦੀ ਯਾਤਰਾ ਦੌਰਾਨ ਸਾਡੀਆਂ ਇੰਨੀਆਂ ਫੋਟੋਆਂ ਨਹੀਂ ਖਿੱਚੀਆਂ ਗਈਆਂ ਹੋਣਗੀਆਂ, ਜਿੰਨੀਆਂ ਇਨ੍ਹਾਂ ਕੋਈ ਦੋ ਘੰਟਿਆਂ ਵਿਚ ਖਿੱਚੀਆਂ ਗਈਆਂ। ਹਵੇਲੀ 'ਚ ਹੀ ਟੀ. ਵੀ. ਮੰਗਾ ਕੇ ਅਸੀਂ ਸ਼ਾਮ ਨੂੰ ਜਨਰਲ ਜ਼ਿਆ ਨਾਲ ਹੋਈ ਮੁਲਾਕਾਤ ਬਾਰੇ ਖਬਰ ਵੀਡੀਓ ਸਣੇ ਦੇਖੀ।

ਇਥੇ ਖਾਣਾ ਖਾ ਕੇ ਵਾਪਸ ਮੁੜੇ ਤਾਂ ਵੀ ਸੈਂਕੜੇ ਨੌਜਵਾਨ ਪਹਿਲਾਂ ਵਾਂਗ ਸੜਕ ਦੇ ਦੋਨੋਂ ਪਾਸੇ ਖੜ੍ਹੇ ਸਨ ਤੇ ਸਾਡੀ ਗੱਡੀ ਲਾਗੇ ਵੀ ਕਾਫੀ ਭੀੜ ਜਮ੍ਹਾਂ ਸੀ; ਹਾਲਾਂਕਿ ਕਾਫੀ ਰਾਤ ਹੋ ਗਈ ਸੀ। ਉਥੇ ਵੀ ਕਈਆਂ ਨੇ ਸਾਡੇ ਨਾਲ ਫੋਟੋਆਂ ਖਿਚਵਾਈਆਂ। ਉਨ੍ਹਾਂ ਕਿਹਾ ਕਿ ਉਹ ਭਾਰਤ ਦੇ ਲੋਕਾਂ ਨਾਲ ਦੋਸਤੀ ਚਾਹੁੰਦੇ ਹਨ। ਗੁਜਰਾਂਵਾਲਾ ਵਾਲਿਆਂ ਨੇ ਬੜੇ ਹੀ ਪਿਆਰ ਅਤੇ ਸਤਿਕਾਰ ਨਾਲ ਸਾਨੂੰ ਵਿਦਾ ਕੀਤਾ।

# ਗਦਰ ਦੀਆਂ ਗੱਲਾਂ

***(ਪਿਛਲੇ ਸਫੇ ਦੀ ਬਾਕੀ)***

ਤੀਜੇ ਦਿਨ ਜਦੋਂ ਮੈਂ ਆਪਣੇ ਵਕੀਲ ਦੇ ਦਫਤਰੋਂ ਵਾਪਸ ਆ ਰਿਹਾ ਸੀ ਤਾਂ ਮੈਨੂੰ ਗਵਰਨਰ ਦਾ ਸੈਕਟਰੀ ਮਿਲਿਆ ਤੇ ਮੈਨੂੰ ਤਰ੍ਹਾਂ ਤਰ੍ਹਾਂ ਦੀਆਂ ਗੱਲਾਂ ਸੁਣਾ ਕੇ ਖੁਸ਼ ਕਰਨ ਲੱਗਾ। ਮੈਂ ਇਸ ਸਰਕਾਰੀ ਅਫਸਰ ਨੂੰ ਜਾਣਦਾ ਸੀ। ਮੈਂ ਇਸ ਨੂੰ ਕਿਹਾ ਕਿ ਮੈਂ ਅਗਲੇ ਦਿਨ ਦਫਤਰ ਵਿਚ ਮਿਲਾਂਗਾ ਅਤੇ ਜਦ ਮੈਂ ਉਨ੍ਹਾਂ ਨੂੰ ਮਿਲਿਆ ਤਾਂ ਉਹ ਫਿਰ ਅਜਿਹੀਆਂ ਹੀ ਮਿੱਠੀਆਂ ਮਿੱਠੀਆਂ ਗੱਲਾਂ ਕਰਨ ਲੱਗਾ। ਪਰ ਮੈਂ ਆਪਣੀ ਗੱਲ ਨਾ ਛੱਡੀ ਅਤੇ ਉਸ 'ਤੇ ਅੜ ਗਿਆ ਕਿ ਜਦ ਅਸੀਂ ਕਾਨੂੰਨ ਦੇ ਅੰਦਰ ਆ ਕੇ ਅਤੇ ਹਾਤੇ ਦੇ ਅੰਦਰ ਰੱਖ ਕੇ ਕੰਮ ਕਰਦੇ ਹਾਂ ਅਤੇ ਤਜਾਰਤੀ ਸਬਬ ਨਾਲ ਜਹਾਜ ਲੈ ਜਾਂਦੇ ਹਾਂ, ਗੌਰਮਿੰਟ ਸਾਨੂੰ ਕਿਉਂ ਰੋਕਦੀ ਹੈ। ਅਖੀਰ ਇਮੀਗਰੇਸ਼ਨ ਲਈ ਸੰਨਦ 'ਤੇ ਦਸਤਖਤ ਕਰ ਦਿੱਤੇ ਗਏ। 4 ਅਪਰੈਲ 1914 (ਦੁਨੀਆਂ 'ਤੇ ਯਾਦ ਰਹਿਣ ਵਾਲੇ) ਜਹਾਜ ਕਾਮਾਗਾਟਾ ਮਾਰੂ ਜਹਾਜ ਦੇ ਵੀ ਕਾਇਮ ਸੀ। ਉਹ ਰਵਾਨਾ ਹੋਏ। ਜਾਪਾਨੀ ਕਪਤਾਨ ਦੇ ਨਾਲ ਸਾਡੀ ਤਰਫ ਤੋਂ ਇਕ ਹਿੰਦੀ ਕਪਤਾਨ ਵੀ ਜਹਾਜ 'ਤੇ ਕਾਇਮ ਸੀ। ਸਾਡੇ ਜਹਾਜ 'ਤੇ ਹਿੰਦੀ ਅਤੇ ਜਾਪਾਨੀ ਦੋਵੇਂ ਝੰਡੇ ਝੂਲਦੇ ਸਨ। ਹਾਂਗਕਾਂਗ ਵਿਚ ਸਾਡੇ ਸਾਰੇ ਫੌਜੀ ਭਾਈ ਵੀ ਬੜੇ ਜੋਸ਼ ਦੇ ਨਾਲ ਸਾਡੀ ਸੁਖ-ਸਾਂਦ ਦਾ ਹਾਲ ਪੁੱਛਣ ਆਏ ਅਤੇ ਆਪਣੇ ਪਿਆਰੇ ਦੇਸ਼ ਦਾ ਨਾਂ ਲੈ ਕੇ ਅਸੀਂ ਸਲਾਮਾਂ ਅਤੇ ਦੁਆਵਾਂ ਬਰਕਤਾਂ ਦਾ ਜਵਾਬ ਦਿੱਤਾ। ਜਹਾਜ 'ਤੇ ਸਭ ਹਿੰਦੀ ਭਾਈ ਪੂਰੇ ਅਨੰਦ ਨਾਲ ਰਹੇ। ਕੋਈ ਭਿੰਨ ਭੇਦ ਨਹੀਂ, ਪਰ ਜੋ ਕੁਝ ਸਾਡੇ ਨਾਲ ਕੈਨੇਡਾ ਵਿਚ ਗੁਜ਼ਰਿਆ, ਉਸ ਤੋਂ ਸਭ ਭਾਈ ਵਾਕਿਫ ਹਨ।

# ਵੇਖੀਆਂ ਸੁਣੀਆਂ ਤੇ ਵਾਪਰੀਆਂ ਗੱਲਾਂ

ਆਤਮ-ਕਥਾ

***ਅੰਮ੍ਰਿਤਾ ਪ੍ਰੀਤਮ ਜੋ ਚਿੱਤਰਕਾਰ ਇੰਦਰਜੀਤ ਉਰਫ ਇਮਰੋਜ਼ ਨਾਲ ਪਿਆਰ ਪੈਣ ਪਿਛੋਂ ਅੰਮ੍ਰਿਤਾ ਇਮਰੋਜ਼ ਵਜੋਂ ਵਿਚਰੀ, ਦਾ ਪੰਜਾਬੀ ਸਾਹਿਤ ਵਿਚ ਆਪਣਾ, ਵੱਖਰਾ ਮੁਕਾਮ ਹੈ। ਸਾਹਿਤ ਵਿਚ ਆਪਣੇ ਉਚੇ ਮੁਕਾਮ ਕਰਕੇ ਉਹ ਸਿਆਸਦਾਨਾਂ ਦੇ ਵੀ ਵਾਹਵਾ ਨੇੜੇ ਰਹੀ ਜਿਸ ਬਾਰੇ ਵਿਵਾਦ ਵੀ ਉਠਦੇ ਰਹੇ ਪਰ ਉਸ ਦੀਆਂ ਕਵਿਤਾਵਾਂ, ਕਹਾਣੀਆਂ ਤੇ ਨਾਵਲਾਂ ਦਾ ਰੰਗ ਦੇਖਣ ਹੀ ਵਾਲਾ ਹੈ। ਇਥੇ ਅਸੀਂ ਪਾਠਕਾਂ ਲਈ ਉਹਦੀ ਆਤਮ-ਕਥਾ 'ਰਸੀਦੀ ਟਿਕਟ' ਦਾ ਇਕ ਹਿੱਸਾ ਛਾਪ ਰਹੇ ਹਾਂ, ਜਿਸ ਵਿਚ ਉਹਨੇ ਆਪਣੀਆਂ ਰਚਨਾਵਾਂ ਦੇ ਪਾਤਰਾਂ ਬਾਰੇ ਬੜੀਆਂ ਦਿਲਚਸਪ ਗੱਲਾਂ ਕੀਤੀਆਂ ਹਨ। -ਸੰਪਾਦਕ***

ਇਹ ਗੱਲਾਂ ਕਿਵੇਂ ਕਾਗਜ਼ 'ਤੇ ਉਤਰਦੀਆਂ ਹਨ, ਚੇਤਨ-ਅਚੇਤਨ ਤੌਰ 'ਤੇ, ਜੋ ਤਜੁਰਬਾ ਕਿਸੇ ਰਚਨਾ ਦਾ ਹਿੱਸਾ ਬਣ ਜਾਂਦਾ ਹੈ, ਕਈ ਵਾਰ ਆਪਣੀਆਂ ਅੱਖਾਂ ਵਾਸਤੇ ਵੀ ਅਚੰਭਾ ਜਿਹਾ ਹੋ ਜਾਂਦਾ ਹੈ।

ਰਾਬਿੰਦਰਨਾਥ ਟੈਗੋਰ ਨੂੰ ਜਦੋਂ ਮਿਲੀ ਸਾਂ, ਬਹੁਤ ਛੋਟੀ ਸਾਂ, ਨਜ਼ਮਾਂ ਉਦੋਂ ਵੀ ਲਿਖਦੀ ਸਾਂ, ਪਰ ਅਨਜਾਣੀਆਂ ਜਿਹੀਆਂ। ਉਨ੍ਹਾਂ ਨੇ ਜਦੋਂ ਨਜ਼ਮ ਸੁਨਾਣ ਲਈ ਕਿਹਾ, ਤਾਂ ਸੰਗ ਕੇ ਸੁਣਾਈ ਸੀ, ਪਰ ਉਨ੍ਹਾਂ ਨੇ ਜੋ ਪਿਆਰ ਤੇ ਧਿਆਨ ਦਿੱਤਾ ਸੀ, ਉਹ ਨਜ਼ਮ ਦੇ ਮੁਤਾਬਕ ਨਹੀਂ ਸੀ, ਉਨ੍ਹਾਂ ਦੀ ਆਪਣੀ ਸ਼ਖਸੀਅਤ ਦੇ ਮੁਤਾਬਿਕ ਸੀ। ਉਹ ਪ੍ਰਭਾਵ ਮੇਰੇ ਉਤੇ ਡੂੰਘਾ ਸੀ, ਤੇ ਫੇਰ ਜਦੋਂ ਟੈਗੋਰ


ਅੰਮ੍ਰਿਤਾ ਪ੍ਰੀਤਮ

ਸ਼ਤਾਬਦੀ ਮਨਾਈ ਜਾਣੀ ਸੀ, ਮੈਂ ਉਨ੍ਹਾਂ 'ਤੇ ਨਜ਼ਮ ਲਿਖਣੀ ਚਾਹੀ। ਕੁਝ ਸਤਰਾਂ ਲਿਖੀਆਂ ਵੀ, ਪਰ ਤਸੱਲੀ ਨਹੀਂ ਹੋਈ, ਤੇ ਮੈਂ ਮਾਸਕੋ ਚਲੀ ਗਈ (1961 ਵਿਚ)। ਉਥੇ ਜਿਸ ਹੋਟਲ ਵਿਚ ਠਹਿਰੀ ਸਾਂ, ਉਹਦੇ ਸਾਹਮਣੇ ਮਾਇਆਕੋਵਸਕੀ ਦਾ ਬੁੱਤ ਬਣਿਆ ਹੋਇਆ ਸੀ, ਤੇ ਜਿਹੜੀ ਥਾਵੇਂ ਉਹ ਹੋਟਲ ਸੀ, ਉਹਦਾ ਨਾਂ ਗੋਰਕੀ ਸਟਰੀਟ ਸੀ।

ਇਕ ਰਾਤ, ਕੋਈ ਦਸ ਵਜੇ ਸਨ, ਮੈਂ ਹੋਟਲ ਦੀ ਬਾਰੀ ਵਿਚੋਂ ਵੇਖਿਆ ਕਿ ਬਹੁਤ ਸਾਰੇ ਲੋਕ ਮਾਇਆਕੋਵਸਕੀ ਦੇ ਬੁੱਤ ਦੁਆਲੇ ਜੁੜੇ ਹੋਏ ਸਨ। ਪਤਾ ਲੱਗਾ ਕਿ ਕਈ ਨੌਜਵਾਨ ਸ਼ਾਇਰ ਅਕਸਰ ਰਾਤ ਨੂੰ ਇਥੇ ਆ ਕੇ ਖਲੋਂਦੇ ਹਨ, ਤੇ ਬੁੱਤ ਦੇ ਚੌਤਰੇ 'ਤੇ ਖਲੋ ਕੇ ਕਦੀ ਉਹ ਮਾਇਆਕੋਵਸਕੀ ਦੀ ਕੋਈ ਨਜ਼ਮ ਪੜ੍ਹਦੇ ਹਨ, ਤੇ ਕਦੀ ਆਪਣੀ। ਰਾਹ ਜਾਂਦੇ ਲੋਕ ਉਨ੍ਹਾਂ ਦੇ ਦੁਆਲੇ ਆ ਜੁੜਦੇ ਹਨ ਤੇ ਨਜ਼ਮਾਂ ਸੁਣਦੇ ਹਨ। ਫਰਮਾਇਸ਼ਾਂ ਵੀ ਪਾਂਦੇ ਹਨ ਤੇ ਇੰਜ ਇਹ ਖੁੱਲ੍ਹਾ ਮੁਸ਼ਾਇਰਾ ਅੱਧੀ ਰਾਤ ਤਕ ਜੁੜਿਆ ਰਹਿੰਦਾ ਹੈ। ਹਵਾ ਠੰਢੀ ਹੋ ਜਾਏ ਤਾਂ ਲੋਕ ਆਪਣੇ ਕੋਟਾਂ ਦੇ ਕਾਲਰ ਉਚੇ ਕਰ ਲੈਂਦੇ ਹਨ, ਮੀਂਹ ਪਵੇ ਤਾਂ ਸਿਰਾਂ ਉਤੇ ਛਤਰੀਆਂ ਤਾਣ ਲੈਂਦੇ ਹਨ। ਮੈਂ ਵੀ ਥੋੜ੍ਹੇ ਚਿਰ ਲਈ, ਕੋਟ ਪਾ ਕੇ ਇਸ ਖੁੱਲ੍ਹੇ ਮੁਸ਼ਾਇਰੇ ਵਿਚ ਚਲੀ ਗਈ। ਭਾਵੇਂ ਮੈਨੂੰ ਰੂਸੀ ਜ਼ਬਾਨ ਦਾ ਕੋਈ ਹਰਫ ਸਮਝ ਨਹੀਂ ਆਇਆ ਪਰ ਉਨ੍ਹਾਂ ਦੀ ਆਵਾਜ਼ ਦਾ ਨਿੰਘ ਮੈਨੂੰ ਜ਼ਰੂਰ ਸਮਝ ਆ ਗਿਆ। ਫੇਰ ਜਦੋਂ ਮੈਂ ਆਪਣੇ ਕਮਰੇ ਵਿਚ ਮੁੜੀ, ਮੇਰੇ ਸਾਹਮਣੇ ਟੈਗੋਰ ਦਾ ਮੂੰਹ ਵੀ ਸੀ, ਮਾਇਆਕੋਵਸਕੀ ਦਾ ਵੀ, ਤੇ ਗੋਰਕੀ ਦਾ ਵੀ। ਸਾਰੇ ਮੂੰਹ ਰਲ ਗਏ, ਜਿਵੇਂ ਇਕ ਹੋ ਗਏ, ਤੇ ਉਸ ਰਾਤ ਮੇਰੇ ਕੋਲੋਂ ਟੈਗੋਰ ਵਾਲੀ ਨਜ਼ਮ ਪੂਰੀ ਹੋ ਗਈ,

ਮਹਿਰਮ ਇਲਾਹੀ ਹੁਸਨ ਦੀ,
ਕਾਸਦ ਮਨੁੱਖ ਇਸ਼ਕ ਦੀ
ਇਹ ਕਲਮ ਲਾਫਾਨੀ ਤੇਰੀ,
ਸੌਗਾਤ ਫਾਨੀ ਜਿਸਮ ਦੀ...


---

'ਅੱਕ ਦਾ ਬੂਟਾ' ਨਾਵਲ ਵਿਚ ਉਸ ਦਾ ਮੁੱਖ ਪਾਤਰ ਜਦੋਂ ਰੋਜ਼ ਤਰਕਾਲਾਂ ਨੂੰ ਸਟੇਸ਼ਨ 'ਤੇ ਜਾ ਕੇ ਔਂਦੀਆਂ ਗੱਡੀਆਂ ਵਿਚੋਂ ਆਪਣੀ ਗੁਆਚੀ ਭੈਣ ਦਾ ਮੂੰਹ ਲੱਭਦਾ ਹੈ, ਤਾਂ ਇਕ ਦਿਨ ਮੱਲੋਮੱਲੀ ਉਸ ਦੇ ਪੈਰ ਆਪਦੇ ਪਿੰਡ ਜਾਣ ਵਾਲੀ ਗੱਡੀ ਵਿਚ ਬਹਿ ਜਾਂਦੇ ਹਨ। ਸਿਆਲ ਦੇ ਦਿਨ, ਕੋਲ ਕੋਈ ਨਿੱਘਾ ਕੱਪੜਾ ਨਹੀਂ, ਉਹ ਰਾਤ ਦੀ ਠੰਢੀ ਵਿਚ ਗੁੱਛਾ ਜਿਹਾ ਬਣ ਜਾਂਦਾ ਹੈ। ਸੋਚਾਂ ਵਿਚ ਲੱਥਾ ਹੋਇਆ ਉਹਦਾ ਮਨ, ਨੀਂਦਰ ਵਿਚ ਵੀ ਲਹਿ ਜਾਂਦਾ ਹੈ। ਕਿਸੇ ਸਟੇਸ਼ਨ ਉਤੇ ਗੱਡੀ ਖਲੋਂਦੀ ਹੈ, ਤਾਂ ਉਹਦੀਆਂ ਚੜ੍ਹਦੀਆਂ ਸਵਾਰੀਆਂ ਦੇ ਖੜਾਕ ਨਾਲ ਉਹ ਜਾਗ ਪੈਂਦਾ ਹੈ- ਵੇਖਦਾ ਹੈ ਉਹਦੇ ਆਲੇ ਦੁਆਲੇ ਰਜਾਈ ਵਲ੍ਹੇਟੀ ਹੋਈ ਹੈ...ਬੜੇ ਕੂਲੇ ਜਿਹੇ ਮੂੰਹ ਵਾਲਾ ਬੁੱਢਾ ਆਦਮੀ ਨਾਲ ਦੀ ਸੀਟ ਉਤੇ ਬੈਠਾ ਹੋਇਆ ਹੈ- ਖੇਸ ਦੀ ਬੁੰਬ ਮਾਰ ਕੇ, ਤੇ ਆਪਣੀ ਰਜਾਈ ਇਹਦੇ ਉਤੇ ਦੇ ਕੇ। ਇਕ ਦਿਨ ਅਚਾਨਕ ਏਸ ਨਾਵਲ ਦਾ ਇਹ ਹਿੱਸਾ ਸਾਹਮਣੇ ਆਇਆ, ਤਾਂ ਯਾਦ ਆਇਆ- ਨਾਵਲ ਲਿਖਣ ਤੋਂ ਚਾਰ ਵਰ੍ਹੇ ਪਹਿਲਾਂ- ਮੈਂ ਜਦੋਂ ਰੋਮਾਨੀਆ ਤੋਂ ਗੱਡੀ ਵਿਚ ਬਲਗਾਰੀਆ ਜਾ ਰਹੀ ਸਾਂ, ਰਾਤ ਬਹੁਤ ਠੰਢੀ ਸੀ। ਕੋਲ ਆਪਣੇ ਕੋਟ ਤੋਂ ਬਿਨਾਂ ਕੁਝ ਨਹੀਂ ਸੀ। ਉਹੀਓ ਗੋਡਿਆਂ ਨੂੰ 'ਕੱਠਿਆਂ ਕਰਕੇ, ਉਤੇ ਤਾਣ ਲਿਆ ਸੀ। ਫੇਰ ਉਸ ਨੂੰ ਸਿਰ ਵਲ ਕਰਦੀ ਸਾਂ, ਤਾਂ ਪੈਰ ਠਰਦੇ ਸਨ, ਪੈਰਾਂ ਵਲ ਕਰਦੀ ਸਾਂ, ਤਾਂ ਸਿਰ ਮੋਢੇ ਠਰਦੇ ਸਨ। ਪਤਾ ਨਹੀਂ ਕਿਹੜੇ ਵੇਲੇ ਕੁਝ ਨੀਂਦਰ ਪੈ ਗਈ- ਤਾਂ ਜਾਪਿਆ ਸਾਰੇ ਪਿੰਡੇ ਨੂੰ ਨਿੰਘ ਆ ਗਿਆ ਹੈ। ਰਹਿੰਦੀ ਰਾਤ ਮੈਂ ਬਹੁਤ ਨਿੰਘੀ ਸੁੱਤੀ ਰਹੀ। ਸਵੇਰ ਸਾਰ ਜਾਗੀ ਤਾਂ ਵੇਖਿਆ- ਮੇਰੇ ਵਾਲੇ ਡੱਬੇ ਵਿਚ ਸਫਰ ਕਰਦੇ ਹੋਏ ਇਕ ਬਲਗਾਰੀਅਨ ਆਦਮੀ ਨੇ ਆਪਣਾ ਓਵਰ ਕੋਟ ਮੇਰੇ ਉਪਰ ਰਜਾਈ ਵਾਂਗ ਦਿੱਤਾ ਹੋਇਆ ਹੈ।

ਇਹ ਵਾਕਿਆ ਮੈਂ ਚੇਤਨ ਤੌਰ 'ਤੇ ਇਸ ਨਾਵਲ ਵਿਚ ਨਹੀਂ ਸੀ ਪਾਇਆ, ਪਰ ਲਿਖਣ ਤੋਂ ਕਿੰਨਾ ਚਿਰ ਪਿਛੋਂ ਜਦੋਂ ਪੜ੍ਹਿਆ, ਤਾਂ ਜਾਪਿਆ- ਉਸ ਰਾਤ ਦਾ ਨਿੰਘ ਮੇਰੀਆਂ ਨਾੜਾਂ ਵਿਚ ਕਿਤੇ ਅਮਾਨਤ ਵਾਂਗ ਪਿਆ ਹੋਇਆ ਸੀ।

---

'ਯਾਤ੍ਰੀ' ਨਾਵਲ 1968 ਵਿਚ ਲਿਖਿਆ ਸੀ। ਉਹਦੀ ਪਾਤਰ ਸੁੰਦਰਾਂ ਅਸਲੋਂ ਕਲਪਿਤ ਸੀ। ਨਾਵਲ ਦੇ ਮੁੱਖ ਪਾਤਰ ਦੀ ਜਨਮ ਕਹਾਣੀ ਨੂੰ ਜਾਣਦੀ ਸਾਂ, ਉਹਦੇ ਬਾਰੇ ਲਿਖਿਆ ਵੀ ਸੀ, 'ਨਾਇਕ' ਨੂੰ ਜਾਣਦੀ ਹਾਂ- ਉਸ ਦਿਨ ਤੋਂ ਜਿਸ ਦਿਨ ਉਹਨੂੰ ਸਾਧਾਂ ਦੇ ਕਿਸੇ ਡੇਰੇ ਚੜ੍ਹਾਇਆ ਗਿਆ ਸੀ। ਬਹੁਤ ਵਰ੍ਹਿਆਂ ਦੀ ਗੱਲ ਹੈ, ਪਰ ਅਜੇ ਵੀ ਸੋਚ ਵਿਚ ਲਿਆਵਾਂ ਤਾਂ ਬੜੇ ਤਰਾਸ਼ੇ ਨਕਸ਼ਾਂ ਵਾਲਾ ਉਸ ਦਾ ਸਉਲਾ ਮੂੰਹ, ਸਣੇ ਉਹਦੀ ਸਾਰੀ ਉਦਾਸੀ ਦੇ, ਅੱਖਾਂ ਦੇ ਅੱਗੇ ਆ ਜਾਂਦਾ ਹੈ। ਪਰ ਸੁੰਦਰਾਂ ਮੇਰੀ ਕਲਪਨਾ ਵਿਚੋਂ ਨਿਕਲ ਕੇ ਇਸ ਨਾਵਲ ਦੇ ਸਫਿਆਂ ਵਿਚ ਉਤਰੀ ਸੀ। ਤੇ ਮੈਨੂੰ ਸਮਝ ਨਹੀਂ ਆ ਰਹੀ ਕਿ ਸੁੰਦਰਾਂ ਦਾ ਪਾਤਰ



ਲਿਖਦਿਆਂ ਮੇਰੀ ਅੱਖਾਂ ਕਿਉਂ ਭਰ ਭਰ ਔਂਦੀਆਂ ਰਹੀਆਂ ਸਨ?

ਨਾਵਲ ਲਿਖ ਕੇ ਸਭ ਤੋਂ ਪਹਿਲਾਂ ਇਮਰੋਜ਼ ਨੂੰ ਸੁਣਾਇਆ ਸੀ, ਤੇ ਸੁਣਾਂਦਿਆਂ ਸੁਣਾਂਦਿਆਂ ਜਦੋਂ ਸੁੰਦਰਾਂ ਦਾ ਜ਼ਿਕਰ ਆਇਆ, ਮੇਰੇ ਆਪਣੇ ਕਲੇਜੇ ਵਿਚੋਂ ਰੁੱਗ ਭਰਿਆ ਗਿਆ। ਫੇਰ ਇਹ ਨਾਵਲ ਹਿੰਦੀ ਵਿਚ ਤਰਜੁਮਾ ਹੋਇਆ। ਹਰ ਤਰਜੁਮਾ ਛਪਣ ਤੋਂ ਪਹਿਲਾਂ ਸੁਣਦੀ ਹਾਂ, ਤੇ ਇਹਨੂੰ ਸੁਣਦਿਆਂ ਫੇਰ ਜਦੋਂ ਸੁੰਦਰਾਂ ਦੀ ਗੱਲ ਆਈ, ਮੈਂ ਬੇਚੈਨ ਹੋ ਗਈ।

ਨਾਵਲ ਹਿੰਦੀ ਵਿਚ ਛਪ ਗਿਆ। ਉਦੋਂ 1969 ਸੀ। ਪੰਜਾਬੀ ਵਿਚ ਦੋ ਵਰ੍ਹਿਆਂ ਪਿਛੋਂ ਛਪਿਆ ਸੀ- 1971 ਵਿਚ, ਤੇ ਉਹਦੇ ਪਰੂਫ ਵੇਖਦਿਆਂ ਫੇਰ ਜਦੋਂ ਸੁੰਦਰਾਂ ਆਈ, ਮੈਂ ਵਿਆਕੁਲ ਹੋ ਗਈ।

ਆਪਣੇ ਆਪ ਨੂੰ, ਏਸ ਆਪਣੇ ਦਿਲ ਵਿਚ ਪੈਂਦੀ ਧੂਹ ਦਾ ਕੁਝ ਪਤਾ ਨਹੀਂ ਸੀ ਲਗਦਾ ਪਰ 1973 ਵਿਚ ਜਦੋਂ ਏਸ ਨਾਵਲ ਦਾ ਅੰਗਰੇਜ਼ੀ ਤਰਜੁਮਾ ਹੋ ਰਿਹਾ ਸੀ- ਤੇ ਉਸ ਵੇਲੇ ਜਦੋਂ ਸੁੰਦਰਾ ਸਾਹਮਣੇ ਆਈ, ਤਾਂ ਇੰਜ ਜਾਪਿਆ - ਜਿਵੇਂ ਮੈਂ ਆਪ ਆਪਣੀ ਨਬਜ਼ ਵੇਖ ਰਹੀ ਹੋਵਾਂ... ਲੇਖਕ ਦੀ ਆਪਣੀ ਜ਼ਿੰਦਗੀ ਦੇ ਹਾਦਸੇ- ਨਾਵਲਾਂ ਕਹਾਣੀਆਂ ਦੇ ਪਾਤਰਾਂ ਵਿਚ ਹਮੇਸ਼ਾਂ ਪੈਂਦੇ ਹਨ, ਛਾਤੀ ਵਿਚੋਂ ਉਠਦੇ ਹਨ, ਕਾਗਜ਼ਾਂ ਉਤੇ ਜਾ ਉਤਰਦੇ ਹਨ, ਪਰ ਇਹ ਸੁੰਦਰਾ ਇਸ ਤੋਂ ਉਲਟਾ ਤਜੁਰਬਾ ਹੈ। ਇਹ ਕਾਗਜ਼ਾਂ ਵਿਚੋਂ ਉਠ ਕੇ, ਮੇਰੀ ਛਾਤੀ ਵਿਚ ਉਤਰ ਰਿਹਾ ਸੀ। ਤੇ ਅਚਾਨਕ ਜਾਪਿਆ, ਇਕੋ ਵਾਰਗੀ ਜਿਵੇਂ ਘੁੱਪ ਹਨੇਰੇ ਵਿਚ ਦੀਵਾ ਬਲ ਪਵੇ- ਕਿ ਇਹੋ ਸੁੰਦਰਾਂ ਮੈਂ ਸਾਂ...

"ਮੈਂ" ਨੂੰ ਮੈਂ ਚੇਤਨ ਤੌਰ 'ਤੇ ਸੁੰਦਰਾਂ ਵਿਚ ਨਹੀਂ ਸੀ ਪਾਇਆ, ਇਸ ਲਈ ਕਈ ਵਰ੍ਹੇ ਇਹਨੂੰ ਪਛਾਣ ਨਹੀਂ ਸਾ ਸਕੀ। ਇਹ ਆਪਣੀ ਹੋਂਦ ਮੈਨੂੰ ਅੰਦਰੋਂ ਖਰੋਚਦੀ ਸੀ, ਮਨ ਦੇ ਖਰਪੇੜਾਂ ਨੂੰ ਹੱਥ ਪਾਂਦੀ ਸੀ, ਤਾਂ ਵੀ ਪਛਾਣੀ ਨਹੀਂ ਸੀ ਜਾਂਦੀ ਸੀ ਪਰ ਜਦੋਂ ਪਛਾਣੀ ਗਈ ਤਾਂ ਆਪਣੀ ਇਕ ਇਕ ਸੋਚ ਤਕ ਪਛਾਣੀ ਗਈ...

ਸੁੰਦਰਾਂ ਜਦੋਂ ਮੰਦਰ ਵਿਚ ਜਾ ਕੇ ਸ਼ਿਵ-ਪਾਰਵਤੀ ਦੇ ਪੈਰਾਂ ਉਤੇ ਫੁੱਲਾਂ ਦੀ ਝੋਲੀ ਪਲਟਦੀ ਹੈ, ਉਹ ਜਦੋਂ ਸ਼ਿਵ ਪਾਰਵਤੀ ਦੇ ਪੈਰਾਂ ਉਤੇ ਮੱਥਾ ਨਿਵਾਏ, ਤਾਂ ਫੁੱਲਾਂ ਦੇ ਢੇਰ ਹੇਠੋਂ ਬਾਂਹ ਲੰਘਾ ਕੇ- ਮੂਰਤੀਆਂ ਕੋਲ ਖਲੋਤੇ ਆਪਣੇ ਮਹਿਬੂਬ ਦੇ ਪੈਰਾਂ ਨੂੰ ਵੀ ਤਲੀ ਨਾਲ ਛੋਹ ਲਵੇ ਤੇ ਉਹਦੀ ਤਲੀ ਕਿਸੇ ਦੀ ਨਜ਼ਰੀਂ ਨਾ ਪਵੇ। ਜਾਪਿਆ- ਇਹ ਮੈਂ ਹਾਂ, ਜੋ ਵਰ੍ਹਿਆਂ ਦੇ ਵਰ੍ਹੇ ਇਕ ਮੂੰਹ ਨੂੰ ਇੰਜ ਸੋਚਦੀ ਰਹੀ ਸਾਂ ਕਿ ਅੱਖਰਾਂ ਦੇ ਅੱਖਰ ਫੁੱਲਾਂ ਦੇ ਢੇਰ ਵਾਂਗ ਲਾ ਦਿੱਤੇ ਸਨ ਤੇ ਜਿਹਦੇ ਹੇਠੋਂ ਦੀ ਬਾਂਹ ਲੰਘਾ ਕੇ ਕਿਸੇ ਨੂੰ ਇਸ ਤਰ੍ਹਾਂ ਛੋਹ ਲੈਣਾ ਚਾਹੁੰਦੀ ਸਾਂ ਜੋ- ਉਤੋਂ ਕਿਸੇ ਵੇਖਣ ਵਾਲੇ ਨੂੰ ਨਾ ਦਿਸੇ।

ਸੁੰਦਰਾ ਕਈ ਚਿਰ ਚੁੱਪ-ਚਾਪ ਫੁੱਲ ਚੁਣਦੀ ਰਹੀ ਤੇ ਸਭ ਤੋਂ ਚੋਰੀ ਆਪਣੇ ਮਹਿਬੂਬ ਦੇ ਪੈਰ ਛੋਂਹਦੀ ਰਹੀ। ਮੈਂ ਵਰ੍ਹਿਆਂ ਦੇ ਵਰ੍ਹੇ ਨਜ਼ਮਾਂ ਦੇ ਅੱਖਰ ਜੋੜਦੀ ਰਹੀ ਤੇ ਚੁਪ-ਚਾਪ ਆਪਣੇ ਮਹਿਬੂਬ ਦੀ ਹੋਂਦ ਨੂੰ ਛੋਂਹਦੀ ਰਹੀ...

ਸੁੰਦਰਾਂ ਦਾ ਮਹਿਬੂਬ-ਜਿਊਂਦਾ ਜਾਗਦਾ ਵੀ- ਪੱਥਰ ਦੀ ਮੂਰਤੀ ਵਰਗਾ ਸੀ, ਜਿਹਨੂੰ ਸੁੰਦਰਾਂ ਦੇ ਮਨ ਦਾ ਸੇਕ ਨਹੀਂ ਪਹੁੰਚਦਾ। ਤੇ ਮੈਂ ਵੀ ਵਰ੍ਹਿਆਂ ਦੇ ਵਰ੍ਹੇ ਸੁੰਦਰਾਂ ਵਾਲੀ ਥਾਂ ਉਤੇ ਖਲੋਤੀ ਰਹੀ ਸਾਂ- ਮੇਰੇ ਮਨ ਦਾ ਸੇਕ ਵੀ ਕਿਤੇ ਨਹੀਂ ਸੀ ਪਹੁੰਚਦਾ। ਪੱਥਰ ਵਰਗੀ ਚੁੱਪ ਨਾਲ ਟਕਰਾਂਦਾ ਸੀ, ਤੇ ਜਗਦਾ ਬੁਝਦਾ ਫੇਰ ਮੇਰੇ ਕੋਲ ਹੀ ਮੁੜ ਔਂਦਾ ਸੀ।

ਸੁੰਦਰਾਂ ਗਲ ਵਿਚ ਵਿਆਹ ਦਾ ਜੋੜਾ ਤੇ




ਨੱਕ ਵਿਚ ਸੋਨੇ ਦੀ ਨੱਥ ਪਾਈ, ਜਦੋਂ ਮੰਦਰ ਵਿਚ ਆਪਣੇ ਮਹਿਬੂਬ ਨੂੰ ਆਖਰੀ ਪ੍ਰਣਾਮ ਕਰਨ ਔਂਦੀ ਹੈ, ਕੁਝ ਅੱਥਰੂ ਛਲਕ ਕੇ ਉਹਦੀ ਨੱਥ ਦੀ ਤਾਰ ਨਾਲ ਅਟਕ ਜਾਂਦੇ ਹਨ- ਜਿਵੇਂ ਨੱਥ ਦੀਆਂ ਅੱਖਾਂ ਵਿਚ ਅੱਥਰੂ ਭਰ ਆਏ ਹੋਣ ਤੇ ਇਹ ਸਗਵੀ ਮੈਂ ਸਾਂ- ਮੇਰੇ ਹਰ ਛਾਪ ਛੱਲੇ ਦੀਆਂ ਅੱਖਾਂ ਇੰਜ ਹੀ ਅੱਥਰੂ ਭਰ ਭਰ ਆਉਂਦੇ ਸਨ... ਓ ਖ਼ੁਦਾਇਆ! ਕਦੇ ਆਪਣਾ ਆਪ ਵੀ ਆਪਣੇ ਕੋਲੋਂ ਇੰਜ ਛੁਪ ਛੁਪ ਜਾਂਦਾ ਹੈ... ਇਹ ਅਚੇਤ ਮਨ ਦੀ ਕਿਹੋ ਜਿਹੀ ਖੇਡ ਹੈ?...

---

ਪੂਰੇ ਯਾਰਾਂ ਵਰ੍ਹਿਆਂ ਦੀ ਨਹੀਂ ਸਾਂ, ਜਦੋਂ ਮਾਂ ਮਰ ਗਈ ਸੀ। ਮਾਂ ਦੀ ਜ਼ਿੰਦਗੀ ਦਾ ਆਖਰੀ ਦਿਨ ਭੋਰਾ ਭੋਰਾ ਮੇਰੇ ਚੇਤੇ ਵਿਚ ਹੈ। 'ਇਕ ਸਵਾਲ' ਨਾਵਲ ਵਿਚ ਨਾਇਕ ਜਗਦੀਪ, ਮਰਦੀ ਮਾਂ ਦੀ ਮੰਜੀ ਕੋਲ ਜਿਵੇਂ ਖਲੋਤਾ ਹੋਇਆ ਹੈ, ਉਵੇਂ ਮੈਂ ਆਪਣੀ ਮਰਦੀ ਮਾਂ ਦੀ ਮੰਜੀ ਕੋਲ ਖਲੋਤੀ ਹੋਈ ਸਾਂ। ਤੇ ਮੈਂ ਜਗਦੀਪ ਵਾਂਗੂ ਇਕ ਮਨ ਚਿਤ ਹੋ ਕੇ ਰੱਬ ਨੂੰ ਆਖਿਆ ਸੀ- 'ਮੇਰੀ ਮਾਂ ਨੂੰ ਨਾ ਮਾਰੀ' ਤੇ ਮੈਨੂੰ ਵੀ ਇਹਦੇ ਵਾਂਗ ਯਕੀਨ ਹੋ ਗਿਆ ਸੀ ਕਿ ਹੁਣ ਮੇਰੀ ਮਾਂ ਨਹੀਂ ਮਰੇਗੀ, ਕਿਉਂਕਿ ਰੱਬ ਬਾਲਾਂ ਦਾ ਆਖਿਆ ਨਹੀਂ ਮੋੜਦਾ... ਪਰ ਮਾਂ ਮਰ ਗਈ ਤੇ ਮੈਨੂੰ ਵੀ ਜਗਦੀਪ ਵਾਂਗ ਰੱਬ ਤੋਂ ਵਿਸ਼ਵਾਸ ਹਟ ਗਿਆ ਸੀ।

ਤੇ ਜਿਵੇਂ ਜਗਦੀਪ ਉਸ ਨਾਵਲ ਵਿਚ ਮਾਂ ਦੇ ਹੱਥਾਂ ਦੀਆਂ ਪੱਕੀਆਂ ਤੇ ਇਕ ਆਲੇ ਵਿਚ ਪਈਆਂ ਹੋਈਆਂ ਦੋ ਸੁੱਕੀਆਂ ਰੋਟੀਆਂ ਨੂੰ ਸਾਂਭ ਕੇ ਆਪਦੇ ਕੋਲ ਰੱਖ ਲੈਂਦਾ ਹੈ, "ਐਹਨਾਂ ਰੋਟੀਆਂ ਨੂੰ ਭੋਰ ਭੋਰ ਕੇ ਕਈ ਦਿਨ ਖਾਵਾਂਗਾ" ਜੋ ਮੇਰੀ ਮਾਂ ਦੇ ਹੱਥਾਂ ਦੀਆਂ ਪੱਕੀਆਂ ਆਖਰੀ ਦੋ ਰੋਟੀਆਂ ਸਨ- ਉਸੇ ਤਰ੍ਹਾਂ ਮੈਂ ਉਨ੍ਹਾਂ ਸੁੱਕੀਆਂ ਰੋਟੀਆਂ ਨੂੰ ਪੀਹ ਕੇ ਸ਼ੀਸ਼ੀ ਵਿਚ ਪਾ ਲਿਆ ਸੀ...

ਇਹ ਸਾਰਾ ਕੁਝ ਮੈਂ ਚੇਤਨ ਤੌਰ 'ਤੇ ਉਸ ਨਾਵਲ ਵਿਚ ਪਾਇਆ ਸੀ ਪਰ 'ਯਾਤ੍ਰੀ' ਨਾਵਲ ਵਿਚ ਮਹੰਤ ਕਿਰਪਾ ਸਾਗਰ ਦੇ ਕਿਸੇ ਵੀ ਵਰਨਣ ਵਿਚ ਮੈਂ ਚੇਤਨ ਤੌਰ 'ਤੇ ਆਪਣੇ ਪਿਤਾ ਦਾ ਚੇਤਾ ਨਹੀਂ ਸੀ ਪਾਇਆ ਪਰ ਕਈਆਂ ਵਰ੍ਹਿਆਂ ਪਿਛੋਂ ਮੈਂ ਇਕ ਦਿਨ ਉਸ ਨਾਵਲ ਨੂੰ ਪੜ੍ਹਿਆ, ਤੇ ਜਦੋਂ ਮਹੰਤ ਕਿਰਪਾ ਸਾਗਰ ਦੀ ਮੌਤ ਪਿਛੋਂ ਨਾਵਲ ਦਾ ਨਾਇਕ ਉਹਦੀ ਆਵਾਜ਼ ਨੂੰ ਮਨ ਵਿਚ ਚਿਤਵਦਾ ਹੈ ਤਾਂ ਮੈਨੂੰ ਜਾਪਿਆ- ਇਹ ਮੈਂ ਆਪ ਆਪਣੇ ਪਿਤਾ ਦੀ ਆਵਾਜ਼ ਨੂੰ ਚਿਤਵ ਰਹੀ ਸਾਂ, "ਉਨ੍ਹਾਂ ਦੀ ਆਵਾਜ਼ ਵਿਚ ਕੁਝ ਖਾਸ ਤਰ੍ਹਾਂ ਦਾ ਇੰਜ ਸੀ- ਨਦੀ ਦੇ ਪਾਣੀ ਵਰਗਾ, ਹੌਲਾ ਜਿਹਾ ਹੁੰਦਾ ਵੀ ਬੜਾ ਭਾਰਾ, ਤੇ ਆਪਣੇ ਜ਼ੋਰ ਨਾਲ ਵਹਿੰਦਾ। ਕੋਈ ਪੱਥਰ, ਕੰਕਰ, ਪੱਤਾ ਜਾਂ ਹੱਥਾਂ ਦੀ ਮੈਲ ਉਹਦੇ ਵਿਚ ਸੁੱਟ ਦੇਵੇ, ਤਾਂ ਉਸ ਤੋਂ ਬੇਪ੍ਰਵਾਹ ਉਸ ਨੂੰ ਰੋੜ੍ਹ ਕੇ ਲੈ ਜਾਂਦਾ, ਜਾਂ ਪੈਰਾਂ ਵਿਚ ਸੁੱਟ ਕੇ ਉਹਦੇ ਉਤੋਂ ਦੀ ਲੰਘ ਜਾਂਦਾ। ਉਨ੍ਹਾਂ ਦੀ ਆਵਾਜ਼ ਇਕ ਸੇਧ ਵਿਚ ਤੁਰੀ ਜਾਂਦੀ ਸੀ, ਦੁਆਲੇ ਦੀਆਂ ਗੱਲਾਂ ਸੁਣ ਕੇ ਕਦੇ ਖਲੋਂਦੀ ਨਹੀਂ ਸੀ ਜਾਪਦੀ। ਸਾਧ ਡੇਰੇ ਵੀ ਘਰ ਗ੍ਰਿਹਿਸਥੀਆਂ ਵਾਂਗ ਝਗੜਿਆਂ- ਖਹਿਬੜਾਂ ਤੇ ਨਿੰਦਿਆ-ਚੁਗਲੀਆਂ ਨਾਲ ਵਸਦੇ ਰਸਦੇ ਹਨ- ਜਾਲੇ ਇਨ੍ਹਾਂ ਦੀਆਂ ਗੁੱਠਾਂ ਵਿਚ ਲਗਦੇ ਹਨ ਪਰ ਉਨ੍ਹਾਂ ਦੀ ਆਵਾਜ਼ ਨਦੀ ਦੇ ਵੇਗ ਵਾਂਗ, ਇਸ ਸਭ ਕੁਝ ਨੂੰ ਰੋੜ੍ਹ ਕੇ ਲਿਆਂਦੀ ਤੇ ਇਨ੍ਹਾਂ ਨੂੰ ਅੱਖ ਭਰ ਕੇ ਤੱਕਦੀ ਵੀ ਨਹੀਂ ਸੀ। ਇਹ ਆਵਾਜ਼ ਦੋ ਤਰ੍ਹਾਂ ਦੀ ਸੀ- ਇਕ ਭਾਰੀ ਗੌਰੀ ਤੇ ਵੇਗ ਦੀ ਭਰੀ। ਦੂਜੀ ਬਹੁਤ ਸੂਖਮ, ਉਦਾਸ ਤੇ ਪੌਣ ਵਾਂਗ ਪੌਣ ਵਿਚ ਰਲਦੀ...।"

ਤੇ ਨਾਵਲ ਵਿਚ ਮਹੰਤ ਕਿਰਪਾ ਸਾਗਰ ਜਿਹੜੇ ਬੋਲ ਨੂੰ ਬਾਰ-ਬਾਰ ਦੁਹਰਾਂਦੇ ਹਨ, ਚੇਤਾ ਆਇਆ ਕਿ ਉਹੀ ਬੋਲ ਮੇਰੇ ਬਾਪ ਦੇ ਦੰਦਾਂ ਹੇਠ ਉਤੇ ਹੁੰਦੇ ਸਨ, "ਮੁੱਦਤੇਂ ਗੁਜ਼ਰ ਗਈਂ ਬੇਯਾਰ ਔ ਮਦਦਗਾਰ ਹੁਏ...।"

ਮਹੰਤ ਕਿਰਪਾ ਸਾਗਰ ਦੀ ਕਹਾਣੀ ਦਾ ਕੁਝ ਹਿੱਸਾ ਮੈਂ ਚੇਤਨ ਤੌਰ 'ਤੇ ਆਪਣੇ ਬਾਪ ਦੇ ਇਕ ਮਿੱਤਰ ਸਾਧੂ ਦੀ ਜ਼ਿੰਦਗੀ ਵਿਚੋਂ ਲਿਆ ਸੀ, ਪਰ ਜਦੋਂ ਮਹੰਤ ਕਿਰਪਾ ਸਾਗਰ ਦੇ ਸੁਭਾਅ ਦਾ ਵਰਨਣ ਕੀਤਾ ਤਾਂ ਅਚੇਤ ਮੇਰੇ ਕੋਲੋਂ ਆਪਣੇ ਬਾਪ ਦੇ ਸੁਭਾਅ ਦਾ ਵਰਨਣ ਹੋ ਗਿਆ।

---

15 ਮਈ 1973 ਨੂੰ ਜਦੋਂ ਦਿੱਲੀ ਯੂਨੀਵਰਸਿਟੀ ਦੇ ਆਨਰੇਰੀ ਡਾ. ਲਿਟ ਦੀ ਡਿਗਰੀ ਦਿੱਤੀ, ਘਰ ਆਈ ਨੂੰ ਦੇਵਿੰਦਰ ਨੇ ਆਪਣੇ ਬੋਝੇ ਵਿਚ ਕੁਝ ਛੁਪਾ ਕੇ ਆਖਿਆ, "ਦੀਦੀ! ਅੱਜ ਕੋਈ ਮਨ ਆਈ ਕਰਨ ਤੇ ਜੀਅ ਕਰਦਾ ਏ, ਗੁੱਸੇ ਨਾ ਹੋਵੀਂ।" ਜਵਾਬ ਵਿਚ ਹੱਸ ਪਈ ਸਾਂ, "ਵੇ ਤੇਰੇ ਮਨ ਆਈ ਜੋ ਵੀ ਹੋਵੇਗੀ, ਚੰਗੀ ਹੋਵੇਗੀ।" - ਤੇ ਦੇਵਿੰਦਰ ਨੇ ਬੋਝੇ ਵਿਚੋਂ ਰੇਸ਼ਮੀ ਰੁਮਾਲ, ਮਿਸ਼ਰੀ ਤੇ ਇੱਕੀ ਰੁਪਈਏ ਕੱਢ ਕੇ ਆਖਿਆ, "ਦੀਦੀ! ਤੇਰਾ ਕੋਈ ਪਿਉ ਜਾਂ ਭਰਾ ਹੁੰਦਾ, ਕੋਈ ਸ਼ਗਨ ਕਰਦਾ... ਇਹ ਸ਼ਗਨ ਉਨ੍ਹਾਂ ਵੱਲੋਂ...।"

ਅੱਖਾਂ ਭਰ ਆਈਆਂ। ਤੇ ਯਾਦ ਆਇਆ- 'ਇਕ ਸਵਾਲ' ਨਾਵਲ ਵਿਚ ਜਦੋਂ ਨਾਵਲ ਦਾ ਨਾਇਕ ਆਪਣੇ ਪਿਉ ਦੀ ਮੌਤ ਪਿਛੋਂ ਆਪਣੀ ਅਸਲੋਂ ਜਵਾਨ ਮਤਰੇਈ ਮਾਂ ਦਾ ਆਪਣੇ ਹੱਥੀਂ ਉਹਦਾ ਮਨਚਾਹਿਆ ਵਿਆਹ ਕਰਦਾ ਹੈ, ਤੇ ਉਹ ਜਵਾਨ ਜਹਾਨ ਕੁੜੀ ਥਾਲੀ ਵਿਚ ਰੋਟੀ ਪਾ ਕੇ ਆਖਦੀ ਹੈ, "ਆ! ਮਾਂ ਪੁੱਤਰ ਰਲ ਕੇ ਖਾਈਏ।" ਤਾਂ ਉਹ ਰੋਟੀ ਦੀ ਪਹਿਲੀ ਗਰਾਹੀ ਭੰਨਦਾ ਆਖਦਾ ਹੈ, "ਪਹਿਲੋਂ ਇਹ ਦੱਸ, ਤੂੰ ਮੇਰੀ ਮਾਂ ਲਗਨੀ ਏਂ, ਭੈਣ ਲਗਨੀ ਏਂ, ਮੇਰੀ ਧੀ ਲਗਨੀ ਏਂ?" ਤਾਂ ਨਾਵਲ ਦਾ ਇਹ ਹਿੱਸਾ ਲਿਖਦਿਆਂ ਦੇਵਿੰਦਰ ਮੇਰੇ ਸਾਹਮਣੇ ਨਹੀਂ ਸੀ ਪਰ ਚੌਦਾਂ ਵਰ੍ਹਿਆਂ ਪਿਛੋਂ ਜਦੋਂ ਦੇਵਿੰਦਰ ਨੇ ਉਹ ਰੁਮਾਲ, ਉਹ ਮਿਸ਼ਰੀ ਤੇ ਉਹ ਰੁਪਈਏ ਮੇਰੀ ਝੋਲੀ ਪਾਏ, ਮੇਰੇ ਮਨ ਵਿਚ ਆਇਆ, ਬੋਲ ਨਿਰਪੂਰਾ ਉਹੋ ਸੀ, "ਵੇ ਪਹਿਲੋਂ ਇਹ ਦੱਸ, ਤੂੰ ਮੇਰਾ ਪਿਉ ਲਗਨਾ ਏਂ, ਮੇਰਾ ਭਰਾ, ਕਿ ਮੇਰਾ ਪੁੱਤਰ?"


---

ਕਹਾਣੀ 'ਪਿਘਲਦੀ ਚਟਾਨ' ਮੈਂ 1974 ਦੇ ਸ਼ੁਰੂ ਵਿਚ ਲਿਖੀ ਸੀ, ਬਿਲਕੁਲ ਨਹੀਂ ਜਾਣਦੀ ਸੀ ਕਿ ਮੇਰੇ ਅਚੇਤ ਮਨ ਦਾ ਇਹ ਕਿਹੜਾ ਪ੍ਰਗਟਾ ਸੀ। ਮੈਂ ਇਹਦਾ ਪਿਛੋਕੜ ਨੇਪਾਲ ਸ਼੍ਰੈਂਭੂਪਰਬਤ ਦੀ ਸਿਖਰ 'ਤੇ ਬਣਿਆ ਮੰਦਰ ਰਖਿਆ, ਜਿਥੇ ਜਵਾਨ ਕੁੜੀ ਰਾਜਸ੍ਰੀ ਰਾਤ ਦੇ ਚੌਥੇ ਪਹਿਰ ਜਾਂਦੀ ਹੈ, ਤੇ ਉਥੇ ਪਹੁੰਚ ਕੇ ਪਾਰਲੀ ਉਤਰਾਈ ਵਲ ਉਤਰਦੀ ਉਸ ਬਸੰਗਾ ਨਦੀ ਦਾ ਰਾਹ ਪਛਾਣਦੀ ਹੈ, ਜਿਸ ਨਦੀ ਵਿਚ ਕਦੇ ਦੋ ਸੌ ਸਾਲ ਹੋਏ ਉਹਦੇ ਵੰਸ਼ ਦੀ ਇਕ ਕੁਮਾਰੀ ਨੇ ਜ਼ਿੰਦਗੀ ਤੋਂ ਨਿਜਾਤ ਦਾ

(ਅਗਲੇ ਸਫੇ 'ਤੇ ਜਾਰੀ)

# ਕਰਹਲੇ


## ਸ਼ਬਦ ਝਰੋਖਾ



ਬਲਜੀਤ ਬਾਸੀ

*ਫੋਨ: 734-259-9353*



ਰਾਗ ਗਉੜੀ ਪੂਰਬੀ ਵਿਚ 'ਕਰਹਲੇ' ਸਿਰਲੇਖ ਅਧੀਨ ਚੌਥੇ ਗੁਰੂ ਰਾਮਦਾਸ ਦੇ ਦੋ ਗੀਤ ਮਿਲਦੇ ਹਨ। ਕਾਹਨ ਸਿੰਘ, ਪਿਆਰਾ ਸਿੰਘ ਪਦਮ ਅਤੇ ਕੁਝ ਹੋਰ ਵਿਦਵਾਨਾਂ ਅਨੁਸਾਰ ਕਰਹਲੇ ਉਹ ਲੋਕ ਗੀਤ ਹਨ, ਜੋ ਸਿੰਧ ਦੇ ਸੌਦਾਗਰ ਊਠਾਂ 'ਤੇ ਸਵਾਰ ਹੋ ਕੇ ਮਾਰੂਥਲ ਗਾਹੁੰਦੇ ਦੂਰ-ਦੁਰਾਡੀਆਂ ਥਾਂਵਾਂ ਨੂੰ ਜਾਂਦਿਆਂ ਗਾਉਂਦੇ ਹਨ। ਇਹ ਕਰਹਲੇ ਉਦਰੇਵੇਂ ਭਰੇ ਅਤੇ ਵੈਰਾਗਮਈ ਹੁੰਦੇ ਹਨ। ਕਾਫਲੇ ਵਿਚ ਸਭ ਤੋਂ ਅਗਲਾ ਊਠ ਸਵਾਰ ਗੀਤ ਛੇੜਦਾ ਹੈ ਤਾਂ ਪਿੱਛੇ ਪਿੱਛੇ ਆਉਂਦੇ ਬਾਕੀ ਸਵਾਰ ਗੀਤ ਨੂੰ ਹੋਰ ਅੱਗੇ ਤੋਰਦੇ ਹਨ। ਇਸ ਪ੍ਰਕਾਰ ਉਨ੍ਹਾਂ ਦਾ ਥਕੇਵਾਂ ਵੀ ਉਤਰਦਾ ਹੈ ਤੇ ਦੇਸ ਦੀ ਯਾਦ ਵੀ ਕਾਇਮ ਰਹਿੰਦੀ ਸੀ। ਗੁਰੂ ਜੀ ਰਚਿਤ ਕਰਹਲੇ ਦੀ ਵੰਨਗੀ ਦੇਖੀਏ,

ਕਰਹਲੇ ਮਨ ਪਰਦੇਸੀਆ
ਕਿਉ ਮਿਲੀਐ ਹਰ ਮਾਇ॥
ਗੁਰੁ ਭਾਗਿ ਪੂਰੈ ਪਾਇਆ
ਗਲ ਮਿਲਿਆ ਪਿਆਰਾ ਆਇ॥
ਮਨ ਕਰਹਲਾ ਸਤਿਗੁਰ ਪੁਰਖੁ ਧਿਆਇ॥

ਇਨ੍ਹਾਂ ਕਰਹਲਿਆਂ ਵਿਚ ਮਨ ਨੂੰ ਮਾਰੂਥਲ ਵਿਚ ਭਟਕਦੇ, ਏਧਰ ਉਧਰ ਮੂੰਹ ਮਾਰਦੇ ਊਠ ਦੇ ਸਮਾਨ ਦਰਸਾਇਆ ਗਿਆ ਹੈ, ਜਿਸ ਨੂੰ ਨਾਮ ਰਾਹੀਂ ਪਰਮਾਤਮਾ ਦੀ ਮੰਜ਼ਿਲ ਵੱਲ ਸੇਧੇ ਜਾਣ ਦੀ ਪ੍ਰੇਰਨਾ ਹੈ। ਤਿੰਨ ਤਿੰਨ ਪਦਿਆਂ ਵਾਲੇ ਇਹ ਕਰਹਲੇ ਟੱਪਿਆਂ ਜਿਹੇ ਹਨ। ਵਿਦਵਾਨਾਂ ਅਨੁਸਾਰ ਟੱਪੇ ਵੀ ਮੁਢਲੇ ਤੌਰ 'ਤੇ ਊਠ ਸਵਾਰਾਂ ਦੀ ਦੇਣ ਹਨ। ਭਗਤ ਨਾਮਦੇਵ ਨੇ ਵੀ ਕਰਹਲਾ ਸ਼ਬਦ ਵਰਤਿਆ ਹੈ, "ਮਾਰਵਾੜਿ ਜੈਸੇ ਨੀਰੁ ਬਾਲਹਾ ਬੇਲਿ ਬਾਲਹਾ ਕਰਹਲਾ॥" ਅਰਥਾਤ ਜਿਵੇਂ ਮਾਰੂਥਲ ਵਿਚ ਪਾਣੀ ਪਿਆਰਾ ਲਗਦਾ ਹੈ ਅਤੇ ਊਠ ਨੂੰ ਵੇਲ ਪਿਆਰੀ ਲਗਦੀ ਹੈ।... ਕਰਹਲੇ ਜਿਹੇ ਭਾਵ ਗੁਰੂ ਨਾਨਕ ਨੇ ਵੀ ਪ੍ਰਗਟਾਏ ਹਨ, 'ਮਨੁ ਪਰਦੇਸੀ ਜੇ ਥੀਐ ਸਭੁ ਦੇਸੁ ਪਰਾਇਆ॥'

'ਮਹਾਨ ਕੋਸ਼' ਨੇ ਊਠ ਦੇ ਅਰਥਾਂ ਵਾਲੇ ਕਰਹਲੇ ਸ਼ਬਦ ਨੂੰ ਸੰਸਕ੍ਰਿਤ ਸ਼ਬਦ 'ਕ੍ਰਮੇਲ', ਅਰਬੀ ਕਿਰਮਿਲ, ਸਿੰਧੀ ਕਰਹੋ ਅਤੇ ਅੰਗਰੇਜ਼ੀ ਕੈਮਲ ਨਾਲ ਜੋੜਿਆ ਹੈ। ਸੰਸਕ੍ਰਿਤ ਸ੍ਰੋਤਾਂ ਅਨੁਸਾਰ ਊਠ ਦੇ ਅਰਥਾਂ ਵਾਲਾ ਕ੍ਰਮੇਲ ਸ਼ਬਦ ਗਰੀਕ ਸ਼ਬਦ 'ਕਮਹਲੋਸ' ਦਾ ਸੰਸਕ੍ਰਿਤ ਰੁਪਾਂਤਰ ਹੈ। ਮਤਲਬ ਇਹ ਬਹੁਤ ਚਿਰ ਪਹਿਲਾਂ ਸਿਕੰਦਰ ਦੇ ਹਮਲੇ ਪਿਛੋਂ ਉਤਰ ਪੱਛਮੀ ਭਾਰਤ ਦੇ ਗਰੀਕ ਨਾਲ ਸਬੰਧਾਂ ਕਾਰਨ ਸੰਸਕ੍ਰਿਤ ਵਿਚ ਦਾਖਲ ਹੋਇਆ। ਗਰੀਕ ਦੇ ਹੋਰ ਸ਼ਬਦ ਵੀ ਸਾਡੀਆਂ ਭਾਸ਼ਾਵਾਂ ਵਿਚ ਮਿਲਦੇ ਹਨ। ਅਸਲ ਵਿਚ ਗਰੀਕ ਤੋਂ ਏਹੀ ਸ਼ਬਦ ਅੰਗਰੇਜ਼ੀ ਵਿਚ ਕੈਮਲ ਦੇ ਰੂਪ ਵਿਚ ਗਿਆ। ਇਸ ਦਾ ਸਫਰ ਕੁਝ ਇਸ ਪ੍ਰਕਾਰ ਰਿਹਾ: ਹਿਬਰੂ ਜਾਂ ਫੋਨੀਸ਼ੀਅਨ ਗਮਲ> ਗਰੀਕ ਕਮਹਲੋਸ> ਲਾਤੀਨੀ ਕੈਮਲਸ> ਪੁਰਾਣੀ ਤੋਂ ਆਧੁਨਿਕ ਫਰਾਂਸੀਸੀ ਕੈਮਲ> ਅੰਗਰੇਜ਼ੀ ਕੈਮਲ। ਹਿਬਰੂ ਸ਼ਬਦ ਨੂੰ ਅਰਬੀ ਜਮਲ ਨਾਲ ਜੋੜਨ ਦੀ ਸੰਭਾਵਨਾ ਦਰਸਾਈ ਗਈ ਹੈ। ਅਰਬੀ ਵਿਚ ਕੈਮਲ ਲਈ ਜਮਾਲ ਸ਼ਬਦ ਹੈ। ਦਰਅਸਲ ਇਹ ਸ਼ਬਦ ਸਾਮੀ ਭਾਸ਼ਾ ਪਰਿਵਾਰ ਦਾ ਹੈ, ਇਸ ਲਈ ਹੋਰ ਸਾਮੀ ਭਾਸ਼ਾਵਾਂ ਵਿਚ ਵੀ ਇਸ ਦੇ ਸਜਾਤੀ ਸ਼ਬਦ ਹਨ।

ਘੋਖਣ ਵਾਲੀ ਗੱਲ ਹੈ ਕਿ ਕੀ ਸਿੰਧੀ 'ਕਰਹਲਾ' ਉਕਤ ਕ੍ਰਮੇਲ ਦਾ ਵਿਗੜਿਆ ਰੂਪ ਹੈ? ਜਿਵੇਂ ਕਿ 'ਮਹਾਨ ਕੋਸ਼' ਤੋਂ ਸੰਕੇਤ ਮਿਲਦਾ ਹੈ। ਸਿੰਧੀ ਕੋਸ਼ਾਂ ਵਿਚ ਊਠ ਲਈ ਉਟ ਤੋਂ ਬਿਨਾ



'ਕਰਹੋ' 'ਕਰਹੁ' ਜਿਹਾ ਸ਼ਬਦ ਮਿਲਦਾ ਹੈ। ਛਾਣਬੀਣ ਤੋਂ ਪਤਾ ਲਗਦਾ ਹੈ ਕਿ ਇਸ ਸ਼ਬਦ ਦਾ ਸਬੰਧ ਸੰਸਕ੍ਰਿਤ ਕ੍ਰਮੇਲ ਨਾਲ ਨਾ ਹੋ ਕੇ ਇੱਕ ਹੋਰ ਸੰਸਕ੍ਰਿਤ ਸ਼ਬਦ 'ਕਰਭ' ਨਾਲ ਹੈ ਜਿਸ ਨੂੰ ਅਸੀਂ ਕਰਭਹ ਜਾਂ ਕਰਭ ਹੀ ਉਚਾਰਾਂਗੇ। 'ਮਹਾਨ ਕੋਸ਼' ਨੇ ਇਹ ਸ਼ਬਦ ਇਸ ਪ੍ਰਕਾਰ ਲਿਆ ਹੈ, "ਸੰ. {ਸੰਗਯਾ}. ਊਠ ਦਾ ਬੱਚਾ। (2) ਹਾਥੀ ਦਾ ਬੱਚਾ. "ਕਰਿਕਰਭ ਬਿਸਾਲ ਕਰ". (ਨਾਪ੍ਰ) ਕਰਭ ਦਾ ਕਰ (ਸੁੰਡ), ਉਸ ਜੇਹੀ ਲੰਮੀ ਬਾਹਾ।" ਜ਼ਿਕਰਯੋਗ ਹੈ ਕਿ ਸੰਸਕ੍ਰਿਤ ਸ੍ਰੋਤਾਂ ਅਨੁਸਾਰ ਇਸ ਸ਼ਬਦ ਦੇ ਮੁਢਲੇ ਅਰਥ ਹਾਥੀ, ਹਾਥੀ ਦਾ ਬੱਚਾ ਤੇ ਫਿਰ ਊਠ, ਊਠ ਦਾ ਬੱਚਾ ਹਨ।

ਮੋਨੀਅਰ-ਵਿਲੀਅਮਜ਼ ਦੇ ਸੰਸਕ੍ਰਿਤ-ਅੰਗਰੇਜ਼ੀ ਕੋਸ਼ ਨੇ ਕਰਭ ਸ਼ਬਦ ਦਾ ਗਰੀਕ ਪਿਛੋਕੜ ਵਾਲੇ ਕ੍ਰਮੇਲ ਸ਼ਬਦ ਨਾਲ ਕੋਈ ਨਿਰੁਕਤਕ ਸਬੰਧ ਨਹੀਂ ਦਰਸਾਇਆ ਭਾਵੇਂ ਕਿ ਦੋਹਾਂ ਵਿਚ ਕਾਫੀ ਸਾਰੀ ਧੁਨੀ ਸਮਾਨਤਾ ਮਿਲਦੀ ਹੈ। ਸਪੱਸ਼ਟ ਹੈ ਕਿ ਕਰਭ ਵਿਚਲੀ 'ਭ' ਧੁਨੀ 'ਹ' ਵਿਚ ਵਟੀ ਹੈ। ਧੁਨੀ ਦਾ ਅਜਿਹਾ ਬਦਲਾਅ ਆਮ ਵਰਤਾਰਾ ਹੈ। ਮੋਨੀਅਰ-ਵਿਲੀਅਮਜ਼ ਨੇ ਇਹ ਵੀ ਸੰਕੇਤ ਕੀਤਾ ਹੈ ਕਿ 'ਕਰਭ' ਸ਼ਬਦ ਵਿਚਲੇ ਕਰ ਦਾ ਸਬੰਧ ਸੰਸਕ੍ਰਿਤ 'ਕਰ' ਨਾਲ ਹੋ ਸਕਦਾ ਹੈ ਜਿਸ ਦਾ ਅਰਥ 'ਹੱਥ' ਹੁੰਦਾ ਹੈ। ਅਸੀਂ 'ਕਰ ਪੈਰ', 'ਕਰ ਕਮਲ' (ਕਮਲ ਜਿਹੇ ਹੱਥ), ਕਰ ਗ੍ਰਹਿਣ (ਵਿਆਹ ਸਮੇਂ ਇਸਤਰੀ ਦਾ ਹੱਥ ਪਕੜਨਾ) ਸ਼ਬਦ ਜੁੱਟ ਆਮ ਹੀ ਵਰਤਦੇ ਹਾਂ। ਕਰਭ ਸ਼ਬਦ ਦੇ ਹਾਥੀ ਵਾਲੇ ਅਰਥਾਂ ਵੱਲ ਗੌਰ ਕਰੋ। ਇਸ ਨੂੰ ਹਾਥੀ ਇਸ ਲਈ ਕਿਹਾ ਹੋ ਸਕਦਾ ਹੈ ਕਿਉਂਕਿ ਹਾਥੀ ਦਾ ਸੁੰਡ ਇੱਕ ਤਰ੍ਹਾਂ ਇਸ ਦਾ ਕਰ (ਹੱਥ) ਹੀ ਹੁੰਦਾ ਹੈ ਜਿਸ ਤੋਂ ਉਹ ਹੱਥ ਵਾਂਗ ਹੀ ਕੰਮ ਲੈਂਦਾ ਹੈ। ਸਬੱਬ ਹੈ ਕਿ ਹਾਥੀ ਸ਼ਬਦ ਵੀ ਸੰਸਕ੍ਰਿਤ ਹਸਤਿਨ ਤੋਂ ਬਣਿਆ ਜਿਸ ਵਿਚ 'ਹਸਤ' ਦਾ ਅਰਥ ਹੱਥ ਹੁੰਦਾ ਹੈ। ਸੋ ਪੰਜਾਬੀ ਹੱਥ ਤੇ ਹਾਥੀ ਵੀ ਕ੍ਰਮਵਾਰ ਸੰਸਕ੍ਰਿਤ ਹਸਤਿਨ ਅਤੇ ਹਸਤਿ ਤੋਂ ਹੀ ਵਿਉਤਪਤ ਹੋਏ ਹਨ। ਹਸਤਿਨ ਤੋਂ ਸੰਸਕ੍ਰਿਤ ਹਸਤਿਨੀ ਅਤੇ ਪੰਜਾਬੀ ਹਥਣੀ ਬਣੇ ਹਨ।

ਇੰਜ ਲਗਦਾ ਹੈ ਕਿ ਇਸ ਦੀ ਹਾਥੀ ਤੋਂ ਊਠ ਦੇ ਅਰਥਾਂ ਵਿਚ ਵਰਤੋਂ ਜਾਂ ਤਾਂ ਇਸ ਸ਼ਬਦ ਦਾ ਅਰਥ ਵਿਸਤਾਰ ਹੈ ਜਾਂ ਊਠ ਦੀ ਗਰਦਨ ਨੂੰ ਵੀ ਇੱਕ ਲੰਬੇ ਹੱਥ ਵਜੋਂ ਪ੍ਰਤੀਤ ਕੀਤਾ ਗਿਆ ਹੈ। ਦਰਅਸਲ ਕਰਭ ਦਾ ਪਹਿਲਾ ਅਰਥ ਹਾਥੀ ਦਾ ਸੁੰਡ ਹੀ ਹੈ ਤੇ ਫਿਰ ਹਾਥੀ ਦਾ ਬੱਚਾ। ਜਿਵੇਂ ਕੁਝ ਕਰਨ ਜਾਂ ਖਾਣ ਲਈ ਹੱਥ ਵਧਾਇਆ ਜਾਂਦਾ ਹੈ, ਇਸੇ ਤਰ੍ਹਾਂ ਊਠ ਆਪਣੀ ਲੰਬੀ ਗਰਦਨ ਵਧਾਉਂਦਾ ਹੈ। ਇਥੇ ਇਕ ਹੋਰ ਪ੍ਰਸੰਗ ਦਾ ਜ਼ਿਕਰ ਛੇੜਨਾ ਵੀ ਦਿਲਚਸਪ ਰਹੇਗਾ। ਪੁਰਾਣੀ ਅੰਗਰੇਜ਼ੀ ਵਿਚ ਊਠ ਲਈ ਕੈਮਲ ਦੀ ਥਾਂ ਹਾਥੀ ਦੇ ਅਰਥਾਂ ਵਾਲਾ ਔਲਫੈਂਡ (olfend ਜੋ elephant ਦਾ ਹੀ ਪੁਰਾਣਾ ਰੂਪ ਹੈ), ਸ਼ਬਦ ਵਰਤਿਆ ਮਿਲਦਾ ਹੈ। ਇਹ ਘੜਮੱਸ ਪੁਰਾਣੇ ਜਰਮੈਨਿਕ ਲੋਕਾਂ ਵਿਚ ਊਠ ਅਤੇ ਹਾਥੀ ਵਿਚਕਾਰ ਬੇਸਮਝੀ ਕਾਰਨ ਪਿਆ ਹੈ। ਉਸ ਸਮੇਂ ਦੇ ਪੱਛਮੀ ਲੋਕਾਂ ਨੇ ਨਾ ਤਾਂ ਕਦੀ ਆਪ ਹਾਥੀ ਦੇਖਿਆ ਸੀ ਤੇ ਨਾ ਹੀ ਊਠ, ਕੇਵਲ ਹੋਰ ਸੌਦਾਗਰਾਂ ਜਾਂ ਸੈਲਾਨੀਆਂ ਤੋਂ ਇਨ੍ਹਾਂ ਬਾਰੇ ਅਜੀਬੋ ਗਰੀਬ ਕਹਾਣੀਆਂ ਹੀ ਸੁਣੀਆਂ ਸਨ। ਇਸ ਲਈ ਦੋਹਾਂ ਜਾਨਵਰਾਂ ਨੂੰ ਖਲਤ ਮਲਤ ਕਰ ਦਿੱਤਾ। ਕੁਝ ਸ੍ਰੋਤਾਂ ਅਨੁਸਾਰ ਪੱਛਮੀ ਲੋਕਾਂ ਨੂੰ ਮਧਯੁੱਗ ਦੇ ਕਰੂਸੇਡਾਂ ਸਮੇਂ ਜਾਂ ਅਰਬਾਂ ਵਲੋਂ ਸਪੇਨ ਦੀ ਜਿੱਤ ਪਿਛੋਂ ਹੀ ਊਠ ਦੀ ਜਾਣਕਾਰੀ ਹੋਈ।

ਲਿਲੀ ਟਰਨਰ ਦੇ 'ਹਿੰਦ-ਆਰੀਆਈ ਭਾਸ਼ਾਵਾਂ ਦਾ ਤੁਲਨਾਤਮਕ ਕੋਸ਼' ਵਿਚ ਸੰਸਕ੍ਰਿਤ ਕਰਭਹ ਤੋਂ ਆਧੁਨਿਕ ਭਾਰਤੀ ਭਾਸ਼ਾਵਾਂ ਵਿਚ ਵਿਉਤਪਤ ਕੁਝ ਸ਼ਬਦ ਦੱਸੇ ਗਏ ਹਨ, ਜਿਨ੍ਹਾਂ ਵਿਚ ਕਰਹਾ, ਕਰਹੁ, ਕਰਹੋ, ਕਲਭਾ, ਕਲਹੁਰੀ, ਕਲਮਭਯਾ ਤੋਂ ਇਲਾਵਾ ਪੰਜਾਬੀ ਹਿੰਦੀ ਕਰਹਾ ਵੀ ਸ਼ਾਮਿਲ ਹੈ। ਟਰਨਰ ਨੇ ਸ਼ੰਕਾ ਜਾਹਰ ਕਰਦਿਆਂ ਕਿਹਾ ਹੈ ਕਿ ਕਰਭਹ ਸ਼ਬਦ ਗੈਰ-ਆਰੀਆਈ ਹੋ ਸਕਦਾ ਹੈ। ਕੁਝ ਵੀ ਹੋਵੇ, ਦੋਨੋਂ ਵਿਦਵਾਨਾਂ ਨੇ ਕਰਭਹ ਅਤੇ ਇਸ ਤੋਂ ਬਣੇ ਕਰਹੋ ਆਦਿ ਸ਼ਬਦਾਂ ਨੂੰ ਅੰਗਰੇਜ਼ੀ ਕੈਮਲ ਦੇ ਸਕੇ ਸੰਸਕ੍ਰਿਤ ਕ੍ਰਮੇਲ ਦਾ ਸਜਾਤੀ ਨਹੀਂ ਮੰਨਿਆ। ਸਿੰਧੀ ਲੋਕ ਗੀਤਾਂ ਵਿਚ ਕਰਹੋ ਵੰਨਗੀ ਦੇ ਗੀਤ ਮਿਲਦੇ ਹਨ। ਵਿਚਾਰ ਹੈ ਕਿ ਕਰਹਲਾ ਸ਼ਬਦ ਕਰਹ ਦੇ ਪਿਛੇ 'ਲਾ' ਪਿਛੇਤਰ ਲਾ ਕੇ ਬਣਿਆ ਹੋਵੇਗਾ ਜਿਵੇਂ ਬਿਰਹਾ ਤੋਂ ਬਿਰਹੜਾ ਬਣਿਆ ਹੈ।

ਹੁਣ ਜ਼ਰਾ ਅੰਗਰੇਜ਼ੀ ਕੈਮਲ ਦਾ ਪਿਛੋਕੜ ਵੀ ਫਰੋਲ ਲਈਏ। ਇਹ ਸਾਮੀ ਪਿਛੋਕੜ ਵਾਲਾ ਸ਼ਬਦ ਹੈ ਜਿਸ ਦਾ ਸਾਮੀ ਧਾਤੂ ਹੈ, ਗ ਮ ਲ। ਇਸ ਵਿਚ ਪੱਕਾ ਕਰਨਾ, ਤਕੜਾ ਕਰਨਾ, ਪਾਲਣਾ ਆਦਿ ਤੋਂ ਇਲਾਵਾ ਭਾਰ ਢੋਣ, ਚੁੱਕਣ, ਇਕੱਤਰਣ ਦੇ ਭਾਵ ਵੀ ਹਨ। ਊਠ ਦੇ ਅਰਥਾਂ ਵਾਲੇ ਹਿਬਰੂ ਗਮਲ ਵਿਚ ਇਹ ਭਾਵ ਉਜਾਗਰ ਹੁੰਦੇ ਹਨ। ਅਰਬੀ ਵਿਚ ਇਸ ਦੇ ਬਰਾਬਰ ਜਮਲ (ਯਮਲ) ਸ਼ਬਦ ਹੈ। ਇਥੇ ਇਹ ਦੱਸਣਾ ਵੀ ਕੁਥਾਂ ਨਹੀਂ ਹੋਵੇਗਾ ਕਿ ਸੰਸਕ੍ਰਿਤ ਵਿਚ ਹਾਥੀ ਲਈ ਇਕ ਸ਼ਬਦ ਕਲਭ ਵੀ ਹੈ ਜਿਸ ਵਿਚ ਕਲ ਦਾ ਅਰਥ ਭਾਰ ਚੁੱਕਣਾ, ਢੋਣਾ ਆਦਿ ਹੈ।

ਜਿਵੇਂ ਉਪਰ ਦੱਸਿਆ ਗਿਆ ਹੈ, ਅਰਬੀ ਵਿਚ ਊਠ ਲਈ ਜਮਲ ਜਿਹਾ ਸ਼ਬਦ ਹੈ, ਜਿਸ ਦਾ ਹਿਬਰੂ ਰੂਪ ਗਮਲ ਹੈ। ਇਸੇ ਤੋਂ ਅੱਗੇ ਜਮੀਲ ਤੇ ਇਸ ਦਾ ਇਸਤਰੀ ਲਿੰਗ ਸ਼ਬਦ ਜਮੀਲਾ ਬਣੇ। ਇਨ੍ਹਾਂ ਸ਼ਬਦਾਂ ਵਿਚ ਸੁੰਦਰਤਾ, ਖੂਬਸੂਰਤੀ ਤੇ ਸੁਡੌਲਤਾ ਦੇ ਭਾਵ ਹਨ। ਕਈ ਮੁਸਲਮਾਨ ਵਿਅਕਤੀਆਂ ਦੇ ਅਜਿਹੇ ਨਾਂ ਹੁੰਦੇ ਹਨ। ਇਸੇ ਨਾਲ ਜੁੜਦਾ ਸ਼ਬਦ ਜਮਾਲ ਹੈ, ਜਿਸ ਵਿਚ ਖੂਬਸੂਰਤੀ, ਸੁਡੌਲਤਾ ਦੇ ਭਾਵ ਹਨ। ਹੁਸਨ-ਜਮਾਲ, ਜਾਹੋ-ਜਮਾਲ ਵਿਚ ਇਹ ਸ਼ਬਦ ਵਰਤਿਆ ਮਿਲਦਾ ਹੈ। ਗੁਰੂ ਅਰਜਨ ਦੇਵ ਨੇ ਜਮਾਲ ਸ਼ਬਦ ਵਰਤਿਆ ਹੈ, "ਨੀਚ ਕੀਚ ਨਿਮ੍ਰਿਤ ਘਨੀ ਕਰਨੀ ਕਮਲ ਜਮਾਲ॥" ਨਿਰੁਕਤ ਸ਼ਾਸਤਰੀ ਅਜਿਤ ਵਡਨੇਰਕਰ ਨੇ ਜਮਾਲ ਆਦਿ ਵਿਚ ਖੂਬਸੂਰਤੀ ਦੇ ਭਾਵਾਂ ਨੂੰ ਇਸ ਦੇ ਧਾਤੂ ਵਾਲੇ ਅਰਥਾਂ ਪੱਕੇ ਕਰਨ, ਪਾਲਣ ਨਾਲ ਜੋੜਦਿਆਂ ਇਸ ਨੂੰ ਸੁਡੌਲ, ਅਨੁਪਾਤੀ, ਪਲਿਆ ਹੋਇਆ ਆਦਿ ਦਰਸਾਇਆ ਹੈ। ਜੋ ਸਰੀਰ ਸੁਡੌਲ, ਅਨੁਪਾਤੀ ਹੈ, ਉਹ ਹੀ ਸੁੰਦਰ ਅਰਥਾਤ ਜਮਾਲ ਹੈ।

ਅਰਬੀ ਵਿਚ ਹੀ ਜਮਲ ਦਾ ਇੱਕ ਅਰਥ ਮੋਟੀ ਰੱਸੀ ਵੀ ਮਿਲਦਾ ਹੈ। ਵਡਨੇਰਕਰ ਇਸ ਨੂੰ ਵੀ ਗਮਲ ਵਿਚਲੇ ਪਕਿਆਈ, ਮਜ਼ਬੂਤੀ ਦੇ ਭਾਵਾਂ ਨਾਲ ਜੋੜਦਾ ਹੈ। ਅਰਬੀ ਸ੍ਰੋਤਾਂ ਅਨੁਸਾਰ ਇਸ ਦਾ ਸਬੰਧ ਊਠ ਦੇ ਵਾਲਾਂ ਨਾਲ ਬਣੇ ਹੋਏ ਹੋਣ ਕਾਰਨ ਹੈ। ਅਸੀਂ ਜੁਮਲਾ ਵਾਲੇ ਲੇਖ ਵਿਚ ਇਸ ਸ਼ਬਦ ਦਾ ਸਬੰਧ ਸਮੁੱਚ ਨਾਲ ਜੋੜ ਆਏ ਹਾਂ। ਵਿਦਵਾਨਾਂ ਦਾ ਇਹ ਵੀ ਵਿਚਾਰ ਹੈ ਕਿ ਸਾਮੀ ਭਾਸ਼ਾ ਦੇ ਮੂਲ ਗਮਲ ਨੂੰ ਦੋ ਜੁਜ਼ਾਂ ਵਿਚ ਵੰਡਿਆ ਜਾ ਸਕਦਾ ਹੈ ਜਮ+ਲ। ਇਥੇ 'ਲ' ਜੁਜ਼ ਜਾਨਵਰ ਦੇ ਅਰਥ ਵਿਚ ਵਰਤਿਆ ਗਿਆ ਹੈ। 'ਲ' ਦਾ ਰੁਪਾਂਤਰ 'ਰ' ਵੀ ਹੈ। ਹੋਰ ਸ਼ਬਦ ਹਨ-ਹਿਮਾਰ (ਗਧਾ), ਬੱਕਰ (ਪਸੂ), ਗ਼ਯਲ (ਹਿਰਨ), ਆਯਾਲ (ਬੱਛਾ), ਸੁਰ (ਬਲਦ), ਖਿੰਨਜ਼ੀਰ (ਸੂਰ), ਨਮਲਾ (ਕੀੜੀ) ਆਦਿ। ਅਰਬੀ ਨਿਰੁਕਤ 'ਤੇ ਬਹੁਤਾ ਕੰਮ ਹੋਇਆ ਨਹੀਂ ਮਿਲਦਾ।

---

# ਵੇਖੀਆਂ ਸੁਣੀਆਂ ਤੇ ਵਾਪਰੀਆਂ ਗੱਲਾਂ

*(ਪਿਛਲੇ ਸਫੇ ਦੀ ਬਾਕੀ)*

ਰਾਹ ਲੱਭਿਆ ਸੀ। ਰਾਜਸ਼੍ਰੀ ਮੁਹੱਬਤ ਦੀ ਨਿਰਾਸਤਾ ਵਿਚ ਉਹੀ ਰਾਹ ਚੁਣਦੀ ਹੈ ਜੋ ਕਦੇ ਉਹਦੇ ਵੰਸ਼ ਦੀ ਕੁਮਾਰੀ ਨੇ ਚੁਣਿਆ ਸੀ। ਨਾਲ ਸੋਚਦੀ ਵੀ ਹੈ- ਪੈਰਾਂ ਵਾਸਤੇ ਇਹ ਇਕੋ ਹੀ ਰਾਹ ਕਿਉਂ ਬਣਿਆ? ਕਹਾਣੀ ਅੱਗੇ ਤੁਰਦੀ ਹੈ ਤਾਂ ਰਾਜਸ਼੍ਰੀ ਦੇ ਮਨ ਵਿਚ ਜੁਗ ਪਲਟਦਾ ਹੈ। ਉਹ ਸ੍ਵੈ ਨੂੰ ਪਛਾਣਦੀ ਹੈ, ਜਾਣ ਜਾਂਦੀ ਹੈ ਕਿ ਇਕ ਸਮੇਂ ਦਾ ਸੱਚ ਹਰ ਸਮੇਂ ਦਾ ਸੱਚ ਨਹੀਂ ਹੁੰਦਾ...ਤੇ ਉਹ ਮੌਤ ਦੀ ਉਤਰਾਈ ਵਲੋਂ ਪੈਰ ਮੋੜ ਕੇ ਜ਼ਿੰਦਗੀ ਦੀ ਚੜ੍ਹਾਈ ਦੇ ਰਾਹ ਪੈਂ ਜਾਂਦੀ ਹੈ।

ਪੂਰੇ ਦੋ ਵਰ੍ਹੇ ਲੰਘ ਗਏ। ਇਸ ਕਹਾਣੀ ਦੇ ਕਿਰਦਾਰ ਨਾਲ ਮੈਂ ਆਪਣੇ ਆਪ ਨੂੰ ਕਦੇ ਵੀ ਜੋੜ ਕੇ ਨਹੀਂ ਸੀ ਵੇਖਿਆ ਕਿ ਇਕ ਰਾਤ, ਸੁੱਤ ਉਨੀਂਦਰੀ ਜਿਹੀ ਹਾਲਤ ਵਿਚ ਮੇਰੀ ਜ਼ਿੰਦਗੀ ਦਾ ਵੇਲਾ ਕੋਈ ਪੈਂਤੀ ਵਰ੍ਹੇ ਪਿਛਾਂਹ ਚਲਾ ਗਿਆ ਤੇ ਵੇਖਿਆ, ਮੈਂ ਮਸਾਂ ਕੋਈ ਵੀਹਾਂ ਕੁ ਵਰ੍ਹਿਆਂ ਦੀ ਹਾਂ, ਗੁਜਰਾਂ ਵਾਲੇ ਗਈ ਹਾਂ, ਓਸੇ ਗਲੀ ਵਿਚ, ਓਸੇ ਘਰ ਵਿਚ, ਜਿਥੇ ਕਦੀ ਮੇਰੇ ਪਿਤਾ ਦੀ ਭੈਣ ਹਾਕੋ ਭੋਰੇ ਵਿਚ ਪੈ ਕੇ ਚਲ੍ਹੀਏ (ਚਾਲੀਹੇ) ਕੱਟਦੀ ਮਰ ਗਈ ਸੀ...

ਕੰਨਾਂ ਵਿਚ ਉਹੀ ਆਵਾਜ਼ ਪਈ, ਪੈਂਤੀ ਵਰ੍ਹੇ ਪਹਿਲਾਂ ਦੀ ਜੋ ਮੈਨੂੰ ਵੇਖ ਕੇ ਗਲੀ ਦੀ ਜੀਵੀ ਭਗਤਣੀ ਪਹਿਲੋਂ ਮੈਨੂੰ ਵੇਖਦੀ ਰਹਿ ਗਈ ਸੀ, ਫੇਰ ਆਪਣੇ ਹੈਰਾਨ ਹੋਏ ਮੂੰਹ ਉਤੇ ਹੱਥ ਰੱਖ ਕੇ ਬੋਲੀ ਸੀ, "ਹਾਈ ਮੈਂ ਮਰ ਗਈ, ਨਿਰੀ ਹਾਕੋ... ਨਿਰੀ ਪੁਰੀ ਉਹੀਉ...।" ਮੇਰੀ ਭੂਆ ਹਾਕੋ ਦੇ ਵੇਲੇ ਦੀ ਉਸ ਗਲੀ ਵਿਚ ਇਕੋ ਔਰਤ ਸੀ ਜੋ ਅਜੇ ਵੀ ਜਿਊਂਦੀ ਸੀ, ਉਸ ਨੇ ਇੰਜ ਆਖਿਆ- ਤਾਂ ਮੈਂ ਸ਼ੀਸ਼ੇ ਵਿਚ ਆਪਣੇ ਮੂੰਹ ਵੱਲ ਵੇਖ ਕੇ ਪਹਿਲੀ ਵਾਰੀ ਹਾਕੋ ਦੇ ਮੂੰਹ ਨੂੰ ਚਿਤਰਿਆ... ਭਾਵੇਂ ਆਪਣੀ ਭੂਆ ਦੀ ਸ਼ਕਲ ਨਾਲ ਮੇਰੀ ਸ਼ਕਲ ਮਿਲ ਜਾਣੀ ਸੁਭਾਵਕ ਗੱਲ ਹੋ ਸਕਦੀ ਸੀ, ਪਰ ਜਾਪਿਆ- ਇਹ ਕੁਦਰਤ ਦਾ ਕੋਈ ਰਾਜ਼ ਹੈ, ਸ਼ਾਇਦ ਹੋਣੀ ਦਾ ਇਸ਼ਾਰਾ... ਮੈਂ ਉਸ ਵੇਲੇ ਮਨ ਦੀ ਡੂੰਘੀ ਪ੍ਰੇਸ਼ਾਨੀ ਵਿਚੋਂ ਗੁਜ਼ਰ ਰਹੀ ਸਾਂ। ਵਿਆਹ ਹੋ ਚੁੱਕਾ ਸੀ, ਪਰ ਮਨ ਉਖੜਿਆ ਹੋਇਆ ਸੀ। ਆਪਣੇ ਮੂੰਹ ਵਿਚ ਹਾਕੋ ਦਾ ਮੂੰਹ ਵੇਖਿਆ ਤਾਂ ਅੱਖਾਂ ਭਰ ਆਈਆਂ, ਜਾਪਿਆ, ਹਾਕੋ ਦਾ ਅੰਤ ਹੀ ਮੇਰਾ ਅੰਤ ਹੈ...।

ਉਹੀ ਦਿਨ ਸਨ- ਜਦੋਂ ਮੈਂ ਮਰਨਾ ਨਹੀਂ, ਜਿਊਣਾ ਚਾਹਿਆ। ਤੜਪ ਕੇ ਸੋਚਿਆ, "ਪੈਰਾਂ ਵਾਸਤੇ ਇਹ ਇਕੋ ਹੀ ਰਾਹ ਕਿਉਂ ਬਣਿਆ?" ਅਤੇ ਤੜਪ ਕੇ ਫੈਸਲਾ ਕੀਤਾ, "ਮੈਂ ਹਾਕੋ ਵਾਂਗ ਮਰਾਂਗੀ ਨਹੀਂ... ਜੀਵਾਂਗੀ...।"

ਜਨਮਾਂ ਦੀ ਗੱਲ ਨਹੀਂ ਜਾਣਦੀ, ਪਰ ਸੋਚਿਆ, ਜੀਵੀ ਭਗਤਣੀ ਦੇ ਕਹਿਣ ਮੁਤਾਬਕ ਜੇ ਇਹ ਸੱਚ ਵੀ ਹੈ ਕਿ ਪਿਛਲੇ ਜਨਮ ਮੈਂ ਹੀ ਹਾਕੋ ਸਾਂ, ਤਾਂ ਵੀ ਇਸ ਜਨਮ ਉਸ ਤਰ੍ਹਾਂ ਮਰਾਂਗੀ ਨਹੀਂ... ਪਰ ਇਹ, ਆਪਣੀ ਹੱਡ ਬੀਤੀ, ਮੈਨੂੰ 1974 ਵਿਚ ਇਹ ਕਹਾਣੀ 'ਪਿਘਲਦੀ ਚੱਟਾਨ' ਲਿਖਣ ਵੇਲੇ ਚੇਤਨ ਤੌਰ ਉਤੇ ਬਿਲਕੁਲ ਯਾਦ ਨਹੀਂ ਸੀ। ਮੇਰਾ ਅਚੇਤ ਮਨ ਪਤਾ ਨਹੀਂ ਕਿਹੜੇ ਵੇਲੇ ਉਤਾਂਹ ਆ ਕੇ ਇਹ ਕਹਾਣੀ ਲਿਖਵਾ ਗਿਆ ਤੇ ਫੇਰ ਮੇਰੀਆਂ ਅੱਖਾਂ ਤੋਂ ਵੀ ਆਪਣੇ ਬਦਨ ਨੂੰ ਚੁਰਾਂਦਾ, ਮਨ ਦੀਆਂ ਤੈਹਾਂ ਵਿਚ ਉਤਰ ਕੇ ਅਲੋਪ ਹੋ ਗਿਆ...।

---

ਕਈ ਘਟਨਾਵਾਂ ਮਸਾਂ ਕੁਝ ਹੀ ਦਿਨਾਂ ਵਿਚ ਦੀ ਵਿੱਥ 'ਤੇ ਕਿਸੇ ਰਚਨਾ ਦਾ ਹਿੱਸਾ ਬਣ ਜਾਂਦੀਆਂ ਹਨ, ਪਰ ਕਈਆਂ ਨੂੰ ਕਲਮ ਤੱਕ ਪਹੁੰਚਣ ਲਈ ਵਰ੍ਹੇ ਚੀਰਨੇ ਪੈਂਦੇ ਹਨ। ਪਹਿਲੀ ਤਰ੍ਹਾਂ ਦੀਆਂ ਘਟਨਾਵਾਂ ਵਿਚੋਂ ਮੈਨੂੰ ਇਕ ਯਾਦ ਹੈ, ਜਦੋਂ ਮੈਂ 1960 ਵਿਚ ਨੇਪਾਲ ਗਈ। ਪੰਜ ਕੁ ਦਿਨ ਰੋਜ਼ ਤਰਕਾਲਾਂ ਨੂੰ ਕਿਸੇ ਨਾ ਕਿਸੇ ਬੈਠਕ ਵਿਚ ਮੁਸ਼ਾਇਰਾ ਹੁੰਦਾ ਰਿਹਾ, ਜਿਥੇ ਕੁਝ ਨੇਪਾਲੀ ਸ਼ਾਇਰ ਰੋਜ਼ ਮਿਲਦੇ ਸਨ। ਉਨ੍ਹਾਂ ਵਿਚ ਇਕ ਸ਼ਾਇਰ ਸੀ, ਉਠਦੀ ਉਮਰ ਦਾ, ਪਰ ਬੜੇ ਹੀ ਸੰਜੀਦਾ ਸੁਭਾਅ ਦਾ। ਮੈਂ ਸਿਰਫ ਏਨਾ ਕੁ ਜਾਣਿਆ ਸੀ ਕਿ ਉਹ ਰੋਜ਼ ਹੌਲੀ ਜਿਹੀ ਮੇਰੀ ਇਕ ਖਾਸ ਨਜ਼ਮ ਦੀ ਫਰਮਾਇਸ਼ ਜ਼ਰੂਰ ਕਰਦਾ ਸੀ। ਬਸ ਇਸ ਤੋਂ ਵੱਧ ਕੁਝ ਨਹੀਂ ਪਰ ਜਿਸ ਦਿਨ ਵਾਪਿਸ ਦਿੱਲੀ ਔਣਾ ਸੀ, ਹੋਰ ਕਈਆਂ ਦੇ ਨਾਲ ਉਹ ਵੀ ਏਅਰਪੋਰਟ 'ਤੇ ਆਇਆ ਸੀ। ਅਤੇ ਅਜੀਬ ਸਬੱਬ ਸੀ ਕਿ ਉਸ ਦਿਨ ਪਲੇਨ ਇਕ ਘੰਟਾ ਲੇਟ ਸੀ। ਉਡੀਕ ਵਾਲਾ ਸਾਰਾ ਵੇਲਾ, ਉਨ੍ਹੇ ਮੇਰਾ ਭਾਰਾ ਗਰਮ ਕੋਟ ਚੁੱਕੀ ਰਖਿਆ। ਫੇਰ ਪਲੇਨ ਦੇ ਔਣ 'ਤੇ ਜਦੋਂ ਮੈਂ ਉਹਦੇ ਕੋਲੋਂ ਕੋਟ ਫੜਨ ਲੱਗੀ, ਉਹਨੇ ਹੌਲੀ ਜਿਹੀ ਕਿਹਾ, "ਯੇ ਜੋ ਭਾਰ ਦਿਖਾਈ ਦੇਤਾ ਹੈ, ਯੇ ਤੋ ਆਪ ਲੇ ਲੀਜੀਏ, ਜੋ ਨਹੀਂ ਦਿਖਾਈ ਦੇਤਾ, ਵੁਹ ਮੈਂ ਲੀਏ ਰਹੂੰਗਾ...।" ਤੇ ਮੈਂ ਬਸ ਚੌਂਕ ਗਈ ਸਾਂ। ਵਾਪਿਸ ਦਿੱਲੀ ਆ ਕੇ ਕਹਾਣੀ ਲਿਖੀ- 'ਹੁੰਗਾਰਾ', ਉਹਦੇ ਬਾਰੇ ਨਹੀਂ, ਪਰ ਇਹ ਫਿਕਰਾ ਮੱਲੋ-ਮੱਲੀ ਕਹਾਣੀ ਵਿਚ ਆ ਗਿਆ।

ਅਤੇ ਦੂਸਰੀ ਤਰ੍ਹਾਂ ਦੀ ਗੱਲ ਜੋ ਕਲਮ ਤਕ ਪਹੁੰਚਦਿਆਂ ਵਰ੍ਹੇ ਲਾ ਦੇਂਦੀ ਹੈ, ਉਹਦੀ ਇਕ ਮਿਸਾਲ ਮੇਰੀ ਉਹ ਕਹਾਣੀ 'ਦੋ ਔਰਤਾਂ' ਹੈ ਜਿਹਦੇ ਵਿਚ ਇਕ ਔਰਤ ਸ਼ਾਹਣੀ ਹੈ, ਤੇ ਦੂਜੀ ਸ਼ਾਹ ਦੀ ਕੰਜਰੀ। ਇਹ ਕਹਾਣੀ ਲਾਹੌਰ ਮੈਂ ਅੱਖੀਂ ਵਾਪਰਦੀ ਵੇਖੀ ਸੀ। ਇਕ ਅਮੀਰ ਘਰ ਵਿਚ ਪੁੱਤਰ ਦਾ ਵਿਆਹ ਸੀ ਤੇ ਗੌਣ ਬੈਠਾ ਹੋਇਆ ਸੀ। ਇਸ ਘਰ ਨਾਲ ਮਾਮੂਲੀ ਜਿਹੀ ਵਾਕਫੀ ਸੀ, ਪਰ ਮੈਂ ਵੀ ਉਸ ਵੇਲੇ ਉਥੇ ਸਾਂ, ਜਦੋਂ ਪਤਾ ਲੱਗਾ ਕਿ ਅੱਜ ਲਾਹੌਰ ਦੀ ਮਸ਼ਹੂਰ ਗੌਣ ਵਾਲੀ ਤਮੰਚਾ ਜਾਨ ਉਥੇ ਆ ਰਹੀ ਹੈ। ਉਹ ਆਈ, ਬੜੀ ਛਬੀਲੀ ਸੀ, ਤੇ ਨਾਜ਼ ਨਖਰੇ ਨਾਲ ਆਈ। ਉਹਨੂੰ ਵੇਖ ਕੇ ਇਕ ਵਾਰੀ ਤਾਂ ਘਰ ਦੀ ਮਾਲਕਣ ਦਾ ਰੰਗ ਪੀਲਾ ਵਸਾਰ ਹੋ ਗਿਆ ਪਰ ਆਖਰ ਉਹ ਪੁੱਤਰ ਦੀ ਮਾਂ ਸੀ, ਤਮੰਚਾ ਜਾਨ ਜਦੋਂ ਗੌਂ ਬੈਠੀ, ਸ਼ਾਹਣੀ ਨੇ ਸੌ ਦਾ ਨੋਟ ਕੱਢ ਕੇ ਉਹਦੀ ਝੋਲੀ ਵਿਚ ਖੈਰਾਇਤ ਵਾਂਗ ਪਾ ਦਿੱਤਾ। ਇਸ ਵੇਲੇ ਨਾਜ਼ ਨਖਰੇ ਵਾਲੀ ਦੀ ਹੈਸੀਅਤ ਨੀਊਂ ਗਈ, ਤੇ ਉਨ੍ਹੇ ਜਿਵੇਂ ਆਪਣੀ ਹੈਸੀਅਤ ਕਾਇਮ ਰੱਖਣ ਲਈ, ਔਰਤਾਂ ਦੇ ਭਰੇ ਮੇਲ ਵਿਚ ਆਖ ਦਿੱਤਾ, "ਰਹਿਣ ਦੇ ਸ਼ਾਹਣੀ, ਅੱਗੇ ਵੀ ਤਾਂ ਤੇਰੇ ਘਰ ਦਾ ਹੀ ਖਾਨੀ ਆਂ", ਤੇ ਇੰਜ ਸ਼ਾਹ ਨਾਲ ਰਿਸ਼ਤਾ ਜੋੜ ਕੇ ਉਨ੍ਹੇ ਜਿਵੇਂ ਸ਼ਾਹਣੀ ਨੂੰ ਛੋਟਿਆਂ ਪਾ ਦਿੱਤਾ। ਵੇਖਿਆ, ਸ਼ਾਹਣੀ ਭਰੇ ਮੇਲ ਵਿਚ ਇਕ ਵਾਰ ਨਿਗੂਣੀ ਜਿਹੀ ਹੋ ਗਈ, ਪਰ ਫੇਰ ਸੰਭਲੀ ਤੇ ਬੇਪ੍ਰਵਾਹੀ ਨਾਲ ਨੋਟ ਮੋੜਦੀ ਕਹਿਣ ਲੱਗੀ, "ਨੀ ਸ਼ਾਹ ਕੋਲੋਂ ਤਾਂ ਤੂੰ ਨਿੱਤ ਲੈਣਾ, ਮੇਰੇ ਕੋਲੋਂ ਕਦੋਂ ਕਦੋਂ ਲੈਣਾ?" ਇਹ ਦੋ ਔਰਤਾਂ ਦਾ ਅਜੀਬ ਟਕਰਾਉ ਸੀ, ਜਿਹਦੇ ਪਿਛੋਕੜ ਵਿਚ ਸਮਾਜਿਕ ਕੀਮਤਾਂ ਸਨ। ਤਮੰਚਾ ਭਾਵੇਂ ਜਵਾਨ ਸੀ, ਛਬੀਲੀ ਸੀ, ਹੁਨਰਮੰਦ ਸੀ ਅਤੇ ਸ਼ਾਹਣੀ ਮੋਟੀ ਤੇ ਢਲੀ ਉਮਰ ਦੀ, ਜੋ ਹਰ ਤਰ੍ਹਾਂ ਉਸ ਦੂਜੀ ਦੇ ਸਾਹਮਣੇ ਸਾਧਾਰਨ ਸੀ, ਪਰ ਉਹਦੇ ਕੋਲ ਪਤਨੀ ਤੇ ਮਾਂ ਹੋਣ ਦਾ ਜੋ ਮਾਣ ਸੀ, ਉਹ ਬਾਜ਼ਾਰ ਦੇ ਹੁਸਨ ਉਤੇ ਭਾਰੂ ਸੀ... ਪਰ ਇਹ ਕਹਾਣੀ ਮੈਂ ਪੂਰੇ ਪੰਝੀਆਂ ਵਰ੍ਹਿਆਂ ਪਿਛੋਂ ਲਿਖ ਸਕੀ।

---

## ਲਤੀਫੇ

ਇਕ ਆਦਮੀ ਆਪਣੇ ਪੰਜ-ਛੇ ਕੁ ਸਾਲ ਦੇ ਮੁੰਡੇ ਨੂੰ ਸਵੇਰੇ ਸੈਰ ਲਈ ਨਾਲ ਲੈ ਗਿਆ। ਉਸ ਦਾ ਇਕ ਦੋਸਤ ਮਿਲਿਆ ਤੇ ਬੋਲਿਆ, "ਅੱਜ ਤਾਂ ਬਈ ਆਪਣੇ ਮੁੰਡੇ ਨੂੰ ਸੈਰ ਕਰਾ ਰਿਹਾ ਏਂ।"

ਉਸ ਤੋਂ ਬਾਅਦ ਇਕ ਹੋਰ ਮਿਲਿਆ, ਉਸ ਨੇ ਵੀ ਇਹੋ ਕਿਹਾ ਕਿ ਅੱਜ ਤਾਂ ਬਈ ਆਪਣੇ ਮੁੰਡੇ ਨੂੰ ਸੈਰ ਕਰਾ ਰਿਹਾ ਏਂ। ਫਿਰ ਤੀਜੇ ਨੇ ਵੀ ਪਹਿਲੇ ਵਾਲਿਆਂ ਵਾਂਗ ਆਖ ਦਿਤਾ, ਜਿਸ ਨਾਲ ਉਹ ਖਿਝ ਗਿਆ, "ਨਹੀਂ ਯਾਰ, ਗੁਆਂਢੀਆਂ ਦੇ ਮੁੰਡੇ ਨੂੰ ਸੈਰ ਕਰਾ ਰਿਹਾ ਹਾਂ।"

ਅੱਗੋਂ ਦੋਸਤ ਬੋਲਿਆ, "ਮੈਂ ਤਾਂ ਅੱਗੇ ਹੀ ਸੋਚਦਾ ਸੀ ਕਿ ਇਸ ਮੁੰਡੇ ਦੀ ਸ਼ਕਲ ਤਾਂ ਤੇਰੇ ਗੁਆਂਢੀ ਨਾਲ ਐਨ ਮਿਲਦੀ ਐ।"

*-ਵਾਸਦੇਵ ਸਿੰਘ ਪਰਹਾਰ*
*ਫੋਨ: 206-434-1155*

---

**ਪਹਿਲਾ ਦੋਸਤ:** ਤੇਰੀ ਘਰਵਾਲੀ ਦੇ ਦੰਦ ਦਾ ਦਰਦ ਠੀਕ ਹੋਇਆ ਕਿ ਨਹੀਂ?

**ਦੂਜਾ:** ਡਾਕਟਰ ਨੂੰ ਵਿਖਾਉਂਦਿਆਂ ਹੀ ਠੀਕ ਹੋ ਗਿਆ।

**ਪਹਿਲਾ:** ਉਹ ਕਿਹੜੀ ਦਵਾਈ ਨਾਲ?

**ਦੂਜਾ:** ਜਿਸ ਦਿਨ ਦਾ ਡਾਕਟਰ ਨੇ ਦੱਸਿਆ ਹੈ ਕਿ ਇਹ ਬੁਢਾਪੇ ਦੀ ਨਿਸ਼ਾਨੀ ਹੈ, ਬਸ ਉਸੇ ਦਿਨ ਤੋਂ ਘਰਵਾਲੀ ਨੇ ਦੰਦ ਦਰਦ ਦੀ ਸ਼ਿਕਾਇਤ ਕਰਨੀ ਬੰਦ ਕਰ ਦਿੱਤੀ।

*-ਚਿਤਵਨ ਕੌਰ*

# ਮੰਜ਼ਿਲ, ਮਾਰਗ ਤੇ ਪੌੜੀਆਂ

## ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
Sandhugulzar@yahoo.com

ਪੰਜਾਬੀ ਗਜ਼ਲਗੋਈ ਵਿਚ ਜਗਤਾਰ ਦਾ ਖਾਸ ਸਥਾਨ ਹੈ। ਉਸ ਦੀਆਂ ਅੱਧੀ ਦਰਜਨ ਤੋਂ ਵੱਧ ਕਾਵਿ ਪੁਸਤਕਾਂ ਵਿਚ ਗਜ਼ਲਾਂ ਦੀ ਪ੍ਰਧਾਨਗੀ ਹੈ। ਉਹ ਸ਼ੁਰੂ ਸ਼ੁਰੂ ਵਿਚ ਆਪਣੇ ਨਾਂ ਨਾਲ ਪਪੀਹਾ ਤਖੱਲਸ ਲਾਉਂਦਾ ਰਿਹਾ। ਕਵੀ ਮੋਹਨ ਸਿੰਘ ਆਪਣੇ ਨਾਂ ਨਾਲ ਮਾਹਿਰ ਲਿਖਦਾ ਰਿਹਾ ਹੈ ਤੇ ਤਾਰਾ ਸਿੰਘ ਕਾਮਲ। ਉਨ੍ਹਾਂ ਦੋਹਾਂ ਵਾਂਗ ਜਗਤਾਰ ਨੇ ਵੀ ਮਕਬੂਲ ਹੁੰਦੇ ਸਾਰ ਆਪਣੇ ਤਖੱਲਸ ਨੂੰ ਤਲਾਕ ਦੇ ਦਿੱਤਾ। (ਡਾ.) ਜਗਤਾਰ ਦੀ ਗਜ਼ਲ ਦਾ ਸਫਰ ਪਪੀਹੇ ਤੋਂ ਪ੍ਰਵਾਨਗੀ ਦਾ ਸਫਰ ਹੈ। ਪ੍ਰਵਾਨਗੀ ਨੂੰ ਸਿਖਰ ਕਿਵੇਂ ਮਿਲੀ? ਇਹ ਗੱਲ ਵੀ ਕਰਾਂਗੇ। ਪਹਿਲਾਂ ਉਸ ਦੀ ਗਜ਼ਲਗੋਈ ਦਾ ਘੁੰਡ ਚੁੱਕੀਏ। ਕੇਵਲ ਦੋ ਗਜ਼ਲਾਂ ਦੇ ਹਵਾਲੇ ਨਾਲ ਪਹਿਲੀ ਦੇ ਬੋਲ ਹਨ:

ਮੰਜ਼ਿਲ 'ਤੇ ਜੋ ਨਾ ਪਹੁੰਚੇ
ਪਰਤੇ ਨਾ ਜੋ ਘਰਾਂ ਨੂੰ।
ਰਾਹਾਂ ਨੇ ਖਾ ਲਿਆ ਹੈ
ਉਨ੍ਹਾਂ ਮੁਸਾਫਰਾਂ ਨੂੰ।
ਤਨਹਾਈ ਨੇ ਹੀ ਮੇਰਾ
ਆਖਿਰ ਨੂੰ ਹੱਥ ਫੜ੍ਹਿਆ,
ਸਭ ਲੋਕ ਆਪੋ ਆਪਣੇ
ਤੁਰ ਗਏ ਜਦ ਘਰਾਂ ਨੂੰ।
ਦੁੱਖਾਂ ਦੇ ਨਾਲ ਹੰਭੇ
ਝੱਖੜਾਂ ਦੇ ਨਾਲ ਲੰਘੇ,
ਹੁਣ ਕੀ ਉਡੀਕਦੇ ਹਾਂ
ਰੁੱਖਾਂ ਨੂੰ ਰਹਿਬਰਾਂ ਨੂੰ।
ਸਾਜ਼ਾਂ ਨੇ ਅੰਤ ਉਡਣਾ
ਅੰਬਰ ਤੋਂ ਵੀ ਅਗੇਰੇ,
ਪਾਵੇਗਾ ਤੋਰ ਕੋਈ
ਕਦ ਤਕ ਭਲਾ ਪਰਾਂ ਨੂੰ।


ਅਸਫਲਤਾ ਨੂੰ ਰਾਹਾਂ ਦੇ ਖੌਅ ਨਾਲ ਉਪਮਾ ਦੇਣ, ਇਕੱਲ ਵਿਚ ਤਨਹਾਈ ਦਾ ਹੱਥ ਚੁੰਮਣ ਤੇ ਰੁੱਖਾਂ ਦੀ ਪਦਵੀ ਰਹਿਬਰਾਂ ਦੇ ਬਰਾਬਰ ਰੱਖਣ ਦੀ ਕਲਪਨਾ ਜਗਤਾਰ ਹੀ ਕਰ ਸਕਦਾ ਸੀ। ਹੁਣ ਦੂਜੀ ਗਜ਼ਲ:

ਜਦੋਂ ਮੂੰਹ ਜ਼ੋਰ ਤੇ ਅੰਨ੍ਹੀ ਹਵਾ ਸੀ
ਮੈਂ ਦੀਵੇ ਵਾਂਗ ਚੌਰਾਹੇ ਖੜ੍ਹਾ ਸੀ।
ਮੇਰੇ ਚਿਹਰੇ 'ਤੇ ਕੀ ਲਿਖਿਆ ਗਿਆ ਸੀ
ਜੁਦਾ ਹੋਏ ਤਾਂ ਹਰ ਇੱਕ ਪੜ੍ਹ ਰਿਹਾ ਸੀ।
ਮੈਂ ਜਿਸ ਨੂੰ ਫੜ੍ਹ ਕੇ ਤੇਰੇ ਸ਼ਹਿਰ ਪੁੱਜਾ
ਮੇਰੀ ਆਵਾਜ਼ ਦਾ ਹੀ ਇੱਕ ਸਿਰਾ ਸੀ।
ਸਦਾ, ਗੁੰਬਦ ਤੋਂ ਜੀਕੂੰ ਪਰਤਦੀ ਹੈ
ਤੇਰੇ ਸ਼ਹਿਰ ਤੋਂ ਮੈਂ ਏਦਾ ਪਰਤਿਆ ਸੀ।

ਇਥੇ ਵੀ ਜਗਤਾਰ ਆਪਣੇ ਰਾਹਾਂ, ਸਫਰਾਂ ਤੇ ਮੰਜ਼ਿਲ ਦੀ ਗੱਲ ਕਰਦਾ ਹੈ। ਅੰਨੀ ਤੇ ਮੂੰਹ ਜ਼ੋਰ ਹਵਾ ਦਾ ਟਾਕਰਾ ਦੀਵਾ ਕਰਦਾ ਹੈ, ਸਫਰ ਦਾ ਸਹਾਰਾ ਕਵੀ ਦੀ ਆਵਾਜ਼ ਬਣਦੀ ਹੈ, ਪ੍ਰੇਮੀ ਦਾ ਪ੍ਰੇਮਿਕਾ ਦੇ ਸ਼ਹਿਰ ਤੋਂ ਪਰਤਣਾ ਗੁੰਬਦ ਤੋਂ ਪਰਤਣ ਵਾਲੀ ਆਵਾਜ਼ ਵਾਂਗ ਹੈ ਤੇ ਜੁਦਾ ਹੋਣ ਉਤੇ ਚਾਹੁਣ ਵਾਲੇ ਦਾ ਦੁੱਖ ਉਸ ਦੇ ਚਿਹਰੇ 'ਤੇ ਲਿਖਿਆ ਦੱਸਣਾ ਜਗਤਾਰ ਦੀ ਕਾਵਿਕ ਵਡਿਆਈ ਦਰਸਾਉਂਦਾ ਹੈ।



*ਮਰਹੂਮ ਸ਼ਾਇਰ (ਡਾ.) ਜਗਤਾਰ*




*ਬਰਜਿੰਦਰ ਸਿੰਘ ਹਮਦਰਦ*

ਮੈਂ ਜਗਤਾਰ ਨੂੰ ਉਸ ਦੇ ਜਿਉਂਦੇ ਜੀ ਘਟ ਮਿਲਿਆ ਹਾਂ ਪਰ ਉਸ ਦੀ ਉਤਮਤਾ ਦੇ ਸ਼ਹਿਰ ਤੱਕ ਪਹੁੰਚਣ ਲਈ ਜਿਸ ਆਵਾਜ਼ ਦਾ ਸਿਰਾ ਫੜ੍ਹਨਾ ਪਿਆ ਹੈ, ਉਹ ਮੇਰੇ ਮਿੱਤਰ ਬਰਜਿੰਦਰ ਸਿੰਘ ਹਮਦਰਦ ਦੀ ਹੈ। ਇਹ ਵਾਲਾ ਬੋਲਬਾਲਾ ਇਨ੍ਹਾਂ ਦੋ ਗਜ਼ਲਾਂ ਤੱਕ ਹੀ ਸੀਮਤ ਨਹੀਂ, ਕਿਸੇ ਦੇ ਨੈਣਾਂ ਦੀ ਸਰਘੀ ਸਾਹਮਣੇ ਅੱਖਾਂ ਦੀ ਸ਼ਾਮ ਦਾ ਹਰਨਾ, ਅਜੋਕੀ ਯਾਰੀ ਦਾ ਰੰਗ ਕਚੇਰਾ ਹੋਣ ਕਾਰਨ ਰਸਤੇ ਵਿਚ ਉਡ ਜਾਣਾ, ਹਨੇਰੇ ਵਿਚ ਤੁਰਨ ਦਾ ਆਦੀ ਨਾ ਹੋਣ ਵਾਲੇ ਬੰਦੇ ਦਾ ਆਪਣੀ ਹੈ ਪੈਛੜ ਤੋਂ ਡਰਨਾ, ਦਿਲ ਦੇ ਸਹਿਰਾਅ 'ਚੋਂ ਦਰਦ ਦੇ ਕਾਫਲੇ ਦਾ ਅਡੋਲ ਗੁਜ਼ਰਨਾ ਜਾਂ ਖਤ ਲਿਖਣ ਦੀ ਚਾਹਨਾ ਰੱਖਣ ਵਾਲੇ ਨੂੰ ਰਿਸ਼ਤਿਆਂ ਦੀ ਭੀੜ ਵਿਚੋਂ ਬਾਹਰ ਕਢਣਾ ਤੇ ਪ੍ਰੇਮਿਕਾ ਦੇ ਆਂਗਣ ਵਿਚ ਹਰ ਖਸ਼ੀ ਦੀ ਚਾਹਨਾ ਰੱਖਣਾ ਜਗਤਾਰ ਦੇ ਕਾਲਜੇ ਨੂੰ ਠੰਢ ਪਾਉਂਦਾ ਹੈ। ਉਸ ਨੇ ਜਾਬਰ ਸਰਕਾਰਾਂ ਨਾਲ ਟੱਕਰ ਲੈਣ ਵਾਲੇ ਜਿਉੜਿਆਂ ਦਾ ਵੀ ਗੁਣਗਾਨ ਰੱਜ ਕੇ ਕੀਤਾ ਹੈ।

ਜ਼ਿੰਦਗੀ ਦੀ ਸ਼ਕਤੀ ਵੱਲੋਂ ਹਰ ਤਰ੍ਹਾਂ ਦੇ ਤਸ਼ੱਦਦ ਨੂੰ ਮਾਤ ਪਾਉਣਾ ਤੇ ਲੋਕਾਈ ਦੇ ਖੂਨ ਨੂੰ ਪਾਣੀ ਮਾਤਰ ਸਮਝ ਕੇ ਇਸ ਦੀ ਸੁਰਖੀ ਦੀ ਸਦੀਵਤਾ ਨੂੰ ਨਾ ਪਛਾਣਨ ਦਾ ਸੰਦੇਸ਼ ਦੇਣਾ ਇਸ ਵਿਚ ਸ਼ਾਮਲ ਹੈ।

ਬਰਜਿੰਦਰ ਸਿੰਘ ਦੀ ਆਵਾਜ਼ ਨੇ ਇਨ੍ਹਾਂ ਸਾਰੇ ਤੱਤਾਂ ਦੀ ਥਾਹ ਪਾਈ ਹੈ। ਜਗਤਾਰ ਦੀਆਂ ਗਜ਼ਲਾਂ ਦੇ ਜੰਗਲ ਵਿਚੋਂ ਅੱਠ ਵਧੀਆਂ ਗਜ਼ਲਾਂ 'ਤੇ ਉਂਗਲ ਧਰਨਾ ਉਸ ਦੀ ਧਾਹਨ ਤੇ ਪਹੁੰਚ ਉਤੇ ਮੋਹਰ ਲਾਉਂਦਾ ਹੈ। ਖਾਸ ਕਰਕੇ ਅੱਜ ਦੇ ਸਮੇਂ ਜਦੋਂ ਹਰ ਥਾਂ ਬੇਅਰਥ ਆਵਾਜ਼ਾਂ ਗੂੰਜ ਰਹੀਆਂ ਹਨ ਤੇ ਗਲੀ ਬਾਜ਼ਾਰ ਪ੍ਰਦੂਸ਼ਿਤ ਬੋਲਾਂ ਦੀ ਬੁੱਕਲ ਵਿਚ ਆ ਰਹੇ ਹਨ।

ਸੰਗੀਤ ਵਿਚਲੀ ਕਲਾਸਕੀ ਪੁੱਠ ਮੇਰੇ ਵਰਗੇ ਯਮਲੇ ਮਨ ਦੀ ਗ੍ਰਿਫਤ ਤੋਂ ਥੋੜ੍ਹੀ ਬਾਹਰ ਤਾਂ ਹੈ ਪਰ ਨਵੇਂ ਨਿਰਦੇਸ਼ਨ ਵਿਚ ਨਵੀਨਤਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਬਰਜਿੰਦਰ ਸਿੰਘ ਦੀ ਪੇਸ਼ਕਾਰੀ ਤੇ ਆਵਾਜ਼ ਨੇ ਸਾਡੇ ਮਰਹੂਮ ਗਜ਼ਲਗੋ ਨੂੰ ਉਨ੍ਹਾਂ ਸਿਖਰਾਂ 'ਤੇ ਪਹੁੰਚਾਇਆ ਹੈ, ਜਿਨ੍ਹਾਂ ਉਤੇ ਉਹ ਖੁਦ ਨਹੀਂ ਸੀ ਪਹੁੰਚਾ ਸਕਿਆ। ਇਹ ਇੱਕ ਅਟੱਲ ਸੱਚਾਈ ਹੈ ਕਿ ਮਿਰਜ਼ਾ ਗਾਲਿਬ ਦੀ ਗਜ਼ਲਗੋਈ ਨੂੰ ਚਾਰ ਚੰਨ ਲਾਉਣ ਵਾਲੇ ਵੀ ਉਸ ਦੇ ਮੱਦਾਹ ਹੀ ਸਨ, ਜੋ ਉਸ ਦੇ ਤੁਰ ਜਾਣ ਤੋਂ ਬਹੁਤ ਪਿੱਛੋਂ ਮੈਦਾਨ ਵਿਚ ਨਿੱਤਰੇ। ਉਂਜ ਵੀ ਬਰਜਿੰਦਰ ਸਿੰਘ ਹਮਦਰਦ ਸਲੀਕੇ ਦਾ ਪੱਲਾ ਨਹੀਂ ਛੱਡਦਾ। ਉਸ ਨੇ ਜਗਤਾਰ ਦੀਆਂ ਗਜ਼ਲਾਂ ਦੀ ਉਤਮਤਾਈ ਨੂੰ ਲੋਕ ਮਨਾਂ ਤੱਕ ਪਹੁੰਚਾਉਣ ਸਮੇਂ ਇਸ ਗੱਲ ਦਾ ਧਿਆਨ ਰੱਖਿਆ ਹੈ ਕਿ ਰਚਨਾਕਾਰ ਦੇ ਪਰਿਵਾਰਕ ਮੈਂਬਰ ਉਸ ਵਿਚ ਸ਼ਿਰਕਤ ਕਰਨਾ। ਮੈਂ ਆਪਣੀ ਟਿੱਪਣੀ ਜਗਤਾਰ ਦੇ ਉਨ੍ਹਾਂ ਦੋ ਸ਼ਿਅਰਾਂ ਨਾਲ ਖਤਮ ਕਰਨੀ ਚਾਹਾਂਗਾ, ਜਿਨ੍ਹਾਂ ਨੂੰ ਬਰਜਿੰਦਰ ਸਿੰਘ ਹਮਦਰਦ ਦੀ ਆਵਾਜ਼ ਦਾ ਸ਼ਰਫ ਹਾਸਲ ਹੈ:

ਗਮ ਦੇ ਦਰਿਆ ਚੜ੍ਹੇ ਜੋ ਉਤਰ ਜਾਣਗੇ
ਜ਼ਖਮ ਸਾਰੇ ਵਿਛੋੜੇ ਦੇ ਭਰ ਜਾਣਗੇ।
ਦਿਲ ਦੇ ਸ਼ਹਿਰੋਂ ਵੀ ਇਹ ਦਰਦ ਦੇ ਕਾਫਲੇ
ਹੌਲੀ ਹੌਲੀ ਗੁਜ਼ਰਦੇ ਗੁਜ਼ਰ ਜਾਣਗੇ।

ਜਗਤਾਰ ਦੇ ਸ਼ਿਅਰਾਂ ਦੀ ਸੋਨਸ਼ਕਤੀ ਉਤੇ ਬਰਜਿੰਦਰ ਸਿੰਘ ਦੀ ਆਵਾਜ਼ ਦੇ ਸੁਹਾਗੇ ਦਾ ਸੁਵਾਗਤ ਹੈ।

ਜਗਤਾਰ ਦੀ ਗਜ਼ਲ ਦੇ ਉਪਰ ਦੱਸੇ ਸਾਰੇ ਰੰਗ ਬਰਜਿੰਦਰ ਸਿੰਘ ਹਮਦਰਦ ਦੀ ਸੋਜ਼ ਭਰੀ ਆਵਾਜ਼ ਵਿਚ ਉਸ ਦੀ ਸੱਜਰੀ ਸੰਗੀਤ ਐਲਬਮ 'ਕਸੁੰਭੜਾ' ਵਿਚ ਮਿਲਦੇ ਹਨ। ਮੰਜ਼ਿਲ ਇੱਕ ਤੇ ਮਾਰਗ ਅਨੇਕ।

**ਅੰਤਿਕਾ: ਮਿਰਜ਼ਾ ਗਾਲਿਬ**
ਉਨ ਕੇ ਦੇਖਨੇ ਸੇ ਜੋ ਆ ਜਾਤੀ ਹੈ
ਮੂੰਹ ਪਰ ਰੌਨਕ,
ਵੁਹ ਸਮਝਤੇ ਹੈਂ ਕਿ
ਬੀਮਾਰ ਕਾ ਹਾਲ ਅੱਛਾ ਹੈ।
ਹਮਕੋ ਮਾਲੂਮ ਹੈ
ਜ਼ੰਨਤ ਕੀ ਹਕੀਕਤ ਲੇਕਿਨ।
ਦਿਲ ਕੇ ਖੁਸ਼ ਰਖਨੇ ਕੋ
ਗਾਲਿਬ ਯੇਹ ਖਿਆਲ ਅੱਛਾ ਹੈ।

## ਜਗਤਾਰ ਦੀਆਂ ਕੁਝ ਗਜ਼ਲਾਂ

*(1)*

ਹਰ ਮੋੜ 'ਤੇ ਸਲੀਬਾਂ, ਹਰ ਪੈਰ 'ਤੇ ਹਨੇਰਾ।
ਫਿਰ ਵੀ ਅਸੀਂ ਰੁਕੇ ਨਾ, ਸਾਡਾ ਵੀ ਦੇਖ ਜੇਰਾ।

ਪੱਥਰ 'ਤੇ ਨਕਸ਼ ਹਾਂ ਮੈਂ, ਮਿੱਟੀ 'ਤੇ ਤਾਂ ਨਹੀਂ ਹਾਂ,
ਜਿੰਨਾ ਕਿਸੇ ਮਿਟਾਇਆ, ਹੁੰਦਾ ਗਿਆ ਡੂੰਘੇਰਾ।

ਕਿੰਨੀ ਕੁ ਦੇਰ ਆਖਿਰ, ਧਰਤੀ ਹਨੇਰ ਜਰਦੀ,
ਕਿੰਨੀ ਕੁ ਦੇਰ ਰਹਿੰਦਾ, ਖਾਮੋਸ਼ ਖੂਨ ਮੇਰਾ।

ਇਤਿਹਾਸ ਦੇ ਸਫੇ 'ਤੇ, ਤੇ ਵਕਤ ਦੇ ਪਰਾਂ 'ਤੇ,
ਉਂਗਲਾਂ ਡੁਬੋ ਲਹੂ ਵਿਚ, ਲਿਖਿਆ ਹੈ ਨਾਮ ਤੇਰਾ।

ਹਰ ਕਾਲ ਕੋਠੜੀ ਵਿਚ ਤੇਰਾ ਹੈ ਜ਼ਿਕਰ ਏਦਾਂ,
ਗਾਰਾਂ 'ਚ ਚਾਂਦਨੀ ਦਾ, ਹੋਵੇ ਜਿਵੇਂ ਬਸੇਰਾ।

ਆ ਆ ਕੇ ਯਾਦ ਤੇਰੀ, ਜੰਗਲ ਗਮਾਂ ਦਾ ਚੀਰੇ,
ਜੁਗਨੂੰ ਹੈ ਚੀਰ ਜਾਂਦਾ, ਜਿਉਂ ਰਾਤ ਦਾ ਹਨੇਰਾ।

ਪੈਰਾਂ 'ਚ ਬੇੜੀਆਂ ਨੇ, ਨਚਦੇ ਨੇ ਲੋਕ ਫਿਰ ਵੀ,
ਕਿਉਂ ਵੇਖ ਵੇਖ ਉਡਦੈ, ਚਿਹਰੇ ਦਾ ਰੰਗ ਤੇਰਾ।

ਮੇਰੇ ਵੀ ਪੈਰ ਚੁੰਮ ਕੇ, ਇਕ ਦਿਨ ਕਹੇਗੀ ਬੇੜੀ,
ਸਦ ਸ਼ੁਕਰ ਹੈ ਕਿ ਆਇਐ, ਮਹਿਬੂਬ ਅੰਤ ਮੇਰਾ।

*(2)*

ਮੈਂ ਸ਼ੀਸ਼ਾ ਹਾਂ ਜਦੋਂ ਵੀ ਮੁਸਕਰਾਵੇ ਮੁਸਕਰਾਵਾਂਗਾ।
ਜ਼ਰਾ ਮੱਥੇ 'ਤੇ ਵਟ ਵੇਖੇ, ਉਥਾਂਈਂ ਤਿੜਕ ਜਾਵਾਂਗਾ।

ਮੈਂ ਸੁਣਿਆ ਹੈ ਕਿ ਤੇਰੇ ਸ਼ਹਿਰ ਅਜ ਕਲ੍ਹ ਕਰਫਿਓ ਲੱਗੈ,
ਨਤੀਜਾ ਕੁਝ ਵੀ ਨਿਕਲੇ, ਪਰ ਮੈਂ ਆਵਾਂਗਾ ਮੈਂ ਆਵਾਂਗਾ।

ਜੇ ਬਣ ਕੇ ਬਿਰਖ ਤੂੰ ਉਗੀ ਤਾਂ ਤੈਥੋਂ ਜਰ ਨਹੀਂ ਹੋਣਾ,
ਜਾਂ ਬਿਜੜਾ ਬਣ ਕੇ ਤੇਰੀ ਹਰ ਲਗਰ 'ਤੇ ਘਰ ਬਣਾਵਾਂਗਾ।

ਕਦੇ ਜੁਗਨੂੰ, ਕਦੇ ਤਾਰਾ, ਕਦੇ ਮੈਂ ਅੱਥਰੂ ਬਣ ਕੇ,
ਤਿਰੇ ਵਿਹੜੇ, ਕਦੇ ਝਿੰਮਣੀ ਤਿਰੀ ਤੇ ਝਿਲਮਲਾਵਾਂਗਾ।

ਮਿਰੀ ਨਗਰੀ ਹੈ ਜ਼ਹਿਰੀਲੀ ਤੇ ਘਰ ਦੀ ਧਰਤ ਪਥਰੀਲੀ,
ਲਿਜਾ ਕੇ ਰਾਤ ਦੀ ਰਾਣੀ ਮੈਂ ਕਿਸ ਵਿਹੜੇ 'ਚ ਲਾਵਾਂਗਾ।

ਉਡੀਕਾਂਗਾ ਮੈਂ ਸਾਰੀ ਰਾਤ ਪਰ ਜੇ ਆ ਸਕੀ ਨਾ ਤੂੰ,
ਕੀ ਆਖੇਗੀ ਫਜਰ ਜਦ ਹਾਰ ਕੇ ਦੀਵੇ ਬੁਝਾਵਾਂਗਾ।

ਜੁਦਾ ਹੋਇਆ ਤਾਂ ਹੋਵਾਂਗਾ ਜੁਦਾ ਖੁਸ਼ਬੂ ਤਰ੍ਹਾਂ ਤੈਥੋਂ,
ਨਿਭੀ ਤਾਂ ਰੰਗ ਵਾਂਗੂੰ ਆਖਰੀ ਦਮ ਤਕ ਨਿਭਾਵਾਂਗਾ।

ਮੁਹੱਬਤ ਨਾਲ ਜਦ 'ਜਗਤਾਰ' ਨੂੰ ਸੱਦਿਆ ਬੁਲਾਇਆ ਤੂੰ,
ਹਵਾ ਰੁਮਕਣ ਤੇ ਅੱਖ ਝਮਕਣ ਤੋਂ ਪਹਿਲਾਂ ਪਹੁੰਚ ਜਾਵਾਂਗਾ।

*(3)*

ਕਦੀਮਾਂ ਤੋਂ ਰਹੀ ਦੁਸ਼ਮਣ ਮੇਰੀ ਤਕਦੀਰ ਦੀ ਦਿੱਲੀ।
ਫਰੰਗੀ ਦੀ ਰਹੀ ਦਿੱਲੀ, ਜਾਂ ਆਲਮਗੀਰ ਦੀ ਦਿੱਲੀ।

ਲਹੂ ਦੇ ਨਕਸ਼ ਫਰਿਆਦੀ ਤੇ ਘਰ ਵਰਕੇ ਤਰ੍ਹਾਂ ਟੁਕੜੇ,
ਰਹੀ 'ਗਾਲਿਬ' ਦੀ ਨਾ ਕਿਧਰੇ ਰਹੀ ਹੈ 'ਮੀਰ' ਦੀ ਦਿੱਲੀ।

ਸੁਭਾ ਹੀ ਬਣ ਗਿਆ ਇਸ ਦਾ, ਲਹੂ ਪੀਣਾ ਲਹੂ ਕਰਨਾ,
ਲਹੂ ਦੇ ਨਾਲ ਹਰ ਇਕ ਫੈਸਲਾ ਤਹਿਰੀਰਦੀ ਦਿੱਲੀ।

ਰਿਹਾ ਹੈ ਫਾਸਲਾ ਪਰਜਾ ਤੇ ਹਾਕਿਮ ਵਿਚ ਹਮੇਸ਼ਾ ਹੀ,
ਨਿਓਟੇ ਦੀ ਹੈ ਦੁਸ਼ਮਣ, ਯਾਰ ਹਰ ਇਕ ਮੀਰ ਦੀ ਦਿੱਲੀ।

ਬੜਾ ਹੈ ਸ਼ੋਰ ਪਹਿਲੂ ਵਿਚ, ਮੈਂ ਚਾਰਾਗਰ ਗਰੀਬਾਂ ਦੀ,
ਤਨਾਂ ਨੂੰ ਪੀੜਦੀ ਦਿੱਲੀ, ਮਨਾਂ ਨੂੰ ਚੀਰਦੀ ਦਿੱਲੀ।

ਮਸੀਤਾਂ, ਮੰਦਿਰਾਂ ਦੇ ਸਾਏ, ਹੇਠਾਂ ਕਤਲ ਕਰਵਾਵੇ,
ਤੇ ਦਾਅਵਾ ਵੀ ਕਰੇ, ਦਿੱਲੀ ਹੈ ਹਰ ਗਮਗੀਰ ਦੀ ਦਿੱਲੀ।

ਮਗਰ ਕੁਝ ਯਾਰ, ਕੁਝ ਦਿਲਦਾਰ, ਕੁਝ ਗਮਖਾਰ ਨੇ ਓਥੇ,
ਦੁਆ ਹੈ ਇਸ ਲਈ ਉਜੜੇ ਨਾ 'ਊਸ਼ੀ' ਪੀਰ ਦੀ ਦਿੱਲੀ।

*(4)*

ਤੂੰ ਤਾਂ ਬੈਠ ਗਈ ਹੈਂ ਸੂਰਜ ਘਰ ਲੈ ਕੇ।
ਮੈਂ ਕਿਸ ਪਾਸੇ ਜਾਵਾਂ ਭਿੱਜੇ ਪਰ ਲੈ ਕੇ।

ਆਲ੍ਹਣਿਆਂ ਵਿਚ ਕਿਹੜੀ ਗੁੱਠੋਂ ਸ਼ਾਮ ਢਲੇ,
ਚੋਗੇ ਦੀ ਥਾਂ ਪਰਤੇ ਪੰਛੀ ਡਰ ਲੈ ਕੇ।

ਅੱਖ ਚੁਕ ਕੇ ਵੀ ਉਸ ਵੰਨੀਂ ਨਾ ਵੇਖ ਸਕੇ,
ਘਰੋਂ ਤੁਰੇ ਸਾਂ ਡੂੰਘੀ ਨੀਝ ਨਜ਼ਰ ਲੈ ਕੇ।

ਹਰ ਇਕ ਸ਼ੀਸ਼ਾ ਚਿਣੀ ਚਿਣੀ ਹੈ ਹੋ ਜਾਂਦਾ,
ਕਿਸ ਦੀ ਮੂਰਤ ਬੈਠੈ ਸ਼ੀਸ਼ਾ-ਗਰ ਲੈ ਕੇ।

ਤੇਰਾ ਹੀਜ-ਪਿਆਜ ਨਾ ਸਾਰਾ ਖੁਲ੍ਹ ਜਾਵੇ,
ਸ਼ੀਸ਼ੇ ਸੌਹੇਂ ਹੋ ਨਾ ਅੱਖਾਂ ਤਰ ਲੈ ਕੇ।

ਰੁੱਖਾਂ ਦੇ ਪਰਛਾਵੇਂ ਪਿੱਛੇ ਛੱਡ ਗਈ,
ਉਡ ਗਈ ਹੈ ਨ੍ਹੇਰੀ ਛਾਂਵਾਂ ਪਰ ਲੈ ਕੇ।

ਨਾ ਅਖਬਾਰਾਂ, ਨਾ ਮੌਸਮ ਦਾ ਭਰਵਾਸਾ,
ਖਬਰੇ ਕਿਸ ਆਉਣੈ ਕਦ ਬੁਰੀ ਖਬਰ ਲੈ ਕੇ।

ਵੇਖੀਂ ਤੈਨੂੰ ਇਕ ਦਿਨ ਪੱਥਰ ਕਰ ਜਾਊ,
ਮਿੱਟੀ ਦੀ ਜੋ ਬਾਜ਼ੀ ਚਲਿਐਂ ਘਰ ਲੈ ਕੇ।

*(5)*

ਕਮਦਿਲਾਂ ਨੂੰ ਦਿਲ, ਨਪਰਿਆਂ ਪਰ ਦਈਂ।
ਯਾ ਖੁਦਾ ਸਭ ਬੇਘਰਾਂ ਨੂੰ ਘਰ ਦਈਂ।

ਹਰ ਸੁਹਾਗਣ ਦਾ ਰਹੇ ਜਿੰਦਾ ਸੁਹਾਗ,
ਉਮਰ ਬੀਤੀ ਜਾ ਰਹੀ ਨੂੰ ਵਰ ਦਈਂ।

ਤੋਤਲੇ ਬੋਲਾਂ ਦਾ ਰਾਖਾ ਖੁਦ ਬਣੀਂ,
ਖੌਫ ਹਰ ਕਾਤਿਲ ਦੇ ਸੀਨੇ ਭਰ ਦਈਂ।

ਹਰ ਸਿਪਾਹੀ ਪਰਤ ਆਵੇ ਜੰਗ 'ਚੋਂ,
ਖਾਕ ਚਿਹਰੇ ਫਿਰ ਰੌਸ਼ਨ ਕਰ ਦਈਂ।

ਸਾਰਿਆਂ ਦੇਸ਼ਾਂ ਨੂੰ ਬਖਸ਼ੀਂ ਅਮਨ ਤੂੰ,
ਸਭ ਗੁਲਾਮਾਂ ਨੂੰ ਸੁਤੰਤਰ ਕਰ ਦਈਂ।

ਸਭ ਮਰੀਜ਼ਾਂ ਨੂੰ ਮਿਲੇ ਸਬਰੋ-ਕਰਾਰ,
ਮੁੱਦਤਾਂ ਦੇ ਜ਼ਖਮ ਸਾਰੇ ਭਰ ਦਈਂ।

ਬੇੜੀਆਂ ਤੇ ਝਾਂਜਰਾਂ ਤੋਂ ਇਸ ਵਰ੍ਹੇ,
ਮੁਕਤ ਕੈਦੀ, ਕਸਬੀਆਂ ਨੂੰ ਕਰ ਦਈਂ।

*(6)*

ਖੂਨ ਲੋਕਾਂ ਦਾ ਹੈ ਇਹ ਪਾਣੀ ਨਹੀਂ।
ਏਸ ਦੀ ਸੁਰਖੀ ਕਦੇ ਜਾਣੀ ਨਹੀਂ।

ਤੇਰੇ ਲਈ ਛਣਕਾ ਕੇ ਲੰਘੇ ਬੇੜੀਆਂ,
ਤੂੰ ਹੀ ਸਾਡੀ ਚਾਲ ਪਹਿਚਾਣੀ ਨਹੀਂ।

ਦੁਸ਼ਮਣਾਂ ਹਥਿਆਰ ਸਾਰੇ ਵਰਤਣੇ,
ਜ਼ਿੰਦਗੀ ਨੇ ਮਾਰ ਪਰ ਖਾਣੀ ਨਹੀਂ।

ਦੋਸਤੋ ਜੇ ਮਰ ਗਏ ਤਾਂ ਗਮ ਨਹੀਂ,
ਦਾਸਤਾਂ ਸਾਡੀ ਕਦੇ ਜਾਣੀ ਨਹੀਂ।
ਕਾਫਿਲੇ ਵਿਚ ਤੂੰ ਨਹੀਂ ਭਾਵੇਂ ਰਿਹਾ,
ਯਾਦ ਤੇਰੀ ਦਿਲ 'ਚੋਂ ਪਰ ਜਾਣੀ ਨਹੀਂ।

ਸਾਡੇ ਦਮ ਖਮ ਨਾਲ ਇਹ ਖਮ ਜਾਣਗੇ,
ਲਿਟ ਕਿਸੇ ਨੇ ਹੋਰ ਸੁਲਝਾਣੀ ਨਹੀਂ।

ਤੇਰੀਆਂ ਜ਼ੁਲਫਾਂ ਦੀ ਛਾਂ ਵੀ ਹੈ ਅਜ਼ੀਜ਼,
ਪਰ ਥਲਾਂ ਤਕ ਨਾਲ ਇਹ ਜਾਣੀ ਨਹੀਂ।

ਬੇੜੀਆਂ ਦੀ ਛਣਕ ਵਿਚ ਜੋ ਰਮਜ਼ ਹੈ,
ਕੌਣ ਕਹਿੰਦੈ ਲੋਕਾਂ ਪਹਿਚਾਣੀ ਨਹੀਂ।

*(7)*

ਨਿਸ ਦਿਨ ਗੁਜ਼ਰਨਾ ਪੈਂਦੈ, ਖੂਨੀ ਬਜ਼ਾਰ ਏਥੇ।
ਸਾਡੇ ਸਿਰਾਂ ਦਾ ਹਰ ਇਕ, ਹੈ ਤਲਬਗਾਰ ਏਥੇ।

ਤਲਵਾਰ ਤਾਂ ਉਠਾਓ, ਦੀਵਾਰ ਤਾਂ ਬਣਾਓ,
ਝੁਕਣੇ ਕਦੇ ਫਤਹਿ, ਨਾ ਮਿਟਣੇ ਜੁਝਾਰ ਏਥੇ।

'ਸਰਮਦ' ਨੂੰ ਕਤਲ ਕਰਕੇ, ਹਰ ਰਾਹ ਸਾਫ ਕਰ ਕੇ,
ਝੁੰਜਲਾਏ ਫਿਰ ਰਹੇ ਨੇ, ਕਿਓਂ ਤਾਜਦਾਰ ਏਥੇ।
ਰਖਿਆ ਹੈ ਸਿਰ ਸਦਾ ਹੀ, ਉਚਾ ਅਸਾਂ ਨੇ ਭਾਵੇਂ,
ਹਰ ਮੋੜ 'ਤੇ ਸਲੀਬਾਂ, ਹਰ ਪੈਰ ਦਾਰ ਏਥੇ।

ਕਦ ਤਕ ਰਹੇਗਾ ਆਖਿਰ, ਖੁਸ਼ਬੂ ਦੇ ਸਿਰ 'ਤੇ ਪਹਿਰਾ?
ਹੋਵੇਗੀ ਕਤਲ ਕਦ ਤਕ, ਆਖਿਰ ਬਹਾਰ ਏਥੇ?

ਚੁੰਝਾਂ 'ਚ ਲੈ ਸਿਤਾਰੇ, ਗਿੱਧਾਂ ਦੇ ਪਾ ਇਸ਼ਾਰੇ,
ਤਾੜੇਗੀ ਬਾਜ਼ ਕਦ ਤਕ, ਕਾਵਾਂ ਦੀ ਡਾਰ ਏਥੇ?

# ਪਿੰਡ ਨੂੰ ਤਰਲਾ ਮਾਰਦਿਆਂ...

***ਡਾ. ਗੁਰਬਖਸ਼ ਸਿੰਘ ਭੰਡਾਲ ਆਪਣੀ ਨਿਵੇਕਲੀ ਸ਼ੈਲੀ ਵਿਚ ਜੀਵਨ ਦੀਆਂ ਪਰਤਾਂ ਫਰੋਲਦੇ ਜ਼ਿੰਦਗੀ ਦੇ ਨਾਦ ਦੀ ਤਲਾਸ਼ ਵਿਚ ਰਹਿੰਦੇ ਹਨ। ਉਹ ਸ਼ਬਦਾਂ ਦੀ ਅਜਿਹੀ ਜੁਗਤ ਬੰਨਦੇ ਹਨ ਕਿ ਪਾਠਕ ਦੇ ਮੂੰਹੋਂ ਸੁਤੇ ਸਿਧ ਨਿਕਲ ਜਾਂਦਾ ਹੈ, ਕਿਆ ਬਾਤ ਹੈ! ਉਨ੍ਹਾਂ ਦੀ ਵਾਰਤਕ ਵਿਚ ਕਾਵਿ-ਰੰਗ ਇੰਨਾ ਭਾਰੂ ਹੁੰਦਾ ਹੈ ਕਿ ਕਈ ਵਾਰ ਭੁਲੇਖਾ ਪੈਂਦਾ ਹੈ ਕਿ ਵਾਰਤਕ ਹੈ ਜਾਂ ਕਵਿਤਾ। ਪਿਛਲੇ ਲੇਖ ਵਿਚ ਡਾ. ਭੰਡਾਲ ਨੇ ਸਫਰ ਦੀ ਗੱਲ ਕਰਦਿਆਂ ਨਸੀਹਤ ਕੀਤੀ ਸੀ, "ਸਫਰ ਕਰਨਾ ਏ ਤਾਂ ਸੁਪਨਿਆਂ ਦਾ, ਸਫਲਤਾਵਾਂ ਦਾ, ਸੱਚ-ਮਾਰਗ ਤੇ ਸੂਖਮ-ਸੰਵੇਦਨਾਵਾਂ ਦਾ ਕਰੋ।" ਡਾ. ਭੰਡਾਲ ਭਾਵੇਂ ਲੰਮੇ ਅਰਸੇ ਤੋਂ ਅਮਰੀਕਾ ਰਹਿ ਰਹੇ ਹਨ ਪਰ ਆਪਣੀ ਜੰਮਣ ਭੋਂ, ਆਪਣੇ ਪਿੰਡ ਪ੍ਰਤੀ ਮੋਹ ਅਤੇ ਫਿਕਰ ਉਨ੍ਹਾਂ ਦੇ ਹਿਰਦੇ 'ਚ ਘਰ ਕਰੀ ਬੈਠੇ ਹਨ। ਹਥਲੇ ਲੇਖ ਵਿਚ ਉਨ੍ਹਾਂ ਇਕ ਪਰਦੇਸੀ ਪੁੱਤ ਦਾ ਪਿੰਡ ਨੂੰ ਤਰਲਾ ਮਾਰਿਆ ਹੈ, "ਮੇਰੇ ਗਰਾਈਂਆਂ ਨੂੰ ਕਹੀਂ ਕਿ ਉਹ ਸਾਨੂੰ ਤਾਂ ਵਿਸਾਰ ਦੇਣ ਪਰ ਬਜੁਰਗਾਂ ਦੀ ਕੀਰਤੀ, ਕਰਮਾਂ, ਨਸੀਹਤਾਂ ਅਤੇ ਸੁਗਮ ਸੁਨੇਹਿਆਂ ਨੂੰ ਆਪਣੀ ਕਿਰਤ-ਸਾਧਨਾ ਵਿਚ ਜਰੂਰ ਸਮਾ ਲੈਣ ਤਾਂ ਕਿ ਅਜੋਕੇ ਚਿੰਤਾਮਈ ਮਾਹੌਲ ਵਿਚ ਕੋਈ ਆਸ ਦੀ ਕਿਰਨ ਉਦੈ ਹੋਵੇ, ਜੋ ਪਿੰਡ ਲਈ ਸਰਘੀ ਬਣ ਕੇ ਇਸ ਦੇ ਬਨੇਰਿਆਂ 'ਤੇ ਸੂਰਜ ਦੀ ਟਿੱਕੀ ਉਗਾਵੇ।" ਡਾ. ਭੰਡਾਲ ਫਿਕਰ ਜਾਹਰ ਕਰਦੇ ਹਨ, "ਐ ਪਿੰਡ! ਆਪਣੇ ਚੌਗਿਰਦੇ ਵਿਚ ਭਰਾਤਰੀ ਭਾਵ, ਧਾਰਮਿਕ ਸਹਿਣਸ਼ੀਲਤਾ ਅਤੇ ਸਰਬੱਤ ਦੇ ਭਲੇ ਦਾ ਹੋਕਰਾ ਲਾ ਤਾਂ ਕਿ ਤੂੰ ਸੁੱਚੇ, ਸਮੁੱਚੇ ਅਤੇ ਸੁੰਦਰ ਸਰੂਪ ਵਿਚ ਮੇਰੀਆਂ ਯਾਦਾਂ ਦਾ ਸਰਮਾਇਆ ਬਣਿਆ ਰਹੇਂ।" -ਸੰਪਾਦਕ***

## ਕਣੀਆਂ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

ਐ ਸੁਪਨਸ਼ੀਲ ਪਿੰਡ! ਮੈਂ ਤੇਰਾ ਪਰਵਾਸੀ ਪੁੱਤ। ਪਰਦੇਸੀ ਧਰਤੀ 'ਤੇ ਵੱਸਦਾ ਤੇਰਾ ਖੈਰਖਾਹ। ਤੇਰੀਆਂ ਸੋਚਾਂ ਅਤੇ ਸੁਪਨਿਆਂ ਨੂੰ ਆਖਰੀ ਸਾਹ ਤੀਕ ਨਿਭਾਉਣ ਦੀ ਵਚਨਬੱਧਤਾ। ਇਸੇ ਕਰਕੇ ਮੈਨੂੰ ਅਜੇ ਤੀਕ ਵੀ ਤੇਰੇ ਹੀ ਸੁਪਨੇ ਆਉਂਦੇ ਨੇ ਕਿਉਂਕਿ ਤੂੰ ਅਚੇਤ/ਸੁਚੇਤ ਰੂਪ 'ਚ ਮੇਰੇ ਵਿਚ ਰਮਿਆ ਹੋਇਆ ਏ। ਭਾਵੇਂ ਅੱਜ ਕੱਲ ਮੈਂ ਤੇਰੇ ਸੁਪਨਿਆਂ 'ਚ ਨਹੀਂ ਆਉਂਦਾ ਅਤੇ ਤੇਰੀ ਫਿਜ਼ਾ ਵਿਚੋਂ ਮੈਨੂੰ ਕੱਢ ਦਿਤਾ ਗਿਆ ਏ, ਪਰ ਮੇਰੀ ਸੋਚ ਵਿਚ ਤੂੰ ਸਦਾ ਵੱਸਦੇ ਰਹਿਣਾ ਏ। ਜੀਵਨ ਦੇ ਹਰ ਮੋੜ ਅਤੇ ਮੰਜ਼ਿਲ 'ਤੇ, ਤੇਰੀ ਸ਼ੁਕਰਗੁਜ਼ਾਰੀ ਵਿਚੋਂ ਹੀ ਜ਼ਿੰਦਗੀ ਨੂੰ ਮਹਿਕਦੇ ਫੁੱਲਾਂ ਦਾ ਸਾਥ ਮਿਲਿਆ ਏ। ਮੈਂ ਤੇਰੀ ਫਿਰਨੀ ਜਾਂ ਸੱਥ ਵਿਚ ਰਹਾਂ ਜਾਂ ਨਾ ਰਹਾਂ ਪਰ ਮੇਰੀ ਫਿਕਰਮੰਦੀ ਦਾ ਇਹ ਆਲਮ ਏ ਕਿ ਮੈਂ ਸੁੱਤਾ/ਜਾਗਦਾ ਤੈਨੂੰ ਵਾਸਤਾ ਪਾਉਨਾਂ ਕਿ ਮੇਰੇ ਗਰਾਈਂਆਂ ਨੂੰ ਕਹੀਂ ਕਿ ਉਹ ਸਾਨੂੰ ਤਾਂ ਵਿਸਾਰ ਦੇਣ ਪਰ ਬਜੁਰਗਾਂ ਦੀ ਕੀਰਤੀ, ਕਰਮਾਂ, ਨਸੀਹਤਾਂ ਅਤੇ ਸੁਗਮ ਸੁਨੇਹਿਆਂ ਨੂੰ ਆਪਣੀ ਕਿਰਤ-ਸਾਧਨਾ ਵਿਚ ਜਰੂਰ ਸਮਾ ਲੈਣ ਤਾਂ ਕਿ ਅਜੋਕੇ ਚਿੰਤਾਮਈ ਮਾਹੌਲ ਵਿਚ ਕੋਈ ਆਸ ਦੀ ਕਿਰਨ ਉਦੈ ਹੋਵੇ, ਜੋ ਪਿੰਡ ਲਈ ਸਰਘੀ ਬਣ ਕੇ ਇਸ ਦੇ ਬਨੇਰਿਆਂ 'ਤੇ ਸੂਰਜ ਦੀ ਟਿੱਕੀ ਉਗਾਵੇ।

ਐ ਮੋਹਵੰਤੇ ਪਿੰਡ! ਹਮ-ਗਰਾਈਂਆਂ ਨੂੰ ਇਹ ਦੱਸੀਂ ਕਿ ਬਜੁਰਗਾਂ ਨੇ ਹੱਡ ਭੰਨਵੀਂ ਮਿਹਨਤ ਅਤੇ ਸਿਰੜ-ਸਾਧਨਾ ਨਾਲ ਕਦੇ ਹਾਰ ਨਹੀਂ ਸੀ ਮੰਨੀ। ਬਾਰਸ਼ਾਂ ਦੌਰਾਨ ਹੜ੍ਹਾਂ ਕਾਰਨ ਮਚਾਈ ਤਬਾਹੀ ਨਾਲ ਫਸਲਾਂ ਦਾ ਤਬਾਹ ਹੋਣਾ, ਘਰ ਦੀਆਂ ਸ਼ਤੀਰੀਆਂ ਦਾ ਤਿੜਕ ਜਾਣਾ, ਵਰਾਂਡਿਆਂ ਦੀਆਂ ਕੱਚੀਆਂ ਕੰਧਾਂ ਦਾ ਖੁਰ ਜਾਣਾ, ਢਾਰਿਆਂ ਦਾ ਢਹਿ ਜਾਣਾ ਅਤੇ ਕੱਚੇ ਮਕਾਨਾਂ ਦੀਆਂ ਛੱਤਾਂ 'ਚ ਮਘੋਰੇ ਪੈਣ ਪਿਛੋਂ ਵੀ, ਉਹ ਫਿਰ ਕਿਰਤ-ਕਰਮ ਨਾਲ ਜ਼ਿੰਦਗੀ ਨੂੰ ਜਿਉਣ ਜੋਗਾ ਕਰ ਲੈਂਦੇ ਸਨ। ਖੇਤਾਂ ਅਤੇ ਖੂਹਾਂ 'ਤੇ ਫਿਰ ਤੋਂ ਖੁਸ਼ਹਾਲੀ ਦਾ ਰਾਗ ਗੂੰਜਦਾ ਸੀ। ਉਹ ਢੋਲੇ-ਮਾਹੀਏ ਗਾਉਂਦੇ, ਛਿੰਜਾਂ 'ਤੇ ਜਾਂਦੇ ਅਤੇ ਵਿਸਾਖੀ ਦੇ ਮੇਲੇ 'ਚ ਢੋਲ ਦੇ ਡੱਗੇ 'ਤੇ ਨੱਚਣਾ ਕਦੇ ਨਾ ਭੁੱਲਦੇ। ਅਜੋਕੇ ਬਾਸ਼ਿੰਦੇ ਕੇਹੀ ਬਿਰਤੀ ਦੇ ਮਾਲਕ ਨੇ ਜੋ ਨਿੱਕੀ ਜਿਹੀ ਕੁਦਰਤੀ ਕਰੋਪੀ ਤੋਂ ਹਾਰ ਕੇ, ਖੁਦਕੁਸ਼ੀਆਂ ਦੇ ਰਾਹ ਤੁਰ ਪੈਂਦੇ ਨੇ। ਉਨ੍ਹਾਂ ਨੂੰ ਦੱਸ ਕਿ ਖੁਦਕੁਸ਼ੀ ਇਕ ਘਰ ਦੀ ਤਬਾਹੀ ਦਾ ਮੁੱਢ ਹੁੰਦੀ ਏ ਜਦ ਕਿ ਖੁਦਕੁਸ਼ੀ ਤੋਂ ਖੁਦਦਾਰੀ ਵੰਨੀਂ ਤੁਰਿਆਂ, ਜ਼ਿੰਦਗੀ ਆਪਣਾ ਮੁਹਾਂਦਰਾ ਸੰਵਾਰਦੀ ਏ। ਜੀਵਨ ਫਿਰ ਲੀਹਾਂ 'ਤੇ ਆ ਕੇ, ਕਈਆਂ ਲਈ ਸੁਚੇਤ ਤੇ ਸਾਰਥਕ ਸੁਨੇਹਾ ਵੀ ਬਣ ਜਾਂਦਾ ਏ। ਹਾਰ ਨੂੰ ਜਿੱਤ ਵਿਚ ਬਦਲਣ ਵਾਲੇ ਅਤੇ ਮੁਸ਼ਕਿਲਾਂ ਨੂੰ ਮਿਹਨਤ ਨਾਲ ਹਰਾ ਕੇ, ਤਕਦੀਰ ਅਤੇ ਤਦਬੀਰ ਨੂੰ ਨਵੇਂ ਅਰਥ ਦੇਣ ਵਾਲੇ ਤੇਰੇ ਵਾਸੀਆਂ ਦੀ ਸੋਚ-ਨਸਲਕੁਸ਼ੀ, ਕਦੋਂ ਅਤੇ ਕਿਸੇ ਨੇ ਕੀਤੀ ਏ? ਕੀ ਉਨ੍ਹਾਂ ਦੀ ਜ਼ਮੀਰ ਮਰ ਗਈ ਏ, ਜੋ ਜਿਉਣ ਨਾਲੋਂ ਮਰਨ ਨੂੰ ਤਰਜ਼ੀਹ ਦੇਣ ਲੱਗ ਪਏ ਨੇ? ਕੀ ਤੈਨੂੰ ਇਸ ਮਾਤਮੀ ਮਾਰਗ ਦੀ ਕੋਈ ਸੂਹ ਨਹੀਂ? ਸੱਥ ਵਿਚ ਬੈਠਿਆਂ ਨੂੰ ਬਜੁਰਗਾਂ ਦੀਆਂ ਕਰਨੀਆਂ ਤੇ ਕਥਨੀਆਂ ਦੀਆਂ ਕਹਾਣੀਆਂ ਸੁਣਾ। ਸ਼ਾਇਦ ਉਨ੍ਹਾਂ ਦੀ ਜ਼ਮੀਰ ਜਾਗ ਕੇ ਜਿਉਂਦੇ ਮਨੁੱਖ ਦਾ ਸਰੂਪ ਧਾਰ ਲਵੇ।

ਐ ਅਜ਼ੀਜ਼ ਪਿੰਡ! ਮਨ ਬਹੁਤ ਉਦਾਸ ਹੋ ਜਾਂਦਾ ਏ ਜਦ ਮੈਂ ਨੌਜਵਾਨਾਂ ਦੇ ਸੁਪਨਹੀਣ ਨੈਣ ਦੇਖਦਾ ਹਾਂ ਜਾਂ ਉਨ੍ਹਾਂ ਦੀਦਿਆਂ ਵੰਨੀਂ ਝਾਤ ਮਾਰਦਾ ਹਾਂ ਜਿਨ੍ਹਾਂ ਵਿਚ ਸੁਪਨਿਆਂ ਦੀਆਂ ਲਾਸ਼ਾਂ ਕਬਰੀਂ ਪੈਣ ਲਈ ਕਾਹਲੀਆਂ ਨੇ। ਅਥਾਹ ਸ਼ਕਤੀ, ਸੰਵੇਦਨਾ, ਸਮਰੱਥਾ ਅਤੇ ਸੁਪਨਸ਼ੀਲਤਾ ਦੀ ਹਾਣੀ, ਨੌਜਵਾਨ ਪੀੜ੍ਹੀ ਦੀ ਇਹ ਕੇਹੀ ਤ੍ਰਾਸਦੀ ਏ ਕਿ ਉਹ ਆਪਣੀ ਰਹਿਤਲ ਅਤੇ ਵਿਰਾਸਤ ਤੋਂ ਅਣਜਾਣ ਬਣੀ, ਮਰਨ-ਮਿੱਟੀ ਨੂੰ ਗਲੇ ਲਾਉਣ ਲਈ ਕਾਹਲੀ ਏ। ਉਨ੍ਹਾਂ ਦੇ ਸਿਰੜ, ਸਮਰਪਣ ਅਤੇ ਸਾਧਨਾ ਨੂੰ ਕਿਸ ਨੇ ਸਿਉਂਕਿਆ ਏ? ਉਨ੍ਹਾਂ ਦੀਆਂ ਤਰਜ਼ੀਹਾਂ ਅਤੇ ਤਮੰਨਾਵਾਂ ਨੂੰ ਕਿਸ ਨੇ ਜੰਗਾਲਿਆ ਏ ਕਿ ਉਹ ਨਸ਼ਿਆਂ ਦੀ ਦਲਦਲ ਵਿਚ ਧੱਸ ਗਏ ਨੇ? ਕੁਝ ਨੂੰ ਤਾਂ ਵਿਦੇਸ਼ ਜਾਣ ਦੀ ਝਾਕ ਵਿਚ ਸਮੁੰਦਰ ਤੇ ਜੰਗਲਾਂ ਨੇ ਹਜ਼ਮ ਲਿਆ ਏ ਅਤੇ ਕੁਝ ਤੁਰਦੀਆਂ ਫਿਰਦੀਆਂ ਲਾਸ਼ਾਂ ਬਣ ਕੇ ਮਾਪਿਆਂ ਲਈ ਸਿਵੇ ਦਾ ਸੇਕ ਬਣ ਗਏ ਨੇ। ਅਜਿਹੇ ਨੌਜਵਾਨ ਮਾਪਿਆਂ ਦੀ ਡੰਗੋਰੀ ਕਿੰਜ ਬਣਨਗੇ? ਕਿੰਜ ਉਹ ਮਾਪਿਆਂ ਦੇ ਸੁਪਨਿਆਂ ਦੀ ਪੂਰਤੀ ਦਾ ਖੁਆਬ ਸਜਾਉਣਗੇ? ਕੀ ਉਨ੍ਹਾਂ ਵਿਚ ਕੁਝ ਚੰਗੇਰਾ ਕਰਨ ਅਤੇ ਨਰੋਇਆ ਸਿਰਜਣ ਦੀ ਭਾਵਨਾ ਮਰ ਗਈ ਏ? ਇਹ ਕੇਹਾ ਅੱਖਰ ਗਿਆਨ ਏ ਜੋ ਆਪਣੀ ਅਰਥੀ ਕਿਆਸਣ ਲਾਉਂਦਾ ਏ? ਆਖੀਂ ਉਨ੍ਹਾਂ ਨੌਜਵਾਨਾਂ ਨੂੰ ਕਿ ਕਦੇ ਉਨ੍ਹਾਂ ਪਾੜ੍ਹਿਆਂ ਦੇ ਘਰਾਂ ਵੰਨੀਂ ਝਾਕਣ ਜਿਨ੍ਹਾਂ ਨੇ ਅੱਖਰ-ਲੋਅ ਵਿਚੋਂ ਹੀ ਜ਼ਿੰਦਗੀ ਨੂੰ ਨਰੋਏ ਅਰਥ ਦਿਤੇ। ਯਾਦ ਕਰਵਾਈਂ ਕਿ ਕਿਸੇ ਪ੍ਰਾਪਤੀ ਲਈ ਕੋਈ ਵੀ ਸੌਖਾ ਮਾਰਗ ਨਹੀਂ ਹੁੰਦਾ। ਔਖਿਆਈਆਂ, ਪੀੜਾਂ ਅਤੇ ਤੰਗੀਆਂ-ਤੁਰਸ਼ੀਆਂ ਨਾਲ ਜੂਝਦਿਆਂ ਹੀ ਇਕ ਪਾਰਸ ਜਨਮ ਦਾ, ਜੋ ਸਭ ਨੂੰ ਨਜ਼ਰ ਆਉਂਦਾ ਏ। ਕਦੇ ਇਸ ਲਈ ਘਾਲੀ ਹੋਈ ਘਾਲਣਾ ਅਤੇ ਸਿਰੜ-ਸਾਧਨਾ ਨੂੰ ਜਰੂਰ ਫਰੋਲਣ। ਉਹ ਸਫਲ ਵਿਅਕਤੀਆਂ ਦੇ ਜੀਵਨ ਵਰਕਿਆਂ ਨੂੰ ਪੜ੍ਹਨ ਤਾਂ ਉਨ੍ਹਾਂ ਨੂੰ ਇਬਾਦਤ ਅਤੇ ਕੀਰਤੀ ਵਿਚਲਾ ਸੰਤੁਲਨ ਜਰੂਰ ਨਜ਼ਰ ਆਵੇਗਾ।

ਐ ਪਿੰਡ! ਤੈਨੂੰ ਦਿਲ ਦਾ ਭੇਤ ਦੱਸਾਂ। ਜਦ ਮੈਂ ਪਹਿਲੇ ਦਿਨ ਅਮਰੀਕਾ ਦੀ ਯੂਨੀਵਰਸਿਟੀ ਵਿਚ ਪੜ੍ਹਾਉਣ ਲੱਗਾ ਤਾਂ ਮੇਰੀਆਂ ਨਮ ਅੱਖਾਂ ਵਿਚ ਮਾਪਿਆਂ ਅਤੇ ਜਨਮ-ਭੋਂ ਪ੍ਰਤੀ ਸ਼ੁਕਰਗੁਜ਼ਾਰੀ ਛਲਕ ਪਈ ਕਿਉਂਕਿ ਬਹੁਤ ਲੰਮੀ ਹੁੰਦੀ ਹੈ, ਸੁਪਨਿਆਂ ਦੇ ਸੱਚ ਹੋਣ ਲਈ 40 ਸਾਲ ਦੀ ਲੰਮੀ ਤੇ ਨਿਰੰਤਰ ਘਾਲਣਾ। ਸੇਧਤ ਦ੍ਰਿਸ਼ਟੀ ਨੂੰ ਅਪਨਾ ਕੇ, ਅਕੀਦੇ ਤੀਕ ਪਹੁੰਚਣ ਲਈ ਸਮਰਪਣ ਹੀ ਮੂਲ-ਮੰਤਰ ਏ। ਅਜੋਕੇ ਪਾੜ੍ਹਿਆਂ ਨੂੰ ਕਹੀਂ ਕਿ ਉਹ ਆਪਣੀ ਕਿਰਤ-ਸ਼ੈਲੀ ਵਿਚ ਅੱਧੀ-ਅੱਧੀ ਰਾਤ ਤੀਕ ਪੜ੍ਹਨ ਦੀ ਆਦਤ ਪਾਉਣ। ਪੜ੍ਹਾਈ ਇਕ ਸਾਧਨਾ ਏ, ਜਿਸ ਲਈ ਥੋੜ੍ਹ-ਚਿਰੀਆਂ ਖੁਸ਼ੀਆਂ ਅਤੇ ਰੰਗ-ਤਮਾਸ਼ਿਆਂ ਨੂੰ ਜੀਵਨ ਵਿਚੋਂ ਮਨਫੀ ਕਰਨਾ ਪੈਣਾ ਏ। ਤਪੱਸਿਆ ਨਾਲ ਹੀ ਉਨ੍ਹਾਂ ਦੇ ਨੈਣਾਂ ਵਿਚ ਸੰਜੋਏ ਸੁਪਨੇ ਜਰੂਰ ਪੂਰੇ ਹੋਣਗੇ ਕਿਉਂਕਿ ਤੇਰੀ ਦੁਆ ਅਤੇ ਅਸੀਸ ਵੀ ਉਨ੍ਹਾਂ ਦੇ ਨਾਲ ਏ।

ਐ ਪਿਆਰੇ ਪਿੰਡ! ਕਦੇ ਕਦੇ ਮੈਂ ਸੋਚਦਾਂ ਕਿ ਪਿੰਡ 'ਚ ਵੱਸਦੀਆਂ ਮਾਂਵਾਂ ਦੀਆਂ ਅਰਦਾਸਾਂ ਵਿਚ ਕੋਈ ਕਮੀ ਏ ਜਾਂ ਉਨ੍ਹਾਂ ਦੀ ਰੂਹ-ਤੜਫਣੀ ਵਿਚ ਕੋਈ ਘਾਟ ਏ ਕਿ ਉਹ ਆਪਣੇ ਬੱਚਿਆਂ ਦੇ ਦੀਦਿਆਂ ਵਿਚ ਸੁਪਨੇ ਧਰਨ ਤੋਂ ਵੀ ਤ੍ਰਿਹਨ ਲੱਗ ਪਈਆਂ ਨੇ। ਉਨ੍ਹਾਂ ਨੂੰ ਕਹਿ ਕਿ ਬੱਚਿਆਂ ਨੂੰ ਸੁਪਨੇ ਦਿਓ ਅਤੇ ਉਨ੍ਹਾਂ ਦੇ ਖਾਬਾਂ ਦੀ ਪੂਰਤੀ ਲਈ ਖੁਦ ਨੂੰ ਸਮਰਪਣ ਕਰੋ ਕਿਉਂਕਿ ਉਨ੍ਹਾਂ ਨੇ ਹੀ ਆਪਣੇ ਬੱਚਿਆਂ ਦੇ ਅਕੀਦਿਆਂ ਨੂੰ ਪੂਰਨਤਾ ਦੀ ਜਾਗ ਲਾਉਣੀ ਏ। ਉਨ੍ਹਾਂ ਵਿਚ ਨਵੀਆਂ ਚੁਣੌਤੀਆਂ ਅਤੇ ਮੁਸ਼ਕਿਲਾਂ ਨਾਲ ਮੱਥਾ ਲਾਉਣ ਦਾ ਜੇਰਾ ਪੈਦਾ ਕਰਨ। ਬੱਚਿਆਂ ਨੂੰ ਮਿਹਨਤ ਦੀ ਆਦਤ ਪਾਉਣ ਅਤੇ ਸ਼ਖਸੀਅਤ ਨੂੰ ਨਿਖਾਰਨ ਅਤੇ ਵਿਸ਼ਾਲਣ ਦਾ ਮੌਕਾ ਦੇਣ। 'ਕੇਰਾਂ ਦਿਸ਼ਾ-ਮਾਰਗੀ ਤਾਂ ਬਣਨ, ਰਾਹ ਉਨ੍ਹਾਂ ਨੇ ਖੁਦ ਬਣਾ ਲੈਣੇ ਆ ਅਤੇ ਮੰਜ਼ਿਲਾਂ ਵੀ ਉਹ ਆਪੇ ਸਰ ਕਰ ਲੈਣਗੇ। ਉਨ੍ਹਾਂ ਨੂੰ ਕੁਝ ਨਰੋਇਆ ਕਰਨ ਦੀ ਹਿੰਮਤ ਅਤੇ ਹੌਸਲਾ ਦੇਣ, ਕਈ ਨਸਲਾਂ ਸ਼ੁਕਰਗੁਜ਼ਾਰ ਹੋਣਗੀਆਂ। ਮਾਂਵਾਂ ਨੂੰ ਯਾਦ ਕਰਵਾਈਂ ਕਿ ਬੱਚਿਆਂ ਦੇ ਵਿਕਾਸ ਅਤੇ ਪਰਿਵਾਰ ਦੀ ਖੁਸ਼ਹਾਲੀ ਵਿਚ ਮਾਂਵਾਂ ਦਾ ਸਭ ਤੋਂ ਵੱਡਾ ਯੋਗਦਾਨ ਏ ਅਤੇ ਇਸ ਤੋਂ ਮੁਨਕਰੀ, ਭਾਂਜਵਾਦੀ ਸੋਚ ਦਾ ਪ੍ਰਗਟਾਅ।

ਐ ਜੀਵਨ-ਦਾਨੀ ਪਿੰਡ! ਤੇਰੇ ਪਾਣੀ, ਹਵਾ, ਧਰਤੀ ਤੇ ਫਿਜ਼ਾ ਨੂੰ ਕਿਸ ਦੀ ਨਜ਼ਰ ਲੱਗ ਗਈ ਕਿ ਜੀਵਨ ਮਨਸਣ ਵਾਲੀ ਤੇਰੀ ਰਹਿਤਲ ਵਿਚੋਂ ਹੁਣ ਮੌਤ ਦੀ ਮੁਸਕਣੀ ਨਜ਼ਰ ਆਉਂਦੀ ਏ। ਕੇਹੀ ਫਿਜ਼ਾ ਏ ਜੋ ਜਿਉਣ ਨਾਲੋਂ ਮਰਨ ਦੀ ਹੂਕ ਬਣ ਗਈ ਏ? ਖਾਦਾਂ ਅਤੇ ਦਵਾਈਆਂ ਨਾਲ ਜ਼ਹਿਰੀਲੇ ਕੀਤੇ ਖੇਤਾਂ ਵਿਚੋਂ ਮੌਤ ਉਗਦੀ ਏ। ਭਲਾ! ਮੌਤ ਦੇ ਵਣਜ ਵਿਚੋਂ ਸਾਹ-ਵੰਜਲੀ 'ਚ ਫੂਕ ਕਿੰਜ ਵੱਜੇਗੀ? ਇਸ ਨੇ ਤਾਂ ਕੁਲਾਂ ਗਾਲ ਦੇਣੀਆਂ ਨੇ ਅਤੇ ਗਾਲ ਵੀ ਦਿੱਤੀਆਂ ਨੇ। ਪੰਜਾਬੀਆਂ ਵਾਲੀ ਡੀਲ-ਡੌਲ ਕਿਧਰੇ ਨਜ਼ਰ ਨਹੀਂ ਆਉਂਦੀ। ਨਾ-ਮਰਦੀ ਦਾ ਸ਼ਿਕਾਰ ਹੋਏ ਤੇਰੇ ਗੱਭਰੂ ਔਲਾਦ ਲਈ ਫਰਟੀਲਿਟੀ ਸੈਂਟਰਾਂ ਵਿਚ ਖੱਜ਼ਲ-ਖੁਆਰ ਹੋ ਰਹੇ ਨੇ, ਜਿਥੇ ਨਸਲਾਂ ਬਦਲੀਆਂ ਜਾ ਰਹੀਆਂ ਨੇ। ਪਿੰਡ! ਤੂੰ ਕਿਉਂ ਨਹੀਂ ਸਮਝਦਾ ਕਿ ਇਹ ਬਹੁਤ ਗਹਿਰੀ ਚਾਲ ਏ। ਤੇਰੇ ਕੁਦਰਤੀ ਸਰੋਤਾਂ ਨੂੰ ਜ਼ਹਿਰੀਲਾ ਕਰਕੇ, ਜਵਾਨੀ ਦਾ ਨਾਸ਼ ਕਰਨਾ ਅਤੇ ਪੰਜਾਬ ਵਿਚੋਂ ਪੰਜਾਬੀ, ਪੰਜਾਬੀਅਤ ਤੇ ਪੰਜਾਬੀ ਦਿੱਖ ਨੂੰ ਹੀ ਖਤਮ ਕਰ ਦੇਣਾ। ਭੋਲੇ ਭਾਲੇ ਵਾਸੀ ਨਹੀਂ ਸਮਝਦੇ ਉਨ੍ਹਾਂ ਚਾਲਾਂ ਨੂੰ ਅਤੇ ਉਹ ਆਪਣੇ ਹੱਥੀਂ ਆਪਣਿਆਂ ਦੇ ਸਿਵੇ ਸੇਕਣ ਲਈ ਕਾਹਲੇ ਨੇ। ਐ ਪਿੰਡ! ਆਪਣੇ ਚੌਗਿਰਦੇ ਵਿਚ ਭਰਾਤਰੀ ਭਾਵ, ਧਾਰਮਿਕ ਸਹਿਣਸ਼ੀਲਤਾ ਅਤੇ ਸਰਬੱਤ ਦੇ ਭਲੇ ਦਾ ਹੋਕਰਾ ਲਾ ਤਾਂ ਕਿ ਤੂੰ ਸੁੱਚੇ, ਸਮੁੱਚੇ ਅਤੇ ਸੁੰਦਰ ਸਰੂਪ ਵਿਚ ਮੇਰੀਆਂ ਯਾਦਾਂ ਦਾ ਸਰਮਾਇਆ ਬਣਿਆ ਰਹੇਂ।

ਐ ਮਾਣਮੱਤੇ ਪਿੰਡ! ਤੈਨੂੰ ਤਾਂ ਸਾਡੇ ਸਮਿਆਂ ਦੀ ਮਾਣ-ਮਰਿਆਦਾ ਦਾ ਪਤਾ ਈ ਆ ਕਿ ਪਿੰਡ ਦਾ ਹਰ ਬਜੁਰਗ ਬੱਚਿਆਂ ਨੂੰ ਸੇਧ ਦੇ ਸਕਦਾ ਸੀ, ਝਿੜਕ ਸਕਦਾ ਸੀ। ਬੱਚਿਆਂ ਵਿਚ ਨਿਰਮਲ ਭੈਅ ਹੁੰਦਾ ਸੀ ਜਿਸ ਕਰਕੇ ਹਰ ਬੱਚਾ ਕੁਝ ਵੀ ਗਲਤ ਕਰਨ ਤੋਂ ਗੁਰੇਜ਼ ਕਰਦਾ ਸੀ। ਉਹ ਪਰਿਵਾਰਕ ਕਦਰਾਂ-ਕੀਮਤਾਂ ਨੂੰ ਅੰਤਰੀਵ ਵਿਚ ਰਚਾਉਂਦਾ ਸੀ। ਹਰ ਲੜਕੀ ਪਿੰਡ ਦੀ ਧੀ/ਨੂੰਹ ਹੁੰਦੀ ਸੀ ਅਤੇ ਉਸ ਦੀ ਆਬਰੂ ਪਿੰਡ ਦਾ ਇੱਜਤ-ਮਾਣ। ਐ ਪਿੰਡ! ਜਰਾ ਦੱਸੀਂ ਕਿ ਕੀ ਤੂੰ ਅਜੋਕੀ ਪੀੜ੍ਹੀ ਵਿਚ ਉਨ੍ਹਾਂ ਮਾਣਮੱਤੀਆਂ ਮਰਿਆਦਾਵਾਂ ਦਾ ਜਾਗ ਨਹੀਂ ਲਾਇਆ ਜਾਂ ਜਾਗ ਲਾਉਣ ਤੋਂ ਪਹਿਲਾਂ ਹੀ ਬੁੱਧ ਫਿੱਟ ਗਈ ਏ? ਕਿਥੇ, ਕਦੋਂ ਅਤੇ ਕਿਸ ਕੋਲੋਂ ਹੋਈ ਏ ਇਹ ਕੁਤਾਹੀ ਜਿਸ ਨੇ ਹਰ ਵਿਹੜੇ ਵਿਚ ਮਚਾਈ ਏ ਤਬਾਹੀ। ਯਾਦ ਰੱਖੀਂ! ਜਦ ਸਮਾਜਕ ਤੰਦ ਦੀ ਪਾਕੀਜ਼ਗੀ ਲੀਰਾਂ ਹੁੰਦੀ ਏ ਤਾਂ ਮਨੁੱਖ ਲੀਰਾਂ ਹੁੰਦਾ ਏ ਅਤੇ ਮਨੁੱਖਤਾ ਟੁਕੜਿਆਂ 'ਚ ਵਟੀਂਦੀ,



ਸਮਾਜਕ ਕਲੰਕ ਬਣ ਜਾਂਦੀ ਏ। ਇਸ ਕਲੰਕ ਨੂੰ ਧੋਣ ਹਿੱਤ ਮੇਰੇ ਪਿੰਡ ਤੂੰ ਉਨ੍ਹਾਂ ਜੁਆਕਾਂ ਨੂੰ ਪਵਿੱਤਰਤਾ ਅਤੇ ਆਪਸੀ ਸਾਂਝ ਦਾ ਵਾਸਤਾ ਪਾ ਕੇ ਸਮਝਾ ਕਿ ਤੰਦਾਂ ਨੂੰ ਨਾ ਤੋੜੋ ਕਿਉਂਕਿ ਸਦੀਆਂ ਲੱਗ ਜਾਂਦੀਆਂ ਨੇ ਜੋੜਨ ਲਈ ਜਦ ਕਿ ਤੋੜਨ ਲੱਗਿਆਂ ਤਾਂ ਪਲ ਵੀ ਨਹੀਂ ਲੱਗਦਾ। ਤੈਨੂੰ ਤਾਂ ਯਾਦ ਹੀ ਹੋਣਾ ਏ ਕਿ ਸਾਡੇ ਸਮਿਆਂ 'ਚ ਬਜੁਰਗਾਂ ਦੀ ਅਸੀਸ ਅਤੇ ਸ਼ਾਬਾਸ਼ੀ ਹੀ ਸਾਡੇ ਲਈ ਵਰਦਾਨ ਸੀ ਜਿਸ ਨਾਲ ਅਸੀਂ ਜੀਵਨ ਦੇ ਉਨ੍ਹਾਂ ਸਿਖਰਾਂ ਨੂੰ ਛੋਹ ਸਕੇ, ਜਿਸ ਨੂੰ ਅਨਪੜ੍ਹ ਮਾਪੇ ਕਿਆਸ ਵੀ ਨਹੀਂ ਸਕਦੇ।

ਐ ਪਿੰਡ! ਧਿਆਨ ਤਾਂ ਕਰ ਕਿ ਇਹ ਕੇਹਾ ਸਿਤਮ ਏ ਕਿ ਅੱਜ ਕੱਲ ਹਰੇਕ ਚੌਧਰੀ ਨੌਜਵਾਨਾਂ ਨੂੰ ਨਿੱਜੀ ਸੁਆਰਥ ਹਿੱਤ ਜੁਰਮ ਦੀ ਦੁਨੀਆਂ 'ਚ ਧਕੇਲਣ ਲਈ ਕਾਹਲਾ ਏ। ਭਾਵੇਂ ਇਹ ਨਸ਼ੇ ਹੋਣ, ਨਸ਼ਿਆਂ ਦੀ ਸਮਗਲਿੰਗ ਹੋਵੇ, ਗੈਂਗ ਹੋਣ ਜਾਂ ਭਾਈਚਾਰਕ/ਧਾਰਮਿਕ ਨਫਰਤ ਫੈਲਾਉਣ ਦਾ ਕੋਝਾ ਕਰਮ ਹੋਵੇ। ਤੂੰ ਚੁੱਪ ਕਿਉਂ ਏ? ਕੁਝ ਤਾਂ ਸੋਚ ਵਿਚਾਰ ਕਰ।

ਐ ਸੁਪਨਿਆਂ 'ਚ ਵੱਸਦੇ ਪਿੰਡ! ਤੂੰ ਕਿੰਨਾ ਵੀ ਮੈਨੂੰ ਆਪਣੇ ਚੇਤੇ, ਚੌਗਿਰਦੇ ਜਾਂ ਚੌਪਾਲ 'ਚੋਂ ਕੱਢ ਜਾਂ ਕਿੰਨਾ ਵੀ ਦੁਰਕਾਰ, ਮੇਰੇ ਚੇਤਿਆਂ ਵਿਚੋਂ ਤੂੰ ਕਦੇ ਨਹੀਂ ਨਿਕਲਣਾ। ਯਾਦਾਂ ਦੇ ਅਜ਼ੀਮ ਖਜਾਨੇ 'ਚ ਤੈਨੂੰ ਸੰਭਾਲਿਆ ਹੋਇਆ ਏ। ਯਾਦਾਂ ਨੂੰ ਨਤਮਸਤਕ ਹੋ, ਮਿੱਟੀ ਦੀ ਖੁਸ਼ਬੂ ਨਾਲ ਸਰਸ਼ਾਰ ਹੋ, ਵਿਸਮਾਦ 'ਚ ਗੜੁੱਚ ਰਹਿੰਦਾ ਹਾਂ। ਪਰਦੇਸ ਵਿਚ ਵਗਦੀ ਪੌਣ ਵੀ ਤੇਰੀਆਂ ਹੀ ਬਾਤਾਂ ਪਾਉਂਦੀ ਏ। ਇਹ ਬੱਦਲ ਵੀ ਤੇਰਾ ਹੀ ਸੁੱਖ-ਸੁਨੇਹਾ ਲੈ ਕੇ ਮੇਰੀ ਜੂਹ ਨੂੰ ਭਿਉਂਦੇ ਨੇ। ਤੇਰੇ ਚੰਨ ਦੀਆਂ ਕਿਰਨਾਂ ਵੀ ਮੇਰੇ ਵਿਹੜੇ ਵਿਚ ਰੌਸ਼ਨੀ ਤਰੌਂਕ ਸਰਦਲਾਂ ਨੂੰ ਸੁੱਚਾ ਕਰਦੀਆਂ ਨੇ। ਵਾਸਤਾ ਈ! ਸਾਡੇ ਸਮਿਆਂ ਦੀ ਕਿਰਤ-ਕਾਮਨਾ, ਸੰਜੀਦਾ-ਸਾਧਨਾ, ਅੰਤਰੀਵੀ-ਅਪਣੱਤ, ਮੁਹੱਬਤੀ-ਪੈਗਾਮ ਅਤੇ ਦੂਸਰਿਆਂ ਦੇ ਭਲੇ ਵਿਚੋਂ ਆਪਣਾ ਭਲਾ ਲੋਚਣ ਵਾਲੀ ਸੋਚ ਦਾ ਕੁਝ ਹਿੱਸਾ ਨਵੀਂ ਪਨੀਰੀ ਦੇ ਨਾਮ ਜਰੂਰ ਲਾਵੀਂ। ਪਰਦੇਸ ਵਸੇਂਦਿਆਂ ਦੀ ਅੰਤਰ-ਆਤਮਾ ਨੂੰ ਕੁਝ ਤਾਂ ਸਕੂਨ ਮਿਲੇਗਾ।

ਐ ਮੇਰੇ ਪਿੰਡ! ਆਪਣੇ ਪਰਵਾਸੀ ਪੁੱਤਰਾਂ ਨੂੰ ਭਾਵੇਂ ਵਿਸਾਰ ਦੇਈਂ ਪਰ ਉਨ੍ਹਾਂ ਵਲੋਂ ਪਾਈਆਂ ਪੈੜਾਂ 'ਤੇ ਤੁਰਨ ਲਈ ਬਾਲਗਾਂ ਨੂੰ ਉਤਸ਼ਾਹਿਤ ਜਰੂਰ ਕਰਦਾ ਰਹੀਂ ਤਾਂ ਕਿ ਤੇਰੀ ਸਮੁੱਚਤਾ, ਸੁੰਦਰਤਾ ਤੇ ਸਦਭਾਵਨਾ ਪਹਿਲਾਂ ਵਾਂਗ ਧੜਕਦੀ, ਨਵੀਆਂ ਪ੍ਰਾਪਤੀਆਂ ਦਾ ਜਸ਼ਨ ਮਨਾਉਂਦੀ ਰਹੇ।

ਤੇਰੇ ਫਿਕਰ 'ਚ ਫਿਕਰ ਹੋਇਆ ਸ਼ਖਸ!!!

***ਐ ਜੀਵਨ-ਦਾਨੀ ਪਿੰਡ! ਤੇਰੇ ਪਾਣੀ, ਹਵਾ, ਧਰਤੀ ਤੇ ਫਿਜ਼ਾ ਨੂੰ ਕਿਸ ਦੀ ਨਜ਼ਰ ਲੱਗ ਗਈ ਕਿ ਜੀਵਨ ਮਨਸਣ ਵਾਲੀ ਤੇਰੀ ਰਹਿਤਲ ਵਿਚੋਂ ਹੁਣ ਮੌਤ ਦੀ ਮੁਸਕਣੀ ਨਜ਼ਰ ਆਉਂਦੀ ਏ। ਕੇਹੀ ਫਿਜ਼ਾ ਏ ਜੋ ਜਿਉਣ ਨਾਲੋਂ ਮਰਨ ਦੀ ਹੂਕ ਬਣ ਗਈ ਏ? ਖਾਦਾਂ ਅਤੇ ਦਵਾਈਆਂ ਨਾਲ ਜ਼ਹਿਰੀਲੇ ਕੀਤੇ ਖੇਤਾਂ ਵਿਚੋਂ ਮੌਤ ਉਗਦੀ ਏ। ਭਲਾ! ਮੌਤ ਦੇ ਵਣਜ ਵਿਚੋਂ ਸਾਹ-ਵੰਜਲੀ 'ਚ ਫੂਕ ਕਿੰਜ ਵੱਜੇਗੀ? ਇਸ ਨੇ ਤਾਂ ਕੁਲਾਂ ਗਾਲ ਦੇਣੀਆਂ ਨੇ ਅਤੇ ਗਾਲ ਵੀ ਦਿੱਤੀਆਂ ਨੇ। ਪੰਜਾਬੀਆਂ ਵਾਲੀ ਡੀਲ-ਡੌਲ ਕਿਧਰੇ ਨਜ਼ਰ ਨਹੀਂ ਆਉਂਦੀ। ਨਾ-ਮਰਦੀ ਦਾ ਸ਼ਿਕਾਰ ਹੋਏ ਤੇਰੇ ਗੱਭਰੂ ਔਲਾਦ ਲਈ ਫਰਟੀਲਿਟੀ ਸੈਂਟਰਾਂ ਵਿਚ ਖੱਜ਼ਲ-ਖੁਆਰ ਹੋ ਰਹੇ ਨੇ, ਜਿਥੇ ਨਸਲਾਂ ਬਦਲੀਆਂ ਜਾ ਰਹੀਆਂ ਨੇ। ਪਿੰਡ! ਤੂੰ ਕਿਉਂ ਨਹੀਂ ਸਮਝਦਾ ਕਿ ਇਹ ਬਹੁਤ ਗਹਿਰੀ ਚਾਲ ਏ। ਤੇਰੇ ਕੁਦਰਤੀ ਸਰੋਤਾਂ ਨੂੰ ਜ਼ਹਿਰੀਲਾ ਕਰਕੇ, ਜਵਾਨੀ ਦਾ ਨਾਸ਼ ਕਰਨਾ ਅਤੇ ਪੰਜਾਬ ਵਿਚੋਂ ਪੰਜਾਬੀ, ਪੰਜਾਬੀਅਤ ਤੇ ਪੰਜਾਬੀ ਦਿੱਖ ਨੂੰ ਹੀ ਖਤਮ ਕਰ ਦੇਣਾ।***

## ਮਿਨੀ ਕਹਾਣੀ

## ਲਾਸ਼ ਦਾ ਭਾਰ

ਵੱਡੇ ਤੜਕੇ ਨਾਜਰ ਦੇ ਘਰੋਂ ਉਠਦੀਆਂ ਚੀਕਾਂ ਨੇ ਦੱਸ ਦਿੱਤਾ ਸੀ ਕਿ ਭਾਣਾ ਵਰਤ ਗਿਆ ਹੈ। ਨਾਜਰ ਕੋਈ ਛੇ ਮਹੀਨਿਆਂ ਤੋਂ ਮੰਜੇ 'ਤੇ ਪਿਆ ਸੀ। ਕੈਂਸਰ ਵਰਗੀ ਭਿਆਨਕ ਬਿਮਾਰੀ ਦਾ ਉਸ ਗਰੀਬ ਪਰਿਵਾਰ ਤੋਂ ਕੀ ਇਲਾਜ ਹੋਣਾ ਸੀ! ਬਸ ਦਿਨਾਂ ਦੀ ਗਿਣਤੀ ਹੀ ਕੀਤੀ ਜਾ ਸਕਦੀ ਸੀ, ਕਿੰਨੇ ਦਿਨ!

ਨਾਜਰ ਦਾ ਘਰ ਵੀ ਕੀ ਸੀ, ਢਾਈ-ਤਿੰਨ ਮਰਲੇ ਥਾਂ, ਨਿੱਕੇ ਨਿੱਕੇ ਦੋ ਕਮਰੇ, ਜੋ ਸ਼ਾਇਦ ਉਸ ਦੇ ਪਿਉ ਦੇ ਕਮਾਉਂਦਿਆਂ ਪੈ ਗਏ ਸਨ। ਗਲੀ ਉਚੀ ਹੋਣ ਕਰਕੇ ਵਿਹੜੇ ਵਿਚ ਭਰਤ ਪੈ ਗਈ ਸੀ ਅਤੇ ਕਮਰੇ ਡੇਢ ਦੋ ਫੁੱਟ ਵਿਹੜੇ ਨਾਲੋਂ ਨੀਵੇਂ...। ਆਸੇ ਪਾਸੇ ਤੋਂ ਫੜ੍ਹ, ਪੱਲੀਆਂ ਜੋੜ ਵਿਹੜੇ ਵਿਚ ਬੈਠਣ ਵਾਸਤੇ ਛਾਂ ਕੀਤੀ ਜੋ ਸਿਰਫ ਛਾਂ ਦਾ ਭੁਲੇਖਾ ਹੀ ਪਾਉਂਦੀ ਸੀ।

ਸਾਹਮਣੇ ਨਾਜਰ ਦੀ ਲਾਸ਼ ਟੁੱਟੀ ਜਿਹੀ ਮੰਜੀ 'ਤੇ ਪਈ ਸੀ। ਔਰਤਾਂ ਦਿਲ ਚੀਰਵਾਂ ਵਿਰਲਾਪ ਕਰ ਰਹੀਆਂ ਸਨ, ਬਾਰਾਂ-ਪੰਦਰਾਂ ਬੰਦੇ ਗਰੁਪਾਂ ਵਿਚ ਹੋ ਆਪੋ ਆਪਣੀਆਂ ਗੱਲਾਂ ਕਰ ਰਹੇ ਸਨ। ਹਰ ਕੋਈ ਨਾਜਰ ਦੇ ਨਿੱਘੇ ਸੁਭਾਅ ਅਤੇ ਘੋਰ ਗਰੀਬੀ ਨੂੰ ਫਰੋਲ ਰਿਹਾ ਸੀ। ਨਾਜਰ ਦਾ ਮੁੰਡਾ ਬੇਤਹਾਸ਼ਾ ਰੋ ਰਿਹਾ ਸੀ। ਮੈਂ ਕੋਲ ਜਾ ਹੌਸਲਾ ਦਿੰਦਿਆਂ ਕਿਹਾ, "ਜੀਤਿਆ! ਜੇ ਤੂੰ ਵੀ ਇਸ ਤਰ੍ਹਾਂ ਰੋਦਾ ਰਿਹਾ ਤਾਂ ਪਰਿਵਾਰ ਕਿਵੇਂ ਹੌਸਲਾ ਕਰੂ? ਦੁੱਖ ਤਾਂ ਹੁੰਦਾ ਪਿਉ ਗਏ ਦਾ...ਚੱਲ ਉਠ...ਸਸਕਾਰ ਦੀ ਤਿਆਰੀ ਕਰੀਏ।"

ਜੀਤਾ ਹਟਕੋਰੇ ਲੈਂਦਾ ਬੋਲਿਆ, "ਕੀ ਕਰਾਂ ਬਾਈ! ਅੱਗੇ ਸੌ ਪੰਜਾਹ ਦੀ ਦਵਾਈ ਲਿਆ ਦਿੰਦਾ ਸੀ, ਨਾਲ ਘਰ ਦਾ ਗੁਜਾਰਾ ਚਲੀ ਜਾਂਦਾ ਸੀ। ਹੁਣ ਸਸਕਾਰ ਲਈ, ਭੋਗ ਲਈ ਕਿੱਥੋਂ ਲਿਆਵਾਂ...ਕੀਹਤੋਂ ਮੰਗਾਂ?" ਜੀਤਾ ਫਿਰ ਉਚੀ ਉਚੀ ਰੋਣ ਲੱਗਾ। ਸਾਹਮਣੇ ਪਈ ਲਾਸ਼ ਦਾ ਭਾਰ ਚੁੱਕਣਾ ਉਸ ਲਈ ਅਸਹਿ ਦਿਸ ਰਿਹਾ ਸੀ।

*-ਗੁਰਮੀਤ ਸਿੰਘ ਮਰਾੜ੍ਹ*
*ਫੋਨ: 91-95014-00397*

## ਕਹਾਣੀ

# ਗੁਆਚੀਆਂ ਚੀਜ਼ਾਂ

**ਦਲਜੀਤ ਸਿੰਘ ਸ਼ਾਹੀ**
ਫੋਨ: 91-98141-29511

ਠੰਢ ਅਜੇ ਸ਼ੁਰੂ ਹੀ ਹੋਈ ਸੀ ਪਰ ਜਿੰਨੀ ਕੁ ਠੰਡ ਸੀ, ਉਸ ਤੋਂ ਵੱਧ ਕੇ ਉਸ ਦਾ ਦਿਮਾਗ ਠੰਡਾ ਹੋਇਆ ਪਿਆ ਸੀ। ਦਫਤਰ 'ਚ ਬੈਠੇ ਰੂਪ ਨੇ ਆਪਣੇ ਟੇਬਲ 'ਤੇ ਪਏ ਪੇਪਰ ਵੇਟ ਨੂੰ ਘੁਮਾਇਆ ਤੇ ਘੁੰਮਣੀ ਕੁਰਸੀ ਦੇ ਨਾਲ ਹੀ ਦਰਾਜ ਫਰੋਲਣ ਲੱਗਾ। ਉਹ ਕੀ ਲੱਭ ਰਿਹਾ ਹੈ-ਫਾਈਲਾਂ ਜਾਂ ਕੁਝ ਹੋਰ? ਉਸ ਨੂੰ ਕੋਈ ਸਮਝ ਨਹੀਂ ਸੀ ਲੱਗ ਰਹੀ। ਦਰਾਜ ਤੋਂ ਹਟ ਕੇ ਉਸ ਨੇ ਮੂੰਹ ਸਿੱਧਾ ਕੀਤਾ ਤਾਂ ਮੱਥੇ 'ਤੇ ਦੋ ਕੁ ਤੁਪਕੇ ਪਸੀਨੇ ਦੇ ਬਹਿ ਤੁਰੇ।

"ਏਸ ਮੌਸਮ ਵਿਚ ਵੀ ਪਸੀਨਾ?"

ਸਾਹਮਣੇ ਵਾਲੀ ਕੁਰਸੀ 'ਤੇ ਬੈਠੀ ਕਲਰਕ ਕਵਿਤਾ ਨੇ ਮੁਸਕਰਾ ਕੇ ਪੁੱਛਿਆ।

"ਨਹੀਂ ਨਹੀਂ, ਵੈਸੇ ਹੀ।"

"ਕੋਈ ਪ੍ਰੇਸ਼ਾਨੀ ਹੈ?"

"ਨਹੀਂ।"

"ਕੁਝ ਲੱਭ ਰਹੇ ਲੱਗਦੇ ਹੋ?"

"ਹਾਂ-ਹਾਂ, ਨਹੀਂ, ਕੁਝ ਖਾਸ ਨਹੀਂ।"

"ਮੈਂ ਮਦਦ ਕਰਾਂ?"

"ਨਹੀਂ, ਤੁਹਾਡੇ ਲੱਭਣ ਦੀ ਚੀਜ਼ ਨਹੀਂ"

"ਚਲੋ ਠੀਕ ਹੈ, ਲੱਭੋ ਫੇਰ।"

ਰੂਪ ਨੇ ਰਿਮ ਵਿਚੋਂ ਸਾਫ ਕਾਗਜ਼ ਕੱਢਿਆ ਤੇ ਅੱਧੇ ਦਿਨ ਦੀ ਛੁੱਟੀ ਲਿਖ ਕੇ ਕਵਿਤਾ ਨੂੰ ਫੜਾਉਂਦਿਆਂ ਕਿਹਾ, "ਇਹ ਮੈਨੇਜਰ ਸਾਹਿਬ ਨੂੰ ਦੇ ਦਿਓ, ਅੱਜ ਮੈਂ ਠੀਕ ਮਹਿਸੂਸ ਨਹੀਂ ਕਰ ਰਿਹਾ, ਜਾ ਰਿਹਾ ਹਾਂ।"

"ਮਿਸਟਰ ਰੂਪ ਲਾਲ ਜੀ ਕੋਈ ਪ੍ਰੇਸ਼ਾਨੀ ਐ? ਕੋਈ ਖਾਸ ਚੀਜ਼ ਗੁੰਮ ਗਈ ਹੈ?"

"ਨਹੀਂ, ਨਹੀਂ! ਬਸ ਐਵੇਂ ਈ ਕਈ ਵਾਰ ਬੰਦਾ ਜੀਵਨ 'ਚ ਕੁਝ ਚੀਜ਼ਾਂ ਐਵੇਂ ਈ ਲੱਭਣ ਲੱਗ ਪੈਂਦਾ ਹੈ ਭਾਵੇਂ ਗੁੰਮੀਆਂ ਨਾ ਵੀ ਹੋਣ।"

ਕਲਰਕ ਨੇ ਉਸ ਵੱਲ ਨਿਗਾ ਗੱਡ ਕੇ ਮਨੋ ਮਨੀ ਕਈ ਸਵਾਲ ਕੀਤੇ ਪਰ ਬੋਲੀ ਕੁਝ ਨਾ।

ਰੂਪ ਨੇ ਸਕੂਟਰ ਦੀ ਚਾਬੀ ਚੁੱਕੀ ਤੇ ਘਰ ਵੱਲ ਨੂੰ ਚੱਲ ਪਿਆ। ਤੁਰਨ ਤੋਂ ਪਹਿਲਾਂ ਉਸ ਨੇ ਦਫਤਰ ਦੇ ਕਮਰੇ ਨੂੰ ਨੀਝ ਨਾਲ ਦੇਖਿਆ। ਐਸੇ ਸੀਟ 'ਤੇ ਤਾਂ ਉਹ ਬੈਠਦੀ ਸੀ ਯਾਨਿ ਮੋਨਾ ਕਿੰਨੀ ਸੋਹਣੀ ਲੱਗਦੀ ਸੀ। ਪਤਾ ਹੀ ਨਹੀਂ ਸੀ ਚੱਲਿਆ ਉਹ ਕਦੋਂ ਇੱਕ ਦੂਜੇ ਦੇ ਨੇੜੇ ਆ ਗਏ ਸੀ, ਇਕ ਦੂਜੇ ਦੀਆਂ ਸੀਟਾਂ 'ਤੇ ਬੈਠ ਕੇ ਉਹ ਕਈ ਵਾਰ ਹਾਸਾ-ਠੱਠਾ ਕਰ ਲੈਂਦੇ। ਉਨ੍ਹਾਂ ਦੀਆਂ ਸੀਟਾਂ ਆਹਮੋ-ਸਾਹਮਣੇ ਸਨ। ਫਿਰ ਇੱਕ ਦੂਜੇ ਨੂੰ ਬਿਨਾ ਬੋਲੇ ਤੋਂ ਵੀ ਉਹ ਕਿੰਨਾ ਕੁਝ ਅੱਖਾਂ-ਅੱਖਾਂ ਵਿਚ ਕਹਿ ਜਾਂਦੇ ਸਨ।

ਲੰਚ ਇਕੱਠੇ ਕਰਦੇ। ਮੋਨਾ ਉਸ ਲਈ ਵੱਖਰਾ ਕਈ ਕੁਝ ਬਣਾ ਕੇ ਲਿਆਉਂਦੀ ਤੇ ਬਿਨਾ ਕਿਸੇ ਨੂੰ ਪਤਾ ਲੱਗਣ ਤੋਂ ਚੁੱਪ ਕਰਕੇ ਆਪਣੇ ਹੱਥ ਦਾ ਬਣਿਆ ਰੂਪ ਲਾਲ ਨੂੰ ਖਵਾ ਦਿੰਦੀ। ਉਨ੍ਹਾਂ ਨੂੰ ਲੱਗਦਾ ਸੀ ਕਿ ਉਨ੍ਹਾਂ ਦੀ ਇਹ ਸਾਂਝ ਦਾ ਕਿਸੇ ਨੂੰ ਪਤਾ ਨਹੀਂ ਲੱਗ ਰਿਹਾ, ਪਰ ਇਸ਼ਕ-ਮੁਸ਼ਕ ਛੁਪਾਇਆਂ ਨਹੀਂ ਛੁਪਦੇ। ਹੁਣ ਉਹ ਲੋਕਾਂ ਤੋਂ ਡਰਨ ਲਗ ਪਏ ਸਨ। ਕਈ ਵਾਰ ਅਜਿਹੇ ਰਿਸ਼ਤਿਆਂ ਵਿਚ ਬੰਦਾ ਬਿਨਾ ਮਤਲਬ ਤੋਂ ਵੀ ਡਰਨ ਲਗ ਪੈਂਦਾ ਹੈ।

ਹੁਣ ਉਹ ਆਪਣੀ ਗੱਲ ਚਿੱਠੀਆਂ ਰਾਹੀਂ ਲਿਖ ਭੇਜਦੇ। ਰੂਪ ਲਾਲ ਮੋਨਾ ਦੀਆਂ ਚਿੱਠੀਆਂ ਦੋ-ਦੋ ਵਾਰ ਪੜ੍ਹਦਾ ਤੇ ਯਾਦਾਂ ਦੇ ਸਹਾਰੇ ਦੂਰ ਦੇਸ਼ ਤੱਕ ਉਡਾਰੀ ਮਾਰ ਆਉਂਦਾ-ਪਰਤਣ ਵੇਲੇ ਤੇ ਗੁਆਚਣ ਵੇਲੇ ਦਾ ਪਤਾ ਹੀ ਨਾ ਲੱਗਦਾ। ਉਸ ਨੂੰ ਪਤਾ ਤਾਂ ਉਦੋਂ ਹੀ ਲੱਗਦਾ ਜਦ ਪੀਅਨ ਆ ਕੇ ਫਾਈਲ ਅੱਗੇ ਰੱਖਦਾ ਤੇ ਬੋਲਦਾ, "ਆਹ ਲਉ ਜੀ, ਸਾਹਿਬ ਨੇ ਕਿਹਾ ਹੈ ਹੁਣੇ ਕਲੀਅਰ ਕਰਕੇ ਦਿਉ।"

"ਤੂੰ ਬੋਲਦਾ ਬਹੁਤ ਐਂ ਹੈਪੀ?" ਰੂਪ ਲਾਲ ਖਿਝ ਕੇ ਬੋਲਦਾ। ਸੁਪਨਾ ਟੁੱਟਣ ਦਾ ਗੁੱਸਾ ਹੈਪੀ 'ਤੇ ਕੱਢਦਾ।

"ਹਾਂ ਜੀ, ਮੇਰੀ ਮਾਂ ਵੀ ਇਹੀ ਕਹਿੰਦੀ ਸੀ ਕਿ ਤੂੰ ਬੋਲਦਾ ਬਹੁਤ ਹੈਂ, ਕੀ ਕਰਾਂ ਜੀਭ ਸਾਲੀ ਗਿੱਲੀ ਜਗ੍ਹਾ 'ਤੇ ਪਈ ਆ, ਤਿਲਕ ਜਾਂਦੀ ਆ ਜੀ, ਮੈਂ ਤਾਂ ਬਥੇਰੀ ਕੋਸ਼ਿਸ਼ ਕਰਦਾਂ ਕਿ ਗੱਲਾਂ ਘੱਟ ਕਰਾਂ ਪਰ ਮੇਰੀ ਜੀਭ ਜਿੰਨੀ ਦੇਰ ਦੋ ਘੰਟੇ ਬੋਲ ਨਾ ਲਵੇ, ਹਟਦੀ ਨੀਂ।...ਰੂਪ ਲਾਲ ਜੀ, ਥੋਨੂੰ ਇੱਕ ਗਲ ਦੱਸਾਂ! ਮੈਡਮ ਮੋਨਾ ਦੀ ਬਦਲੀ ਹੋ ਗਈ ਐ, ਉਹ ਚੰਡੀਗੜ੍ਹ ਵਾਲੀ ਬਰਾਂਚ ਵਿਚ ਜਾ ਰਹੀ ਹੈ।"

"ਹੈਂ! ਕਦੋਂ?" ਰੂਪ ਲਾਲ ਤ੍ਰਭਕਿਆ।

"ਅਗਲੇ ਹਫਤੇ ਚਲੇ ਜਾਣਗੇ, ਮੈਨੇਜਰ ਸਾਹਿਬ ਗੱਲ ਕਰ ਰਹੇ ਸਨ। ਹਾਲੇ ਤਾਂ ਸ਼ਾਇਦ ਮੈਡਮ ਨੂੰ ਵੀ ਨਹੀਂ ਪਤਾ।"

"ਅੱਛਾ!" ਰੂਪ ਲਾਲ ਨੇ ਘੋਰ ਉਦਾਸੀ ਵਿਚ ਕਿਹਾ।

ਉਸੇ ਸ਼ਾਮ ਰੂਪ ਲਾਲ ਤੇ ਮੋਨਾ ਮਿਲੇ ਤੇ ਅੱਖਾਂ 'ਚ ਹਜ਼ਾਰਾਂ ਸੁਪਨਿਆਂ ਨਾਲ ਭਰੇ ਪਾਣੀ ਨੂੰ ਲੋਕਾਂ ਤੋਂ ਬਚਾਉਂਦੇ ਤੇ ਹੰਝੂਆਂ ਨੂੰ ਬਿਨਾ ਸਿੱਟੇ ਘਰਾਂ ਨੂੰ ਚਲੇ ਗਏ। ਮੋਨਾ ਨੇ ਘਰ ਪਹੁੰਚ ਕੇ ਸਭ ਹੰਝੂ ਵਹਾ ਦਿੱਤੇ। ਰੂਪ ਲਾਲ ਨੇ ਦੋਹਾਂ ਅੱਖਾਂ 'ਤੇ ਉਂਗਲੀਆਂ ਏਸ ਤਰੀਕੇ ਨਾਲ ਦੱਬੀਆਂ ਕੇ ਉਸ ਵਿਚਲਾ ਸਾਰਾ ਪਾਣੀ ਨੁੱਚੜ ਜਾਵੇ ਤੇ ਮੁੜ ਕੇ ਕਿਸੇ ਨੂੰ ਹੰਝੂ ਦਿਖਾਈ ਨਾ ਦੇਣ।

ਮੋਨਾ ਚਲੇ ਗਈ। ਪਹਿਲਾਂ ਪਹਿਲ ਉਹ ਚਿੱਠੀਆਂ ਪਾਉਂਦੀ ਰਹੀ। ਫਿਰ ਉਸ ਦੀ ਚਿੱਠੀ ਵੀ ਮਹੀਨਿਆਂ ਬਾਅਦ ਆਉਣ ਲੱਗੀ। ਪਹਿਲਾਂ ਰੂਪ ਲਾਲ ਉਸ ਦੀਆਂ ਚਿੱਠੀਆਂ ਉਡੀਕਦਾ ਰਿਹਾ ਪਰ ਫਿਰ ਉਸ ਨੇ ਵੀ ਹੌਲੀ-ਹੌਲੀ ਆਦਤ ਬਣਾ ਲਈ। ਇੱਕ ਦਿਨ ਉਸ ਦੀ ਚਿੱਠੀ ਆਈ, "ਮੇਰਾ ਵਿਆਹ ਹੋ ਰਿਹਾ ਹੈ। ਅੱਜ ਤੋਂ ਬਾਅਦ ਇਸ ਰਿਸ਼ਤੇ ਦੀ ਤਾਰ ਮੈਂ ਤੋੜਨ ਲੱਗੀ ਹਾਂ ਤੇ ਹੁਣ ਤੂੰ ਕਦੇ ਮੈਨੂੰ ਚਿੱਠੀ ਨਾ ਲਿਖੀਂ ਤੇ ਨਾ ਹੀ ਮੈਂ ਲਿਖਾਂਗੀ। ਅਲਵਿਦਾ।"

ਰੂਪ ਲਾਲ ਨੂੰ ਉਦੋਂ ਹੀ ਪਤਾ ਲੱਗਾ ਜਦ ਘਰ ਆ ਗਿਆ। ਘਰ ਆਉਂਦਿਆਂ ਉਸ ਦਾ ਸਕੂਟਰ ਕਿਸ ਮੋੜ ਤੋਂ ਮੁੜਿਆ, ਕੌਣ-ਕੌਣ ਉਸ ਨੂੰ ਰਸਤੇ ਵਿਚ ਮਿਲੇ-ਕੁਝ ਪਤਾ ਨਹੀਂ। ਮੇਨ ਗੇਟ ਖੋਲ੍ਹ ਕੇ ਸਕੂਟਰ ਵਰਾਂਡੇ 'ਚ ਖੜ੍ਹਾ ਕਰ ਦਿੱਤਾ। ਰੂਪ ਲਾਲ ਦੀ ਬੇਟੀ ਭੱਜ ਕੇ ਉਸ ਦੀਆਂ ਲੱਤਾਂ ਨੂੰ ਚਿੰਬੜ ਗਈ।

"ਪਾਪਾ, ਮੈਂ ਇਸ ਵਾਰ ਬਹੁਤ ਫੁੱਲਝੜੀਆਂ ਚਲਾਊਂ ਤੇ ਨਾਲ ਅਨਾਰ ਵੀ। ਮੈਨੂੰ ਲਿਆ ਦੇਵੋਗੇ ਨਾ?"

"ਹਾਂ ਬੇਟਾ।" ਢਿੱਲੇ ਜਿਹੇ ਬੁੱਲਾਂ 'ਚੋਂ ਰੂਪ ਲਾਲ ਬੋਲਿਆ।

ਪਹਿਲਾਂ ਦੀਵਾਲੀ ਆਉਂਦੀ ਤਾਂ ਰੂਪ ਲਾਲ ਨੂੰ ਚਾਅ ਚੜ੍ਹ ਜਾਂਦਾ ਪਰ ਇਸ ਵਾਰ ਦੀ ਦੀਵਾਲੀ ਉਸ ਲਈ ਪਤਾ ਨਹੀਂ ਕੀ ਦੁੱਖ ਸਹੇੜੂ। ਉਹ ਏਸੇ ਕਰਕੇ ਤਾਂ ਅੱਧੀ ਛੁੱਟੀ ਲੈ ਕੇ ਘਰ ਨੂੰ ਭੱਜਿਆ ਹੈ। ਦਰਅਸਲ ਕਸੂਰ ਵੀ ਉਸ ਦਾ ਹੈ। ਕੱਲ੍ਹ ਉਸ ਨੇ ਜਦ ਪੂਜਾ ਦਾ ਐਲਾਨ ਸੁਣਿਆ ਕੇ ਕੱਲ ਤੋਂ ਮੈਂ ਘਰ ਦੀ ਸਫਾਈ ਕਰਨੀ ਹੈ, ਸਭ ਤੋਂ ਪਹਿਲਾਂ ਮੈਂ ਅਲਮਾਰੀਆਂ ਵਾਲੇ ਰੱਖਣੇ ਸਾਫ ਕਰੂੰ, ਤਾਂ ਰੂਪ ਲਾਲ ਨੇ ਮੋਨਾ ਦੇ ਸਾਰੇ ਖਤ ਇਕ ਪਾਰਸਲ 'ਚ ਪਾ ਕੇ ਕਿਤੇ ਖਾਸ ਜਗ੍ਹਾ 'ਤੇ ਲੁਕਾਉਣ ਦੀ ਵਿਉਂਤ ਬਣਾਈ, ਮੋਨਾ ਦੇ ਸਾਰੇ ਖਤ ਉਸ ਨੇ ਇਕ ਵੱਡੇ ਲਫਾਫੇ 'ਚ ਪਾ ਕੇ ਅਲਮਾਰੀ 'ਚ ਰੱਖ ਦਿੱਤੇ, ਕੱਲ੍ਹ ਨੂੰ ਨਾਲ ਲੈ ਜਾਵਾਂਗਾ ਤੇ ਆਪਣੀ ਸੇਫ 'ਚ ਰੱਖ ਲਵਾਂਗਾ। ਉਹਨੇ ਤਾਂ ਇਕ ਵਿਉਂਤ ਹੋਰ ਬਣਾ ਲਈ ਸੀ ਕਿ ਆਪਣੇ ਮੋਬਾਈਲ 'ਚ ਫੋਟੋਆਂ ਖਿੱਚ ਕੇ ਇਕ ਪੈਨ ਡਰਾਈਵ 'ਚ ਪਾ ਲਵੇਗਾ ਤੇ ਉਸ ਨੇ ਫੋਟੋਆਂ ਤਾਂ ਖਿੱਚ ਵੀ ਲਈਆਂ ਸੀ। ਮੋਬਾਈਲ ਉਸ ਨੇ ਆਪਣੇ ਕੋਲ ਰੱਖ ਪਾਰਸਲ ਅਲਮਾਰੀ 'ਚ ਰੱਖ ਦਿੱਤਾ ਪਰ ਦੂਜੇ ਦਿਨ ਸਵੇਰੇ ਲੇਟ ਹੋ ਗਿਆ ਤੇ ਉਹ ਪਾਰਸਲ ਚੁੱਕਣਾ ਭੁੱਲ ਗਿਆ, ਏਸੇ ਕਰਕੇ ਤਾਂ ਉਹ ਦਫਤਰੋਂ ਭੱਜਿਆ ਹੈ।

ਰੂਪ ਲਾਲ ਬਿਨਾ ਆਲਾ ਦੁਆਲਾ ਦੇਖਿਆਂ ਸਿੱਧਾ ਚੁਬਾਰੇ ਚੜ੍ਹ ਗਿਆ ਤੇ ਅਲਮਾਰੀਆਂ ਫਰੋਲਣ ਲੱਗ ਪਿਆ। ਰੂਪ ਲਾਲ ਦੀ ਪਤਨੀ ਰਸੋਈ ਵਿਚ ਸਫਾਈਆਂ ਕਰਵਾ ਰਹੀ ਸੀ। ਰੂਪ ਲਾਲ ਨੂੰ ਚੰਗੀ ਤਰ੍ਹਾਂ ਪਤਾ ਸੀ ਕਿ ਉਹ ਕੀ ਲੱਭ ਰਿਹਾ ਹੈ। ਪਾਰਸਲ ਏਥੇ ਹੀ ਤਾਂ ਰੱਖਿਆ ਸੀ। ਗਿਆ ਕਿੱਥੇ, ਲੱਭ ਕਿਉਂ ਨੀਂ ਰਿਹਾ? ਹੁਣ ਉਸ ਨੂੰ ਪੱਕਾ ਯਕੀਨ ਹੋ ਗਿਆ ਕਿ ਸਭ ਖਤ ਪਤਨੀ ਦੇ ਹੱਥ ਲਗ ਗਏ ਨੇ, ਉਹ ਅਲਮਾਰੀ ਦਾ ਇੱਕ ਦਰਵਾਜਾ ਫੜ੍ਹ ਕੇ ਉਥੇ ਹੀ ਭੁੰਜੇ ਬੈਠ ਗਿਆ।


ਕਿੰਨੀ ਵਾਰ ਉਸ ਨੇ ਸੁਣਿਆ ਸੀ: "ਮੈਂ ਹੁਣੇ ਹੀ ਜ਼ਹਿਰ ਖਾ ਕੇ ਹਟਿਆਂ ਹਾਂ, ਤੇਰੇ ਸਭ ਖਤ ਜਲਾ ਕੇ ਹਟਿਆਂ ਹਾਂ।"

ਸਾਲਾ ਜ਼ਹਿਰ ਦਾ! ਜੇ ਪਤਨੀ ਨੂੰ ਪਤਾ ਲੱਗ ਗਿਆ ਤਾਂ ਪੁੱਤ ਉਂਈ ਜ਼ਹਿਰ ਖਾਣੀ ਪੈ ਸਕਦੀ ਹੈ। ਕਿੰਨਾ ਵਧੀਆ ਹਸਦਾ ਵਸਦਾ ਘਰ ਪੱਟਿਆ ਜਾਣੈ। ਫਿਰ ਉਹ ਸੋਚਦਾ, "ਮੇਰਾ ਉਸ ਨਾਲ ਐਨਾ ਇਸ਼ਕ ਵੀ ਨਹੀਂ ਸੀ, ਕਦੇ ਅਸੀਂ ਬਾਹਰ ਘੁੰਮਣ ਫਿਰਨ ਨਹੀਂ ਗਏ, ਕਦੇ ਮੈਂ ਉਸ ਨੂੰ ਛੂ ਕੇ ਨਹੀਂ ਸੀ ਦੇਖਿਆ, ਇੱਕਲੇ ਖਤਾਂ ਰਾਹੀਂ ਹੀ ਮੁਹੱਬਤ ਵੀ ਕੋਈ ਮੁਹੱਬਤ ਹੈ। ਉਸ ਦਾ ਦਿਮਾਗ ਫੱਟਣ ਨੂੰ ਆਇਆ ਸੀ, ਸਾਲਾ ਇੱਥੇ ਤਾਂ ਮੈਂ...।"

ਉਸ ਨੇ ਸਿਰ ਹਾਲੇ ਫੜ੍ਹਿਆ ਹੀ ਹੋਇਆ ਸੀ ਕਿ ਥੱਲਿਓਂ ਪਤਨੀ ਆਵਾਜ਼ਾਂ ਦੇਣ ਲੱਗੀ, "ਆ ਜਾ ਹੁਣ ਥੱਲੇ, ਉਪਰ ਹੀ ਬੈਠ ਗਿਆਂ।"

ਰੂਪ ਲਾਲ ਨੂੰ ਡਰ ਲੱਗਣ ਲੱਗ ਪਿਆ ਕਿ ਪਤਨੀ ਨੇ ਅੱਜ ਤੋਂ ਪਹਿਲਾਂ ਕਦੇ ਵੀ "ਤੂੰ" ਕਹਿ ਕੇ ਨਹੀਂ ਸੀ ਬੁਲਾਇਆ, ਉਹ ਤਾਂ ਅਕਸਰ ਉਸ ਨੂੰ ਤੁਸੀਂ ਕਹਿ ਕੇ ਬੁਲਾਉਂਦੀ ਸੀ। ਉਹ ਹਾਲੇ ਉਧੇੜ-ਬੁਣ ਕਰ ਹੀ ਰਿਹਾ ਸੀ ਕਿ ਦਰਵਾਜੇ ਦੀ ਘੰਟੀ ਵੱਜੀ ਅਤੇ ਉਸ ਦੀ ਬੇਟੀ ਨੇ ਜਾ ਕੇ ਦਰਵਾਜਾ ਖੋਲ੍ਹਿਆ। ਪਿਤਾ ਜੀ ਨੇ ਵੀ ਆਪਣਾ ਮੋਟਰ ਸਾਇਕਲ ਬਰਾਂਡੇ ਵਿਚ ਖੜ੍ਹਾ ਕਰ ਦਿੱਤਾ। ਇਹ ਕੀ, ਪਿਤਾ ਜੀ ਇੰਨੀ ਜਲਦੀ, ਉਹ ਤਾਂ ਕਦੇ ਵੀ ਦੁਕਾਨ ਐਦਾਂ ਸੁੰਨੀ ਛੱਡ ਕੇ ਨਹੀਂ ਆਉਂਦੇ, ਅੱਜ ਤਿੰਨ ਵਜੇ ਹੀ ਘਰ ਆ ਗਏ। ਉਹ ਅੰਦਰ ਵੜਦੇ ਹੀ ਪੂਜਾ ਨੂੰ ਪੁੱਛਣ ਲੱਗੇ, "ਕਿੱਥੇ ਆ ਉਹ ਉਲੂ ਦਾ ਪੱਠਾ?"

ਉਲੂ ਦਾ ਪੱਠਾ ਤਾਂ ਉਹ ਅਕਸਰ ਕਹਿੰਦੇ ਹੀ ਨੇ, ਇਹ ਉਨ੍ਹਾਂ ਦਾ ਤਕੀਆ ਕਲਾਮ ਹੈ। ਰੂਪ ਲਾਲ ਭਾਵੇਂ ਇੱਕ ਕੁੜੀ ਦਾ ਪਿਉ ਬਣ ਗਿਆ ਹੈ ਪਰ ਫਿਰ ਵੀ ਰੂਪ ਲਾਲ ਨੂੰ ਪੂਜਾ ਸਾਹਮਣੇ ਵੀ ਉਲੂ ਦਾ ਪੱਠਾ ਕਹਿ ਦਿੰਦੇ ਤੇ ਉਹ ਵੀ ਇਸ ਗੱਲ ਦਾ ਬੁਰਾ ਨਾ ਮਨਾਉਂਦਾ।



ਪਰ ਅੱਜ...! ਲਗਦੈ ਉਹ ਪੂਜਾ ਸਾਹਮਣੇ ਹੀ ਥੱਪੜ ਜੜ ਦੇਣ ਤੇ ਕਹਿਣ, "ਕੁੱਤਿਆ ਸਾਲਿਆ ਆਹ ਕੀ ਗੱਲ ਐ?"

"ਬੇਟਾ ਪੂਜਾ ਇਸ ਕੰਜਰ ਨੂੰ ਮੈਂ ਉਦੋਂ ਵੀ ਵਾਰ-ਵਾਰ ਸਮਝਾਇਆ ਬਈ! ਇਹ ਕੁੜੀਆਂ 'ਤੇ ਵਾਹਲਾ ਯਕੀਨ ਨਹੀਂ ਕਰੀਦਾ, ਇਹ ਉਲੂ ਦਾ ਪੱਠਾ ਮੈਨੂੰ ਬੜਾ ਸਮਾਰ ਕੇ ਕਹਿੰਦਾ, "ਮੈਂ ਉਸ ਨੂੰ ਪਿਆਰ ਕਰਦਾ ਹਾਂ।" ਮਾਂ ਆਪਣੀ ਦਾ ਸਿਰ ਕਰਦਾ ਹੈ।

ਇਹ ਅੱਠ ਸਾਲ ਦਾ ਸੀ ਜਦ ਇਸ ਦੀ ਮਾਂ ਇਹਨੂੰ ਛੱਡ ਕੇ ਰੱਬ ਨੂੰ ਪਿਆਰੀ ਹੋ ਗਈ ਤੇ ਮੈਂ ਦੂਜਾ ਵਿਆਹ ਨਹੀਂ ਕਰਵਾਇਆ ਕਿ ਇਹ ਰੁਲ ਜੂਗਾ, ਇਹਨੂੰ ਪਾਲਿਆ, ਆਪ ਰੋਟੀਆਂ ਪਕਾ ਕੇ ਖਵਾਈਆਂ, ਪੜ੍ਹਾਇਆ, ਦੁਕਾਨ ਸਾਂਭੀ ਤੇ ਇਹ ਮੇਰਾ ਸਿਰ ਰਿਸ਼ਤੇਦਾਰਾਂ ਵਿਚ ਨੀਵਾਂ ਕਰਦਾ ਹੈ ਕਮੀਨਾ, 'ਇਸ਼ਕ ਕਰਦੈ।' ਇਸ਼ਕ ਚੜ੍ਹ ਗਿਆ ਇਹਨੂੰ ਕੰਜਰ ਨੂੰ। ਉਹਨੇ ਇਹ ਨੂੰ ਬੇਰਾਂ ਵੱਟੇ ਨਹੀਂ ਪੁੱਛਿਆ, ਢੂਹੇ 'ਤੇ ਲੱਤ ਮਾਰ ਕੇ ਚਲੇ ਗਈ, ਇਹ ਉਹਦੇ ਦੇ ਮਗਰ ਤੁਰਿਆ ਫਿਰਦਾ, ਇਹਨੂੰ ਇਹ ਨਹੀਂ ਕਿ ਮੈਂ ਇੱਕ ਕੁੜੀ ਦਾ ਪਿਓ ਆਂ, ਮੈਂ ਕਿਹੜੇ ਚੱਜ ਕਰਦਾ ਹਾਂ।"

ਰੂਪ ਲਾਲ ਨੂੰ ਲੱਗਾ ਕਿ ਪਿਤਾ ਜੀ ਬੋਲਦੇ-ਬੋਲਦੇ ਥੱਕ ਗਏ ਨੇ ਫਿਰ ਬੋਲੇ ਉਲੂ ਦਾ ਪੱਠਾ...ਕਿੱਥੇ ਹੈ?"

ਪੂਜਾ ਨੇ ਕਿਹਾ, "ਉਹ ਤਾਂ ਆਏ ਨੀਂ।"

"ਅੱਛਾ ਪੁੱਤਰ! ਆਇਆ ਨੀਂ? ਮੈਂ ਉਸ ਨੂੰ ਸ਼ਾਮੇ ਕਲੀ ਵਾਲੇ ਤੋਂ ਸਭ ਕੁਝ ਬੁਰਸ਼, ਕਲੀ, ਰੰਗ ਸਭ ਲੈ ਕੇ ਭੇਜਿਆ ਹੈ ਤੇ ਉਹ ਉਲੂ ਦਾ ਪੱਠਾ। ਮੈਂ ਦੁਕਾਨ ਛੱਡ ਕੇ...। ਚੱਲ ਰੋਟੀ ਖਵਾ। ਆਹ, ਰੂਪੇ ਦਾ ਸਕੂਟਰ ਘਰੇ ਖੜ੍ਹਾ ਹੈ? ਅੱਜ ਲੈ ਕੇ ਨੀਂ ਗਿਆ?"

ਪੂਜਾ ਬੋਲੀ, "ਉਹ ਅੱਜ ਜਲਦੀ ਆ ਗਏ।"

"ਅੱਛਾ ਕਿੱਥੇ ਆ?"

"ਉਪਰ ਨੇ।" ਪੂਜਾ ਨੇ ਕਿਹਾ ਪਰ ਇਹ ਮਾਜਰਾ ਤਾਂ ਹੋਰ ਈ ਨਿਕਲਿਆ, ਪਿਤਾ ਜੀ ਤਾਂ ਕਲੀ ਕਰਨ ਵਾਲੇ ਨੂੰ ਪੁੱਛ ਰਹੇ ਨੇ।

"ਉਪਰ ਕੀ ਕਰਦਾ ਹੈ ਪੁੱਤਰ ਉਹ?" ਰੂਪ ਲਾਲ ਹੋਰ ਸਿਮਟ ਕੇ ਬੈਠ ਗਿਆ।

"ਮਾਂ ਆਪਣੀ ਦਾ ਸਿਰ।" ਰੂਪ ਲਾਲ ਨੂੰ ਲੱਗਾ ਜਿਵੇਂ ਉਸ ਦੀ ਪਤਨੀ ਕਹਿ ਰਹੀ ਹੋਵੇ।

ਪੂਜਾ ਨੇ ਹੌਲੀ ਜਿਹੀ ਕਿਹਾ, "ਪਤਾ ਨੀਂ, ਬੜੀ ਦੇਰ ਦੇ ਕੀ ਲੱਭੀ ਜਾਂਦੇ ਨੇ, ਮੈਂ ਵੀ ਸੱਦੀ ਜਾਂਦੀ ਆਂ। ਦੱਸਦੇ ਵੀ ਨਹੀਂ, ਕੀ ਲੱਭ ਰਹੇ ਹਨ।"

ਘੰਟੀ ਫੇਰ ਵੱਜੀ ਤੇ ਟੀਨੂੰ ਭੱਜ ਕੇ ਦਰਵਾਜੇ ਵੱਲ ਗਈ। ਉਸ ਨੇ ਸਾਰੇ ਘਰ 'ਚ ਰੌਲਾ ਪਾ'ਤਾ, "ਮਾਮੂ ਆ'ਗੇ, ਮਾਮੂ ਆ ਗਏ।"

ਰੂਪ ਲਾਲ ਦਾ ਫੇਰ ਮੱਥਾ ਠਣਕਿਆ, "ਅੱਛਾ ਇਹਨੂੰ ਵੀ ਬੁਲਾ ਲਿਆ, ਸਾਲਾ ਜੱਭਲ ਜਿਹਾ, ਇਹ ਨੂੰ ਤਾਂ ਪੂਜਾ ਦੇ ਪਿਤਾ ਜੀ ਤੋਂ ਵੀ ਵੱਧ ਗੁੱਸਾ ਆਉਂਦੈ, ਸਾਲਾ ਬੋਲਣ ਲੱਗਿਆ ਫੇਰ ਅੱਗਾ ਪਿਛਾ ਨੀਂ ਦੇਖਦਾ।"

ਰੂਪ ਲਾਲ ਨੇ ਉਪਰੋਂ ਹੀ ਖਿੜਕੀ 'ਚੋਂ ਥੱਲੇ ਵਾਲਾ ਦ੍ਰਿਸ਼ ਦੇਖਣ ਦੀ ਕੋਸ਼ਿਸ਼ ਕੀਤੀ। ਆਹ ਕੀ ਸਹੁਰਾ ਸਾਹਿਬ ਵੀ ਪਿੱਛੇ ਹੀ ਤੁਰੇ ਆਉਂਦੇ ਨੇ। ਟੀਨੂੰ ਹੁਣ ਮਾਮੇ ਦੀ ਗੋਦੀ 'ਚੋਂ ਉਤਰ ਕੇ ਸਿੱਧੀ ਆਪਣੇ ਨਾਨੇ ਦੀ ਗੋਦੀ 'ਚ ਬੈਠ ਗਈ। ਰੂਪ ਲਾਲ ਦੇ ਸਿਰ 'ਚ ਸੌ ਘੜਾ ਪਾਣੀ ਦਾ ਪੈ ਗਿਆ।

"ਪੂਜਾ ਤੂੰ ਆਹ ਕੀ ਕੀਤਾ ਇਕ ਵਾਰ ਮੇਰੇ ਨਾਲ ਤਾਂ ਗੱਲ ਕਰ ਲੈਂਦੀ। ਮੈਂ ਤੇਰੇ ਤੋਂ ਮਾਫੀ ਮੰਗ ਲੈਂਦਾ ਪਰ ਤੂੰ ਮੇਰੀ ਸਾਰਿਆਂ ਸਾਹਮਣੇ ਐਂ ਤਾਂ ਨਾ ਬੇਇਜਤੀ ਕਰਦੀ।"

ਰੂਪ ਲਾਲ ਨੂੰ ਟੀਨੂੰ ਤੇ ਪੂਜਾ ਹੁਣ ਥੱਲੇ ਆਉਣ ਲਈ ਹਾਕਾਂ ਮਾਰਨ ਲੱਗੀਆਂ। ਉਸ ਨੇ ਕੋਈ ਜਵਾਬ ਨਾ ਦਿੱਤਾ ਤੇ ਉਥੇ ਹੀ ਬੈਠਾ ਰਿਹਾ। ਜਦ ਪੂਜਾ ਨੇ ਅੱਧੀਆਂ ਕੁ ਪੌੜੀਆਂ ਚੜ੍ਹ ਕੇ ਆਵਾਜ਼ ਮਾਰੀ ਤਾਂ ਉਸ ਨੇ ਮਸੀਂ ਐਨਾ ਕੁ ਕਿਹਾ, "ਆ ਰਿਹਾ ਹਾਂ।"

ਰੂਪ ਲਾਲ ਨੇ ਆਪਣੇ ਸਰੀਰ ਨੂੰ ਇਕੱਠਾ ਕੀਤਾ ਤੇ ਪੌੜੀਆਂ ਉਤਰਨ ਲੱਗਾ। ਉਹਦੇ ਸਾਲੇ ਰਮੇਸ਼ ਨੇ ਕਿਹਾ, "ਜੀਜਾ ਜੀ ਨਮਸਤੇ, ਦੀਵਾਲੀ ਦੀਆਂ ਮੁਬਾਰਕਾਂ।"

ਰੂਪ ਲਾਲ ਨੇ ਆਪਣੇ ਸਹੁਰੇ ਦੇ ਪੈਰੀਂ ਹੱਥ ਲਾਏ ਤੇ ਉਹ ਬੋਲਿਆ, "ਬੇਟਾ ਅਸੀਂ ਦੋਨੋਂ ਸ਼ਹਿਰ ਆਏ ਸੀ, ਰਮੇਸ਼ ਕਹਿਣ ਲੱਗਾ, ਭਾਪਾ ਜੀ ਕਿਉਂ ਨਾ ਪੂਜਾ ਹੋਰਾਂ ਨੂੰ ਦੀਵਾਲੀ ਵੀ ਦੇ ਚੱਲੀਏ।" ਉਸ ਨੇ ਮਠਿਆਈ ਦੇ ਦੋ ਡੱਬੇ ਤੇ ਹੋਰ ਕਿੰਨੇ ਹੀ ਦੀਵਾਲੀ ਦੇ ਤੋਹਫੇ ਕੱਢ ਕੇ ਰੂਪ ਲਾਲ ਵੱਲ ਵਧਾਏ।

ਰੂਪ ਲਾਲ ਦੇ ਮੂੰਹ 'ਤੇ ਥੋੜ੍ਹੀ ਰੌਣਕ ਪਰਤੀ। ਰੂਪ ਲਾਲ ਨੂੰ ਲੱਗਾ ਕਿ ਜੋ ਗੱਲ ਉਹ ਸੋਚ ਰਿਹਾ ਸੀ, ਅਸਲ 'ਚ ਉਹ ਗੱਲ ਨਹੀਂ ਸੀ, ਇਹ ਤਾਂ ਸੱਚੀਓਂ ਦੀਵਾਲੀ ਦੇਣ ਆਏ ਨੇ। ਫੇਰ ਉਸ ਨੂੰ ਲੱਗਾ, ਪੂਜਾ ਐਨੀ ਸਿਆਣੀ ਔਰਤ ਹੈ, ਉਹ ਅਜਿਹਾ ਸਟੈਪ ਨੀਂ ਚੁੱਕਦੀ ਉਸ ਖਿਲਾਫ। ਉਸ ਨੂੰ ਯਾਦ ਆਇਆ ਕੇ ਉਸ ਨੇ ਤਾਂ ਵਿਚਾਰੀ ਨੇ ਕਦੇ ਏਸ ਘਰ ਦੀ ਗੱਲ ਜਾ ਕੇ ਆਪਣੇ ਪੇਕੇ ਨੀਂ ਦੱਸੀ। ਐਨੀ ਛੇਤੀ ਉਹ ਉਸ ਦੇ ਖਿਲਾਫ ਨੀਂ ਸੋਚ ਸਕਦੀ। ਉਸ ਨੇ ਇਕ ਵਾਰ ਪੂਜਾ ਵਲ ਦੇਖਿਆ ਤੇ ਕਹਿਣ ਦੀ ਕੋਸ਼ਿਸ਼ ਕੀਤੀ, "ਚਾਹ ਬਣਾਓ ਬਈ ਭਾਪਾ ਜੀ ਹੋਰੀਂ ਆਏ ਨੇ" ਪਰ ਉਸ ਤੋਂ ਕਿਹਾ ਨਾ ਗਿਆ। ਪਿਤਾ ਜੀ ਨੇ ਕਹਿਣ 'ਤੇ ਪੂਜਾ ਨੇ ਚਾਹ ਬਣਾ ਕੇ ਸਭ ਨੂੰ ਵਰਤਾਈ, ਪਰ ਪੂਜਾ ਪਹਿਲਾਂ ਵਰਗਾ ਵਰਤਾਉ ਨਹੀਂ ਸੀ ਕਰ ਰਹੀ। ਉਹ ਅੱਗੇ ਜਿੰਨਾ ਆਪਣੇ ਪਿਤਾ ਤੇ ਭਾਈ ਦੇ ਆਏ ਤੋਂ ਖੁਸ਼ ਹੁੰਦੀ ਸੀ, ਐਤਕੀਂ ਨਹੀਂ ਸੀ।

"ਨਹੀਂ, ਨਹੀਂ ਰੂਪ ਲਾਲਾ! ਇਹ ਤੇਰਾ ਵਹਿਮ ਹੈ। ਤੇਰੇ ਹੀ ਮਨ 'ਚ ਚੋਰ ਹੈ, ਤੈਨੂੰ ਐਵੇਂ ਈ ਲੱਗਦੈ।" ਉਸ ਨੇ ਆਪਣੇ ਆਪ ਨੂੰ ਠੁੰਮਣਾ ਦਿੱਤਾ। ਚਾਹ ਪੀਣ ਪਿਛੋਂ ਪੂਜਾ ਦਾ ਭਰਾ ਤੇ ਪਿਤਾ ਜੀ ਚਲੇ ਗਏ। ਹੁਣ ਰੂਪ ਲਾਲ ਸੋਚਦਾ ਕਿ ਪੂਜਾ ਉਸ ਨਾਲ ਆਪ ਹੀ ਗੱਲ ਕਰ ਲਵੇ ਪਰ ਉਹ ਫਿਰ ਸਫਾਈਆਂ 'ਚ ਰੁੱਝ ਗਈ।

ਰੂਪ ਲਾਲ ਦੇ ਪਿਤਾ ਨੇ ਟੀਨੂੰ ਨੂੰ ਕਿਹਾ, "ਜਾ ਪੁੱਤ ਆਪਣੇ ਡੈਡੀ ਨੂੰ ਬੁਲਾ ਕੇ ਲਿਆ।"

ਟੀਨੂੰ ਭੱਜ ਕੇ ਪੌੜੀਆਂ ਚੜ੍ਹੀ ਤੇ ਰੂਪ ਲਾਲ ਦੇ ਬੈਠੇ ਦੇ ਹੀ ਗੱਲ ਬਾਹਾਂ ਪਾ ਕੇ ਕਹਿਣ ਲੱਗੀ, "ਡੈਡੀ ਕੀ ਲੱਭਦੇ ਹੋ?"

ਰੂਪ ਲਾਲ ਬੋਲਿਆ, "ਕੁਝ ਨਹੀਂ ਬੇਟਾ। ਕੁਝ ਪੇਪਰ ਸਨ।"

"ਚਲੋ ਥੋੜੀ ਮੈਂ ਮਦਦ ਕਰਾਂ, ਮੈਨੂੰ ਦੱਸੋ ਕਿਹੜੇ ਰੰਗ ਦੇ ਐ?"

ਟੀਨੂੰ ਸਾਰੇ ਕਾਗਜ਼ ਫਰੋਲਣ ਲੱਗੀ। ਰੂਪ ਲਾਲ ਨੇ ਇੱਕਲੇ-ਇੱਕਲੇ ਕਾਗਜ਼ ਦੀਆਂ ਤਹਿਆਂ ਲਾ ਕੇ ਰੱਖੀਆਂ ਸਨ। ਉਸ ਨੇ ਸਾਰੇ ਹੀ ਰਲ ਗੱਡ ਕਰ ਦਿੱਤੇ। ਰੂਪ ਲਾਲ ਨੇ ਟੀਨੂੰ ਦੇ ਕੱਸ ਕੇ ਚਪੇੜ ਮਾਰ ਦਿੱਤੀ ਤੇ ਝਿੜਕਿਆ, "ਆਹ ਕੀ ਕੀਤਾ?"

ਕੁੜੀ 'ਤੇ ਉਸ ਨੇ ਕਦੇ ਹੱਥ ਨਹੀਂ ਸੀ ਚੁੱਕਿਆ, ਆਹ ਕੀ ਹੋ ਗਿਆ? ਟੀਨੂੰ ਨੇ ਲੇਰਾਂ ਮਾਰਨੀਆਂ ਸ਼ੁਰੂ ਕਰ ਦਿੱਤੀਆਂ, ਟੀਨੂੰ ਮੰਮੀ-ਮੰਮੀ ਕਰਦੀ ਪੌੜੀਆਂ ਉਤਰਨ ਲੱਗੀ। ਭੱਜਦੀ-ਭੱਜਦੀ ਦਾ ਪੈਰ ਫਿਸਲ ਗਿਆ ਤੇ ਉਸ ਦੀਆਂ ਕੂਹਣੀਆਂ-ਗੋਡੇ ਰਗੜੇ ਗਏ ਤੇ ਆ ਕੇ ਆਪਣੀ ਮਾਂ ਨੂੰ ਚਿੰਬੜ ਗਈ।

ਰੂਪ ਲਾਲ ਵੀ ਉਸ ਦੇ ਮਗਰ ਹੀ ਉਤਰ ਆਇਆ ਤੇ ਟੀਨੂੰ ਤੋਂ ਮਾਫੀ ਮੰਗਣ ਲੱਗਾ, "ਸੌਰੀ ਬੇਟਾ, ਤੂੰ ਮੈਨੂੰ ਤੰਗ ਕਰਦੀ ਸੀ ਇਸ ਕਰਕੇ ਮੈਂ...! ਸੌਰੀ ਬੇਟਾ!"

ਸਾਰਾ ਟੱਬਰ ਕੁੜੀ ਨੂੰ ਚੁੱਪ ਕਰਵਾਉਣ ਵਿਚ ਲੱਗ ਗਿਆ, ਟੀਨੂੰ ਜਦੋਂ ਚੁੱਪ ਹੋਈ ਤਾਂ ਪੂਜਾ ਕਹਿਣ ਲੱਗੀ, "ਮੈਂ ਦੋ ਫੁਲਕੇ ਲਾਹ ਦਿੰਦੀ ਆਂ, ਹੁਣ ਤੁਸੀਂ ਹੀ ਇਹ ਨੂੰ ਰੋਟੀ ਖਵਾ ਦਿਓ, ਆਪਣੀ ਗੋਦੀ ਵਿਚ ਬਿਠਾ ਕੇ। ਸਫਾਈ ਦਾ ਥੋੜ੍ਹਾ ਕੰਮ ਰਹਿੰਦਾ ਹੈ, ਮੈਂ ਉਹ ਨਿਬੇੜ ਦੇਵਾਂ।"

ਰੂਪ ਲਾਲ ਪੂਜਾ ਨਾਲ ਅੱਖ ਨਹੀਂ ਸੀ ਮਿਲਾ ਰਿਹਾ, ਉਸ ਨੂੰ ਯਕੀਨ ਹੋ ਗਿਆ ਸੀ ਕਿ ਖਤ ਪੂਜਾ ਦੇ ਹੀ ਹੱਥ ਲੱਗੇ ਹਨ। ਹੁਣ ਉਹ ਸਭ ਨੂੰ ਇੱਕਠੇ ਕਰਕੇ ਭਾਂਡਾ ਭੰਨਣ ਦੇ ਮੂਡ ਵਿਚ ਹੈ, ਜਿਸ ਦਿਨ ਦੀ ਉਹ ਸਫਾਈਆਂ ਕਰਨ ਲੱਗੀ ਹੈ, ਉਸੇ ਦਿਨ ਦੀ ਕਹਿ ਰਹੀ ਹੈ ਕਿ ਪੇਕੇ ਮਿਲਣ ਜਾਣਾ ਹੈ। ਅੱਗੇ ਉਹ ਕਹਿੰਦੀ ਸੀ ਕਿ ਤੁਸੀਂ ਮਿਲਾ ਲਿਆਓ। ਐਤਕੀ ਤਾਂ ਉਸ ਨੇ ਇੱਕ ਵਾਰ ਵੀ ਨਹੀਂ ਕਿਹਾ, ਸਗੋਂ ਇਹ ਕਹਿ ਰਹੀ ਏ ਕਿ ਤੁਹਾਡੇ ਕੋਲ ਟਾਈਮ ਨਹੀਂ ਹੋਣਾ, ਮੈਂ ਆਪ ਹੀ ਬੱਸ ਚੜ੍ਹ ਕੇ ਚਲੀ ਜਾਂਦੀ ਹਾਂ।

"ਚਲੇ ਜਾਂਦੀ ਹਾਂ।" ਵਾਲੀ ਲਾਈਨ ਉਸ ਨੇ ਖਾਸ ਤੌਰ 'ਤੇ ਨੋਟ ਕੀਤੀ ਕਿ ਇਸ ਨੇ ਇੰਜ ਕਿਉਂ ਕਿਹਾ, "ਚਲੇ ਜਾਂਦੀ ਹਾਂ।" ਅੱਗੇ ਕਹਿੰਦੀ ਸੀ, "ਡੈਡੀ ਹੋਰਾਂ ਨੂੰ ਮਿਲ ਆਉਂਦੀ ਹਾਂ।"

ਰੂਪ ਲਾਲ ਦਾ ਦਿਲ ਬੈਠਦਾ ਜਾਂਦਾ ਸੀ, ਤਰੇਲੀਆਂ ਮੱਥੇ 'ਤੇ ਆ ਰਹੀਆਂ ਸਨ। ਟੀਨੂੰ ਡੁਸਕੇ ਜਿਹੇ ਲੈਂਦੀ ਰੂਪ ਲਾਲ ਦੇ ਨਾਲ ਲੱਗ ਗਈ, ਉਸ ਨੇ ਜਦ ਆਪਣੀ ਧੀ ਵੱਲ ਦੇਖਿਆ ਤਾਂ ਉਸ ਦੇ ਆਪਣੀ ਮਾਂ ਵਰਗੇ ਨੈਣ-ਨਕਸ਼ ਕਿੰਨੇ ਭੋਲੇ-ਭਾਲੇ ਸਨ। ਉਸ ਨੂੰ ਫੇਰ ਲੱਗਣ ਲੱਗਾ ਕਿ ਰੂਪ ਲਾਲਾ ਇਸ ਬੱਚੀ ਨੂੰ ਹੁਣ ਤੂੰ ਕਦੇ ਵੀ ਨਹੀਂ ਮਿਲ ਸਕਦਾ। ਪੂਜਾ ਦਾ ਡੈਡੀ ਤਾਂ ਬਹੁਤ ਗੁੱਸੇ ਖੋਰ ਬੰਦਾ ਹੈ। ਉਸ ਨੇ ਤਾਂ ਕਹਿਣਾ ਹੈ, "ਅਸੀਂ ਨੀਂ ਭੇਜਣਾ ਕੁੜੀ ਨੂੰ, ਤੇਰੇ ਨਾਲ। ਚੱਜ ਤਾਂ ਦੇਖੋ ਇਸ ਬੰਦੇ ਦੇ।"

ਘਬਰਾਹਟ ਵਿਚ ਉਸ ਨੇ ਆਪਣੀ ਧੀ ਨੂੰ ਘੁੱਟ ਕੇ ਕਲੇਜੇ ਨਾਲ ਲਾ ਲਿਆ ਤੇ ਮੱਥਾ ਚੁੰਮਿਆ। ਟੀਨੂੰ ਓਪਰੇ ਜਿਹੇ ਤਰੀਕੇ ਨਾਲ ਰੂਪ ਲਾਲ ਵੱਲ ਦੇਖਣ ਲੱਗੀ। ਉਹ ਗੋਦੀ ਚੁੱਕ ਟੀਨੂੰ ਨੂੰ ਬਾਹਰ ਵੱਲ ਲੈ ਗਿਆ। ਜਿੱਥੇ ਪਤਨੀ ਨੇ ਬਾਹਰਲੀ ਕੰਧ ਨਾਲ ਕੁਝ ਕਾਗਜ਼ ਅੱਗ ਲਾਉਣ ਲਈ ਇੱਕਠੇ ਕੀਤੇ ਹੋਏ ਸਨ। ਹੋਰ ਕਈ ਨਿੱਕ-ਸੁੱਕ ਕੂੜ-ਕਬਾੜ ਕੱਢ ਕੇ ਉਸ ਨੇ ਇੱਕ ਪਾਸੇ ਰੱਖਿਆ ਹੋਇਆ ਸੀ ਜੋ ਉਸ ਦਾ ਕਬਾੜੀਏ ਨੂੰ ਵੇਚਣ ਦਾ ਮਨ ਸੀ। ਟੀਨੂੰ ਨੂੰ ਗੋਦੀ ਚੁੱਕੇ ਚੁਕਾਏ ਰੂਪ ਲਾਲ ਨੇ ਧਿਆਨ ਨਾਲ ਪੂਜਾ ਦੇ ਚਿਹਰੇ ਵੱਲ ਨਿਗਾਹ ਮਾਰੀ, ਜਿਸ ਨੇ ਧੂੜ ਤੋਂ ਬਚਣ ਲਈ ਚੁੰਨੀ ਨਾਲ ਮੂੰਹ-ਨੱਕ ਢੱਕਿਆ ਹੋਇਆ, ਪਰ ਚਿਹਰਾ ਸ਼ਾਂਤ ਲੱਗ ਰਿਹਾ ਸੀ।

"ਆ ਜਾ ਤੂੰ ਵੀ ਹੁਣ ਰੋਟੀ ਖਾ ਲੈਂਦੀ।" ਰੂਪ ਲਾਲ ਨੇ ਪੂਜਾ ਨੂੰ ਕਿਹਾ।

ਪੂਜਾ ਨੇ ਰੂਪ ਲਾਲ ਵੱਲ ਦੇਖ ਝਾੜੂ ਨਾਲ ਕਾਗਜ਼ ਇੱਕਠੇ ਕਰ ਦਿੱਤੇ। ਇੱਕ ਹੋਰ ਪਾਰਸਲ ਜਿਹਾ ਵਿਚ ਸੁੱਟ ਦਿੱਤਾ ਤੇ ਨਿੱਕ-ਸੁੱਕ ਨੂੰ ਅੱਗ ਲਾ ਦਿੱਤੀ ਤੇ ਮੂੰਹ-ਹੱਥ ਧੋ ਕੇ ਰੂਪ ਲਾਲ ਨੂੰ ਰੋਟੀ ਪਰੋਸ ਦਿੱਤੀ।

ਰੂਪ ਲਾਲ ਨੇ ਗਰਾਹੀ ਤੋੜ ਮੂੰਹ ਵਿਚ ਪਾਈ ਤਾਂ ਟੀਨੂੰ ਬੋਲੀ, "ਡੈਡੀ ਤੁਹਾਡਾ ਕੀ ਖੋ ਗਿਆ ਸੀ ਜੋ ਐਨੀ ਦੇਰ ਲੱਭਦੇ ਰਹੇ।" ਰੂਪ ਲਾਲ ਦੀ ਗਰਾਹੀ ਸੰਘ ਵਿਚ ਫੁੱਲ ਗਈ ਅਤੇ ਉਸ ਨੇ ਬਹੁਤ ਔਖਾ ਜਵਾਬ ਦਿੱਤਾ, "ਬੇਟਾ ਕੋਈ ਚੀਜ਼ ਗੁੰਮ ਗਈ ਸੀ।"

"ਤੁਸੀਂ ਮੰਮੀ ਨੂੰ ਲੱਭਣ ਲਈ ਕਹਿ ਦਿੰਦੇ, ਮੰਮੀ ਤਾਂ ਸਾਰੀਆਂ ਚੀਜ਼ਾਂ ਝੱਟ ਲੱਭ ਦਿੰਦੀ ਹੈ।...ਮੰਮੀ ਤੁਸੀਂ ਮਦਦ ਕਰ ਦਿਓ ਪਾਪਾ ਦੀ।" ਟੀਨੂੰ ਬੋਲੀ।

ਪੂਜਾ ਰੂਪ ਲਾਲ ਵੱਲ ਵੇਖ ਕੇ ਕਹਿਣ ਲੱਗੀ, "ਬੇਟਾ, ਕੁਝ ਚੀਜ਼ਾਂ ਗੁਆਚੀਆਂ ਹੀ ਚੰਗੀਆਂ ਹੁੰਦੀਆਂ ਨੇ।"

# ਜ਼ਹਿਰੀਲਾ ਵਾਤਾਵਰਨ

ਅੱਜ ਬੰਦਾ ਆਪਣੀਆਂ ਹੀ ਕਰਤੂਤਾਂ ਕਰਕੇ ਧੁੰਦ ਜ਼ਹਿਰੀਲੇ ਵਾਤਾਵਰਣ 'ਚ ਜੀਅ ਰਿਹਾ ਹੈ। ਸਾਹ ਲੈਣ ਲਈ ਹਵਾ, ਖਾਣ ਦੀਆਂ ਚੀਜ਼ਾਂ, ਪੀਣ ਵਾਲਾ ਪਾਣੀ ਦਿਨੋਂ ਦਿਨ ਜ਼ਹਿਰੀਲੇ ਹੋਈ ਜਾ ਰਹੇ ਹਨ। ਹਜ਼ਾਰਾਂ-ਲੱਖਾਂ ਸਾਲਾਂ ਤੋਂ ਬੰਦਾ ਅਤੇ ਬਾਕੀ ਧਰਤੀ 'ਤੇ ਪ੍ਰਗਟ ਜੀਵ, ਜੋ ਕੁਦਰਤੀ ਜੀਵਨ ਜਿਉਂਦੇ ਸਨ, ਅੱਜ ਬੰਦੇ ਦੀਆਂ ਮਾਰੀਆਂ ਅਖੌਤੀ ਮੱਲਾਂ, ਕਾਢਾਂ ਤੇ ਨਵੀਆਂ ਤੋਂ ਨਵੀਆਂ ਪੈਦਾ ਕੀਤੀਆਂ ਸੁੱਖ ਸਹੂਲਤਾਂ ਦੀਆਂ ਪ੍ਰਾਪਤੀਆਂ ਹੀ ਇਸ ਨੂੰ ਜ਼ਹਿਰੀਲੀ ਘੁੰਮਣਘੇਰੀ 'ਚ ਫਸਾ ਰਹੀਆਂ ਹਨ। ਗੱਡੀਆਂ ਮੋਟਰਾਂ, ਹਵਾਈ ਜਹਾਜ਼, ਸਮੁੰਦਰੀ ਜਹਾਜ ਬੰਦੇ ਨੇ ਬਣਾ ਕੇ ਸਮਾਨ ਢੋਣ, ਸਫਰ ਕਰਨ ਤੇ ਦੂਰ-ਦੁਰਾਡੇ ਦੀ ਵਾਟ ਝੱਬੇ ਨਿਬੇੜਨ ਲਈ ਇਨ੍ਹਾਂ ਯੰਤਰਾਂ ਦੀਆਂ ਕਾਢਾਂ ਕੱਢ ਮਾਰਕਾ ਮਾਰਨ ਦਾ ਪਟਕਾ ਤਾਂ ਜ਼ਰੂਰ ਜਿੱਤ ਲਿਆ; ਪਰ ਇਨ੍ਹਾਂ ਦੇ ਜੋ ਮਾਰੂ ਪ੍ਰਭਾਵ ਸਾਡੇ ਰੋਜ਼ਾਨਾ ਜੀਵਨ

ਕਲਵੰਤ ਸਿੰਘ ਸਹੋਤਾ
ਫੋਨ: 604-589-5919

'ਤੇ ਪੈਣੇ ਸ਼ੁਰੂ ਹੋਏ ਹਨ, ਇਨ੍ਹਾਂ ਬਾਰੇ ਪਹਿਲਾਂ ਤਾਂ ਧਿਆਨ ਹੀ ਨਹੀਂ ਦਿੱਤਾ ਅਤੇ ਜਦੋਂ ਦੇਣਾ ਸ਼ੁਰੂ ਕੀਤਾ ਤਾਂ ਕਾਫੀ ਨੁਕਸਾਨ ਹੋ ਚੁਕਾ ਹੈ।

ਲੱਖਾਂ ਕਾਰਖਾਨਿਆਂ 'ਚ ਜਾਲੇ ਜਾ ਰਹੇ ਕੋਲੇ ਦਾ ਧੂੰਆਂ, ਕਰੋੜਾਂ ਮੋਟਰਾਂ ਗੱਡੀਆਂ 'ਚ ਜਲ ਰਹੇ ਪੈਟਰੋਲ ਦਾ ਧੂੰਆਂ, ਹਵਾਈ ਜਹਾਜਾਂ ਦੀਆਂ ਉਡਾਣਾਂ 'ਚ ਜਲ ਰਹੇ ਤੇਲ ਦਾ ਧੂੰਆਂ ਅਤੇ ਵੱਡੇ ਤੋਂ ਵੱਡੇ ਸਮੁੰਦਰੀ ਜਹਾਜਾਂ, ਚਾਹੇ ਉਹ ਲਗਜ਼ਰੀ ਸ਼ਿੱਪ ਹਨ ਜਾਂ ਸਮਾਨ ਢੋਣ ਵਾਲੇ ਬੇੜੇ, ਵਿਚ ਬਲਦੇ ਡੀਜ਼ਲ ਦਾ ਧੂੰਆਂ ਚੌਵੀ ਘੰਟੇ ਹਵਾ 'ਚ ਰਲ ਵਾਤਾਵਰਣ ਨੂੰ ਜ਼ਹਿਰੀਲਾ ਬਣਾ ਰਿਹਾ ਹੈ, ਜਿਸ ਕਰਕੇ ਸਾਹ, ਦਿਲ ਤੇ ਕੈਂਸਰ ਜਿਹੀਆਂ ਨਾਮੁਰਾਦ ਬਿਮਾਰੀਆਂ ਬੰਦੇ ਨੂੰ ਆਪਣੀ ਜਕੜ 'ਚ ਲਈ ਜਾ ਰਹੀਆਂ ਹਨ।

ਇੱਕ ਨਵੀਂ ਬਿਪਤਾ ਦਾ ਪਹਾੜ ਟੁੱਟ ਪਿਆ। ਅੱਗੇ ਦੇਖੋ, ਨਵ ਜੰਮੇ ਬੱਚਿਆਂ 'ਚੋਂ ਕੋਈ ਕਣਕ ਤੋਂ, ਕੋਈ ਦੁੱਧ ਤੋਂ ਤੇ ਕੋਈ ਨੱਟਸ ਤੋਂ ਐਲਰਜਿਕ ਹੈ ਕਿ ਲਗਦਾ ਹੀ ਨਹੀਂ ਕਿ ਖਾਣ ਵਾਲੀ ਕੋਈ ਚੀਜ਼ ਸੁਰੱਖਿਅਤ ਹੈ। ਬੰਦੇ ਦੇ ਸਰੀਰ ਨੂੰ ਪਤਾ ਹੀ ਨਹੀਂ ਲੱਗਦਾ ਕਿ ਇਨ੍ਹਾਂ ਨਵੀਆਂ ਖੁਰਾਕਾਂ ਨੂੰ ਕਿਵੇਂ ਆਪਣੇ ਅੰਦਰ ਝੱਲੇ ਤੇ ਹਜ਼ਮ ਕਰੇ? ਪੰਜਾਹ ਸੱਠ ਸਾਲ ਪਹਿਲਾਂ ਤੱਕ ਤਾਂ ਸਰੀਰ ਨੇ ਅਜਿਹਾ ਕੁਝ ਦੇਖਿਆ ਹੀ ਨਹੀਂ ਸੀ। ਹਰ ਨਵੀਂ ਪੈਦਾ ਹੋਈ ਵਸਤ ਕਿਸੇ ਨਾ ਕਿਸੇ ਦੇ ਸਰੀਰ ਲਈ ਨਵੀਂ ਤੋਂ ਨਵੀਂ ਬਿਪਤਾ ਖੜ੍ਹੀ ਕਰ ਰਹੀ ਹੈ।

ਖੇਤੀ ਬਾੜੀ ਦੀਆਂ ਫਸਲਾਂ ਅਤੇ ਫਲਾਂ 'ਤੇ ਕੀੜੇਮਾਰ ਦੁਆਈਆਂ ਦੀ ਹੋ ਰਹੀ ਅੰਨ੍ਹੀ ਵਰਤੋਂ ਨੇ ਇਨ੍ਹਾਂ ਨੂੰ ਜ਼ਹਿਰੀਲਾ ਬਣਾ ਦਿੱਤਾ ਹੈ। ਇਹੀ ਜ਼ਹਿਰਾਂ ਹੌਲੀ ਹੌਲੀ ਸਾਡੇ ਸਰੀਰ 'ਚ ਜਾ ਕੇ ਜਮਾਂ ਹੋਈ ਜਾ ਰਹੀਆਂ ਹਨ ਤੇ ਅੱਗੋਂ ਜਾ ਕੇ ਕਿਸੇ ਨਾ ਕਿਸੇ ਬਿਮਾਰੀ ਦੇ ਰੂਪ 'ਚ ਪ੍ਰਗਟ ਹੋ ਆਪਣਾ ਪ੍ਰਭਾਵ ਦਿਖਾਉਂਦੀਆਂ ਹਨ। ਅੱਜ ਛਿੜਕੀਆਂ ਜਾ ਰਹੀਆਂ ਜਿਨ੍ਹਾਂ ਦਵਾਈਆਂ ਨੂੰ ਸਬੰਧਤ ਮਹਿਕਮੇ ਸੁਰੱਖਿਅਤ ਦੱਸ ਰਹੇ ਹਨ, ਇਨ੍ਹਾਂ ਨੂੰ ਹੀ ਆਉਣ ਵਾਲੇ ਸਾਲਾਂ 'ਚ ਮਾਰੂ ਕਹਿਣਗੇ, ਉਦੋਂ ਤੱਕ ਲੱਖਾਂ ਲੋਕਾਂ ਨੂੰ ਇਹ ਆਪਣੀ ਜਕੜ 'ਚ ਲੈ ਚੁਕੀਆਂ ਹੋਣਗੀਆਂ। ਫਸਲਾਂ 'ਤੇ ਖਾਦਾਂ ਦੀ ਹੋ ਰਹੀ ਬੇਤਹਾਸ਼ਾ ਵਰਤੋਂ ਨੇ ਨਾ ਸਿਰਫ ਧਰਤੀ ਨੂੰ ਹੀ ਸਗੋਂ ਪੀਣ ਵਾਲੇ ਪਾਣੀ ਨੂੰ ਵੀ ਜ਼ਹਿਰੀਲਾ ਕਰ ਦਿੱਤਾ ਹੈ। ਇਨ੍ਹਾਂ ਖਾਦਾਂ ਦੇ ਰਸਾਇਣ (ਨਾਈਟਰੇਟ ਤੇ ਸਲਫੇਟ) ਪਾਣੀ 'ਚ ਘੁਲ ਸਾਡੇ ਅੰਦਰ ਜਾ ਨਵੀਂ ਤੋਂ ਨਵੀਂ ਬਿਮਾਰੀ ਨੂੰ ਜਨਮ ਦੇ ਰਹੇ ਹਨ।



ਵੱਧ ਝਾੜ ਲੈਣ ਲਈ ਫਸਲਾਂ ਦੇ ਸੁਭਾਅ ਦੇ ਕੀਤੇ ਬਦਲਾਅ (ਜਿਨੈਟਿਕ ਮਾਡੀਫੀਕੇਸ਼ਨ) ਨੇ ਬੇਅੰਤ ਕਿਸਮ ਦੀਆਂ ਐਲਰਜੀਆਂ ਨੂੰ ਜਨਮ ਦਿੱਤਾ ਹੈ। ਹਜ਼ਾਰਾਂ ਸਾਲਾਂ ਤੋਂ ਕੁਦਰਤੀ ਪੈਦਾ ਹੋਏ ਅਨਾਜ ਅਤੇ ਹੋਰ ਖੁਰਾਕਾਂ ਦੇ ਸੁਭਾਅ 'ਚ ਬਣਾਉਟੀ ਤਬਦੀਲੀਆਂ ਕਰ ਉਪਜ/ਝਾੜ ਦੀ ਮਿਕਦਾਰ ਤਾਂ ਜ਼ਰੂਰ ਵਧਾ ਕੇ ਮੁਨਾਫੇ ਦਾ ਰਾਹ ਖੋਲ੍ਹ ਲਿਆ, ਪਰ ਨਾਲ ਹੀ ਜੋ ਸਰੀਰਕ ਬਿਮਾਰੀਆਂ ਦਾ ਦਰਵਾਜ਼ਾ ਖੋਲ੍ਹ ਲਿਆ, ਉਸ ਨਾਲ

ਅਜੋਕੀਆਂ ਪੋਲਟਰੀ ਅਤੇ ਡੇਅਰੀ ਵਸਤਾਂ 'ਚ ਕਿੰਨੇ ਕੁ ਸਟੀਰੋਇਡ, ਗਰੋਥ ਹਾਰਮੋਨਜ਼ ਅਤੇ ਹੋਰ ਖੇਹ ਸੁਆਹ ਮੌਜੂਦ ਹੈ, ਇਸ ਦਾ ਕੋਈ ਅੰਤ ਹੀ ਨਹੀਂ ਅਤੇ ਨਾ ਹੀ ਸਾਡੇ ਕੋਲ ਇਸ ਦਾ ਕੋਈ ਬਦਲ ਹੈ, ਕਿਉਂਕਿ ਇਹ ਸਾਰਾ ਕੁਝ ਇੱਕ ਸਿਸਟਮ ਅਧੀਨ ਹੈ, ਵਿਅਕਤੀਗਤ ਤੌਰ 'ਤੇ ਇਨ੍ਹਾਂ ਦਾ ਬਦਲ ਲੱਭਣਾ ਨਾਂ ਦੇ ਬਰਾਬਰ ਹੈ। ਇਹ ਸਾਰਾ ਕੁਝ ਵੱਧ ਪੈਦਾਇਸ਼ ਤੇ ਮੁਨਾਫਾ ਕਮਾਉਣ ਦੀ ਅੰਨ੍ਹੀ ਦੌੜ ਕਰਕੇ ਹੋ ਰਿਹਾ ਹੈ।

ਹੁਣ ਆਉਂਦੇ ਹਾਂ ਕੌਸਮੈਟਿਕ ਵੱਲ। ਬਣਾਉਟੀ ਸੁਹੱਪਣ ਬਣਾਉਣ ਲਈ ਅਸੀਂ ਕਿੰਨੇ ਪਰਫਿਊਮ, ਕਰੀਮਾਂ, ਪਾਊਡਰ ਅਤੇ ਹੋਰ ਬੇਅੰਤ ਕਿਸਮ ਦੇ ਸੁਗੰਧੀ ਸਪਰੇ ਬਰਤਦੇ ਹਾਂ। ਕਦੇ ਪਤਾ ਕਰਨ ਦਾ ਯਤਨ ਕੀਤਾ ਕਿ ਉਨ੍ਹਾਂ 'ਚ ਕਿੰਨੇ ਕਿਸਮ ਦੀਆਂ ਜ਼ਹਿਰਾਂ (ਕਾਰਸਿਨੋਜਿਨਜ਼) ਰਲੀਆਂ ਹਨ? ਕਿੰਨੇ ਕਿਸਮ ਦੀਆਂ ਬਿਮਾਰੀਆਂ ਨੂੰ ਜਨਮ ਦੇਣ ਦੀ ਉਹ ਸਮਰੱਥਾ ਰੱਖਦੀਆਂ ਹਨ? ਇਹ ਨਾ ਹੀ ਇਨ੍ਹਾਂ ਨੂੰ ਬਣਾਉਣ ਵਾਲੇ ਦੱਸਦੇ ਹਨ ਅਤੇ ਨਾ



ਹੀ ਵਰਤਣ ਵਾਲਿਆਂ ਨੇ ਕਦੇ ਸੋਚਿਆ ਹੈ। ਕੁਦਰਤੀ ਚੀਜ਼ਾਂ ਦੀ ਥਾਂ ਅੱਜ ਅਸੀਂ ਨਕਲੀ ਅਤੇ ਬਣਾਵਟੀ (ਸਨਥੈਟਿਕ) ਚੀਜ਼ਾਂ ਦੇ ਗੁਲਾਮ ਹੋ ਕੇ ਰਹਿ ਗਏ ਹਾਂ। ਇਨ੍ਹਾਂ ਚੀਜ਼ਾਂ ਨੂੰ ਬਣਾਉਣ ਅਤੇ ਵੇਚਣ ਵਾਲੀਆਂ ਬਹੁਕੌਮੀ ਕਾਰਪੋਰੇਸ਼ਨਾਂ ਦਹਾਕਿਆਂ ਬੱਧੀ ਮੁਨਾਫਾ ਕਮਾ ਕੇ ਬੰਦੇ ਨੂੰ ਬਿਮਾਰੀਆਂ ਦੇ ਪਿੰਜਰੇ 'ਚ ਸੁੱਟ ਤੁਰਦੀਆਂ ਬਣਦੀਆਂ ਹਨ।

ਹੁਣ ਆਪਾਂ ਗੱਲ ਕਰਦੇ ਹਾਂ ਫਾਸਟ ਫੂਡ ਤੇ ਖੰਡ ਤੋਂ ਬਣੇ ਖਾਣਿਆਂ ਦੀ। ਫਾਸਟ ਫੂਡ ਦੇ ਆਊਟ ਲੈਟ ਵੱਖੋ ਵੱਖਰੇ ਕੰਪਨੀ ਨਾਂਵਾਂ ਥੱਲੇ ਲੱਖਾਂ ਦੀ ਤਾਦਾਦ ਵਿਚ ਮੌਜੂਦ ਹਨ। ਉਨ੍ਹਾਂ 'ਚ ਵਿਕਦਾ ਭੋਜਨ ਤੇ ਪੀਣ ਵਾਲੇ ਪਦਾਰਥ ਸੁਆਦੀ ਤਾਂ ਜ਼ਰੂਰ ਲੱਗਦੇ ਹਨ ਪਰ ਕਦੇ ਇਹ ਵੀ ਪਤਾ ਕਰਨ ਦੀ ਕੋਸ਼ਿਸ਼ ਕੀਤੀ ਕਿ ਉਨ੍ਹਾਂ ਨੂੰ ਤਿਆਰ ਕਰਨ ਦਾ ਤਰੀਕਾ ਤੇ ਵਰਤਿਆ ਜਾ ਰਿਹਾ ਸਮਾਨ ਕਿੰਨਾ ਗੈਰ ਸਿਹਤਮੰਦ ਹੈ?

ਖੰਡ ਸਾਡੇ ਸਰੀਰ ਲਈ ਜ਼ਹਿਰ ਹੈ ਜਿਸ ਨੂੰ ਅਸੀਂ ਮਿੱਠਾ ਸਮਝ ਕੇ ਖਾਈ ਤੁਰੇ ਜਾਂਦੇ ਹਾਂ। ਕੁਦਰਤੀ ਫਲਾਂ ਆਦਿ ਤੋਂ ਮਿਲੀ ਖੰਡ ਨੂੰ ਸਾਂਭਣ ਦਾ ਤਾਂ ਸਰੀਰ ਦਾ ਪ੍ਰਬੰਧ ਹੈ ਪਰ ਚਿੱਟੀ ਸਾਫ ਖੰਡ ਅਤੇ ਇਸ ਤੋਂ ਬਣੇ ਖਾਣ ਪੀਣ ਦੇ ਪਦਾਰਥ, ਜੋ ਅਸੀਂ ਰੋਜ਼ ਅੰਦਰ ਡਕਾਰਦੇ ਹਾਂ, ਨਿਰਾ ਜ਼ਹਿਰ ਹਨ, ਜਿਸ ਨਾਲ ਲੜਨ ਲਈ ਸਰੀਰ ਦੇ ਮੁੱਖ ਅੰਗਾਂ-ਦਿਲ, ਫੇਫੜੇ, ਜਿਗਰ, ਸਪਲੀਨ, ਪੈਂਕਰੀਅਸ, ਗੁਰਦੇ ਆਦਿ ਨੂੰ ਲਗਾਤਾਰ ਲੜਾਈ ਲੜਦੇ ਰਹਿਣਾ ਪੈਂਦਾ ਹੈ ਅਤੇ ਆਖਰ ਉਹ ਥੱਕ ਜਾਂਦੇ ਹਨ ਤੇ ਇੰਜ ਅਸੀਂ ਮੋਟਾਪਾ, ਖੰਡ ਰੋਗ (ਡਾਇਬਟੀਜ਼), ਸਾਹ, ਤਣਾਓ, ਦਿਲ ਤੇ ਸਟਰੋਕ ਜਿਹੇ ਰੋਗਾਂ ਦੀ ਜਕੜ 'ਚ ਜਕੜੇ ਜਾਂਦੇ ਹਾਂ। ਇਨ੍ਹਾਂ ਰੋਗਾਂ 'ਤੇ ਕਾਬੂ ਪਾਉਣ ਲਈ ਸਾਨੂੰ ਦਵਾਈਆਂ ਦਾ ਸਹਾਰਾ ਲੈਣਾ ਪੈਂਦਾ ਹੈ, ਜਿਨ੍ਹਾਂ ਦੇ ਆਪਣੇ ਵੱਖੋ ਵੱਖਰੇ ਸਾਈਡ ਇਫੈਕਟਸ ਹਨ ਤੇ ਇੰਜ ਅਸੀਂ ਹੋਰ ਵੀ ਘੁੰਮਣ ਘੇਰੀ 'ਚ ਗ੍ਰਸੇ ਜਾਂਦੇ ਹਾਂ।

ਅੱਜ ਤਰੱਕੀ ਦੇ ਨਾਂ 'ਤੇ ਅਜਿਹਾ ਯੁੱਧ ਛਿੜਿਆ ਹੋਇਆ ਹੈ ਕਿ ਸਾਨੂੰ ਪਤਾ ਹੀ ਨਹੀਂ ਕਿ ਆਉਣ ਵਾਲੀਆਂ ਪੀੜ੍ਹੀਆਂ ਲਈ ਅਸੀਂ ਕਿੰਨਾ ਡੂੰਘਾ ਖੱਡਾ ਪੁੱਟ ਰਹੇ ਹਾਂ; ਤਰੱਕੀਆਂ ਦੀ ਆੜ 'ਚ ਹਰ ਪਲ ਵਾਤਾਵਰਣ ਨੂੰ ਜ਼ਹਿਰੀਲਾ ਬਣਾਉਣ 'ਚ ਵਾਧਾ ਕਰੀ ਜਾ ਰਹੇ ਹਾਂ। ਤਰੱਕੀਆਂ ਤੇ ਖੁਸ਼ਹਾਲੀਆਂ ਕੀ ਮਾਇਨੇ ਰੱਖਣਗੀਆਂ ਜੇ ਆਉਣ ਵਾਲੀਆਂ ਪੀੜ੍ਹੀਆਂ ਲਈ ਪੀਣ ਲਈ ਸ਼ੁੱਧ ਪਾਣੀ, ਖਾਣ ਲਈ ਸ਼ੁੱਧ ਖੁਰਾਕਾਂ ਤੇ ਸਾਹ ਲੈਣ ਲਈ ਸਾਫ ਸੁਥਰੀ ਹਵਾ ਹੀ ਨਾ ਰਹੀ? ਕੀ ਅਸੀਂ ਇਨ੍ਹਾਂ ਤਰੱਕੀਆਂ ਦੇ ਨਸ਼ੇ 'ਚ ਹੀ ਧੁੱਤ ਸੁੱਧ-ਬੁੱਧ ਗੁਆਈ ਬੈਠੇ ਹਾਂ? ਜਿਨ੍ਹਾਂ ਘਰਾਂ 'ਚ ਅਸੀਂ ਰਹਿੰਦੇ ਹਾਂ, ਉਨ੍ਹਾਂ 'ਚ ਕਿੰਨਾ ਕੁਝ ਬਨਾਵਟੀ ਤੇ ਨਕਲੀ ਹੈ; ਸਿਰਫ ਲੱਕੜ ਤੋਂ ਬਿਨਾ ਬਾਕੀ ਸਭ ਚੀਜ਼ਾਂ ਰਸਾਇਣਾਂ ਨੂੰ ਮਿਲਾ ਕੇ ਬਣੀਆਂ ਹਨ। ਰੰਗ, ਰੰਗ, ਡਰਾਈਵਾਲ, ਨਕਲੀ ਲੱਕੜ ਦੇ ਫਰਸ਼, ਪਲਾਸਟਿਕ ਦੇ ਪਾਈਪ ਅਤੇ ਕੱਪੜੇ-ਲੀੜੇ, ਸਭਨਾਂ 'ਚ ਕੋਈ ਨਾ ਕੋਈ ਰਸਾਇਣ ਹੈ। ਇਨ੍ਹਾਂ ਦੇ ਛੋਟੇ ਛੋਟੇ ਕਣ ਟੁੱਟ ਕੇ ਸਾਹ ਰਾਹੀਂ ਸਾਡੇ ਅੰਦਰ ਜਾਂਦੇ ਹਨ, ਫੇਫੜਿਆਂ 'ਚ ਜਮ੍ਹਾਂ ਹੁੰਦੇ ਹਨ, ਖੂਨ 'ਚ ਜਾਂਦੇ ਹਨ, ਤੰਤੂ ਪ੍ਰਬੰਧ 'ਚ ਪਰਵੇਸ਼ ਕਰਦੇ ਹਨ ਅਤੇ ਸਰੀਰ 'ਤੇ ਕੀ ਕੀ ਮਾਰੂ ਪ੍ਰਭਾਵ ਪਾਉਂਦੇ ਹਨ, ਇਨ੍ਹਾਂ ਬਾਰੇ ਪਹਿਲਾਂ ਤਾਂ ਉਪਭੋਗਤਾ ਨੂੰ ਪਤਾ ਹੀ ਨਹੀਂ ਪਰ ਜੇ ਉਨ੍ਹਾਂ ਨੂੰ ਬਣਾਉਣ ਵਾਲਿਆਂ ਨੂੰ ਪਤਾ ਵੀ ਹੋਵੇ ਤਾਂ ਉਨ੍ਹਾਂ ਖਪਤਕਾਰ ਨੂੰ ਦੱਸਣਾ ਕਦੇ ਨਹੀਂ ਕਿਉਂਕਿ ਉਨ੍ਹਾਂ ਤਾਂ ਆਪਣਾ ਸਾਮਾਨ ਵੇਚਣਾ ਹੈ। ਸੋ, ਅਸੀਂ ਜ਼ਹਿਰੀਲੇ ਵਾਤਾਵਰਣ ਦੇ ਭਵਸਾਗਰ 'ਚ ਡੁੱਬਦੇ ਚਲੇ ਜਾ ਰਹੇ ਹਾਂ।

ਇਹ ਤਾਂ ਕੁਝ ਕੁ ਹੀ ਮਿਸਾਲਾਂ ਹਨ, ਜੋ ਰੋਜ਼ਾਨਾ ਅਸੀਂ ਵੇਖਦੇ, ਭਾਂਪਦੇ ਤੇ ਮਹਿਸੂਸਦੇ ਹਾਂ। ਇੱਕਾ ਦੁੱਕਾ ਇਸ ਦੇ ਅਸਰ ਭਾਵੇਂ ਸਾਨੂੰ ਨਾ ਦਿਸਦੇ ਹੋਣ ਪਰ ਹੌਲੀ ਹੌਲੀ ਸਮਾਂ ਪਾ ਕੇ, ਇਨ੍ਹਾਂ ਦਾ ਜੋ ਮਾਰੂ ਪ੍ਰਭਾਵ ਪੈਂਦਾ ਹੈ, ਉਹ ਵੱਡੀ ਚਿੰਤਾ ਦਾ ਵਿਸ਼ਾ ਹੈ। ਮਿਸਾਲ ਵਜੋਂ ਅੱਜ ਤੋਂ ਕੁਝ ਸਮਾਂ ਪਹਿਲਾਂ ਐਸਬੈਸਟਿਸ ਦੀ ਵਰਤੋਂ ਪ੍ਰਚਲਿਤ ਸੀ, ਆਮ ਘਰਾਂ ਤੇ ਹੋਰ ਬੇਅੰਤ ਚੀਜ਼ਾਂ 'ਚ ਇਸ ਦਾ ਇਸਤੇਮਾਲ ਸੀ, ਸਮਾਂ ਪਾ ਕੇ ਜਾਹਰ ਹੋਇਆ ਕਿ ਇਹ ਫੇਫੜਿਆਂ 'ਤੇ ਕਿੰਨਾ ਮਾਰੂ ਅਸਰ ਛੱਡਦੀ ਹੈ ਤੇ ਕੈਂਸਰ ਦਾ ਕਾਰਨ ਬਣਦੀ ਹੈ। ਦਹਾਕਿਆਂ ਬੱਧੀ ਮਲੇਰੀਏ ਦੇ ਖਾਤਮੇ ਲਈ ਡੀ. ਡੀ. ਟੀ. ਮੱਛਰ ਮਾਰਨ ਲਈ ਵਰਤੀ 'ਚ ਰਹੀ ਹੈ। ਇਸੇ ਤਰ੍ਹਾਂ 2. 4. ਡੀ. ਵੱਖੋ ਵੱਖਰੇ ਕਮਰਸ਼ੀਅਲ ਨਾਂਵਾਂ ਥੱਲੇ ਫਾਰਮਾਂ ਅਤੇ ਘਰਾਂ 'ਚ ਜੜੀਆਂ ਬੂਟੀਆਂ ਮਾਰਨ ਲਈ ਬੇਤਹਾਸ਼ਾ ਵਰਤੀ, ਪਰ ਲੰਬਾ ਅਰਸਾ ਵਰਤੋਂ 'ਚ ਰਹਿਣ ਮਗਰੋਂ ਇਹ ਬੈਨ ਕਰ ਦਿੱਤੀਆਂ ਕਿਉਂਕਿ ਸਿਹਤ ਲਈ ਇਹ ਡਾਢੀਆਂ ਹਾਨੀਕਾਰਕ ਸਾਬਤ ਹੋਈਆਂ। ਅਜਿਹੀਆਂ ਹੋਰ ਬੇਅੰਤ ਰਸਾਇਣਕ ਚੀਜ਼ਾਂ ਸਾਡੇ ਰੋਜ਼ਾਨਾ ਜੀਵਨ 'ਚ ਹਾਲੇ ਵੀ ਇਸਤੇਮਾਲ ਹੋ ਰਹੀਆਂ ਹਨ, ਜਿਨ੍ਹਾਂ ਦੇ ਅਸਰ ਤੋਂ ਅਸੀਂ ਅਣਜਾਣ ਹਾਂ ਜਾਂ ਸਬੰਧਤ ਮਹਿਕਮੇ ਜਾਣ-ਬੁੱਝ ਕੇ ਦੱਸਣ ਤੋਂ ਕੁਤਾਹੀ ਕਰ ਰਹੇ ਹਨ।

ਸਮੁੱਚੇ ਵਾਤਾਵਰਣ ਨੂੰ ਕੰਟਰੋਲ ਕਰਨਾ ਭਾਵੇਂ ਇਕੱਲੇ ਦੁਕੱਲੇ ਦੇ ਬੱਸ 'ਚ ਨਹੀਂ ਪਰ ਇਸ ਬਾਰੇ ਚੌਕੰਨੇ ਹੋਣਾ ਤੇ ਆਪਣਾ ਜੀਵਨ ਢੰਗ ਉਸ ਤਰ੍ਹਾਂ ਦਾ ਬਣਾਉਣਾ ਜਾਂ ਅਪਨਾਉਣ ਦਾ ਯਤਨ ਕਰਨਾ, ਜਿਸ ਨਾਲ ਵਾਤਾਵਰਣ ਸ਼ੁੱਧ ਰਹੇ, ਇਹ ਤਾਂ ਬੱਸ 'ਚ ਜ਼ਰੂਰ ਹੈ। ਜੀਵਨ ਸਾਦਾ ਰੱਖਿਆ ਜਾਏ, ਬਹੁਤੇ ਰਸਾਇਣ ਵਰਤਣੋਂ ਪਰਹੇਜ਼ ਕੀਤਾ ਜਾਏ, ਭੋਜਨ ਤਾਜ਼ਾ ਘਰੇ ਹੀ ਤਿਆਰ ਕਰਕੇ ਖਾਧਾ ਜਾਏ। ਬਣੇ ਬਣਾਏ ਫਾਸਟ ਫੂਡ ਅਤੇ ਡੱਬਾ ਬੰਦ ਖਾਧ ਖੁਰਾਕ ਤੋਂ ਤੌਬਾ ਕੀਤੀ ਜਾਏ, ਇਤਿਆਦਿ ਕਦਮ ਤਾਂ ਅਸੀਂ ਇਕ ਇਕ ਕਰਕੇ ਚੁੱਕ ਸਕਦੇ ਹਾਂ। ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਅਤੇ ਸਰਬੱਤ ਦੇ ਭਲੇ ਨੂੰ ਸਨਮੁੱਖ ਇਸ ਨੂੰ ਆਪੋ ਆਪਣੇ ਤੌਰ 'ਤੇ ਪ੍ਰਚਾਰਿਆ ਜਾਏ ਤੇ ਇਨ੍ਹਾਂ ਵਾਰੇ ਚੇਤੰਨ ਰਹਿਣ ਦਾ ਤਹੱਈਆ ਕੀਤਾ ਜਾਏ। ਵਾਤਾਵਰਣ ਨੂੰ ਸ਼ੁੱਧ ਰੱਖਣ, ਖਰਾਬ ਹੋਣ ਤੋਂ ਬਚਾਉਣ ਵਾਲਿਆਂ ਨੂੰ ਸਹਿਯੋਗ ਦਿੱਤਾ ਜਾਏ ਤੇ ਬਰਾਬਰ ਦੇ ਬਦਲ ਲੱਭਣ ਲਈ ਕੋਸ਼ਿਸ਼ਾਂ ਕੀਤੀਆਂ ਜਾਣ, ਤਦੇ ਪਹਿਲਾਂ ਹੀ ਜ਼ਹਿਰੀਲੇ ਹੋ ਚੁਕੇ ਵਾਤਾਵਰਣ ਨੂੰ ਹੋਰ ਜ਼ਹਿਰੀਲਾ ਹੋਣ ਤੋਂ ਬਚਾਉਣ ਵਲ ਨੂੰ ਸੇਧ ਸੇਧੀ ਜਾ ਸਕੇਗੀ।

# ਗਊ ਰੱਖਿਆ ਦੇ ਨਾਂ 'ਤੇ ਕੀਤੇ ਕਤਲ

2010 ਤੋਂ 2017 ਵਿਚਕਾਰ 24 ਮੁਸਲਮਾਨਾਂ ਦੀਆਂ ਮੌਤਾਂ ਗਊ ਹਿੰਸਾ ਦੇ ਨਾਂ 'ਤੇ ਹੋਈਆਂ ਜਦਕਿ ਇਸ ਸਮੇਂ ਦੌਰਾਨ ਮੌਤਾਂ ਦੀ ਕੁਲ ਗਿਣਤੀ 28 ਸੀ। ਕੇਂਦਰ ਅਤੇ ਰਾਜ ਸਰਕਾਰਾਂ ਦੇ

ਜੁਗਰਾਜ ਸਿੰਘ ਗਿੱਲ, ਯੌਰਕ

ਕ੍ਰਾਈਮ ਡਾਟਾ (ਰਿਪੋਰਟਾਂ) ਇਸ ਵਿਸ਼ੇਸ਼ ਵਿਸ਼ੇ ਦੀ ਗੰਭੀਰ ਤਸਵੀਰ ਪੇਸ਼ ਕਰਨ ਵਿਚ ਅਸਫਲ ਰਿਹਾ ਹੈ। ਪਰ 'ਇੰਡੀਆਸਪੈਂਡ' ਦੀ ਰਿਪੋਰਟ ਰਾਹੀਂ ਪਹਿਲੀ ਵਾਰੀ ਅਜਿਹੇ ਭਿਆਨਕ ਵਰਨਣ ਵਾਲੇ ਅੰਕੜੇ ਸਾਹਮਣੇ ਆਏ।

ਇਸ ਅਨੁਸਾਰ ਗਊਆਂ ਨਾਲ ਸਬੰਧਤ ਮਾਮਲਿਆਂ ਵਿਚ 124 ਲੋਕਾਂ ਨੂੰ ਜ਼ਖ਼ਮੀ ਕੀਤਾ ਗਿਆ ਸੀ ਜਦ ਕਿ 50 ਪ੍ਰਤੀਸ਼ਤ ਮੁੱਦੇ ਅਫਵਾਹਾਂ 'ਤੇ ਹੀ ਆਧਾਰਤ ਸਨ। ਵੱਖੋ-ਵੱਖਰੇ ਧਰਮਾਂ 'ਤੇ ਆਧਾਰਤ ਹਿੰਸਾ ਦੇ ਮਾਮਲਿਆਂ ਵਿਚ 32 ਮੁਸਲਮਾਨ, 9 ਹਿੰਦੂ, 5 ਦਲਿਤ, 3 ਸਿੱਖ, ਇਕ ਈਸਾਈ ਅਤੇ 13 ਹੋਰ ਮਾਰੇ ਗਏ ਲੋਕਾਂ ਦੇ ਧਰਮ ਬਾਰੇ ਪਤਾ ਨਹੀਂ ਲੱਗਾ ਦਸਿਆ ਗਿਆ ਪਰ ਪਿਛਲੇ 7 ਸਾਲਾਂ ਦੌਰਾਨ ਗਊ ਹਿੰਸਾ ਸਬੰਧੀ ਹੋਏ ਕਤਲਾਂ ਵਿਚ 86 ਪ੍ਰਤੀਸ਼ਤ ਮੁਸਲਿਮ ਧਰਮ ਦੇ ਹੀ ਲੋਕ ਸਨ। ਸਾਲ 2017 ਇਸ ਮਾਮਲੇ ਵਿਚ ਸਭ ਤੋਂ ਭਿਅੰਕਰ ਰਿਹਾ। ਛੇ ਮਹੀਨਿਆਂ ਵਿਚ ਗਊ ਹੱਤਿਆ ਸਬੰਧੀ ਮਾਮਲਿਆਂ ਦੀਆਂ 20 ਰਿਪੋਰਟਾਂ ਦਰਜ ਹੋਈਆਂ ਸਨ। ਗਊਆਂ ਕਾਰਨ ਕੁੱਟ ਕੁੱਟ ਕੇ ਮਾਰ ਦੇਣਾ, ਮਾਰਧਾੜ, ਹਿੰਸਾ, ਖੂਨ ਖਰਾਬਾ, ਸਮੂਹਿਕ ਬਲਾਤਕਾਰ ਤੇ ਉਤਪੀੜਨ ਦੀਆਂ ਘਟਨਾਵਾਂ ਵੀ ਹੋਈਆਂ। ਦੋ ਘਟਨਾਵਾਂ ਵਿਚ ਤਾਂ ਪੀੜਤ ਅਤੇ ਉਨ੍ਹਾਂ ਦੀ ਜਾਨ ਬਚਾਉਣ ਵਾਲਿਆਂ ਨੂੰ ਵੀ ਬੰਨ੍ਹ ਕੇ ਕੁੱਟਿਆ ਗਿਆ ਅਤੇ ਨੰਗੇ ਕਰਕੇ ਘੁਮਾਇਆ ਗਿਆ। ਦੋ ਘਟਨਾਵਾਂ ਵਿਚ ਸ਼ਰੇਆਮ ਭੀੜ ਵਲੋਂ ਫਾਂਸੀ ਵੀ ਦੇ ਦਿੱਤੀ ਗਈ। ਨਤੀਜਨ ਗਊ ਹਿੰਸਕ ਘਟਨਾਵਾਂ ਕਾਰਨ ਕਤਲ 2016 ਦੇ ਮੁਕਾਬਲੇ 2017 ਵਿਚ 75 ਫੀਸਦੀ ਵਧ ਹੋਏ।

ਜਦੋਂ ਦੀ ਭਾਰਤ ਵਿਚ ਮੋਦੀ ਸਰਕਾਰ ਬਣੀ ਹੈ, ਤਦ ਤੋਂ ਹੀ ਮੁਸਲਮਾਨਾਂ ਵਿਰੁਧ ਗਊ ਹਤਿਆ ਸਬੰਧੀ ਮਾਮਲੇ ਵਧੇ ਹਨ। ਦੇਸ਼ ਭਰ ਵਿਚ 97 ਫੀਸਦੀ ਹਿੰਸਕ ਮਾਮਲੇ ਦਰਜ ਹੋਏ। ਇਨ੍ਹਾਂ ਵਿਚੋਂ ਅੱਧੇ ਤੋਂ ਵੱਧ ਤਾਂ ਅਫਵਾਹਾਂ 'ਤੇ ਆਧਾਰਤ ਸਨ ਜਦਕਿ 32 ਮਾਮਲੇ ਤਾਂ ਜਿਥੇ ਭਾਜਪਾ, 8 ਮਾਮਲੇ ਜਿਥੇ ਕਾਂਗਰਸੀ, ਸਮਾਜਵਾਦੀ ਪਾਰਟੀ, ਆਮ ਆਦਮੀ ਪਾਰਟੀ ਅਤੇ ਪੀਪਲ ਡੈਮੋਕਰੈਟਿਕ ਪਾਰਟੀਆਂ ਦੀਆਂ ਰਾਜ ਸਰਕਾਰਾਂ ਸਨ, ਉਸ ਵੇਲੇ ਹੋਏ। ਇਨ੍ਹਾਂ ਸਭ ਘਟਨਾਵਾਂ ਕਾਰਨ ਹੀ ਸੋਸ਼ਲ ਮੀਡੀਆ ਨੇ ਤਾਂ 'ਗਊ ਅਤਿਵਾਦ' ਦਾ ਨਾਂ ਵੀ ਲਿਖ ਦਿੱਤਾ ਸੀ।



ਭਾਰਤ ਦੇ 19 ਰਾਜਾਂ ਵਿਚ ਸਭ ਤੋਂ ਵੱਧ ਗਊ ਹਿੰਸਾ ਸਬੰਧੀ ਘਟਨਾਵਾਂ ਵਾਪਰੀਆਂ। ਪੂਰਬੀ ਤੇ ਦੱਖਣੀ ਭਾਰਤੀ ਰਾਜਾਂ ਵਿਚ 21 ਫੀਸਦੀ ਹਿੰਸਾ ਹੋਈ। ਅਸਾਮ ਵਿਚ 30 ਅਪਰੈਲ ਨੂੰ ਦੋ ਵਿਅਕਤੀਆਂ ਦੇ ਕਤਲ ਇਸੇ ਕਾਰਨ ਕੀਤੇ ਗਏ। ਯੂ. ਪੀ. ਵਿਚ 10, ਹਰਿਆਣਾ ਵਿਚ 9, ਗੁਜਰਾਤ ਵਿਚ 6, ਕਰਨਾਟਕਾ ਵਿਚ 6, ਮੱਧ ਪ੍ਰਦੇਸ਼ ਵਿਚ 4, ਦਿੱਲੀ ਵਿਚ 4 ਅਤੇ ਰਾਜਸਥਾਨ ਵਿਚ 4 ਘਟਨਾਵਾਂ ਵਾਪਰੀਆਂ। ਇਹ ਵਿਸ਼ਲੇਸ਼ਣ 25 ਜੂਨ 2017 ਤਕ ਦੀ ਹੀ ਦਰਜ ਹਿੰਸਾ ਰਿਪੋਰਟਾਂ 'ਤੇ ਆਧਾਰਤ ਹੈ, ਜਦਕਿ ਇਸ ਸਾਲ 2018 ਵਿਚ ਅਜਿਹੇ ਗਊ ਹਿੰਸਾ ਦੇ ਨਾਂ 'ਤੇ ਹੋਏ ਮਾਮਲੇ ਸ਼ਾਮਿਲ ਨਹੀਂ ਹਨ।

ਭਾਰਤੀ ਨਿਆਂ ਪ੍ਰਣਾਲੀ ਭੀੜ ਵੱਲੋਂ ਕੀਤੇ ਕਤਲਾਂ ਬਾਰੇ ਦੋਸ਼ੀਆਂ ਨੂੰ ਸਖ਼ਤ ਸਜ਼ਾਵਾਂ ਨਹੀਂ ਦੇ ਰਹੀ ਅਤੇ ਨਰਮ ਰੁਖ ਅਪਨਾ ਰਹੀ ਹੈ, ਜਦਕਿ ਕੋਡ ਆਫ ਕ੍ਰਿਮੀਨਲ ਪ੍ਰੋਸੀਜ਼ਰ ਸੈਕਸ਼ਨ 223 (ਏ) 1973 ਅਨੁਸਾਰ ਇਕ ਵਿਅਕਤੀ ਹੋਵੇ ਜਾਂ ਭੀੜ-ਦੋਵਾਂ ਲਈ ਇਕੋ ਜਿਹੇ ਜੁਰਮ ਖਾਤਰ ਇਕੋ ਜਿਹੀ ਸਜ਼ਾ ਹੈ।

###

## ਸਫਰ ਜ਼ਿੰਦਗੀ ਦਾ

# ਮੁੱਲ ਦਾ ਦੁੱਧ



ਕੁਲਦੀਪ ਸਿੰਘ ਗਿੱਲ
ਕੈਂਪਬੈਲ, ਕੈਲੀਫੋਰਨੀਆ
ਵੱਟਸਐਪ: 91-97795-84691

ਕੋਈ 30-35 ਸਾਲ ਪੁਰਾਣੀ ਗੱਲ ਹੈ। ਪਿੰਡਾਂ ਵਿਚ ਰਹਿਣ ਵਾਲੇ ਮੇਰੇ ਵਰਗੇ ਨੌਕਰੀ ਪੇਸ਼ਾ ਲੋਕਾਂ ਵਿਚ ਇੱਕ ਭੇਡ-ਚਾਲ ਜਿਹੀ ਸ਼ੁਰੂ ਹੋ ਗਈ ਕਿ ਸ਼ਹਿਰ ਰਹਿ ਕੇ ਜੁਆਕ ਪੜ੍ਹਾਏ ਜਾਣ। ਮੇਰੇ ਕਈ ਦੋਸਤਾਂ-ਮਿੱਤਰਾਂ ਦੇ ਬੱਚੇ ਸ਼ਹਿਰ ਦੇ ਵਧੀਆ ਪਬਲਿਕ ਸਕੂਲਾਂ ਵਿਚ ਪੜ੍ਹਦੇ ਸਨ। ਜਦੋਂ ਪਿੰਡ ਆਉਂਦੇ, ਭੁੱਟ ਭੁੱਟ ਅੰਗਰੇਜ਼ੀ ਬੋਲਦੇ। ਉਨ੍ਹਾਂ ਨੂੰ ਸੁਣ ਕੇ ਲਗਦਾ ਜੇ ਸ਼ਹਿਰ ਨਾ ਗਏ ਤਾਂ ਸਾਡੇ ਬੱਚੇ ਇੱਕ ਪੀੜ੍ਹੀ ਪੱਛੜ ਜਾਣਗੇ। ਸੋ, ਇਕ ਜਾਣਕਾਰ ਤੋਂ ਸ਼ਹਿਰ ਦੀ ਪੜ੍ਹਾਈ ਦਾ ਮੋਟਾ ਮੋਟਾ ਹਿਸਾਬ-ਕਿਤਾਬ ਸਮਝਣਾ ਸ਼ੁਰੂ ਕੀਤਾ। ਬੈਂਕ ਦੀ ਨੌਕਰੀ ਕਰਨ ਕਰਕੇ ਬਜਟ ਦੀ ਮਾੜੀ ਮੋਟੀ ਸਮਝ ਸੀ। ਆਮਦਨ-ਖਰਚ ਦਾ ਲੇਖਾ-ਜੋਖਾ ਮਿਲਾਇਆ। ਮਨ ਨੂੰ ਤਸੱਲੀ ਜਿਹੀ ਹੋ ਗਈ ਕਿ ਤਨਖਾਹ ਨਾਲ ਕੰਮ ਚੱਲ ਜਾਵੇਗਾ।

ਕੁਝ ਕੁ ਦਿਨਾਂ ਦੀ ਸੋਚ-ਵਿਚਾਰ ਮਗਰੋਂ ਬਦਲੀ ਲਈ ਅਰਜ਼ੀ ਭੇਜ ਦਿੱਤੀ। ਪੰਜ-ਸੱਤ ਮਹੀਨਿਆਂ ਦੀ ਉਡੀਕ ਪਿਛੋਂ ਬਦਲੀ ਦੇ ਆਰਡਰ ਆਉਣ ਦੀ ਮੁੰਡਾ ਜੰਮਣ ਜਿੰਨੀ ਖੁਸ਼ੀ ਹੋਈ। ਸ਼ਹਿਰ ਜਾਣ ਦੀ ਤਿਆਰੀ ਲਈ ਸਮਾਂ ਬਹੁਤ ਘੱਟ ਮਿਲਿਆ ਕਿਉਂਕਿ ਆਰਡਰ ਆਉਣ ਸਾਰ ਬੈਂਕ ਮੈਨੇਜਰ ਨੇ ਰਿਲੀਵ ਕਰਕੇ ਪਰੇ ਮਾਰਿਆ। ਉਹਨੂੰ ਆਵਦੀ ਭਤੀਜੀ ਨੂੰ ਲਿਆਉਣ ਦੀ ਕਾਹਲੀ ਸੀ, ਜਿਹਨੇ ਮੇਰੀ ਥਾਂ ਜੁਆਇਨ ਕਰਨਾ ਸੀ। ਘਰ ਦਾ ਮਾੜਾ-ਮੋਟਾ ਸਮਾਨ ਇਕੱਠਾ ਕਰਕੇ ਬੰਨਿਆ। ਸ਼ਹਿਰ ਇੱਕ ਜਾਣਕਾਰ ਦਾ ਪੁਰਾਣਾ ਮਕਾਨ ਡੇਢ ਸੌ ਰੁਪਏ ਮਹੀਨਾ ਕਰਾਏ 'ਤੇ ਲੈ ਲਿਆ।

ਫਰਵਰੀ ਮਹੀਨੇ ਵੱਡੇ ਮੁੰਡੇ ਦਾ ਸਕੂਲ ਦਾਖਲਾ ਸੀ। ਇੱਕ ਜਾਣਕਾਰ, ਜੋ ਪਬਲਿਕ ਸਕੂਲ ਵਿਚ ਬਾਸਕਿਟ ਬਾਲ ਦਾ ਕੋਚ ਸੀ ਤੇ ਆਪ ਆਪਣੇ ਸਮੇਂ ਚੰਗਾ ਖਿਡਾਰੀ ਰਿਹਾ ਸੀ, ਨੇ ਸਲਾਹ ਦਿੱਤੀ ਕਿ ਦਾਖਲੇ ਤੋਂ ਇਕ ਦਿਨ ਪਹਿਲਾਂ ਫਾਰਮ ਲੈ ਕੇ ਸਕੂਲ ਖੁਲ੍ਹਣਸਾਰ ਜਮਾਂ ਕਰਵਾ ਦਿਓ। ਨਾਲੇ ਤਾਂ ਸਵੇਰੇ ਜਲਦੀ ਵਾਰੀ ਆ ਜੂ ਤੇ ਨਾਲੇ, ਪਹਿਲੇ ਤੀਹਾਂ ਦਾ 'ਏ' ਸੈਕਸ਼ਨ ਬਣਦਾ ਹੈ, ਮਿਲ ਜੂ। ਅਗਲੇ ਦਿਨ ਫਾਰਮ ਜਮਾਂ ਕਰਾ ਕੇ ਵਾਰੀ ਦੀ ਉਡੀਕ ਕਰਦਿਆਂ ਪਤਾ ਲੱਗਾ ਕਿ ਸਕੂਲ ਪ੍ਰਿੰਸੀਪਲ ਤੇ ਕਲਾਸ ਟੀਚਰ ਪਹਿਲਾਂ ਮਾਂ-ਪਿਉ ਦੀ ਇੰਟਰਵਿਊ ਲੈਂਦੇ ਐ ਤਾਂ ਕਿ ਪਤਾ ਕਰ ਸਕਣ ਕਿ ਘਰੇ ਕੋਈ ਹੋਮ ਵਰਕ ਕਰਾਉਣ ਵਾਲਾ ਵੀ ਹੈਗਾ ਕਿ ਨਹੀਂ। ਮੇਰੀ ਪਤਨੀ ਪੜ੍ਹੀ ਲਿਖੀ ਹੈ ਪਰ ਕੋਈ ਨੌਕਰੀ ਨਹੀਂ ਕਰਦੀ ਸੀ। ਸੋ ਐਵੇਂ ਡਰੀ ਜਾਵੇ ਕਿ ਪਤਾ ਨਹੀਂ ਇੰਟਰਵਿਊ ਵਿਚ ਕੀ ਪੁੱਛਣਗੇ? ਦੁਪਹਿਰੇ ਵਾਰੀ ਆਈ ਤਾਂ ਅਸੀਂ ਦੋਵੇਂ ਅਤੇ ਬੱਚਾ ਪਾਸ ਹੋ ਗਏ। ਉਸ ਸਕੂਲ ਵਿਚ ਉਨ੍ਹੀਂ ਦਿਨੀਂ ਇਹ ਪ੍ਰਚਲਿਤ ਸੀ ਕਿ 'ਏ' ਸੈਕਸ਼ਨ ਹੁਸ਼ਿਆਰ ਬੱਚਿਆਂ ਦਾ ਹੀ ਹੁੰਦਾ ਹੈ। ਉਸ ਸੈਕਸ਼ਨ ਦੀ ਟੀਚਰ ਕਾਫੀ ਮਿਹਨਤੀ ਸੀ। ਫਿਰ ਹੌਲੀ ਹੌਲੀ ਪਿੱਛੇ ਰਹਿ ਗਏ ਬੱਚਿਆਂ ਨੂੰ 'ਬੀ' ਤੇ 'ਸੀ' ਸੈਕਸ਼ਨ ਵਿਚ ਕਰ ਦਿੰਦੇ ਹਨ। ਫੀਸ ਜਮਾਂ ਕਰਾਉਣ ਲੱਗਿਆਂ ਨੂੰ ਵਰਦੀ ਤੇ ਕਿਤਾਬਾਂ ਵੇਚਣ ਵਾਲਿਆਂ ਦੀ ਲੰਮੀ ਲਿਸਟ ਫੜ੍ਹਾ ਦਿੱਤੀ।

ਕਈ ਆਂਢੀ-ਗੁਆਂਢੀ ਅਤੇ ਰਿਸ਼ਤੇਦਾਰ ਲੰਘਦੇ ਟੱਪਦੇ ਘਰ ਆ ਜਾਂਦੇ। ਪਿੰਡ ਘਰੇ ਮੱਝਾਂ-ਗਾਈਆਂ ਦਾ ਖੁੱਲ੍ਹਾ ਦੁੱਧ ਘਿਓ ਛੱਡ ਕੇ ਆਏ ਸਾਂ। ਸੋ ਕਈ ਮਹੀਨੇ ਸੀਮਤ ਸਾਧਨਾਂ ਨਾਲ ਸਾਰਨ ਦੀ ਜਾਚ ਸਿਖਣ ਵਿਚ ਲੱਗ ਗਏ। ਘਰ ਵਾਲੀ ਦੂਰੋਂ-ਨੇੜਿਓਂ ਆਏ ਰਿਸ਼ਤੇਦਾਰਾਂ ਨਾਲ ਹਸਪਤਾਲ ਜਾ ਕੇ ਡਾਕਟਰਾਂ ਤੋਂ ਦਵਾਈ ਦੁਆਉਂਦੀ। ਦਾਖਲ ਹੋਏ ਮਰੀਜ਼ਾਂ ਲਈ ਰੋਟੀ-ਚਾਹ ਪਹੁੰਚਾਉਣ ਤੋਂ ਇਲਾਵਾ ਵਾਰਸਾਂ ਲਈ ਮੰਜਾ ਬਿਸਤਰਾ ਤੇ ਨਾਹੁਣ-ਧੋਣ ਦਾ ਇੰਤਜ਼ਾਮ ਕਰਦੀ। ਕਦੇ-ਕਦੇ ਕਿਸੇ ਮਰੀਜ਼ ਨੂੰ ਲੈ ਕੇ ਆਏ ਸੱਜਣ ਦੋ-ਚਾਰ ਸੌ ਉਧਾਰ ਵੀ ਮੰਗ ਲੈਂਦੇ। ਇੱਕ ਵਾਰ ਇਕ ਸ਼ਰਾਬੀ ਦੋਸਤ ਮੁੰਡਾ ਬਿਮਾਰ ਦਾ ਬਹਾਨਾ ਲਾ ਕੇ ਪੰਜ ਸੌ ਦੀ ਠੱਗੀ ਮਾਰ ਗਿਆ। ਅਸੀਂ ਆਪ ਉਧਾਰ ਲੈ ਕੇ ਮਹੀਨਾ ਕੱਢਿਆ।

ਕਈ ਵਾਰ ਦਾਜ ਵਰੀ ਖਰੀਦਣ ਆਈਆਂ ਬੀਬੀਆਂ ਆਪਣੇ ਨਾਲ ਘਰਵਾਲੀ ਨੂੰ ਬਾਜ਼ਾਰ ਬਜਾਜੀ ਖਰੀਦਣ ਲੈ ਤੁਰਦੀਆਂ। ਦੋਵੇਂ ਬੱਚੇ ਸਕੂਲ ਪੜ੍ਹਦੇ ਸਨ। ਸਕੂਲੋਂ ਆਇਆਂ ਨੂੰ ਰੋਟੀ-ਪਾਣੀ ਦੇਣਾ ਅਤੇ ਸਕੂਲ ਦਾ ਕੰਮ ਕਰਵਾਉਣਾ ਕਈ ਵਾਰ ਲੇਟ ਹੋ ਜਾਂਦਾ। ਘਰ ਵਾਲੀ ਨੇ ਕਦੇ ਨਾਂਹ ਨਹੀਂ ਸੀ ਕੀਤੀ। ਇੱਕ ਦੋ ਰਿਸ਼ਤੇਦਾਰ ਬੱਚੇ ਸਾਡੇ ਕੋਲ ਰਹਿ ਕੇ ਪੜ੍ਹਨ ਲੱਗੇ। ਕਦੇ ਮੱਥੇ ਵੱਟ ਨਹੀਂ ਪਾਇਆ, ਆਪਣੇ ਬੱਚਿਆਂ ਵਾਂਗ ਸਮਝਿਆ। ਅੱਜ ਵੀ ਉਹ ਵਿਦੇਸ਼ਾਂ ਵਿਚ ਬੈਠੇ ਆਪਣੇ ਮਾਪਿਆਂ ਨਾਲੋਂ ਵੱਧ ਸਾਡਾ ਸਤਿਕਾਰ ਕਰਦੇ ਹਨ। ਇੱਕ ਦੋ ਰਿਸ਼ਤੇਦਾਰ, ਜਿਨ੍ਹਾਂ ਦੇ ਬੱਚਿਆਂ ਨੂੰ ਕੋਲ ਰੱਖਣ ਤੋਂ ਅਸਮਰੱਥਾ ਦੱਸੀ, ਨਾਰਾਜ਼ ਵੀ ਹੋ ਗਏ। ਇੱਕ ਨੇ ਤਾਂ ਪਿੰਡੋਂ ਰੋਜ ਦੁੱਧ ਭੇਜਣ ਦੀ ਪੇਸ਼ਕਸ਼ ਵੀ ਕਰ ਦਿੱਤੀ ਸੀ।

ਇੱਕ ਵਾਰ ਇੱਕ ਰਿਸ਼ਤੇਦਾਰ ਦਾ ਮੁੰਡਾ ਅਮਰੀਕਾ ਤੋਂ ਆਪਣੀ ਭਰਜਾਈ ਨੂੰ ਅਮਰੀਕਾ



ਲਿਜਾਣ ਲਈ ਜਾਅਲੀ ਮੈਰਿਜ ਰਜਿਸਟਰੇਸ਼ਨ ਕਰਵਾਉਣ ਆਇਆ। ਦੁੱਧ ਦੀ ਕੈਨੀ ਰਸੋਈ ਵਿਚ ਰੱਖ ਕੇ ਗਵਾਹੀ ਲਈ ਮੈਨੂੰ ਤਿਆਰ ਕਰਨ ਲੱਗਾ। ਅਗਲੇ ਅੰਜਾਮ ਤੋਂ ਡਰਦਿਆਂ ਮੈਂ ਕਾਫੀ ਟਾਲ ਮਟੋਲ ਕੀਤੀ। ਜੀ ਕੀਤਾ ਉਹਦੇ ਲਿਆਂਦੇ ਦੁੱਧ ਦੀ ਕੈਨੀ ਗਲੀ ਵਿਚ ਮਾਰਾਂ ਪਰ ਜੱਕੋ-ਤੱਕੋ ਵਿਚ ਨਾਲ ਜਾਣ ਤੋਂ ਨਾਂਹ ਨਾ ਕਰ ਸਕਿਆ। ਫਾਰਮ ਭਰਨ ਵਾਲੇ ਅਰਜ਼ੀ ਨਵੀਸ ਨੇ ਕਾਗਜ਼ ਮੂਹਰੇ ਰੱਖ ਦਿੱਤਾ। ਦਸਤਖਤ ਕਰਨ ਤੋਂ ਬਿਨਾ ਕੋਈ ਚਾਰਾ ਨਹੀਂ ਸੀ ਪਰ ਪਰਮਾਤਮਾ ਦੀ ਮਿਹਰ ਕਾਰਨ ਜਾਅਲੀ ਗਵਾਹੀ ਤੋਂ ਬਚਾਅ ਹੋ ਗਿਆ। ਤਹਿਸੀਲਦਾਰ ਨੇ ਕਿਸੇ ਨੰਬਰਦਾਰ ਜਾਂ ਵਕੀਲ ਨੂੰ ਗਵਾਹੀ ਲਈ ਲਿਆਉਣ ਦਾ ਹੁਕਮ ਸੁਣਾ ਕੇ ਮੇਰੇ ਦਸਤਖਤਾਂ 'ਤੇ ਲੀਕ ਮਾਰ ਦਿੱਤੀ। ਮਸਾਂ ਖਹਿੜਾ ਛੁੱਟਿਆ।

ਪਹਿਲਾਂ ਪਹਿਲਾਂ ਸ਼ਹਿਰ ਰਹਿਣ ਸਾਰ ਇੱਕ ਜਾਣਕਾਰ ਦੇ ਘਰ ਦੁੱਧ ਲਾ ਲਿਆ। ਦੋ ਚਾਰ ਮਹੀਨਿਆਂ ਮਗਰੋਂ ਉਹਦੀ ਘਰ ਵਾਲੀ ਕਿਸੇ ਹੋਰ ਜਨਾਨੀ ਕੋਲ ਦੱਸ ਬੈਠੀ ਕਿ ਅਸੀਂ ਪਾਣੀ ਤੋਂ ਬਿਨਾ ਕੋਈ ਮਿਲਾਵਟ ਨਹੀਂ ਕਰਦੇ। ਅਗਾਂਹ ਹੌਲੀ ਹੌਲੀ ਖਬਰ ਸਾਡੇ ਕੋਲ ਪਹੁੰਚੀ। ਉਹਦਾ ਦੁੱਧ ਪਤਲਾ ਲੱਗਣ ਲੱਗ ਪਿਆ। ਉਹਤੋਂ ਦੁੱਧ ਹਟਾ ਕੇ ਨਾਲ ਦੇ ਪਿੰਡੋਂ ਆਉਂਦੇ ਇੱਕ ਹੋਰ ਤੋਂ ਦੁੱਧ ਲੈਣ ਲੱਗੇ। ਉਸ ਨੇ ਦੂਜੇ ਨਾਲੋਂ ਮਹਿੰਗਾ ਪਰ ਖਰਾ ਦੁੱਧ ਦੇਣ ਦਾ ਵਾਅਦਾ ਕੀਤਾ। ਨੌਕਰੀ 'ਤੇ ਜਾਣ-ਪਛਾਣ ਹੋਣ ਕਰਕੇ ਇੱਕ ਡਾਕਟਰ ਨੂੰ ਵੀ ਉਹਦਾ ਦੁੱਧ ਲਵਾ ਦਿੱਤਾ। ਅੱਗੇ ਡਾਕਟਰ ਨੇ ਹੋਰ ਇਕ ਦੋ ਜਾਣਕਾਰ ਲਵਾ ਦਿੱਤੇ। ਕਈ ਡਾਕਟਰ ਤੇ ਪੁਲਿਸ ਵਾਲੇ ਉਸ ਤੋਂ ਦੁੱਧ ਲੈਣ ਲੱਗੇ।

ਮੈਨੂੰ ਸ਼ੱਕ ਹੋਇਆ ਕਿ ਇਹ ਇੰਨਾ ਦੁੱਧ ਕਿੱਥੋਂ ਲੈ ਕੇ ਆਉਂਦਾ ਹੈ? ਮੈਂ ਡਾਕਟਰ ਕੋਲ ਗੱਲ ਕੀਤੀ। ਉਹਨੇ ਅੱਗੇ ਕਿਸੇ ਲਬਾਰਟਰੀ 'ਚੋਂ ਦੁੱਧ ਟੈਸਟ ਕਰਵਾਇਆ। ਪਤਾ ਲੱਗਾ ਕਿ ਸ਼ੈਂਪੂ, ਯੂਰੀਆ ਤੇ ਹੋਰ ਕਈ ਕੁਝ ਮਿਲਿਆ ਹੋਇਆ ਹੈ। ਡਾਕਟਰ ਨੇ ਪੁਲਿਸ ਕੋਲ ਸ਼ਿਕਾਇਤ ਕਰ ਦਿੱਤੀ। ਛਾਪਾ ਮਾਰਨ ਸਮੇਂ ਕਾਫੀ ਸਮਾਨ ਫੜਿਆ ਵੀ ਗਿਆ। ਆਪ ਉਹ ਭੱਜ ਗਿਆ ਜਾਂ ਭੱਜਾ ਦਿੱਤਾ ਗਿਆ। ਯਾਦ ਨਹੀਂ, ਕਿੰਨੇ ਸਾਲ ਅਸੀਂ ਉਹਦਾ 'ਖਰਾ' ਦੁੱਧ ਪੀਂਦੇ ਰਹੇ। ਕੇਸ ਦਾ ਪਤਾ ਨਹੀਂ ਕੀ ਬਣਿਆ? ਕਈ ਸਾਲ ਬਾਅਦ ਜਦੋਂ ਮੈਂ ਇੰਡੀਆ ਗਿਆ, ਉਹੀ ਦੋਧੀ ਹਲਵਾਈ ਦੀ ਦੁਕਾਨ ਦਾ ਮਾਲਕ ਬਣਿਆ ਬੈਠਾ ਸੀ।

ਰਿਸ਼ਤੇਦਾਰੀ ਵਿਚੋਂ ਇੱਕ ਮਾਸੀ ਦਾ ਕਾਫੀ ਆਉਣ-ਜਾਣ ਸੀ। ਜਦੋਂ ਵੀ ਆਉਣਾ, ਉਹਨੇ ਪੁੱਛਣਾ, "ਪੁੱਤ ਫਸਲ ਵਾੜੀ ਕਿਵੇਂ ਆ, ਲਵੇਰਾ ਹੈਗਾ?" ਦੋ-ਚਾਰ ਵਾਰ ਮੈਂ ਵੈਸੇ ਹੀ 'ਠੀਕ ਹੈ' ਕਹਿ ਕੇ ਸਾਰ ਦਿੱਤਾ। ਇੱਕ ਵਾਰ ਸੋਚਿਆ ਕਿ ਮਾਸੀ ਨੂੰ ਸ਼ਹਿਰ ਦੇ ਕੰਮ-ਕਾਰ ਦੀ ਸਹੀ ਜਾਣਕਾਰੀ ਦੇਈਏ! ਸੋ, ਮੈਂ ਮਾਸੀ ਨੂੰ ਸਮਝਾਉਣ ਲੱਗਾ, "ਮਾਸੀ ਫਸਲ ਵਾੜੀ ਇੱਥੇ ਕੋਈ ਨਹੀਂ। ਮੈਂ ਬੈਂਕ ਵਿਚ ਨੌਕਰੀ ਕਰਦਾ ਹਾਂ, ਘਰ ਕੋਈ ਮੱਝ-ਗਾਂ ਵੀ ਨਹੀਂ ਹੈ। ਗੜਵੀ ਲਵੇਰਾ ਹੈ, ਜਿੰਨਾ ਦੁੱਧ ਲੋੜ ਹੋਵੇ, ਲੈ ਲਈਦਾ।"

ਮੈਂ ਮਾਸੀ ਨੂੰ ਸ਼ਹਿਰੀ ਜੀਵਨ ਦੀ ਪਹਿਲੀ ਮੁਸ਼ਕਿਲ ਦੱਸੀ। ਅਗਲੀ ਵਾਰੀ ਜਦੋਂ ਮਾਸੀ ਆਈ, ਉਹਦੇ ਹੱਥ ਦੁੱਧ ਦੀ ਬੋਤਲ ਸੀ। ਬੈਠਣ ਸਾਰ ਮੇਰੀ ਘਰ ਵਾਲੀ ਨੂੰ ਕਹਿਣ ਲੱਗੀ, "ਪੁੱਤ ਚਾਹ ਨਾ ਬਣਾਇਆ ਜੇ। ਮੇਰਾ ਜੀ ਨਹੀਂ ਕਰਦਾ ਚਾਹ ਨੂੰ। ਹੋਰ ਦੱਸ ਤੇਰਾ ਬੈਂਕ ਕਿਵੇਂ ਐਂ, ਨਿਆਣੇ ਨਿੱਕੇ ਕਿਵੇਂ ਐ?"

"ਸਭ ਕੁਝ ਵਧੀਆ ਐ ਮਾਸੀ, ਰੱਬ ਦੀ ਮਿਹਰ ਐ।" ਮੈਨੂੰ ਮਾਸੀ ਦੀ ਚਾਹ ਤੋਂ ਨਾਂਹ ਕਰਨੀ ਓਪਰੀ ਜਿਹੀ ਲੱਗ ਰਹੀ ਸੀ।

"ਮਾਸੀ ਚਾਹ ਕਦੋਂ ਛੱਡ'ਤੀ?" ਮੈਂ ਹੈਰਾਨੀ ਨਾਲ ਕਿਹਾ।

"ਛੱਡੀ ਕਦੋਂ ਆ ਪੁੱਤ! ਪਿੰਡ ਤਾਂ ਅੱਗ ਲੱਗੜੀ ਦਾ ਪਤੀਲਾ ਸਾਰਾ ਦਿਨ ਚੁੱਲੇ 'ਤੇ ਪਿਆ ਰਹਿੰਦਾ, ਮਖਿਆ ਥੋਡਾ ਭਾਈ ਮਹਿੰਗੇ ਮੁੱਲ ਦਾ ਦੁੱਧ ਐ, ਮੇਰਾ ਕੀ ਐ? ਜਵਾਕ ਭੋਰਾ ਪੀ ਲੈਣਗੇ।" ਮਾਸੀ ਦੀ ਸਹਿਜ ਸੁਭਾਅ ਕਹੀ ਗੱਲ ਸੁਣ ਕੇ ਮੇਰੀ ਮੁੜ ਚਾਹ ਬਾਰੇ ਪੁੱਛਣ ਦੀ ਹਿੰਮਤ ਨਾ ਰਹੀ।

ਵਿਦੇਸ਼ ਵਿਚ ਰਹਿੰਦਿਆਂ ਕਾਫੀ ਸਮਾਂ ਹੋ ਗਿਆ ਹੈ। ਮਾਸੀ ਵੀ ਕਈ ਸਾਲ ਪਹਿਲਾਂ ਚਲਾਣਾ ਕਰ ਗਈ ਹੈ। ਇੱਥੇ ਦੁੱਧ ਘਿਉ ਦੀ ਕੋਈ ਘਾਟ ਨਹੀਂ, ਹਰੇਕ ਚੀਜ਼ ਸ਼ੁੱਧ ਤੇ ਵਾਧੂ ਹੈ। ਪਰਮਾਤਮਾ ਦੀ ਮਿਹਰ ਨਾਲ ਹਰੇਕ ਸਹੂਲਤ ਹੈ। ਬੱਚਿਆਂ ਦੀ ਥਾਂ ਪੋਤਰੇ ਪੋਤਰੀਆਂ ਨੇ ਲੈ ਲਈ ਹੈ। ਫਿਰ ਵੀ ਰਾਤ ਨੂੰ ਜਦੋਂ ਕੋਈ ਦੁੱਧ ਪੀਣ ਨੂੰ ਕਹਿੰਦਾ ਹੈ, ਮਾਸੀ ਦੀ ਕਹੀ ਗੱਲ ਯਾਦ ਆ ਜਾਂਦੀ ਹੈ। ਇੰਜ ਲਗਦਾ ਹੈ, ਜਿਵੇਂ ਕੋਈ ਮੈਨੂੰ ਦੁੱਧ ਪੀਣ ਤੋਂ ਰੋਕ ਰਿਹਾ ਹੋਵੇ। ਹੱਥ ਦੁੱਧ ਦਾ ਗਲਾਸ ਫੜ੍ਹਦੇ ਫੜ੍ਹਦੇ ਰੁਕ ਜਾਂਦੇ ਹਨ।

# ਰਿਸ਼ਤਿਆਂ ਦੇ ਬਦਲ ਰਹੇ ਰੂਪ

ਰਸ਼ਪਿੰਦਰ ਪਾਲ ਕੌਰ

ਮਨੁੱਖ ਇਕ ਸਮਾਜਿਕ ਪ੍ਰਾਣੀ ਹੈ। ਸਮਾਜ 'ਚ ਰਹਿੰਦਿਆਂ ਉਸ ਦੇ ਅਨੇਕਾਂ ਰਿਸ਼ਤੇ ਬਣੇ ਹੋਏ ਹਨ, ਜਿਵੇਂ ਮਾਤਾ-ਪਿਤਾ, ਚਾਚੇ-ਤਾਏ, ਭੈਣ-ਭਰਾ ਤੇ ਹੋਰ ਕਈ ਰਿਸ਼ਤੇ। ਇਕੱਲਿਆਂ ਇਸ ਸਮਾਜ 'ਚ ਰਹਿਣ ਦੀ ਕਲਪਨਾ ਨਹੀਂ ਕੀਤੀ ਜਾ ਸਕਦੀ। ਮਹਾਨ ਫਿਲਾਸਫਰ ਅਰਸਤੂ ਦਾ ਕਥਨ ਹੈ, ਜੋ ਮਨੁੱਖ ਸਮਾਜ ਤੋਂ ਵੱਖ ਰਹਿਣ ਦੀ ਗੱਲ ਕਰਦਾ ਹੈ, ਉਹ ਜਾਂ ਤਾਂ ਪਸ਼ੂ ਹੈ ਜਾਂ ਦੇਵਤਾ।

ਸਵਾਲ ਹੈ ਕਿ ਇਹ ਰਿਸ਼ਤੇ ਸਾਡੇ ਲਈ ਕੀ ਮਹੱਤਤਾ ਰਖਦੇ ਹਨ? ਰਿਸ਼ਤੇ ਸਾਡੀ ਸਾਂਝ ਤੇ ਅਪਣੱਤ ਦਾ ਸੁੰਦਰ ਰੂਪ ਹਨ, ਸਾਡਾ ਸਹਾਰਾ ਹਨ। ਰਿਸ਼ਤੇ ਸਾਡੇ ਭਾਈਚਾਰੇ ਦਾ ਇਕ ਅੰਗ ਹਨ। ਰਿਸ਼ਤਿਆਂ 'ਚ ਬੱਝ ਕੇ ਹੀ ਸਾਨੂੰ ਆਪਣੀਆਂ ਜਿੰਮੇਵਾਰੀਆਂ ਦਾ ਅਹਿਸਾਸ ਹੁੰਦਾ ਹੈ।

ਬਦਲ ਰਹੇ ਸਮੇਂ ਅਨੁਸਾਰ ਰਿਸ਼ਤਿਆਂ ਦਾ ਰੂਪ ਵੀ ਬਦਲ ਰਿਹਾ ਹੈ। ਰਿਸ਼ਤਿਆਂ ਵਿਚਲੀ ਘਟ ਰਹੀ ਮਿਠਾਸ ਤੇ ਅਪਣੱਤ ਲਈ ਅਸੀਂ ਖੁਦ ਜਿੰਮੇਵਾਰ ਹਾਂ ਕਿਉਂਕਿ ਇਸ ਮਸ਼ੀਨੀ ਯੁੱਗ ਵਿਚ ਮਨੁੱਖ ਇਕ ਮਸ਼ੀਨ ਹੀ ਬਣ ਗਿਆ ਹੈ। ਉਹ ਹਰ ਕੰਮ ਵਿਚ ਕਾਹਲੀ ਕਰਦਾ ਹੈ। ਇਸ ਮਸ਼ੀਨੀ ਯੁੱਗ ਵਿਚ ਮਨੁੱਖ ਕੋਲ ਇਨ੍ਹਾਂ ਰਿਸ਼ਤਿਆਂ ਦਾ ਨਿੱਘ ਮਾਣਨ ਦਾ ਸਮਾਂ ਹੀ ਨਹੀਂ। ਉਹ ਆਪਣੇ ਰਿਸ਼ਤੇਦਾਰਾਂ ਕੋਲ ਜਾਣ, ਉਨ੍ਹਾਂ ਨਾਲ ਗੱਲਬਾਤ ਕਰਨ ਅਤੇ ਦੁੱਖ-ਸੁੱਖ ਸਾਂਝਾ ਕਰਨ ਨੂੰ ਸਮੇਂ ਅਤੇ ਪੈਸੇ ਦੀ ਬਰਬਾਦੀ ਕਹਿੰਦਾ ਹੈ। ਰਹਿੰਦੀ ਕਸਰ ਟੈਲੀਫੋਨ, ਇੰਟਰਨੈਟ ਤੇ ਸੋਸ਼ਲ ਮੀਡੀਏ ਨੇ ਪੂਰੀ ਕਰ ਦਿੱਤੀ ਹੈ ਕਿਉਂਕਿ ਇਨ੍ਹਾਂ ਰਾਹੀਂ ਅਸੀਂ ਘਰ ਬੈਠੇ-ਬਿਠਾਏ ਹੀ ਖੁਸ਼ੀ ਜਾਂ ਗਮੀ ਦੇ ਮੌਕੇ ਦੋ ਚਾਰ ਰਸਮੀ ਜਿਹੀਆਂ ਗੱਲਾਂ ਨਾਲ ਹੀ ਕੰਮ ਸਾਰ ਲੈਂਦੇ ਹਾਂ, ਇਸ ਕਰਕੇ ਇਹ ਰਿਸ਼ਤੇ ਰਸਮੀ ਜਿਹੇ ਹੋ ਗਏ ਹਨ ਅਤੇ ਇਨ੍ਹਾਂ ਵਿਚਲਾ ਨਿੱਘ ਤੇ ਪਿਆਰ ਖਤਮ ਹੋ ਰਿਹਾ ਹੈ। ਜੇ ਕੋਈ ਕਸਰ ਬਾਕੀ ਸੀ ਤਾਂ ਅਜੋਕੇ ਕੰਪਿਊਟਰਾਂ ਤੇ ਸੈਲਫੋਨਾਂ ਨੇ ਪੂਰੀ ਕਰ ਦਿੱਤੀ ਹੈ। ਘਰ ਦੇ ਜੀਅ ਆਪੋ ਆਪਣੇ ਕਮਰਿਆਂ ਵਿਚ ਕੰਪਿਊਟਰ ਅੱਗੇ ਬੈਠੇ ਆਪਣੇ ਆਪ ਨੂੰ ਕੈਦ ਕਰ ਲੈਂਦੇ ਹਨ। ਅਕਸਰ ਵੇਖਦੇ ਹਾਂ ਕਿ ਘਰ ਦੇ ਇਕੋ ਕਮਰੇ ਵਿਚ ਬੈਠੇ ਬੱਚੇ ਆਪਸ ਵਿਚ ਗੱਲ ਕਰਨ ਦੀ ਥਾਂ ਸੈਲਫੋਨ 'ਤੇ ਟੈਕਸਟ ਕਰਨ ਵਿਚ ਰੁੱਝੇ ਹੁੰਦੇ ਹਨ। ਇਹ ਸਭ ਕੁਝ ਰਿਸ਼ਤਿਆਂ ਨੂੰ ਪੀਡੇ ਹੋਣ ਹੀ ਨਹੀਂ ਦਿੰਦਾ ਤੇ ਇਕੱਲ ਵਧਾਉਂਦਾ ਹੈ।

ਇਕ ਸਮਾਂ ਹੁੰਦਾ ਸੀ ਜਦੋਂ ਸੰਯੁਕਤ ਪਰਿਵਾਰ ਹੋਇਆ ਕਰਦੇ ਸਨ ਅਤੇ ਪਰਿਵਾਰ ਦੇ ਸਾਰੇ ਜੀਅ ਇਕੱਠੇ ਰਹਿੰਦੇ ਸਨ। ਘਰ ਭਰਿਆ-ਭਰਿਆ ਲਗਦਾ ਹੁੰਦਾ ਸੀ। ਹਰ ਰਿਸ਼ਤੇ ਦੀ ਇਕ ਵੱਖਰੀ ਪਛਾਣ ਸੀ ਪਰ ਅੱਜ ਹਾਲਾਤ ਇਸ ਤਰ੍ਹਾਂ ਦੇ ਹਨ ਕਿ ਕੁਝ ਰਿਸ਼ਤੇ ਬਿਲਕੁਲ ਅਲੋਪ ਹੋ ਗਏ ਹਨ। ਜਿਸ ਘਰ ਵਿਚ ਇਕੱਲਾ ਬੱਚਾ ਹੀ ਹੈ, ਉਹ ਭੈਣ-ਭਰਾ, ਮਾਮੇ-ਮਾਮੀਆਂ, ਚਾਚੇ-ਤਾਏ ਅਤੇ ਭੂਆ ਵਰਗੇ ਪਵਿੱਤਰ ਰਿਸ਼ਤਿਆਂ ਤੋਂ ਅਨਜਾਣ ਹੈ। ਕੁਝ ਪੜ੍ਹੇ-ਲਿਖੇ ਮਾਂ-ਬਾਪ ਵੀ ਇਨ੍ਹਾਂ ਪਵਿੱਤਰ ਰਿਸ਼ਤਿਆਂ ਨੂੰ ਖਤਮ ਕਰਨ ਲਈ ਜਿੰਮੇਵਾਰ ਹਨ। ਉਨ੍ਹਾਂ ਨੇ ਸਮਾਜ ਵਿਚ ਆਪਣੇ ਆਪ ਨੂੰ ਉਚਾ ਦਿਖਾਉਣ ਲਈ ਇਨ੍ਹਾਂ ਸਾਰੇ ਰਿਸ਼ਤਿਆਂ ਲਈ ਅੰਕਲ ਅਤੇ ਆਂਟੀ ਸ਼ਬਦ ਰੱਖ ਕੇ ਪਵਿੱਤਰ ਰਿਸ਼ਤਿਆਂ ਦਾ ਗਲਾ ਘੁੱਟਿਆ ਹੈ। ਇਸੇ ਲਈ ਬੱਚੇ ਇਨ੍ਹਾਂ ਰਿਸ਼ਤਿਆਂ ਤੋਂ ਨਾਵਾਕਫ ਹੋ ਰਹੇ ਹਨ।

ਸਾਡੇ ਵਿਚ ਸ਼ਰੀਕੇ ਦੀ ਭਾਵਨਾ ਵਧ ਗਈ ਹੈ। ਅਸੀਂ ਚਾਹੁੰਦੇ ਹਾਂ ਕਿ ਐਸ਼ੋ-ਇਸ਼ਰਤ ਦੀਆਂ ਸਾਰੀਆਂ ਚੀਜ਼ਾਂ ਸਾਡੇ ਕੋਲ ਹੀ ਹੋਣ। ਸਾਡਾ ਹੀ ਸਮਾਜ ਵਿਚ ਆਦਰਯੋਗ ਥਾਂ ਹੋਵੇ। ਜੇ ਸਾਡਾ ਹੋਰ ਕੋਈ ਭੈਣ-ਭਰਾ ਇਹ ਸਹੂਲਤਾਂ ਪਾਉਂਦਾ ਹੈ ਤਾਂ ਅਸੀਂ ਬਰਦਾਸ਼ਤ ਨਹੀਂ ਕਰ ਸਕਦੇ ਕਿਉਂਕਿ ਅਸੀਂ ਦਿਲੋਂ ਉਸ ਨੂੰ ਆਪਣਾ ਸਮਝਦੇ ਹੀ ਨਹੀਂ। ਇਸ ਕਰਕੇ ਅਸੀਂ ਉਸ ਦੀ ਖੁਸ਼ੀ ਵਿਚ ਖੁਸ਼ ਨਹੀਂ ਹੁੰਦੇ। ਸਾਡਾ ਮਤਲਬ ਸਿਰਫ ਆਪਣੇ-ਆਪ ਨਾਲ ਹੈ। ਅਸੀਂ ਨਿਜ ਕਰਕੇ ਰਿਸ਼ਤਿਆਂ ਦੀ ਮਿਠਾਸ ਤੇ ਅਪਣੱਤ ਭੁੱਲ ਰਹੇ ਹਾਂ। ਅਸੀਂ ਆਪਣਾ ਸ਼ਬਦ ਦੀ ਥਾਂ 'ਤੇ ਮੇਰਾ ਸ਼ਬਦ ਵਰਤਦੇ ਹਾਂ। ਸਾਡੇ 'ਚ 'ਮੈਂ' ਭਾਰੂ ਹੈ, ਇਸ ਕਰਕੇ ਪਵਿੱਤਰ ਰਿਸ਼ਤਿਆਂ ਦਾ ਰੰਗ ਫਿੱਕਾ ਹੋ ਰਿਹਾ ਹੈ।

ਬਦਲ ਰਹੀ ਪ੍ਰਵਿਰਤੀ ਅਨੁਸਾਰ ਅੱਜ ਕੱਲ੍ਹ ਬੱਚਿਆਂ ਵਿਚ ਬਚਪਨ ਤੋਂ ਹੀ ਇਸ ਤਰ੍ਹਾਂ ਦਾ ਮਾਦਾ ਭਰ ਦਿੱਤਾ ਜਾਂਦਾ ਹੈ ਕਿ ਆਪਣਾ ਸ਼ਬਦ ਉਨ੍ਹਾਂ ਨੂੰ ਓਪਰਾ ਲਗਦਾ ਹੈ। ਮਾਂ-ਬਾਪ ਨੇ ਉਨ੍ਹਾਂ ਨੂੰ ਰਲ ਕੇ ਰਹਿਣਾ ਸਿਖਾਇਆ ਹੀ ਨਹੀਂ। ਬਚਪਨ ਤੋਂ ਹੀ ਉਹ ਤੇਰ-ਮੇਰ ਦੇ ਚੱਕਰ ਵਿਚ ਫਸ ਜਾਂਦੇ ਹਨ। ਸਾਂਝੇ ਪਰਿਵਾਰ ਦਾ ਰਿਵਾਜ ਤਾਂ ਖਤਮ ਹੀ ਹੋ ਗਿਆ ਹੈ ਪਰ ਜੇ ਮਜਬੂਰੀਵੱਸ ਬਜੁਰਗਾਂ ਨੂੰ ਆਪਣੇ ਨਾਲ ਰੱਖਣਾ ਵੀ ਪੈ ਜਾਵੇ ਤਾਂ ਉਸ ਘਰ ਵਿਚ ਬਜੁਰਗਾਂ ਦੀ ਜੋ ਹਾਲਤ ਹੁੰਦੀ ਹੈ, ਉਸ ਤੋਂ ਅਸੀਂ ਅਣਜਾਣ ਨਹੀਂ ਹਾਂ। ਉਸ ਘਰ ਵਿਚ ਬਜੁਰਗਾਂ ਦੀ ਹਾਲਤ ਏਨੀ ਮਾੜੀ ਹੋ ਜਾਂਦੀ ਹੈ ਕਿ ਉਨ੍ਹਾਂ ਨੂੰ ਜ਼ਿੰਦਗੀ ਬੋਝ ਲੱਗਣ ਲਗਦੀ ਹੈ ਅਤੇ ਉਹ ਮੌਤ ਦੇ ਦਿਨ ਨੇੜੇ ਕਰਨ ਲਗਦੇ ਹਨ। ਉਨ੍ਹਾਂ ਦੇ ਪੋਤਰੇ-ਪੋਤਰੀਆਂ ਉਨ੍ਹਾਂ ਨਾਲ ਗੱਲ ਕਰਨ ਵਿਚ ਹੇਠੀ ਮਹਿਸੂਸ ਕਰਦੇ ਹਨ ਅਤੇ ਉਨ੍ਹਾਂ ਦੀ ਸੇਵਾ ਦਾ ਤਾਂ ਸੁਆਲ ਹੀ ਪੈਦਾ ਨਹੀਂ ਹੋ ਸਕਦਾ। ਬਹੁਤ ਸਾਰੇ ਘਰਾਂ ਵਿਚ ਬਜੁਰਗਾਂ ਤੋਂ ਨੌਕਰ ਵਾਲੇ ਕੰਮ ਕਰਵਾਏ ਜਾਂਦੇ ਹਨ। ਖਾਸ ਕਰ ਵਿਦੇਸ਼ਾਂ ਵਿਚ ਤਾਂ ਦਾਦੇ-ਦਾਦੀਆਂ, ਨਾਨੇ-ਨਾਨੀਆਂ ਤਾਂ ਬੱਚਿਆਂ ਦੇ ਖਿਡਾਵੇ ਬਣ ਕੇ ਹੀ ਰਹਿ ਜਾਂਦੇ ਹਨ। ਉਨ੍ਹਾਂ ਤੋਂ ਜ਼ਿੰਦਗੀ ਜਿਉਣ ਦਾ ਹੱਕ ਖੋਹ ਲਿਆ ਜਾਂਦਾ ਹੈ। ਇਥੋਂ ਤਕ ਕਿ ਜਦੋਂ ਘਰ ਵਿਚ ਕੋਈ ਮਹਿਮਾਨ ਆ ਜਾਂਦਾ ਹੈ ਤਾਂ ਉਨ੍ਹਾਂ ਦੀ ਜਾਣ-ਪਛਾਣ ਵੀ ਬਿਨਾਂ ਰਿਸ਼ਤਾ ਦੱਸਿਆਂ ਕਰਵਾਈ ਜਾਂਦੀ ਹੈ। ਇਹ ਸਭ ਰਿਸ਼ਤਿਆਂ ਵਿਚਲੀ ਟੁੱਟ ਰਹੀ ਸਾਂਝ ਕਾਰਨ ਹੀ ਹੈ।

ਜਿਹੜਾ ਨਿੱਘ ਰਿਸ਼ਤਿਆਂ ਵਿਚ ਹੈ, ਉਹ ਕਿਤੋਂ ਪ੍ਰਾਪਤ ਨਹੀਂ ਹੁੰਦਾ। ਜਿਹੜਾ ਸਨੇਹ, ਖੁਸ਼ੀ ਤੇ ਅਨੰਦ ਰਿਸ਼ਤਿਆਂ ਦੇ ਮੇਲ-ਮਿਲਾਪ ਨਾਲ ਹਾਸਲ ਹੁੰਦਾ ਹੈ, ਉਹ ਹੋਰ ਕਿਧਰੋਂ ਮਿਲਣ ਦਾ ਸੁਆਲ ਹੀ ਪੈਦਾ ਨਹੀਂ ਹੁੰਦਾ। ਆਪਣੀ ਨਿਜ, ਹਉਮੈ ਵਿਚ ਭਟਕ ਰਹੇ ਮਨੁੱਖ ਨੂੰ ਇਹ ਭਰਮ ਹੋ ਗਿਆ ਹੈ ਕਿ ਉਹ ਰਿਸ਼ਤਿਆਂ ਤੋਂ ਬਗੈਰ ਇਕੱਲਾ ਹੀ ਖੁਸ਼ੀ ਹਾਸਲ ਕਰ ਸਕਦਾ ਹੈ। ਇਨ੍ਹਾਂ ਰਿਸ਼ਤਿਆਂ ਨੂੰ ਬਰਕਰਾਰ ਰੱਖਣ ਲਈ ਸਾਨੂੰ ਸੁਆਰਥ, ਹਉਮੈ ਅਤੇ ਬੇਗਾਨਗੀ ਨੂੰ ਤਿਆਗਣਾ ਹੋਏਗਾ। ਜੇ ਰਿਸ਼ਤਿਆਂ ਦੀ ਇਹ ਡੋਰ ਇਕ ਵਾਰ ਟੁੱਟ ਗਈ ਤਾਂ ਇਸ ਨੂੰ ਜੋੜਨਾ ਬਹੁਤ ਮੁਸ਼ਕਲ ਹੋਵੇਗਾ।

# ਗਊਆਂ ਨੂੰ ਪੱਠੇ

ਗੱਲ ਸੰਨ 1965 ਦੀ ਹੈ ਜਦੋਂ ਮੈਂ ਮਾਰਕਫੈਡ ਵਿਚ ਡੈਪੂਟੇਸ਼ਨ 'ਤੇ ਇੰਸਪੈਕਟਰ ਸਾਂ। ਮੇਰੀ ਡਿਊਟੀ ਮਾਨਸਾ ਮੰਡੀ ਵਿਚ ਛੋਲੇ ਖਰੀਦਣ 'ਤੇ ਲੱਗੀ। ਉਦੋਂ ਛੋਲਿਆਂ ਦਾ ਭਾਅ 48 ਤੋਂ 50 ਰੁਪਏ ਕੁਇੰਟਲ ਸੀ। ਹੁਣ ਛੋਲਿਆਂ ਦੀ ਫਸਲ ਹੋਣੋਂ ਹੀ ਹੱਟ ਗਈ ਹੈ। ਇਸ ਕਰਕੇ ਭਾਅ ਉਦੋਂ ਨਾਲੋਂ ਕਈ ਗੁਣਾ ਵੱਧ ਹੈ। ਮੰਡੀ ਦੇ ਆੜ੍ਹਤੀਏ ਖਰੀਦ ਕਰਨ ਵਾਲੇ ਇੰਸਪੈਕਟਰਾਂ ਦੀ ਲੱਸੀ ਪਾਣੀ ਦੀ ਸੇਵਾ ਪੂਰੀ ਕਰਦੇ। ਕੋਈ ਕੋਈ ਪੀਣ ਵਾਲੇ ਸ਼ਾਮ ਨੂੰ ਪੀਣ ਦਾ ਸੱਦਾ ਵੀ ਦਿੰਦਾ।

ਇਕ ਵਾਰੀ ਮੈਂ ਅਤੇ ਇੰਸਪੈਕਟਰ ਫੂਡ ਐਂਡ ਸਪਲਾਈ ਇਕ ਦੁਕਾਨਦਾਰ ਦੇ ਜ਼ਿੱਦ ਕਰਨ 'ਤੇ ਸ਼ਾਮ ਨੂੰ ਉਸ ਦੀ ਦੁਕਾਨ 'ਤੇ ਗਏ। ਉਸ ਨੇ ਪਿਛਲੀ ਕੋਠੜੀ ਵਿਚ ਪੀਣ ਦਾ ਪ੍ਰਬੰਧ ਕੀਤਾ ਹੋਇਆ ਸੀ। ਉਨ੍ਹੀਂ ਦਿਨੀਂ ਵਧੀਆ ਤੋਂ ਵਧੀਆ ਵਿਸਕੀ ਪੀਟਰ ਸਕਾਚ ਹੁੰਦੀ ਸੀ, ਜਿਸ ਦੀ ਕੀਮਤ 35 ਰੁਪਏ ਬੋਤਲ ਸੀ। ਠੇਕੇ ਦੀ ਸੰਤਰਾ, ਮਾਲਟਾ, ਸੌਂਫੀਆ ਤਾਂ ਅੱਠ-ਦਸ ਰੁਪਏ ਦੀ ਸੀ। ਲਾਲੇ ਨੇ ਮੁਨੀਮ ਨੂੰ ਕਿਹਾ, ਲਿਆ ਭਾਈ ਬੋਤਲ ਅਤੇ ਨਾਲ ਖਾਣ ਲਈ ਸਲਾਦ ਤੇ ਦਹੀਂ। ਲਾਲਾ ਆਮ ਬਾਣੀਆਂ ਵਰਗਾ ਨਹੀਂ ਸੀ। ਉਸ ਦਾ ਆਪਣਾ ਇਕ ਟਰੱਕ ਵੀ ਸੀ ਅਤੇ ਉਸ ਦੀ ਟਰੱਕ ਡਰਾਈਵਰਾਂ ਨਾਲ ਵੀ ਬਹਿਣੀ ਉਠਣੀ ਸੀ। ਸਾਨੂੰ ਪੀਂਦਿਆਂ ਨੂੰ ਗਿਆਰਾਂ ਵਜ ਗਏ ਤੇ ਮੁਨੀਮ ਲਾਲੇ ਨੂੰ ਇਸ਼ਾਰੇ ਨਾਲ ਬੁਲਾ ਕੇ ਗੱਦੀ ਵੱਲ ਲਿਜਾ ਕੇ ਬੋਲਿਆ, "ਜੀ ਇਹ ਸਾਰਾ ਖਰਚਾ ਕਿਹੜੇ ਖਾਤੇ ਲਿਖਾਂ?" ਲਾਲਾ ਭਾਵੇਂ ਹੌਲੀ ਬੋਲਿਆ ਪਰ ਸਾਨੂੰ ਸੁਣ ਗਿਆ, "ਗਊਆਂ ਨੂੰ ਪੱਠੇ ਪੁਆਈ ਖਾਤੇ ਲਿਖ ਦੇਹ।" ਅੰਦਰ ਬੈਠਿਆਂ ਦਾ ਸਾਡਾ ਹਾਸਾ ਨਿਕਲ ਗਿਆ।

ਮਾਨਸਾ ਮੰਡੀ ਵਿਚ ਉਦੋਂ ਗਊਆਂ ਦਿਨ ਭਰ ਜੱਟਾਂ ਦੀ ਜਿਣਸ ਦੀਆਂ ਢੇਰੀਆਂ 'ਤੇ ਮੂੰਹ ਮਾਰ ਕੇ ਰੱਜ ਜਾਂਦੀਆਂ। ਉਨ੍ਹਾਂ ਦੇ ਗੋਹੇ ਵਿਚ ਵੀ ਸਾਬਤ ਦਾਣੇ ਹੁੰਦੇ। ਲਾਲੇ ਉਨ੍ਹਾਂ ਲਈ ਮੰਡੀ ਦੇ ਪੱਠਿਆਂ ਦੇ ਨਾਲ ਕੁਝ ਬਰਸੀਮ, ਹਰੀ ਮੱਕੀ ਆਦਿ ਖਰੀਦ ਕੇ ਆਪਣੀ ਦੁਕਾਨਾਂ ਅੱਗੇ ਪੁਆ ਦਿੰਦੇ ਸਨ।

-ਵਾਸਦੇਵ ਸਿੰਘ ਪਰਹਾਰ

# ਫਿਲਮਾਂ 'ਚ ਮੋਹ-ਮੁਹੱਬਤ ਦੇ ਰੰਗ

ਅੱਜ ਕੱਲ੍ਹ ਪਾਕਿਸਤਾਨ ਵਲੋਂ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਲਈ ਲਾਂਘਾ ਖੋਲ੍ਹਣ ਦੇ ਐਲਾਨ ਦੀ ਚਰਚਾ ਹੈ। ਕਰਤਾਰਪੁਰ ਸਾਹਿਬ ਚੜ੍ਹਦੇ ਪੰਜਾਬ ਤੋਂ ਤਕਰੀਬਨ ਸਾਢੇ ਚਾਰ ਕਿਲੋਮੀਟਰ ਦੀ ਦੂਰੀ 'ਤੇ ਰਾਵੀ ਕੰਢੇ ਵਾਕਿਆ ਹੈ। ਅਗਲੇ ਸਾਲ ਗੁਰੂ ਨਾਨਕ ਜੀ ਦਾ 550 ਸਾਲਾ ਜਨਮ ਦਿਨ ਮਨਾਇਆ ਜਾਣਾ ਹੈ। ਪੰਜਾਬੀਆਂ ਦੀ ਦਿਲੀ ਕਾਮਨਾ ਹੈ ਕਿ ਉਹ ਇਸ




ਦਿਹਾੜੇ ਗੁਰੂ ਘਰ ਨਾਲ ਜੁੜ ਸਕਣ। ਪਹਿਲਾਂ ਵੀ ਲੋਕ ਨਨਕਾਣਾ ਸਾਹਿਬ ਅਤੇ ਹੋਰ ਗੁਰਦੁਆਰਿਆਂ ਦੇ ਦਰਸ਼ਨਾਂ ਲਈ ਪਾਕਿਸਤਾਨ ਜਾਂਦੇ ਹਨ। ਇਸ ਪਿੱਛੇ ਸਿੱਧੇ ਤੌਰ 'ਤੇ ਧਾਰਮਿਕ ਭਾਵਨਾਵਾਂ ਜੁੜੀਆਂ ਹੋਈਆਂ ਹਨ, ਪਰ ਨਾਲ ਹੀ ਲੋਕਾਂ ਦੇ ਅਵਚੇਤਨ ਵਿਚ ਸਾਂਝੀ ਬੋਲੀ ਅਤੇ ਸਭਿਆਚਾਰ ਦੇ ਵਿਛੋੜੇ ਦਾ ਦਰਦ ਵੀ ਸਮਾਇਆ ਹੋਇਆ ਹੈ। ਦੋਹਾਂ ਖਿੱਤਿਆਂ ਵਿਚਲੀ ਸਾਂਝ ਕਲਾ, ਸਾਹਿਤ ਤੇ ਫਿਲਮਾਂ ਰਾਹੀਂ ਪਹਿਲਾਂ ਤੋਂ ਹੀ ਕਾਇਮ ਹੈ ਜੋ ਉਨ੍ਹਾਂ ਨੂੰ ਭਾਵਨਾਤਮਕ ਤੌਰ 'ਤੇ ਜੋੜਦੀ ਹੈ। ਫਿਲਮਾਂ ਤੇ ਕਲਾ ਦੇ ਪ੍ਰਸੰਗ ਵਿਚ ਦੇਖਦੇ ਹਾਂ ਤਾਂ ਇਹ ਵੰਡ ਤੋਂ ਬਾਅਦ ਉਪਜੀ ਪੀੜ ਨੂੰ ਬਿਆਨ ਕਰਦੀਆਂ ਹਨ। ਇਨ੍ਹਾਂ ਫਿਲਮਾਂ ਦੇ ਨਿਰਮਾਤਾਵਾਂ ਨੇ ਬੰਦੇ ਦੀ ਜੀਵਨ ਜਾਚ ਤੇ ਰਹਿਤਲ ਦੇ ਆਧਾਰ 'ਤੇ ਹਰ ਪਹਿਲੂ ਪ੍ਰਤੀਕਾਂ ਰਾਹੀਂ ਫਿਲਮਾਇਆ ਹੈ। 'ਗਰਮ ਹਵਾ', 'ਫਾਇਰ', 'ਖਾਮੋਸ਼ ਪਾਣੀ', 'ਅਰਥ', 'ਤਮਸ', 'ਪਿੰਜਰ' ਆਦਿ ਇਹ ਸਾਰੀਆਂ ਫਿਲਮਾਂ ਵੰਡ ਦੇ ਦੁੱਖ ਨੂੰ ਕੇਂਦਰ ਵਿਚ ਰੱਖਦੀਆਂ ਹਨ।


ਵੰਡ ਦਾ ਦੁੱਖ ਬੜਾ ਅਸਾਧਾਰਨ ਦੇ ਅਸਹਿ ਸੀ। ਇਸ ਦੁੱਖ ਦੀ ਪੀੜ ਨੂੰ ਕਲਾਕਾਰਾਂ, ਅਦਾਕਾਰਾਂ ਤੇ ਸਹਿਤਕਾਰਾਂ ਨੇ ਬੜੀ ਸ਼ਿੱਦਤ ਨਾਲ ਮਹਿਸੂਸ ਕਰਕੇ ਸੂਖਮਤਾ ਨਾਲ ਪੇਸ਼ ਕੀਤਾ ਹੈ। ਵੰਡ ਤੋਂ 72 ਸਾਲ ਬੀਤਣ ਦੇ ਬਾਵਜੂਦ ਦੋਨੋਂ ਪੰਜਾਬਾਂ ਦੇ ਲੋਕਾਂ ਅੰਦਰ ਆਪਸੀ ਮੋਹ ਤੇ ਸਨੇਹ ਦੀ ਕੜੀ ਅਜੇ ਵੀ ਕਾਇਮ ਹੈ। ਇਹ ਦੂਰੀਆਂ ਸਿਆਸੀ ਲਹਿਜ਼ੇ ਨਾਲ ਤਾਂ ਬਹੁਤ ਜ਼ਿਆਦਾ ਲੱਗਦੀਆਂ ਹਨ, ਪਰ ਲੋਕਾਂ ਦੇ ਦਿਲਾਂ ਅੰਦਰ ਓਨੀਆਂ ਹੀ ਘੱਟ ਹਨ। ਇਸ ਗੱਲ ਦੀ ਨਿਸ਼ਾਨਦੇਹੀ ਇਨ੍ਹਾਂ ਫਿਲਮਾਂ ਤੋਂ ਕਰ ਸਕਦੇ ਹਾਂ ਜਿਨ੍ਹਾਂ ਵਿਚ 'ਲਾਹੌਰੀਏ', 'ਸਰਦਾਰ ਮੁਹੰਮਦ', 'ਹੈਪੀ ਭਾਗ ਜਾਏਗੀ' ਤੇ 'ਹੈਪੀ ਫਿਰ ਭਾਗ ਜਾਏਗੀ' ਸ਼ਾਮਲ ਹਨ। ਇਹ ਫਿਲਮਾਂ ਭਾਵੇਂ ਤਕਨੀਕੀ ਤੇ ਸਿਨਮੈਟੋਗ੍ਰਾਫੀ ਪੱਖੋਂ ਖਰੀਆਂ ਨਹੀਂ ਉਤਰਦੀਆਂ, ਪਰ ਵਿਸ਼ੇ ਪੱਖੋਂ ਜੋ ਮਹੱਤਵ ਬਣਦਾ ਹੈ, ਉਸ ਨਾਲ ਇਨ੍ਹਾਂ ਫਿਲਮਾਂ ਦੀ ਆਪਣੀ ਸਾਰਥਿਕਤਾ ਬਣਦੀ ਹੈ। 'ਲਾਹੌਰੀਏ' ਫਿਲਮ ਪੰਜਾਬ ਦੀਆਂ ਸਰਹੱਦਾਂ ਦੇ ਦੋਨੋਂ ਪਾਸੇ ਰਹਿੰਦੇ ਪ੍ਰੇਮੀ ਜੋੜੇ ਦੀ ਕਥਾ ਹੀ ਬਿਆਨ ਨਹੀਂ ਕਰਦੀ ਸਗੋਂ ਨਾਲ ਹੀ ਫਿਲਮ ਇਨਸਾਨ ਦੀ ਹੋਂਦ ਦੇ ਮਸਲੇ ਨੂੰ ਵੀ ਉਜਾਗਰ ਕਰਦੀ ਹੈ। ਜਦੋਂ ਨਾਇਕ ਇਹ ਕਹਿੰਦੇ ਹਨ- '69 ਸਾਲ ਹੋ ਗਏ ਇਧਰ ਆਇਆਂ ਨੂੰ, ਅੱਜ ਵੀ ਲਾਹੌਰੀਏ ਵੱਜਦੇ ਆਂ।'

'ਸਰਦਾਰ ਮੁਹੰਮਦ' ਵਿਚ ਵੰਡ ਦੌਰਾਨ ਪਰਿਵਾਰ ਨਾਲੋਂ ਵਿਛੜੇ ਮੁਸਲਿਮ ਮੁੰਡੇ ਦਾ ਪਾਲਣ ਪੋਸ਼ਣ ਚੜ੍ਹਦੇ ਪੰਜਾਬ ਦੇ ਸਿੱਖ ਪਰਿਵਾਰ ਵੱਲੋਂ ਕੀਤਾ ਜਾਂਦਾ ਹੈ। ਜਵਾਨੀ ਤਕ ਅੱਪੜਦਿਆਂ ਮੁੰਡੇ ਨੂੰ ਇਹ ਨਹੀਂ ਪਤਾ ਹੁੰਦਾ ਕਿ ਉਸ ਦਾ ਜਨਮ ਮੁਸਲਿਮ ਪਰਿਵਾਰ ਵਿਚ ਹੋਇਆ ਜਾਂ ਸਿੱਖ ਪਰਿਵਾਰ ਵਿਚ।

ਸਿੱਖ ਪਰਿਵਾਰ ਉਸ ਮੁੰਡੇ ਨੂੰ ਆਪਣੇ ਪਲੇਠੇ ਪੁੱਤ ਦਾ ਦਰਜਾ ਦਿੰਦਾ ਹੈ। ਇਸ ਤਰ੍ਹਾਂ ਦੀਆਂ ਵੰਡ ਦੌਰਾਨ ਕਈ ਘਟਨਾਵਾਂ ਵਾਪਰੀਆਂ। ਦੋਹਾਂ ਫਿਲਮਾਂ ਵਿਚ ਇੱਕ ਨੁਕਤਾ ਸਾਂਝਾ ਉਭਰ ਕੇ ਆਉਂਦਾ ਹੈ ਕਿ ਚੜ੍ਹਦੇ ਤੇ ਲਹਿੰਦੇ ਪੰਜਾਬ ਦੇ ਲੋਕ ਜੋ ਵੰਡ ਦੌਰਾਨ ਉਜੜ ਕੇ ਇਧਰੋਂ ਉਧਰ ਗਏ ਜਾਂ ਉਧਰੋਂ ਇਧਰ ਆਏ, ਉਹ ਅਜੇ ਵੀ ਆਪਣੀਆਂ ਜੜਾਂ ਨੂੰ ਚੇਤਿਆਂ ਅੰਦਰ ਸਮਾਈ ਬੈਠੇ ਹਨ। ਦੂਜੇ ਪਾਸੇ ਦੋਹਾਂ ਦੇਸ਼ਾਂ ਦੇ ਫਿਲਮੀ ਅਦਾਕਾਰਾਂ ਦੀ ਸਾਂਝ 'ਹੈਪੀ ਭਾਗ ਜਾਏਗੀ' ਤੇ 'ਹੈਪੀ ਫਿਰ ਭਾਗ ਜਾਏਗੀ' ਫਿਲਮਾਂ ਵਿਚ ਨਜ਼ਰ ਆਉਂਦੀ ਹੈ। 'ਹੈਪੀ ਭਾਗ ਜਾਏਗੀ' ਫਿਲਮ ਵਿਚ ਹੈਪੀ ਜੋ ਫਿਲਮ ਦੀ ਮੁੱਖ ਨਾਇਕਾ ਹੈ, ਪਰਿਵਾਰ ਦੀ ਮਰਜ਼ੀ ਤੋਂ ਬਿਨਾਂ ਆਪਣੇ ਪ੍ਰੇਮੀ ਨਾਲ ਵਿਆਹ ਕਰਨਾ ਚਾਹੁੰਦੀ ਹੈ। ਇਸ ਲਈ ਉਹ ਘਰੋਂ ਭੱਜ ਜਾਂਦੀ ਹੈ। ਹੈਪੀ ਅੰਮ੍ਰਿਤਸਰ ਤੋਂ ਭੱਜ ਕੇ ਲਾਹੌਰ ਪਹੁੰਚ ਜਾਂਦੀ ਹੈ। ਇਥੇ ਲਾਹੌਰ ਕੇਂਦਰੀ ਚਿੰਨ੍ਹ ਹੈ ਜੋ ਸਮੁੱਚੀ ਪੰਜਾਬੀ ਮਾਨਸਿਕਤਾ ਵਿਚ ਵਸਿਆ ਹੋਇਆ ਹੈ।

'ਹੈਪੀ ਫਿਰ ਭਾਗ ਜਾਏਗੀ' ਵਿਚ ਦੋਹਾਂ ਦੇਸ਼ਾਂ ਹਿੰਦੋਸਤਾਨ ਅਤੇ ਪਾਕਿਸਤਾਨ ਦੇ ਆਪਸੀ ਸਬੰਧਾਂ ਵਿਚ ਤੀਸਰੇ ਦੇਸ਼ ਆਪਣੇ ਮੁਨਾਫੇ ਲਈ ਕਿਸ ਤਰ੍ਹਾਂ ਦੀਆਂ ਚਾਲਾਂ ਚੱਲਦੇ ਹਨ, ਉਸ ਨੂੰ ਬੜੇ ਰੌਚਕ ਢੰਗ ਨਾਲ ਫਿਲਮਾਇਆ ਗਿਆ ਹੈ। ਇਹ ਫਿਲਮਾਂ ਵੰਡ ਤੋਂ ਬਾਅਦ ਦੋਹਾਂ ਦੇਸ਼ਾਂ ਦੇ ਲੋਕਾਂ ਦੇ ਆਪਸੀ ਮੋਹ ਤੇ ਪਿਆਰ ਦੀ ਹਾਮੀ ਭਰਦੀਆਂ ਹਨ।

ਇਸ ਤਰ੍ਹਾਂ ਕਰਤਾਰਪੁਰ ਸਾਹਿਬ ਦੇ ਲਾਂਘੇ ਅਤੇ ਸ਼ਾਦਮਾਨ ਚੌਕ ਦਾ ਨਾਮ ਸ਼ਹੀਦ ਭਗਤ ਸਿੰਘ ਦੇ ਨਾਂ 'ਤੇ ਰੱਖਣ ਦੀ ਮੰਗ ਜੇ ਵਿਹਾਰਕ





ਹੋ ਨਿਬੜਦੀ ਹੈ ਤਾਂ ਦੋਹਾਂ ਖਿੱਤਿਆਂ ਦੇ ਲੋਕਾਂ ਦੀ ਆਪਸੀ ਸਾਂਝ ਨੂੰ ਮੁਹੱਬਤ ਦਾ ਬੂਰ ਪਾਉਣ ਵਾਲੀ ਗੱਲ ਹੋਵੇਗੀ।

***-ਜਤਿੰਦਰ ਸਿੰਘ***

# ਫਿਲਮ 'ਸਰਾਭਾ: ਕ੍ਰਾਈ ਫਾਰ ਫਰੀਡਮ'


ਇਤਿਹਾਸਕ ਫਿਲਮ 'ਦਾ ਬਲੈਕ ਪ੍ਰਿੰਸ' ਦੀ ਸਫਲਤਾ ਤੋਂ ਬਾਅਦ ਪ੍ਰਸਿੱਧ ਫਿਲਮ ਨਿਰਦੇਸ਼ਕ ਕਵੀ ਰਾਜ ਕ੍ਰਾਂਤੀਕਾਰੀ ਕਰਤਾਰ ਸਿੰਘ ਸਰਾਭਾ ਅਤੇ ਗਦਰ ਬਾਰੇ ਇਕ ਫਿਲਮ 'ਸਰਾਭਾ: ਕ੍ਰਾਈ ਫਾਰ ਫਰੀਡਮ' ਦਰਸ਼ਕਾਂ ਦੇ




ਸਨਮੁੱਖ ਕਰਨਗੇ। ਫਿਲਮ ਦੇ ਪ੍ਰੋਡਿਊਸਰ ਕੁਲਦੀਪ ਸ਼ਰਮਾ, ਸਰਬਜੀਤ ਹੁੰਦਲ ਅਤੇ ਜਤਿੰਦਰ ਜੈ ਮਿਨਹਾਸ ਹਨ। ਇਹ ਫਿਲਮ ਅਮਰੀਕਾ, ਕੈਨੇਡਾ, ਯੂ. ਕੇ., ਫਿਲੀਪੀਨਜ਼ ਅਤੇ ਭਾਰਤ ਵਿਚ ਫਿਲਮਾਈ ਜਾਵੇਗੀ।

ਕਵੀ ਰਾਜ ਅਨੁਸਾਰ ਇਹ ਫਿਲਮ ਸੱਚੀ ਘਟਨਾ 'ਤੇ ਆਧਾਰਤ ਹੈ ਜੋ ਦੇਸ਼ ਨੂੰ ਅੰਗਰੇਜ਼ਾਂ ਦੀ ਗੁਲਾਮੀ ਤੋਂ ਛੁਡਾਉਣ ਦੀ ਯਾਤਰਾ ਦਾ ਵੇਰਵਾ ਪੇਸ਼ ਕਰੇਗੀ। ਫਿਲਮ ਵਿਚ ਗਦਰ ਨੂੰ ਬਾਖੂਬੀ ਪੇਸ਼ ਕੀਤਾ ਗਿਆ ਹੈ, ਜਿਸ ਦੀਆਂ ਜੜ੍ਹਾਂ 18ਵੀਂ ਤੋਂ 19ਵੀਂ ਸਦੀ ਵਿਚ ਉਤਰੀ ਅਮਰੀਕਾ ਵਿਚ ਲੱਗੀਆਂ ਸਨ। ਫਿਲਮ ਵਿਚ ਉਹ ਬਿਰਤਾਂਤ ਪੇਸ਼ ਕੀਤਾ ਜਾਵੇਗਾ ਜੋ ਬਿਹਤਰ ਜੀਵਨ ਦੀ ਆਸ ਵਿਚ ਅੰਗਰੇਜ਼ਾਂ ਦੇ ਅਤਿਆਚਾਰ ਅਤੇ ਕਿਸਾਨਾਂ ਤੋਂ ਜਬਰਨ ਟੈਕਸ ਵਸੂਲੀ ਨੇ ਪੰਜਾਬ ਦੇ ਪੰਜਾਬੀ ਸਮਾਜ ਨੂੰ ਅਮਰੀਕਾ ਵਲ ਰੁਖ ਕਰਨ ਲਈ ਮਜਬੂਰ ਕੀਤਾ ਸੀ। ਸ਼ੁਰੂਆਤੀ ਦੌਰ ਵਿਚ ਜ਼ਿਆਦਾਤਰ ਕਿਸਾਨ ਅਤੇ ਬ੍ਰਿਟਿਸ਼ ਕਾਲ ਦੇ ਸਾਬਕਾ ਸੈਨਿਕ ਹੀ ਇਸ ਪਲਾਇਨ ਦਾ ਹਿੱਸਾ ਸਨ। ਆਜ਼ਾਦੀ ਉਦੋਂ ਤੱਕ ਉਨ੍ਹਾਂ ਦੇ ਜ਼ਿਹਨ ਤੋਂ ਕੋਹਾਂ ਦੂਰ ਸੀ, ਜਦ ਤਕ ਉਨ੍ਹਾਂ ਦਾ ਸਾਹਮਣਾ ਅਮਰੀਕਾ ਦੇ ਮੁਸ਼ਕਿਲ ਭਰੇ ਜੀਵਨ ਦੀ ਵਾਸਤਵਿਕਤਾ ਨਾਲ ਨਹੀਂ ਸੀ ਹੋਇਆ। ਇਥੇ ਇਨ੍ਹਾਂ ਨੂੰ ਆਜ਼ਾਦੀ ਦਾ ਅਹਿਸਾਸ ਹੋਇਆ ਅਤੇ ਕੁਝ ਆਮ ਕਿਸਾਨਾਂ ਨੇ ਭਾਰਤ ਵਿਚ ਬ੍ਰਿਟਿਸ਼ ਰਾਜ ਦੀ ਜੜ ਉਖਾੜਨ ਦਾ ਮਨ ਬਣਾ ਲਿਆ।

ਇਸ ਨੂੰ ਪ੍ਰਵਾਨ ਚਾੜ੍ਹਨ ਲਈ ਕੋਈ 8700 ਲੋਕਾਂ ਨੇ ਦੇਸ਼ ਵੱਲ ਰੁਖ ਕੀਤਾ ਅਤੇ ਬਗਾਵਤ ਦਾ ਬਿਗਲ ਵਜਾ ਦਿਤਾ। ਇਸੇ ਭਾਵਨਾ ਦੀ ਅੱਗ ਵਿਚ ਇਕ ਚਿੰਗਾਰੀ ਬਰਕਲੇ ਯੂਨੀਵਰਸਿਟੀ ਵਿਚ ਪੜ੍ਹ ਰਹੇ ਵਿਦਿਆਰਥੀ ਕਰਤਾਰ ਸਿੰਘ ਸਰਾਭਾ ਵਿਚ ਵੀ ਸੀ। ਭਾਵੇਂ ਇਸ ਬਗਾਵਤ ਨੂੰ ਅੰਗਰੇਜ਼ਾਂ ਨੇ ਦਬਾ ਦਿਤਾ ਸੀ ਪਰ ਆਜ਼ਾਦੀ ਦੇ ਪਰਵਾਨਿਆਂ, ਖਾਸ ਕਰ ਪੰਜਾਬੀਆਂ ਵਿਚ ਦੇਸ਼ ਨੂੰ ਆਜ਼ਾਦ ਕਰਵਾਉਣ ਦੀ ਲਲਕ ਜ਼ਿੰਦਾ ਸੀ। ਕਈ ਕ੍ਰਾਂਤੀਕਾਰੀਆਂ ਦੇ ਨਾਲ ਕਰਤਾਰ ਸਿੰਘ ਸਰਾਭਾ ਨੂੰ ਵੀ ਗ੍ਰਿਫਤਾਰ ਕੀਤਾ ਗਿਆ ਅਤੇ ਲਾਹੌਰ ਸੈਂਟਰਲ ਜੇਲ੍ਹ ਵਿਚ ਫਾਂਸੀ ਦੀ ਸਜ਼ਾ ਦੇ ਦਿੱਤੀ ਗਈ। ਉਹ ਉਸ ਸਮੇਂ ਸਿਰਫ 19 ਸਾਲ ਦਾ ਸੀ।



***ਨਿਰਦੇਸ਼ਕ ਕਵੀ ਰਾਜ***

ਨਿਰਦੇਸ਼ਕ ਕਵੀ ਰਾਜ ਕਈ ਅਵਾਰਡਾਂ ਦੇ ਜੇਤੂ ਹਨ ਤੇ ਕਈ ਟੀ. ਵੀ. ਸ਼ੋਅ ਅਤੇ ਫਿਲਮਾਂ ਬਣਾ ਚੁਕੇ ਹਨ। ਕਵੀ ਰਾਜ ਅਨੁਸਾਰ ਫਿਲਮ 'ਸਰਾਭਾ: ਕ੍ਰਾਈ ਫਾਰ ਫਰੀਡਮ' ਮਈ 2019 'ਚ ਰਿਲੀਜ਼ ਹੋਵੇਗੀ।

# ਹੁਸਨ ਜਦ ਪਰਦੇ ਪਿੱਛਿਓਂ ਝਾਕਿਆ...

ਕੁਝ ਨਵਾਂ ਅਤੇ ਅਲੱਗ ਕਰਨ ਦੀ ਖਾਹਿਸ਼ ਸਭ ਦੇ ਮਨ ਵਿਚ ਹੁੰਦੀ ਹੈ। ਜਦੋਂ ਇਹ ਖਾਹਿਸ਼ ਆਪਣੇ ਕਾਰੋਬਾਰ ਦੇ ਹੀ ਕਿਸੇ ਪਹਿਲੂ ਨਾਲ ਜੁੜੀ ਹੋਵੇ ਤਾਂ ਸਹੀ ਸਮੇਂ ਅਤੇ ਮੌਕੇ ਦੀ ਤਲਾਸ਼ ਹੁੰਦੀ ਹੈ। ਅਜਿਹੇ ਹੀ ਸਹੀ ਮੌਕੇ ਅਤੇ ਸਮੇਂ ਦਾ ਲਾਭ ਉਠਾਉਂਦੇ ਹੋਏ ਕਈ ਅਭਿਨੇਤਰੀਆਂ ਨੇ ਅਦਾਕਾਰੀ ਦੇ ਨਾਲ ਨਾਲ ਫਿਲਮ ਨਿਰਮਾਣ ਅਤੇ ਨਿਰਦੇਸ਼ਨ ਦੀ ਕਮਾਨ ਸੰਭਾਲ ਲਈ ਹੈ। ਹਾਲਾਂਕਿ ਅਜੇ ਦੇਵਗਨ ਅਤੇ ਆਮਿਰ ਖਾਨ ਨੂੰ ਛੱਡ ਦਈਏ ਤਾਂ ਜ਼ਿਆਦਾਤਰ ਅਭਿਨੇਤਾਵਾਂ ਨੇ ਨਿਰਦੇਸ਼ਨ ਤੋਂ ਜ਼ਿਆਦਾ ਫਿਲਮ ਨਿਰਮਾਣ ਵਿਚ ਰੁਚੀ ਦਿਖਾਈ ਹੈ। ਇਸ ਵਿਚ ਅਮਿਤਾਭ ਬੱਚਨ, ਸ਼ਾਹਰੁਖ ਖਾਨ, ਸਲਮਾਨ ਖਾਨ, ਰਿਤੇਸ਼ ਦੇਸ਼ਮੁਖ, ਜੌਹਨ ਅਬਰਾਹਮ ਵਰਗੇ ਕਈ ਹੋਰ ਨਾਂ ਸ਼ਾਮਲ ਹਨ। ਸਾਹਸੀ ਅਤੇ ਰਚਨਾਤਮਕ ਅਭਿਨੇਤਰੀਆਂ ਵੀ ਅਭਿਨੇਤਾਵਾਂ ਵਾਂਗ ਅਦਾਕਾਰੀ ਦੇ ਨਾਲ ਨਾਲ ਫਿਲਮ ਨਿਰਮਾਣ ਦੇ ਵਿਭਿੰਨ ਪਹਿਲੂਆਂ ਨਾਲ ਜੁੜਨ ਲਈ ਤਿਆਰ ਰਹਿੰਦੀਆਂ ਹਨ।

ਅਨੁਸ਼ਕਾ ਸ਼ਰਮਾ ਲੰਮੇ ਸਮੇਂ ਤੋਂ ਅਦਾਕਾਰੀ ਤੋਂ ਇਲਾਵਾ ਕੁਝ ਨਵਾਂ ਅਤੇ ਅਲੱਗ ਕਰਨਾ ਚਾਹੁੰਦੀ ਸੀ। ਉਸ ਨੂੰ ਜਦੋਂ ਸਹੀ ਸਮਾਂ ਮਿਲਿਆ ਤਾਂ ਉਸ ਨੇ ਤੁਰੰਤ ਫਿਲਮ ਨਿਰਮਾਤਾ ਬਣਨ ਦਾ ਫੈਸਲਾ ਕਰ ਲਿਆ ਅਤੇ ਨਵਦੀਪ ਸਿੰਘ ਦੀ ਫਿਲਮ 'ਐਨ.ਐਚ 10' ਦੇ ਨਿਰਮਾਣ ਦੀ ਕਮਾਨ ਸੰਭਾਲ ਲਈ। ਬੇਹਦ ਘੱਟ ਵਕਫੇ ਵਿਚ ਅਨੁਸ਼ਕਾ ਨੇ ਅਭਿਨੇਤਰੀ ਤੋਂ ਫਿਲਮ ਨਿਰਮਾਤਾ ਬਣਨ ਦਾ ਸਾਹਸੀ ਸਫਰ ਤੈਅ ਕਰ ਲਿਆ ਹੈ। ਬਤੌਰ ਨਿਰਮਾਤਾ ਉਹਦੀਆਂ ਤਿੰਨ ਫਿਲਮਾਂ 'ਐਨ. ਐਚ. 10', 'ਫਿਲੌਰੀ' ਅਤੇ 'ਪਰੀ' ਰਿਲੀਜ਼ ਹੋ ਚੁੱਕੀਆਂ ਹਨ।

ਅਭਿਨੇਤਰੀ ਦੇ ਰੂਪ ਵਿਚ ਆਪਣੇ ਫਿਲਮੀ ਕਰੀਅਰ ਤੋਂ ਨਿਰਾਸ਼ ਦੀਆ ਮਿਰਜ਼ਾ ਨੇ ਜਦੋਂ ਫਿਲਮ ਨਿਰਮਾਣ ਦਾ ਫੈਸਲਾ ਕੀਤਾ ਤਾਂ ਉਸ ਦੇ ਚਿਹਰੇ 'ਤੇ ਆਕਰਸ਼ਕ ਮੁਸਕਾਨ ਵਾਪਸ ਆ ਗਈ। ਉਸ ਨੇ ਫਿਲਮ ਨਿਰਮਾਤਾ ਦੇ ਰੂਪ ਵਿਚ ਆਪਣੀ ਦੂਜੀ ਫਿਲਮ 'ਬੌਬੀ ਜਾਸੂਸ' ਬਣਾਈ। ਬਤੌਰ ਨਿਰਮਾਤਾ ਉਸ ਦੀ ਪਹਿਲੀ ਫਿਲਮ 'ਲਵ ਬ੍ਰੇਕਅਪ ਜ਼ਿੰਦਗੀ' ਸੀ ਜੋ ਟਿਕਟ ਖਿੜਕੀ 'ਤੇ ਕਮਾਲ ਨਹੀਂ ਕਰ ਸਕੀ।

ਅਦਾਕਾਰੀ ਤੋਂ ਦੂਰੀ ਕਾਇਮ ਕਰ ਚੁੱਕੀ ਸ਼ਿਲਪਾ ਸ਼ੈਟੀ ਨੇ ਵੀ 'ਡਿਸ਼ਕਿਆਂਊਂ' ਨਾਲ ਫਿਲਮ ਨਿਰਮਾਣ ਵਿਚ ਆਪਣੀ ਕਿਸਮਤ ਅਜ਼ਮਾਈ। ਉਸ ਨੂੰ ਲੱਗਿਆ ਸੀ ਕਿ ਫਿਲਮਾਂ ਵਿਚ ਅਦਾਕਾਰੀ ਦਾ ਮੌਕਾ ਨਹੀਂ ਮਿਲ ਰਿਹਾ ਤਾਂ ਉਹ ਕਿਉਂ ਨਾ ਫਿਲਮ ਨਿਰਮਾਣ ਵਿਚ ਆਪਣੀ ਕਿਸਮਤ ਚਮਕਾਏ, ਪਰ ਅਜਿਹਾ ਨਹੀਂ ਹੋਇਆ ਅਤੇ ਉਸ ਦੀ ਫਿਲਮ ਟਿਕਟ ਖਿੜਕੀ 'ਤੇ ਫਲਾਪ ਹੋ ਗਈ।

ਆਪਣੇ ਅਦਾਕਾਰੀ ਕਰੀਅਰ ਨੂੰ ਮੁੜ ਤੋਂ ਸੰਵਾਰਨ ਦੇ ਉਦੇਸ਼ ਨਾਲ ਪ੍ਰੀਤੀ ਜ਼ਿੰਟਾ ਨੇ ਫਿਲਮ ਨਿਰਮਾਤਾ ਬਣਨ ਦਾ ਫੈਸਲਾ ਕੀਤਾ ਅਤੇ 'ਇਸ਼ਕ ਇਨ ਪੈਰਿਸ' ਬਣਾਈ। ਇਸ ਵਿਚ ਉਸ ਨੇ ਅਦਾਕਾਰੀ ਵੀ ਕੀਤੀ, ਪਰ ਇਹ ਫਿਲਮ ਅਸਫਲ ਰਹੀ। ਇਸ ਨਾਲ ਉਸ ਦਾ ਅਦਾਕਾਰੀ ਕਰੀਅਰ ਤਾਂ ਮੁੜ ਨਾ ਚਮਕਿਆ, ਪਰ ਫਿਲਮ ਨਿਰਮਾਣ ਵਿਚ ਉਸ ਦੀ ਪਛਾਣ ਨੂੰ ਨਵੀਂ ਦਿਸ਼ਾ ਜ਼ਰੂਰ ਮਿਲੀ ਹੈ। ਅਮੀਸ਼ਾ ਪਟੇਲ ਨੇ ਵੀ ਅਭਿਨੇਤਰੀ ਦੇ ਰੂਪ ਵਿਚ ਖੁਦ ਨੂੰ ਨਵੇਂ ਸਿਰੇ ਤੋਂ ਸਥਾਪਿਤ ਕਰਨ ਦਾ ਫੈਸਲਾ ਕੀਤਾ ਹੈ ਅਤੇ ਇਸ ਫੈਸਲੇ ਤਹਿਤ ਉਹ ਹੁਣ ਫਿਲਮ ਨਿਰਮਾਤਾ ਬਣ ਚੁੱਕੀ ਹੈ। ਉਹ 'ਦੇਸੀ ਮੈਜਿਕ' ਨਾਲ ਫਿਲਮ ਨਿਰਮਾਣ ਵਿਚ ਕਦਮ ਰੱਖ ਰਹੀ ਹੈ। ਇਸ ਫਿਲਮ ਵਿਚ ਅਮੀਸ਼ਾ ਨਾਲ ਜ਼ਾਇਦ ਖਾਨ ਅਤੇ ਰਣਧੀਰ ਕਪੂਰ ਨਜ਼ਰ ਆਉਣਗੇ। ਚਿਤਰਾਂਗਦਾ ਸਿੰਘ ਨੇ ਵੀ ਪਿਛਲੇ ਦਿਨਾਂ ਵਿਚ ਰਿਲੀਜ਼ ਹੋਈ 'ਸੂਰਮਾ' ਨਾਲ ਫਿਲਮ ਨਿਰਮਾਣ ਦੇ ਖੇਤਰ ਵਿਚ ਕਦਮ ਰੱਖਿਆ ਹੈ।



***ਦੀਪਿਕਾ ਪਾਦੂਕੋਣ***



***ਅਨੁਸ਼ਕਾ ਸ਼ਰਮਾ***




***ਪ੍ਰੀਤੀ ਜ਼ਿੰਟਾ***

ਅਜਿਹਾ ਨਹੀਂ ਹੈ ਕਿ ਅਸਫਲ ਅਦਾਕਾਰੀ ਕਰੀਅਰ ਤੋਂ ਨਿਰਾਸ਼ ਹੋ ਕੇ ਹੀ ਅਭਿਨੇਤਰੀਆਂ ਫਿਲਮ ਨਿਰਮਾਣ ਵੱਲ ਰੁਖ ਕਰਦੀਆਂ ਹਨ। 'ਦਿਲ ਕਾ ਰਿਸ਼ਤਾ' ਨਾਲ ਐਸ਼ਵਰਿਆ ਰਾਏ ਨੇ ਉਦੋਂ ਫਿਲਮ ਨਿਰਮਾਣ ਵਿਚ ਆਪਣੀ ਕਿਸਮਤ ਅਜ਼ਮਾਈ ਜਦੋਂ ਉਹ ਸਫਲਤਾ ਦੇ ਸਿਖਰ 'ਤੇ ਸੀ। ਜੂਹੀ ਚਾਵਲਾ ਨੇ ਵੀ ਸਫਲਤਾ ਦੇ ਕਈ ਪੜਾਅ ਪਾਰ ਕਰਕੇ ਸ਼ਾਹਰੁਖ ਖਾਨ ਨਾਲ ਮਿਲ ਕੇ ਫਿਲਮ ਨਿਰਮਾਣ ਸ਼ੁਰੂ ਕੀਤਾ। ਟਵਿੰਕਲ ਖੰਨਾ ਨੇ ਹਿੱਟ ਰਹੀ ਫਿਲਮ 'ਪੈਡਮੈਨ' ਨਾਲ ਫਿਲਮ ਨਿਰਮਾਣ ਵਿਚ ਕਦਮ ਰੱਖਿਆ ਹੈ।

ਪ੍ਰਿਅੰਕਾ ਚੋਪੜਾ ਨੇ ਵੀ ਕੁਝ ਨਵਾਂ, ਅਲੱਗ ਅਤੇ ਚੁਣੌਤੀਪੂਰਨ ਕਰਨ ਲਈ ਆਪਣੀ ਫਿਲਮ ਨਿਰਮਾਣ ਕੰਪਨੀ ਬਣਾਈ ਅਤੇ ਉਸ ਦੇ ਬੈਨਰ ਹੇਠ ਕਈ ਖੇਤਰੀ ਭਾਸ਼ਾ ਦੀਆਂ ਫਿਲਮਾਂ ਦਾ ਸਫਲ ਨਿਰਮਾਣ ਕੀਤਾ। ਪ੍ਰਿਅੰਕਾ ਨਿਰਮਤ ਮਰਾਠੀ ਫਿਲਮ 'ਵੈਂਟੀਲੇਟਰ' ਨੂੰ ਤਿੰਨ ਸ਼੍ਰੇਣੀਆਂ ਵਿਚ ਰਾਸ਼ਟਰੀ ਫਿਲਮ ਪੁਰਸਕਾਰ ਨਾਲ ਸਨਮਾਨਤ ਕੀਤਾ ਗਿਆ।

ਅਨੁਸ਼ਕਾ ਅਤੇ ਪ੍ਰਿਅੰਕਾ ਤੋਂ ਪ੍ਰੇਰਿਤ ਹੋ ਕੇ ਦੀਪਿਕਾ ਪਾਦੂਕੋਣ ਵੀ ਆਪਣੇ ਕਰੀਅਰ ਵਿਚ ਨਵੇਂ ਮੋੜ ਲਈ ਤਿਆਰ ਹੈ। ਉਹ ਹੁਣ ਬਤੌਰ ਨਿਰਮਾਤਾ ਵੀ ਖੁਦ ਨੂੰ ਸਥਾਪਿਤ ਕਰਨਾ ਚਾਹੁੰਦੀ ਹੈ। ਇਸ ਸਮੇਂ ਉਹ ਆਪਣੇ ਪ੍ਰੋਡਕਸ਼ਨ ਹਾਊਸ ਦੀ ਸਥਾਪਨਾ ਵਿਚ ਲੱਗੀ ਹੋਈ ਹੈ ਅਤੇ ਜਲਦੀ ਹੀ ਫਿਲਮ ਦਾ ਨਿਰਮਾਣ ਸ਼ੁਰੂ ਕਰ ਦੇਏਗੀ। ਕੰਗਨਾ ਰਣੌਤ ਵੀ 'ਮਣੀਕਰਣਿਕਾ' ਨਾਲ ਫਿਲਮ ਨਿਰਮਾਣ 'ਚ ਕਦਮ ਰੱਖ ਚੁੱਕੀ ਹੈ।

***-ਸੌਮਿਆ***



ਮਨੁੱਖਤਾ, ਵਾਤਾਵਰਨ, ਵਿੱਦਿਆ ਅਤੇ ਸਮਾਜ ਸੇਵਾ ਨੂੰ ਸਮਰਪਿਤ

ਭਗਤ ਪੂਰਨ ਸਿੰਘ ਜੀ ਦੀ 26ਵੀਂ ਬਰਸੀ

# ਸ਼ਰਧਾਂਜਲੀ ਸਮਾਰੋਹ

ਭਗਤ ਪੂਰਨ ਸਿੰਘ ਜੀ ਨੇ ਆਪਣੀ ਸਾਰੀ ਜ਼ਿੰਦਗੀ ਬਿਨਾ ਕਿਸੇ ਭਿੰਨ-ਭੇਦ ਤੋਂ ਅੰਗਹੀਣ, ਨਿਥਾਵਿਆਂ ਅਤੇ ਨਿਤਾਣਿਆਂ ਦੀ ਸੇਵਾ ਵਿਚ ਲਾ ਦਿੱਤੀ। ਉਨ੍ਹਾਂ ਵਲੋਂ ਕਾਇਮ ਕੀਤਾ ਗਿਆ ਪਿੰਗਲਵਾੜਾ ਅੱਜ ਨਿਸ਼ਕਾਮ, ਨਿਸ਼ਕਪਟ, ਨਿਮਰ ਅਤੇ ਨਿਰਸਵਾਰਥ ਸੇਵਾ ਦਾ ਚਾਨਣ ਮੁਨਾਰਾ ਹੈ। ਆਓ, ਇਸ ਨੇਕ ਕਾਰਜ ਨੂੰ ਹੋਰ ਸਫਲ ਕਰਨ ਲਈ ਆਪਣਾ ਵਡਮੁੱਲਾ ਯੋਗਦਾਨ ਪਾਈਏ ਅਤੇ ਸਮਰੱਥਾ ਅਨੁਸਾਰ ਪਿੰਗਲਵਾੜੇ ਦੀ ਮਦਦ ਕਰੀਏ ਜੀ।

## 26th Barsi Commemoration Bhagat Puran Singh

***October 14 – November 18, 2018***

**Indiana, Wisconsin, Illinois and Michigan**

ਸਾਧ ਸੰਗਤ ਨੂੰ ਹੁਮ ਹੁਮਾ ਕੇ ਦਰਸ਼ਨ ਦੇਣ ਦੀ ਬੇਨਤੀ ਹੈ ਜੀ

### ਐਤਵਾਰ, 14 ਅਕਤੂਬਰ 2018

**ਗੁਰਦੁਆਰਾ ਬਾਬਾ ਮੱਖਣ ਸ਼ਾਹ ਲੁਬਾਣਾ**
Gurdwara Baba Makhan Shah Lubana
1501 N. Bendix Dr.,
South Bend, IN 46628
Ph: (574) 222-7927

**ਗੁਰਦੁਆਰਾ ਗੁਰੂ ਨਾਨਕ ਦਰਬਾਰ**
Gurdwara Guru Nanak Darbar Sahib
12800 Day Rd.,
Mishawaka, IN 46545
Ph: (574) 255-7400

### ਐਤਵਾਰ, 11 ਨਵੰਬਰ 2018

**ਗੁਰਦੁਆਰਾ ਪੈਲਾਟਾਈਨ**
Sikh Religious Society
1280 Winnetka St.,
Palatine, IL. 60067
Ph: (847) 358-1117

### ਐਤਵਾਰ, 21 ਅਕਤੂਬਰ 2018

**ਗੁਰਦੁਆਰਾ ਸਾਹਿਬ**
Gurdwara Sahib
Indianapolis, INDIANA

### ਐਤਵਾਰ, 4 ਨਵੰਬਰ 2018

**ਗੁਰਦੁਆਰਾ ਬਰੁੱਕਫੀਲਡ, ਮਿਲਵਾਕੀ**
Sikh Religious Society of Wisconsin
3675 N. Calhoun Road,
Brookfield, WI 53005
Ph: (262) 790-1600

**ਗੁਰਦੁਆਰਾ ਓਕ ਕਰੀਕ, ਮਿਲਵਾਕੀ**
Sikh Temple of Wisconsin
7512 South Howell St.,
Oak Creek, WI 53154
Ph: (414) 764-7454

### ਐਤਵਾਰ, 28 ਅਕਤੂਬਰ 2018

**ਗੁਰਦੁਆਰਾ ਸਾਹਿਬ ਵ੍ਹੀਟਨ**
Illinois Sikh Community Center
2131 Creekside Dr.,
Wheaton IL 60187
Ph: (630) 655-0307

**ਗੁਰਦੁਆਰਾ ਦੀਵਾਨ ਐਵਨਿਊ, ਸ਼ਿਕਾਗੋ**
Gurdwara Sahib Chicago
2341 W. Devon Ave.,
Chicago, IL 60658
Ph: (773) 274-3133

### ਐਤਵਾਰ, 18 ਨਵੰਬਰ 2018

**ਗੁਰੂ ਨਾਨਕ ਸਿੱਖ ਸੈਂਟਰ, ਲੈਨਸਿੰਗ**
Guru Nanak Sikh Center
4701 Pleasant Grove Rd.,
Lansing, MI 48910
Ph: (517) 272-0231

**Want to Donate?** *Please make check payable to:*
Jaswant Sawhney Trust Fund, 7713 Tobruck Ct., Hanover, MD 21076

Know more about Pingalwara at www.Pingalwara.org

**Contact:** Lakhbir Singh Sandhu (847) 975-3877, Narinderpal Singh Marwaha (630) 313-9121, Satnam Singh Aulakh (847) 809-6145, Balwant Singh Hansra (847) 991-7761, Jasbir K. Mann (847) 890-2390, Bikrambir Singh Sidhu (630) 330-8286, Harjit Singh Gill (847) 833-5340, Paramjit Singh Sangha (224) 388-9393, Tarlochan Singh Gill (847) 219-0824, Jairam Singh Kahlon (224) 456-8096

## ਪੰਜਾਬੀ ਵਿਰਾਸਤ ਸੰਸਥਾ, ਸ਼ਿਕਾਗੋ

**PUNJABI HERITAGE ORGANIZATION OF CHICAGO**

P.O. BOX 2556, PALATINE, IL. 60078 Email: phochicago@hotmail.com